# ਇਸਲਾਮ ਵਿਚ ਔਰਤ ਦਾ ਸਥਾਨ

ਲੇਖਕ

**ਡਾ. ਮੁਹੰਮਦ ਜਮੀਲ**

ਸੰਪਾਦਕ

**ਸ਼ਹਿਨਾਜ਼**

| | |
|---|---|
| ਕਿਤਾਬ ਦਾ ਨਾਂ | ਇਸਲਾਮ ਵਿਚ ਔਰਤ ਦਾ ਸਥਾਨ |
| ਲੇਖਕ ਦਾ ਨਾਂ | ਡਾ. ਮੁਹੰਮਦ ਜਮੀਲ, ਪ੍ਰੋਫ਼ੈਸਰ, ਫ਼ਾਰਸੀ ਵਿਭਾਗ |
| ਸੰਪਾਦਕ | ਸ਼ਹਿਨਾਜ਼ (ਖੋਜਾਰਥੀ) ਪੰਜਾਬੀ ਵਿਭਾਗ |
| ਕੁੱਲ ਪੰਨੇ | 160 |
| ਕੀਮਤ | 120/- ਰੁਪਏ |
| ਕੁੱਲ ਸੰਖਿਆ | 1000 ਕਾਪੀਆਂ |
| ਪਹਿਲਾ ਐਡੀਸ਼ਨ | 2015 |
| ਟਾਇਪਿੰਗ | ਮੁਹੰਮਦ ਆਰਿਫ਼ ਜਮੀਲ |
| | ਮੁਹੰਮਦ ਇਰਫ਼ਾਨ (ਖੋਜਾਰਥੀ) ਫ਼ਾਰਸੀ ਵਿਭਾਗ |

ISBN

ਪਬਲਿਸ਼ਰ:
ਨੰਦਨ ਪਬਲੀਕੇਸ਼ਨਜ਼, ਮਦੀਨਾ ਬਸਤੀ, ਨੇੜੇ ਰਾਏਕੋਟ ਫਾਟਕ
ਮਾਲੇਰ ਕੋਟਲਾ -148023 (ਪੰਜਾਬ)
ਫ਼ੋਨ ਨੰ 7837848822

ਮਿਲਣ ਦਾ ਪਤਾ:
ਸਾਬਿਰ ਬੁੱਕ ਡਿਪੂ, ਉਰਦੂ ਬਾਜ਼ਾਰ, ਜਾਮਾ ਮਸਜਿਦ, ਮਾਲੇਰਕੋਟਲਾ
ਮਦਾਨ ਬੁੱਕ ਹਾਊਸ, ਗੋਲ ਮਾਰਕੀਟ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਟਰੇਸ਼ੀਅਸ ਬੁਕਸ, ਸਾਹਮਣੇ ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਸਮਰਪਿਤ

ਮੇਰੇ ਅੱਬਾ ਜੀ ਅਤੇ ਅੰਮੀ ਜ਼ਾਨ ਦੇ ਨਾਂ

ਜਿਹਨਾਂ ਦੀਆਂ ਸ਼ਫ਼ਕਤਾਂ ਅਤੇ ਦੁਆਵਾਂ ਸਦਕਾ

ਮੈਨੂੰ ਕੁਝ ਲਿਖਣ ਦਾ ਸ਼ਊਰ ਮਿਲਿਆ

# ਤਤਕਰਾ


| ਨੰ | ਸਿਰਲੇਖ | ਪੰਨਾ ਨੰ |
|---|---|---|
| 1 | ਦੋ ਸ਼ਬਦ | 7 |
| 2 | ਇਸਲਾਮ ਅਤੇ ਇਸ ਦਾ ਪਿਛੋਕੜ | 9 |
| 3 | ਇਸਲਾਮ ਦੇ ਪੰਜ ਥੰਮ੍ਹ | 21 |
| 4 | ਤੌਹੀਦ | 22 |
| 5 | ਨਮਾਜ਼ | 24 |
| 6 | ਰੋਜ਼ਾ | 26 |
| 7 | ਜ਼ਕਾਤ | 27 |
| 8 | ਹੱਜ | 28 |
| 9 | ਇਸਲਾਮ ਅਤੇ ਜਿਹਾਦ | 43 |
| 10 | ਕੁਰਆਨ ਮਜੀਦ:ਇੱਕ ਨਜ਼ਰ 'ਚ | 47 |
| 11 | ਕੁਰਆਨ ਮਜੀਦ ਅਤੇ ਔਰਤ | 54 |
| 12 | ਔਰਤ ਸਬੰਧੀ ਹਜ਼ਰਤ ਮੁਹੰਮਦ (ਸ.) ਦੇ ਕਥਨ | 95 |
| 13 | ਨਿਗਾਹ ਦੀ ਹਿਫ਼ਾਜ਼ਤ | 101 |
| 14 | ਸ਼ਰਮ ਅਤੇ ਹਯਾ | 101 |
| 15 | ਲੜਕੀ ਨੂੰ ਵੇਖਣ ਦੀ ਇਜਾਜ਼ਤ | 102 |
| 16 | ਦੁਪੱਟਾ | 103 |
| 17 | ਔਰਤ ਦੁਨੀਆ ਦੇ ਵੱਖ ਵੱਖ ਧਰਮਾਂ ਦੀ ਨਜ਼ਰ 'ਚ | 109 |
| 18 | ਔਰਤ ਯਹੂਦੀਆਂ ਦੀ ਨਜ਼ਰ 'ਚ | 109 |
| 19 | ਔਰਤ ਈਸਾਈਆਂ ਦੀ ਨਜ਼ਰ 'ਚ | 110 |
| 20 | ਔਰਤ ਯੂਨਾਨੀਆਂ ਦੀ ਨਜ਼ਰ 'ਚ | 110 |
| 21 | ਔਰਤ ਰੋਮੀਆਂ ਦੀ ਨਜ਼ਰ 'ਚ | 111 |
| 22 | ਔਰਤ ਯੂਰਪ ਵਾਲਿਆਂ ਦੀ ਨਜ਼ਰ 'ਚ | 111 |
| 23 | ਔਰਤ ਹਿੰਦੋਸਤਾਨੀਆਂ ਦੀ ਨਜ਼ਰ 'ਚ | 111 |
| 24 | ਔਰਤ ਅਰਬ ਵਾਲਿਆਂ ਦੀ ਨਜ਼ਰ 'ਚ | 112 |
| 25 | ਔਰਤ ਇਸਲਾਮ ਦੀ ਨਜ਼ਰ 'ਚ | 112 |
| 26 | ਔਰਤ ਦੀ ਮਰਜ਼ੀ ਇਸਲਾਮ ਦੀ ਨਜ਼ਰ 'ਚ | 113 |
| 27 | ਔਰਤ ਹਜ਼ਰਤ ਮੁਹੰਮਦ (ਸ.) ਦੀ ਨਜ਼ਰ 'ਚ | 114 |

28 ਔਰਤ ਨਾਲ ਸਲਾਹ-ਮਸ਼ਵਰਾ ਕਰਨਾ 114
29 ਇਸਲਾਮ ਦੀ ਨਜ਼ਰ 'ਚ ਔਰਤ ਦਾ ਸਥਾਨ 114
30 ਸ਼ਾਦੀ/ਵਿਆਹ ਦਾ ਧਾਰਮਿਕ ਮਕਸਦ 115
31 ਸ਼ਾਦੀ-ਵਿਆਹ ਦਾ ਸਮਾਜਿਕ ਮਕਸਦ 116
32 ਗ਼ੈਰ-ਮੁਸਲਿਮ ਨਾਲ ਸ਼ਾਦੀ-ਵਿਆਹ 116
33 ਸ਼ਾਦੀ/ ਵਿਆਹ ਤੋਂ ਬਾਅਦ ਮਰਦ ਦੇ ਫ਼ਰਜ਼ 116
34 ਪਤਨੀ ਨਾਲ ਬੇ-ਇਨਸਾਫ਼ੀ ਕਰਨਾ 117
35 ਮਰਦ ਦੇ ਹੱਕ 117
36 ਮਰਦ ਦੇ ਅਖ਼ਤਿਆਰ 120
37 ਔਰਤਾਂ ਦੇ ਹੱਕ 121
38 ਔਰਤ ਦੇ ਅਖ਼ਤਿਆਰ 124
39 ਮੰਗਣਾ/ਸਗਾਈ 124
40 ਮੰਗਣੇ ਦੀਆਂ ਰਸਮਾਂ 125
41 ਸ਼ਾਦੀ /ਵਿਆਹ 125
42 ਵਿਆਹ ਦੇ ਸਿਲਸਿਲੇ 'ਚ ਰਾਏ ਲੈਣਾ 126
43 ਸ਼ਾਦੀ ਸਬੰਧੀ ਪੈਗ਼ਾਮ 'ਤੇ ਪੈਗ਼ਾਮ ਭੇਜਣਾ 126
44 ਨਿਕਾਹ ਦਾ ਐਲਾਨ ਕਰਨਾ 126
45 ਨਿਕਾਹ ਲਈ ਸਭ ਤੋਂ ਵਧੀਆ ਕੰਮ 127
46 ਨਿਕਾਹ ਲਈ ਬੁਲਾਵਾ ਭੇਜਣਾ 127
47 ਵਲੀ 128
48 ਲੜਕੀ ਤੋਂ ਵਲੀ ਰਾਹੀਂ ਇਜਾਜ਼ਤ ਲੈਣਾ 129
49 ਵਲੀ ਰਾਹੀਂ ਲੜਕੀ ਤੋਂ ਇਜਾਜ਼ਤ 129
50 ਨਿਕਾਹ ਕਬੂਲ ਕਰਵਾਉਣ ਦਾ ਤਰੀਕਾ 129
51 ਨਿਕਾਹ 130
52 ਨਿਕਾਹ ਦੇ ਅਰਥ 130
53 ਨਿਕਾਹ ਦੀਆਂ ਸ਼ਰਈ ਹੱਦਾਂ 131
54 ਨਿਕਾਹ ਦੀ ਅਹਿਮੀਅਤ 131
55 ਨਿਕਾਹ ਸਬੰਧੀ ਆਪ (ਸ.) ਦਾ ਫ਼ਰਮਾਨ 133
56 ਨਿਕਾਹ ਦਾ ਰਿਸ਼ਤਾ 134
57 ਨਿਕਾਹ ਦਾ ਮਹੱਤਵ 135

58 ਨਿਕਾਹ ਦੇ ਜ਼ਰੂਰੀ ਹਿੱਸੇ 136
59 ਗਵਾਹਾਂ ਦੀ ਮੌਜੂਦਗੀ 136
60 ਜਿਹਨਾਂ ਔਰਤਾਂ ਨਾਲ ਨਿਕਾਹ ਨਹੀਂ ਹੋ ਸਕਦਾ 137
61 ਕਿੰਨੀਆਂ ਔਰਤਾਂ ਨਾਲ ਨਿਕਾਹ ਜਾਇਜ਼ ਹੈ 137
62 ਗਰਭਪਤੀ ਅਤੇ ਵਿਧਵਾ ਨਾਲ ਨਿਕਾਹ ਕਰਨਾ 137
63 ਸ਼ਾਦੀ ਸ਼ੁਦਾ ਮਰਦ-ਔਰਤ ਲਈ ਜ਼ਿਨ੍ਹਾ ਦੀ ਸਜ਼ਾ 138
64 ਗ਼ੈਰ-ਸ਼ਾਦੀ ਸ਼ੁਦਾ ਦੀ ਸਜ਼ਾ 138
65 ਨਿਕਾਹ ਸਬੰਧੀ ਪਸੰਦੀਦਾ ਕੰਮ 139
66 ਮਹਿਰ 140
67 ਮਹਿਰ ਦੀ ਪਰਿਭਾਸ਼ਾ 140
68 ਮਹਿਰ ਕਿੰਨਾ ਹੋਵੇ? 140
69 ਸ਼ਾਦੀ/ਵਿਆਹ ਦੀ ਪਹਿਲੀ ਰਾਤ 140
70 ਵਲੀਮਾ 141
71 ਵਲੀਮੇ ਦਾ ਸਮਾਂ 142
72 ਰਹਿਣ ਲਈ ਮਕਾਨ 142
73 ਔਰਤ ਦੇ ਹੱਕ 144
74 ਤਲਾਕ 145
75 ਇੱਦਤ 145
76 ਮਾਂ ਦਾ ਬੱਚੇ ਨੂੰ ਦੁੱਧ ਪਿਲਾਉਣਾ 146
77 ਔਲਾਦ ਦੇ ਹੱਕ 147
78 ਔਲਾਦ ਦੀ ਤਾਲੀਮ-ੳ-ਤਰਬੀਅਤ 147
79 ਮਾਂ ਬਾਪ ਦੇ ਹੱਕ 148
80 ਘਰੇਲੂ ਝਗੜੇ ਅਤੇ ਉਹਨਾਂ ਦਾ ਹੱਲ 150
81 ਪਤੀ ਪਤਨੀ 153
82 ਪਾਕੀ 154
83 ਪ੍ਰੀਭਾਸ਼ਕ ਸ਼ਬਦਾਵਲੀ 156

# ਦੋ ਸ਼ਬਦ

ਇਸਲਾਮ ਵਿਚ ਔਰਤ ਦਾ ਸਥਾਨ ਪੁਸਤਕ ਡਾ. ਮੁਹੰਮਦ ਜਮੀਲ ਦੁਆਰਾ ਪ੍ਰਸਤੁਤ ਇਕ ਅਜਿਹੀ ਕਿਤਾਬ ਹੈ ਜੋ ਇਸਲਾਮ ਧਰਮ ਵਿਚ ਔਰਤ ਦੇ ਮੁਕਾਮ ਬਾਰੇ ਸਪਸ਼ਟ ਤੌਰ 'ਤੇ ਝਾਤ ਪਾਉਂਦੀ ਹੈ। ਇਸ ਤੋਂ ਇਲਾਵਾ ਜੀਵਨ ਜਾਚ ਦੇ ਹਰ ਪਹਿਲੂ ਨੂੰ ਵੀ ਉਜਾਗਰ ਕਰਦੀ ਹੈ।ਇਸ ਪੁਸਤਕ ਦਾ ਆਗ਼ਾਜ਼ ਬਹੁ-ਤਰਤੀਬੀ ਢੰਗ ਨਾਲ ਇਸਲਾਮ ਧਰਮ, ਉਸ ਦੇ ਪਿਛੋਕੜ ਨੂੰ ਦਰਸਾਉਣ, ਇਸਲਾਮ, ਜਿਹਾਦ ਅਤੇ ਕੁਰਆਨ ਦੀ ਮੁੱਢਲੀ ਜਾਣਕਾਰੀ ਨਾਲ ਹੁੰਦਾ ਹੈ।ਔਰਤ ਦੇ ਸਥਾਨ ਨੂੰ ਦਰਸਾਉਂਦਿਆਂ ਔਰਤ ਸਬੰਧੀ ਦੁਨੀਆ ਦੇ ਵੱਖ ਵੱਖ ਧਰਮਾਂ ਦੀ ਨਜ਼ਰ 'ਚ ਵਿਅਕਤ ਕੀਤਾ ਗਿਆ ਹੈ।ਔਰਤ ਦੀ ਇਸਲਾਮ ਵਿਚ ਸਥਿਤੀ ਨੂੰ ਅੱਡੋ ਅੱਡ ਪਹਿਲੂਆਂ ਰਾਹੀਂ ਬਰੀਕਬੀਨੀ ਨਾਲ ਦਰਸਾਇਆ ਗਿਆ ਹੈ।ਔਰਤ ਦੇ ਹੱਕ, ਔਰਤ ਮਰਦ ਦੀ ਨਿਗਾਹ 'ਚ ਸਥਿਤੀ, ਔਰਤ ਦੇ ਅਖ਼ਤਿਆਰ, ਨਿਕਾਹ ਵੇਲੇ ਔਰਤ ਦੇ ਅਖ਼ਤਿਆਰ ਦਰਸਾਉਣ ਦੇ ਨਾਲ-ਨਾਲ ਮਰਦ ਦੇ ਹੱਕ, ਮਰਦ ਦਾ ਔਰਤ ਪ੍ਰਤੀ ਕਿਹੋ ਜਿਹਾ ਵਿਵਹਾਰ ਹੋਣਾ ਚਾਹੀਦਾ ਹੈ ਨੂੰ ਸਪਸ਼ਟ ਕੀਤਾ ਗਿਆ ਹੈ।ਮੰਗਣਾ, ਵਿਆਹ/ਨਿਕਾਹ ਸਬੰਧੀ ਲੜਕੀ ਨਾਲ ਸਲਾਹ ਮਸ਼ਵਰਾ, ਨਿਕਾਹ ਦੇ ਰਸਮ ਰਿਵਾਜ, ਨਿਕਾਹ ਦੀ ਅਹਿਮੀਅਤ 'ਤੇ ਬਰੀਕੀ ਨਾਲ ਰੌਸ਼ਨੀ ਪਾਈ ਗਈ ਹੈ।ਇਸ ਕਿਤਾਬ਼ ਵਿਚ ਮਰਦ ਔਰਤ ਦੇ ਜੀਵਨ ਦੀਆਂ ਨੈਤਿਕ ਕ਼ਦਰਾਂ ਕੀਮਤਾਂ ਦਾ ਇਸਲਾਮ ਅਨੁਸਾਰ ਇਜ਼ਹਾਰ ਕੀਤਾ ਗਿਆ ਹੈ। ਸ਼ਾਦੀ/ਵਿਆਹ ਸਮੇਂ ਹੋ ਰਹੇ ਨਜਾਇਜ਼ ਖ਼ਰਚਿਆਂ ਤੋਂ ਸੰਕੋਚ ਕਰਨ ਦੇ ਪੱਖ ਨੂੰ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ ਅਤੇ ਸਾਦਗੀ ਭਰੇ ਜੀਵਨ ਨੂੰ ਗੁਜ਼ਾਰਨ ਲਈ ਪ੍ਰੇਰਿਆ ਹੈ।ਔਰਤ ਦੇ ਪਰਿਵਾਰਿਕ ਰਿਸ਼ਤੇ ਨਿਭਾਉਣ ਲਈ ਅਹਿਮ ਪਹਿਲੂਆਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।ਡਾ. ਜਮੀਲ ਅਨੁਸਾਰ ਔਰਤ ਹੀ ਪਰਿਵਾਰ ਅਤੇ ਨਿੱਗਰ ਸਮਾਜ ਨੂੰ ਜੋੜਨ ਵਿਚ ਅਹਿਮ ਕਿਰਦਾਰ ਨਿਭਾ ਸਕਦੀ ਹੈ।ਸਮਾਜਿਕ ਰਿਸ਼ਤੇ ਕਿਸ ਢੰਗ ਨਾਲ ਨਿਭਾਉਣੇ ਚਾਹੀਦੇ ਹਨ ਵਿਸ਼ੇ ਦਾ ਪੂਰਨ ਰੂਪ ਵਿਚ ਉਲੇਖ ਕੀਤਾ ਗਿਆ ਹੈ।

ਦਰਅਸਲ ਮਾਂ ਹੀ ਬੱਚੇ ਲਈ ਬੁਨਿਆਦੀ ਪਾਠਸ਼ਾਲਾ ਹੁੰਦੀ ਹੈ।ਸੱਚਾਈ, ਸੁਥਰਾਈ, ਪਾਕੀਜ਼ਗੀ ਅਤੇ ਅਖ਼ਲਾਕੀ ਕਦਰਾਂ ਕੀਮਤਾਂ ਬੱਚੇ ਨੇ ਮਾਂ ਤੋਂ ਹੀ ਗ੍ਰਹਿਣ ਕਰਨੀਆਂ ਹੁੰਦੀਆ ਹਨ।ਇਸ ਲਈ ਬੱਚੇ ਦਾ ਸੁਨਹਿਰਾ ਭਵਿੱਖ ਬਣਾਉਣ ਵਿਚ ਮਾਂ ਵਧੀਆ ਕਿਰਦਾਰ ਨਿਭਾ ਸਕਦੀ ਹੈ।ਔਰਤ ਦੇ ਵੱਖ ਵੱਖ ਰੂਪ ਜਿਵੇਂ ਬੇਟੀ, ਬਹੂ

ਭੈਣ ਅਤੇ ਮਾਂ ਦੇ ਰੂਪ ਨੂੰ ਡਾ. ਜਮੀਲ ਹੋਰਾਂ ਨੇ ਨਿਵੇਕਲੇ ਢੰਗ ਨਾਲ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ।

ਸਮੁੱਚੇ ਤੌਰ 'ਤੇ ਇਹੋ ਕਿਹਾ ਜਾ ਸਕਦਾ ਹੈ ਕਿ ਡਾ. ਮੁਹੰਮਦ ਜਮੀਲ ਦੀ ਇਹ ਪੁਸਤਕ ਔਰਤ ਦੇ ਮੁਕੰਮਲ ਸਥਾਨ ਨੂੰ ਬਿਆਨ ਕਰਦੀ ਹੈ। ਮੈਨੂੰ ਉਮੀਦ ਹੈ ਇਹ ਕਿਤਾਬ ਖੋਜਾਰਥੀਆਂ ਅਤੇ ਵਿਦਿਆਰਥੀਆਂ ਲਈ ਬਹੁਤ ਮੁਫ਼ੀਦ ਸਾਬਤ ਹੋਵੇਗੀ।


(ਡਾ. ਰਿਤੂ ਲਹਿਲ)

ਡਾਇਰੈਕਟਰ

ਵੁਮੈਨਜ਼ ਸਟੱਡੀਜ਼ ਸੈਂਟਰ

ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਇਸਲਾਮ ਅਤੇ ਇਸ ਦਾ ਪਿਛੋਕੜ

ਇਸਲਾਮ ਤੋਂ ਪਹਿਲਾਂ ਅਰਬ ਵਿੱਚ ਵਿਭਿੰਨ ਧਰਮ ਅਤੇ ਵੱਖ-ਵੱਖ ਅਕੀਦੇ ਸਨ। ਕਈ ਬੁੱਤਾਂ ਨੂੰ ਪੂਜਣ ਵਾਲੇ, ਕਈ ਰੱਬ ਨੂੰ, ਕਈ ਅਧਰਮੀ, ਕਈ ਈਸਾਈ ਅਤੇ ਯਹੂਦੀ ਸਨ।ਬੁੱਤ-ਪ੍ਰਸਤੀ ਅਰਬ ਵਾਸੀਆਂ ਵਿੱਚ ਆਮ ਪਾਈ ਜਾਂਦੀ ਸੀ। ਆਦ, ਸਮੂਦ, ਜਦੀਸ, ਜ਼ਰਹਮ, ਅਮਲੀਕ ਆਦਿ ਬੁੱਤਾਂ ਦੀ ਪੂਜਾ ਕਰਿਆ ਕਰਦੇ ਸਨ।ਅਰਬ ਆਰਬਾ ਅਤੇ ਅਰਬ ਮਸਤੂਬਾ ਦੋ ਪ੍ਰਕਾਰ ਦੇ ਬੁੱਤ ਸਨ, ਇਹਨਾਂ ਵਿੱਚ ਇੱਕ ਫ਼ਰਿਸ਼ਤਿਆਂ ਅਤੇ ਰੂਹਾਂ ਨਾਲ ਸਬੰਧ ਰਖਦੇ ਸਨ ਅਤੇ ਕੁਝ ਪ੍ਰਸਿੱਧ ਸ਼ਖ਼ਸੀਅਤਾਂ ਦੇ ਨਾਂ ਜਿਹਨਾਂ ਨੇ ਆਪਣੇ ਨਿਵੇਕਲੇ ਕੰਮਾਂ ਕਰਕੇ ਨਾਮਣਾ ਖੱਟਿਆ ਸੀ ਭਾਵੇਂ ਪੂਜਦੇ ਨਹੀਂ ਸਨ ਬਲਕਿ ਇਹ ਗੁਮਾਨ ਕਰਦੇ ਸਨ ਕਿ ਇਹ ਲੋਕ ਰੱਬ ਦੇ ਹਜ਼ੂਰ ਸਾਡੇ ਗੁਨਾਹ ਮੁਆਫ਼ ਕਰਵਾ ਦੇਣਗੇ।ਇਹਨਾਂ ਤੋਂ ਇਲਾਵਾ ਉਹ ਬੁੱਤ ਜਿਨ੍ਹਾਂ ਦੀ ਪੂਜਾ ਸਾਰਾ ਅਰਬ ਕਰਦਾ ਸੀ ਉਹ ਇਸ ਪ੍ਰਕਾਰ ਸਨ ਹੁਬਲ, ਵਦ, ਸਵਾਅ, ਯਗ਼ੂਸ, ਯਊਕ, ਨਸਰ, ਉੱਜ਼ਾ, ਲਾਤ, ਮਨਾਤ ਆਦਿ ਸਨ।ਦਵਾਰ ਅਤੇ ਅਸਾਫ਼ ਬੁੱਤ ਸਫ਼ਾ ਪਹਾੜ 'ਤੇ ਸਨ ਅਤੇ ਨਾਇਲਾ ਮਰਵ੍ਹਾ ਪਹਾੜ 'ਤੇ ਸੀ। ਇਹਨਾਂ ਬੁੱਤਾਂ 'ਤੇ ਭੇਟਾਂ ਦਿੱਤੀਆਂ ਜਾਂਦੀਆਂ ਸਨ।ਅਬ ਅਬ ਬੁੱਤ 'ਤੇ ਊਠ ਦੀ ਕੁਰਬਾਨੀ ਦਿੱਤੀ ਜਾਂਦੀ ਸੀ।ਕਾਅਬੇ ਦੇ ਅੰਦਰ ਹਜ਼ਰਤ ਇਬਰਾਹੀਮ ਦੀ ਤਸਵੀਰ ਸੀ, ਜਿਹਨਾਂ ਦੇ ਹੱਥ ਵਿੱਚ ਤੀਰ ਸਨ ਜਿਹੜੇ ਅਜ਼ਲਾਮ ਅਖਵਾਉਂਦੇ ਸਨ।ਇੱਕ ਭੇਡ ਦਾ ਬੱਚਾ ਇਹਨਾਂ ਦੇ ਨੇੜੇ ਖੜ੍ਹਾ ਸੀ। ਹਜ਼ਰਤ ਇਸਮਾਈਲ ਦੀ ਫ਼ੋਟੋ ਖ਼ਾਨਾ-ਏ-ਕਾਅਬਾ ਵਿੱਚ ਰੱਖੀ ਹੋਈ ਸੀ।ਹਜ਼ਰਤ ਮਰੀਯਮ ਅਤੇ ਹਜ਼ਰਤ ਈਸਾ (ਅਲੈ.) ਦੀਆਂ ਵੀ ਫ਼ੋਟੋਆਂ ਖ਼ਾਨਾ-ਏ-ਕਾਅਬਾ ਵਿੱਚ ਰੱਖੀਆਂ ਹੋਈਆਂ ਸਨ।ਵਦ, ਯਗ਼ੂਸ, ਲਊਕ ਅਤੇ ਨੇਸਰ ਦੀਆਂ ਤਸਵੀਰਾਂ ਪੱਥਰਾਂ 'ਤੇ ਬਣਾ ਕੇ ਅਨਪੜ੍ਹਤਾ ਦੇ ਦੌਰ ਵਿੱਚ ਰੱਖੀਆਂ ਹੋਈਆਂ ਸਨ।ਕਾਫ਼ੀ ਸਮੇਂ ਤੱਕ ਲੋਕ ਇਹਨਾਂ ਨੂੰ ਪੂਜਨੀਕ ਮੰਨ ਕੇ ਪੂਜਦੇ ਰਹੇ।ਉਸ ਸਮੇਂ ਕੁੱਝ ਲੋਕ ਰੱਬ ਨੂੰ ਮੰਨਣ ਵਾਲੇ ਸਨ ਪਰੰਤੂ ਆਖ਼ਿਰਤ, ਨਿਜਾਤ, ਹਿਸਾਬ-ਕਿਤਾਬ, ਨੇਕੀ ਬੁਰਾਈ ਦੇ ਬਦਲੇ ਨੂੰ ਨਹੀਂ ਮੰਨਦੇ ਸਨ।ਸਾਇਬੀ ਧਰਮ ਵਾਲੇ ਇਹ ਕਹਿੰਦੇ ਸਨ ਕਿ ਸਾਡਾ ਇਲਹਾਮੀ ਧਰਮ ਹੈ। ਅਸੀਂ ਹਜ਼ਰਤ ਸੀਸ ਅਤੇ ਹਜ਼ਰਤ ਇਦਰੀਸ (ਅਲੈ.) ਦੇ ਪੈਰੋਕਾਰ ਹਾਂ।ਉਸ ਵੇਲੇ ਸੱਤ ਸਮੇਂ ਦੀ ਨਮਾਜ਼ ਅਤੇ ਇੱਕ ਚੰਨ੍ਹ ਮਹੀਨੇ ਦਾ ਰੋਜ਼ਾ ਸੀ, ਜਨਾਜ਼ੇ ਦੀ ਨਮਾਜ਼ ਪੜ੍ਹਦੇ ਸਨ।ਇਹਨਾਂ ਗੱਲਾਂ ਤੋਂ ਪਤਾ ਚੱਲਦਾ ਹੈ ਕਿ ਉਹਨਾਂ ਦਾ ਯਕੀਨ ਸਹੀ ਸੀ ਪਰੰਤੂ ਸਬਾ ਤਾਰੇ ਦੀ ਪੂਜਾ ਕਰਿਆ ਕਰਦੇ ਸਨ। ਖ਼ਾਨਾ ਕਾਅਬਾ ਦੀ

ਅਜ਼ਮਤ ਦਿਲੋਂ ਕਰਦੇ ਸਨ।ਹਜ਼ੂਰ (ਸ.) ਤੋਂ ਪਹਿਲਾਂ ਅਰਬ ਦੇ ਲੋਕ ਅਕਸਰ ਨਜ਼ੂਮੀ ਅਤੇ ਜਾਦੂਗਰ ਸਨ।ਇਹਨਾਂ ਨੇ ਪੂਰੇ ਅਰਬ ਵਿੱਚ ਇਹ ਗੱਲ ਫੈਲਾ ਦਿੱਤੀ ਸੀ ਕਿ ਬਹੁਤ ਛੇਤੀ ਇੱਕ ਪੈਗ਼ੰਬਰ ਪੈਦਾ ਹੋਣ ਵਾਲਾ ਹੈ ਜਿਸ ਦਾ ਦੀਨ ਹੋਰ ਸਾਰੇ ਧਰਮਾਂ 'ਤੇ ਭਾਰੂ ਹੋ ਜਾਵੇਗਾ।

## ਪੈਦਾਇਸ਼

ਅਬਦੁੱਲਾਹ ਬਿਨ ਅਬਦੁਲ ਮੁਤਲਿਬ ਦੀ ਵਫ਼ਾਤ ਹੋਣ ਦੇ ਕੁੱਝ ਮਹੀਨਿਆਂ ਤੋਂ ਬਾਅਦ ਬਾਰ੍ਹਾਂ ਰਬੀ-ਉਲ-ਅੱਵਲ, ਆਮ-ਉਲ-ਫ਼ੀਲ ਦੇ ਪਹਿਲੇ ਸਾਲ (ਭਾਵ ਅਬਰਹਾ ਦੀ ਮੱਕਾ ਦੀ ਚੜ੍ਹਾਈ ਦੇ ਪਚਵੰਜਾ ਦਿਨਾਂ ਤੋਂ ਬਾਅਦ) ਤੋਂ ਬਾਅਦ 570 ਈ. ਨੂੰ ਹਜ਼ਰਤ ਮੁਹੰਮਦ (ਸ.) ਮੱਕਾ ਵਿਖੇ ਪੈਦਾ ਹੋਏ।ਅਰਬ ਦੇ ਦਸਤੂਰ ਅਨੁਸਾਰ ਬੱਚੇ ਵਿੱਚ ਜ਼ੁਬਾਨ ਦੀ ਸ਼ੁੱਧਤਾ ਅਤੇ ਪਾਕੀਜ਼ਗੀ ਲਿਆਉਣ ਵਾਸਤੇ ਬੱਚੇ ਨੂੰ ਦੁੱਧ ਪਿਲਾਉਣ ਵਾਲੀ ਦਾ ਬੰਦੋਬਸਤ ਕਰਕੇ ਪਿੰਡ ਵਿੱਚ ਭੇਜ ਦਿੱਤਾ ਜਾਂਦਾ ਸੀ। ਇਹ ਖ਼ੁਸ਼ਨਸੀਬੀ ਸਅਦ ਕਬੀਲੇ ਨੂੰ ਨਸੀਬ ਹੋਈ।ਹਜ਼ਰਤ ਹਲੀਮਾ ਨੇ ਦੁੱਧ ਪਿਲਾਇਆ।ਜਦੋਂ ਆਪ ਚਾਰ ਸਾਲਾਂ ਦੇ ਹੋਏ ਤਾਂ ਆਪ ਨੂੰ ਆਪਣੇ ਦੁੱਧ ਪੀਂਦੇ ਭਾਈਆਂ ਦੇ ਨਾਲ ਬਕਰੀਆਂ ਚਰਾਉਣ ਲਈ ਭੇਜ ਦਿੰਦੇ ਸਨ ਤਾਂ ਫ਼ਰਿਸ਼ਤਿਆਂ ਨੇ ਆਪ ਦੇ ਮੁਬਾਰਕ ਢਿੱਡ ਨੂੰ ਚੀਰਿਆ ਅਤੇ ਦਿਲ 'ਚੋਂ ਕਾਲਾ ਧੱਬਾ ਵੱਖ ਕਰਕੇ ਦਿਲ ਅਤੇ ਆਂਤੜੀਆਂ ਨੂੰ ਧੋਇਆ।ਜਦੋਂ ਇਸ ਗੱਲ ਦਾ ਪਤਾ ਹਜ਼ਰਤ ਹਲੀਮਾ ਨੂੰ ਹੋਇਆ ਤਾਂ ਇਸ ਤੋਂ ਪਹਿਲਾਂ ਕਿ ਮੰਦਭਾਗੀ ਘਟਨਾ ਵਾਪਰੇ ਆਪ ਨੂੰ ਹਜ਼ਰਤ ਆਮਨਾ ਦੇ ਕੋਲ ਲੈ ਗਈ।ਹਜ਼ਰਤ ਆਮਨਾ ਨੇ ਕਿਹਾ ਕਿ ਇੱਥੇ ਦਾ ਪੌਣਪਾਣੀ ਇਸ ਦੀ ਸਿਹਤ ਦੇ ਅਨੁਕੂਲ ਨਹੀਂ ਇਸ ਲਈ ਉੱਥੇ ਹੀ ਲੈ ਜਾਉ।ਜਦੋਂ ਆਪ ਦੀ ਉਮਰ ਛੇ ਸਾਲਾਂ ਦੀ ਹੋਈ ਤਾਂ ਆਪ ਦੀ ਅੰਮੀ ਆਪ ਨੂੰ ਆਪਣੇ ਰਿਸ਼ਤੇਦਾਰਾਂ ਨੂੰ ਮਿਲਾਉਣ ਲਈ ਮਦੀਨਾ ਲੈ ਗਈ। ਵਾਪਸੀ 'ਤੇ ਅਬਵਾ ਸਥਾਨ 'ਤੇ ਆਪ ਦੀ ਅੰਮੀ ਜਾਨ ਦੀ ਤਬੀਅਤ ਜ਼ਿਆਦਾ ਖ਼ਰਾਬ ਹੋ ਗਈ ਅਤੇ ਉੱਥੇ ਹੀ ਵਫ਼ਾਤ ਪਾ ਗਏ।ਜਦੋਂ ਅੱਠ ਸਾਲਾਂ ਦੇ ਹੋਏ ਤਾਂ ਅਬੂ ਮੁਤਲਿਬ ਦਾ ਵੀ ਇੰਤਕਾਲ ਹੋ ਗਿਆ।ਮਰਦੇ ਸਮੇਂ ਆਪ ਦੇ ਪਾਲਣ ਪੋਸ਼ਣ ਦੀ ਜ਼ਿੰਮੇਦਾਰੀ ਆਪਣੇ ਪੁੱਤਰ ਅਬੂ ਤਾਲਿਬ ਦੇ ਸਪੁਰਦ ਕਰ ਗਏ ਪਰੰਤੂ ਅਬੂ ਤਾਲਿਬ ਨੇ ਆਪ ਨੂੰ ਪੁੱਤਰਾਂ ਵਾਲਾ ਨਰਮ ਸਲੂਕ ਨਸੀਬ ਨਹੀਂ ਹੋਇਆ।ਬਚਪਨ ਦੌਰਾਨ ਆਪ (ਸ.) ਅਰਬ ਦੀਆਂ ਅਨਪੜ੍ਹਤਾ ਦੀਆਂ ਰਸਮਾਂ ਅਤੇ ਖੇਡ ਤਮਾਸ਼ੇ ਤੋਂ ਦੂਰ ਰਹਿੰਦੇ ਸਨ।ਜਦੋਂ ਆਪ ਤੇਰ੍ਹਾ ਸਾਲਾਂ ਦੇ ਹੋਏ ਤਾਂ ਆਪ ਨੇ ਆਪਣੇ ਚਾਚੇ ਅਬੂ ਤਾਲਿਬ ਦੇ ਨਾਲ ਸ਼ਾਮ ਬਸਰਾ ਦਾ ਸਫ਼ਰ ਕੀਤਾ। ਸਫ਼ਰ ਦੌਰਾਨ ਕਈ ਨਜ਼ੂਮੀ ਮਿਲੇ ਜਿਹਨਾਂ ਨੇ ਆਪ

ਵਿੱਚ ਨਬੀਆਂ ਵਾਲੀਆਂ ਸਿਫ਼ਤਾਂ ਵੇਖਦੇ ਹੀ ਪਛਾਣ ਲਿਆ ਅਤੇ ਆਪਣੀ ਕੌਮ ਨੂੰ ਬੁਲਾਇਆ, ਆਪ ਨੂੰ ਨਬੀ ਬਣਨ ਦੀ ਖ਼ੁਸ਼ਖ਼ਬਰੀ ਦਿੱਤੀ। ਦੋ ਬਾਰੀ ਹਜ਼ਰਤ ਖ਼ਦੀਜਾ ਦਾ ਸਮਾਨ ਇਹਨਾਂ ਦੇ ਸੇਵਕ ਮੈਸਰਾ ਦੇ ਨਾਲ ਸ਼ਾਮ ਵਿਖੇ ਵਪਾਰ ਸਬੰਧੀ ਗਏ। ਇਸ ਦੌਰਾਨ ਨਸਤੂਰਾ ਨਾਮੀਂ ਨਜੂਮੀ ਨੇ ਮੈਸਰਾ ਨੂੰ ਇਹਨਾਂ ਦੇ ਨਬੀ ਹੋਣ ਦੀ ਗੱਲ ਆਖੀ। ਸੇਵਕ ਨੇ ਵਾਪਸੀ ਸਮੇਂ ਨਜੂਮੀ ਦੀ ਗੱਲ ਹਜ਼ਰਤ ਖ਼ਦੀਜਾ ਨੂੰ ਦੱਸੀ। ਹਜ਼ਰਤ ਖ਼ਦੀਜਾ ਨੇ ਆਪ ਨਾਲ ਨਿਕਾਹ ਦਾ ਪੈਗ਼ਾਮ ਭੇਜਿਆ ਤਾਂ ਹਜ਼ਰਤ ਅਬੂ ਤਾਲਿਬ ਨੇ ਆਪ ਦਾ ਨਿਕਾਹ ਹਜ਼ਰਤ ਖ਼ਦੀਜਾ ਨਾਲ ਕਰਵਾ ਦਿੱਤਾ। ਉਸ ਵੇਲੇ ਆਪ ਦੀ ਉਮਰ ਪੱਚੀ ਸਾਲ ਅਤੇ ਹਜ਼ਰਤ ਖ਼ਦੀਜਾ ਦੀ ਉਮਰ ਚਾਲੀ ਸਾਲ ਸੀ। ਜਦੋਂ ਆਪ ਦੀ ਉਮਰ ਪੈਂਤੀ ਸਾਲ ਦੀ ਹੋਈ ਤਾਂ ਕੁਰੈਸ਼ ਵਾਲਿਆਂ ਨੇ ਕਾਅਬਾ ਨੂੰ ਦੁਬਾਰਾ ਬਣਾਉਣ ਦਾ ਇਰਾਦਾ ਕੀਤਾ। ਜਦੋਂ ਹਜਰ-ਏ-ਅਸਵਦ (ਕਾਲੇ ਪੱਥਰ) ਦੇ ਰੱਖਣ ਦੀ ਨੌਬਤ ਆਈ ਤਾਂ ਆਪਸ ਵਿੱਚ ਲੜਾਈ ਝਗੜਾ ਹੋਣ ਲੱਗਾ। ਹਰੇਕ ਆਦਮੀ ਇਹ ਚਾਹੁੰਦਾ ਸੀ ਕਿ ਇਸ ਪੱਥਰ ਨੂੰ ਮੈਂ ਰੱਖਾਂ। ਬਨੂ ਉਮੱਯਾ ਨੇ ਮਸ਼ਵਰੇ ਨਾਲ ਫ਼ੈਸਲਾ ਸੁਣਾਇਆ ਕਿ ਕੱਲ ਜਿਹੜਾ ਆਦਮੀ ਕਾਅਬੇ ਅੰਦਰ ਪਹਿਲਾਂ ਦਾਖ਼ਲ ਹੋਵੇਗਾ ਉਹੀ ਪੱਥਰ ਰੱਖੇਗਾ। ਅਗਲੀ ਸਵੇਰ ਹਜ਼ੂਰ (ਸ.) ਸਭ ਤੋਂ ਪਹਿਲਾਂ ਤਸ਼ਰੀਫ਼ ਲਿਆਏ। ਸਾਰੇ ਲੋਕਾਂ ਨੇ ਕਿਹਾ ਕਿ ਇਹ ਅਮਾਨਤ ਦਾਰ ਹਨ ਇਹੋ ਫ਼ੈਸਲਾ ਕਰਨਗੇ। ਆਪ ਨੇ ਇੱਕ ਕਪੜਾ ਵਿਛਾਇਆ ਅਤੇ ਹਜਰ-ਏ-ਅਸਵਦ ਨੂੰ ਉਸ ਵਿੱਚ ਰੱਖਿਆ ਅਤੇ ਚਾਰੋ ਖਾਨਦਾਨਾਂ ਦੇ ਸਰਦਾਰਾਂ ਨੂੰ ਬੁਲਾ ਕੇ ਕੱਪੜੇ ਦੇ ਚਾਰੋ ਕੋਨੇ ਫੜਾ ਦਿੱਤੇ ਅਤੇ ਇਸ ਨੂੰ ਉੱਚਾ ਚੁੱਕਣ ਲਈ ਕਿਹਾ, ਜਦੋਂ ਪੱਥਰ ਆਪਣੇ ਸਥਾਨ 'ਤੇ ਪਹੁੰਚਿਆ ਤਾਂ ਆਪ ਨੇ ਆਪਣੇ ਹੱਥੀਂ ਉਸ ਨੂੰ ਰੱਖ ਦਿੱਤਾ। ਜਵਾਨੀ ਵੇਲੇ ਲੋਕ ਆਪ ਨੂੰ 'ਅਮੀਨ' ਕਹਿ ਕੇ ਸੱਦਦੇ ਸਨ।

## ਨਬੀ ਬਣਨਾ

'ਵਹੀ' ਦੇ ਆਉਣ ਤੋਂ ਪਹਿਲਾਂ ਆਪ ਨੂੰ ਸੱਚੇ ਸੁਪਨੇ ਆਇਆ ਕਰਦੇ ਸਨ। ਧਾਰਮਿਕ ਗਿਆਨੀਆਂ ਅਤੇ ਨਜੂਮੀਆਂ ਵਿਚਕਾਰ ਇਸ ਗੱਲ ਦੀ ਆਮ ਚਰਚਾ ਹੋਣ ਲੱਗੀ। ਆਪ ਇਕਾਂਤ ਵਿੱਚ ਇਬਾਦਤ-ਬੰਦਗੀ ਕਰਨ ਨੂੰ ਪਸੰਦ ਕਰਦੇ ਅਤੇ 'ਹਿਰਾ' ਨਾਮੀ ਗੁਫਾ ਵਿੱਚ ਲਗਾਤਾਰ ਦੋ-ਦੋ ਚਾਰ ਚਾਰ ਰਾਤਾਂ ਗੁਜ਼ਾਰ ਦਿੰਦੇ। ਚਾਲੀ ਸਾਲ ਦੀ ਉਮਰ ਵਿੱਚ ਆਪ ਨੂੰ 'ਵਹੀ' ਆਉਣ ਲੱਗੀ ਭਾਵ ਫ਼ਰਿਸ਼ਤਾ ਆਦਮੀ ਦੀ ਸ਼ਕਲ ਵਿੱਚ ਆਉਂਦਾ ਅਤੇ ਆਪ ਨਾਲ ਗੱਲਬਾਤ ਕਰਦਾ। ਹਜ਼ਰਤ ਖ਼ਦੀਜਾ ਨੇ ਆਪ ਦੀਆਂ ਗੱਲਾਂ ਦੀ ਤਸਦੀਕ ਕੀਤੀ ਹੈ ਅਤੇ

ਆਪ 'ਤੇ ਈਮਾਨ ਲੈ ਆਈ। ਇਸ ਪਿੱਛੋਂ ਨਮਾਜ਼ ਫ਼ਰਜ਼ ਹੋ ਗਈ, ਜਿਬਰਾਈਲ ਫ਼ਰਿਸ਼ਤਾ ਆਇਆ ਵੁਜ਼ੂ ਅਤੇ ਨਮਾਜ਼ ਪੜ੍ਹਨ ਦਾ ਸਾਰਾ ਤਰੀਕਾ ਦੱਸ ਗਿਆ।

## ਕੁਰੈਸ਼ ਵਿੱਚ ਦੀਨ ਦੀ ਦਾਅਵਤ

ਆਪ ਨੇ ਸਭ ਤੋਂ ਪਹਿਲਾਂ ਆਪਣੇ ਚਾਚੇ ਅਬੂ ਤਾਲਿਬ ਨੂੰ ਦੀਨ ਵੱਲ ਪ੍ਰੇਰਿਆ ਪਰੰਤੂ ਅਬੂ ਤਾਲਿਬ ਨੇ ਆਪਣੇ ਪੁਰਖਿਆਂ ਦਾ ਦੀਨ ਛੱਡਣਾ ਸਵੀਕਾਰ ਨਹੀਂ ਕੀਤਾ। ਇਹ ਕਹਿ ਕੇ ਟਾਲ ਦਿੱਤਾ ਕਿ ਮੈਂ ਤੇਰੀ ਵਿਰੋਧਤਾ ਨਹੀਂ ਕਰਾਂਗਾ। ਸਭ ਤੋਂ ਪਹਿਲਾਂ ਖ਼ਦੀਜਾ (ਰ.), ਅਬੂ ਬਕਰ (ਰ.), ਅਲੀ (ਰ.), ਜ਼ੈਦ ਬਿਨ ਹਾਰਸਾ (ਰ.), ਬਿਲਾਲ (ਰ.), ਅਮਰੂ ਬਿਨ ਉਤਬਾ ਸਲਮਾ (ਰ.) ਅਤੇ ਖ਼ਾਲਿਦ ਬਿਨ ਸਈਦ (ਰ.) ਮੁਸਲਮਾਨ ਬਣ ਗਏ। ਇਹਨਾਂ ਤੋਂ ਬਾਅਦ ਕੁਰੈਸ਼ ਦੇ ਇੱਕ ਗਰੁੱਪ ਨੇ ਇਸਲਾਮ ਧਾਰਨ ਕੀਤਾ। ਇਹਨਾਂ ਪਿੱਛੋਂ ਉਸਮਾਨ ਬਿਨ ਅੱਫ਼ਾਨ (ਰ.), ਤਲਹਾ (ਰ.), ਸਅਦ ਬਿਨ ਵੱਕਾਸ ਅਬਦੁਰ ਰਹਿਮਾਨ ਬਿਨ ਔਫ਼ ਈਮਾਨ ਵਿੱਚ ਦਾਖ਼ਲ ਹੋਏ। ਇਹਨਾਂ ਤੋਂ ਬਾਅਦ ਅਬੂ ਉਬੈਦਾ, ਅਬੂ ਸਲਮਾ, ਸਈਦ ਦੀ ਪਤਨੀ ਫ਼ਾਤਿਮਾ, ਸਈਦ ਦੇ ਪਿਤਾ ਜੀ ਜ਼ੈਦ, ਉਮੈਰ, ਅਬਦੁੱਲਾਹ ਬਿਨ ਮਸਊਦ, ਜਾਅਫ਼ਰ ਬਿਨ ਅਬੀ ਤਾਲਿਬ ਇਹਨਾਂ ਦੀ ਪਤਨੀ ਸਾਇਬ ਅਤੇ ਯਾਸਿਰ ਆਦਿ ਮੁਸਲਮਾਨ ਬਣੇ।

ਇਹਨਾਂ ਦੇ ਈਮਾਨ ਲੈ ਆਉਣ ਤੋਂ ਬਾਅਦ ਜਿਸ ਵਿੱਚ ਬੱਚੇ ਬੁੱਢੇ ਜਵਾਨ ਅਤੇ ਜ਼ਨਾਨੀਆਂ ਵੀ ਸ਼ਾਮਲ ਸਨ ਇੱਕ ਛੋਟੀ ਜਿਹੀ ਜਮਾਤ ਬਣ ਗਈ ਸੀ। ਮੁਸ਼ਰਿਕਾਂ ਦੇ ਡਰੋਂ ਇਹ ਲੋਕ ਸਵੇਰੇ ਜੰਗਲ ਵੱਲ ਨਿੱਕਲ ਜਾਂਦੇ ਸਨ। ਕੁਰੈਸ਼ ਦੀ ਕੋਈ ਅਜਿਹੀ ਮਜਸਿਲ ਨਹੀਂ ਹੁੰਦੀ ਸੀ ਜਿਸ ਵਿੱਚ ਇਸਲਾਮ ਅਤੇ ਇਸਲਾਮ ਲੈ ਆਉਣ ਦਾ ਜ਼ਿਕਰ ਨਾ ਕਰਦੇ। 'ਵਹੀ' ਆਉਣ ਦੇ ਤੀਸਰੇ ਸਾਲ ਆਪ (ਸ.) ਨੇ ਇਸਲਾਮ ਦੇ ਪਰਚਾਰ ਅਤੇ ਪਰਸਾਰ ਕਰਨ ਲਈ ਹੁਕਮ ਜਾਰੀ ਕਰ ਦਿੱਤਾ।

## ਹਬਸ਼ਾ ਵੱਲ ਹਿਜਰਤ

ਜਦ ਕੁਰੈਸ਼ ਨੇ ਵੇਖਿਆ ਕਿ ਹਜ਼ੂਰ ਇਸਲਾਮ ਦੇ ਪਰਚਾਰ ਕਰਨ ਤੋਂ ਨਹੀਂ ਰੁਕਦੇ ਅਤੇ ਦਿਨ-ਬ-ਦਿਨ ਮੁਸਲਮਾਨਾਂ ਦੀ ਸੰਖਿਆ ਵਧਦੀ ਜਾ ਰਹੀ ਹੈ ਤਾਂ ਬਨੀ ਹਾਸ਼ਿਮ ਅਤੇ ਬਨੀ ਮੁਤਲਿਬ ਨੇ ਇਹ ਠਾਨ ਲਈ ਕਿ ਮੁਸਲਮਾਨਾਂ ਨੂੰ ਆਏ ਦਿਨ ਪਰੇਸ਼ਾਨੀਆ ਨਾਲ ਘੇਰਿਆ ਜਾਵੇ, ਤਾਂ ਜੋ ਤੰਗ ਆ ਕੇ ਇਸਲਾਮ ਤੋਂ ਫਿਰ ਜਾਣ। ਜਦੋਂ ਤਕਲੀਫ਼ਾਂ ਹਦੋਂ ਵਧ ਗਈਆਂ ਤਾਂ ਆਪ ਨੇ ਮੁਸਲਮਾਨਾਂ ਨੂੰ ਹਬਸ਼ਾ

ਵਿਖੇ ਹਿਜਰਤ ਕਰ ਜਾਣ ਦਾ ਆਦੇਸ਼ ਦੇ ਦਿੱਤਾ। ਇਹਨਾਂ ਹਿਜਰਤ ਕਰਨ ਵਾਲਿਆਂ ਵਿੱਚ ਉਸਮਾਨ ਬਿਨ ਅੱਫ਼ਾਨ, ਇਹਨਾਂ ਦੀ ਪਤਨੀ ਰੁਕੱਯਾ, ਅਬੂ ਹੁਜ਼ੈਫ਼ਾ ਅਤੇ ਇਹਨਾਂ ਦੀ ਪਤਨੀ, ਜ਼ੁਬੈਰ, ਮਸਅਬ ਬਿਨ ਉਮੈਰ ਆਦਿ ਨੇ ਹਬਸ਼ਾ ਵੱਲ ਹਿਜਰਤ ਕੀਤੀ, ਹੌਲੀ ਹੌਲੀ ਇਹ ਸੰਖਿਆ ਤਿੰਨ ਸੌ ਤੱਕ ਪਹੁੰਚ ਗਈ। ਉਸ ਵੇਲੇ ਇਹ ਗੱਲ ਆਮ ਸੀ ਕਿ ਜਿਹੜਾ ਬੰਦਾ ਇਸਲਾਮ ਲੈ ਆਉਂਦਾ ਉਸ ਦਾ ਮਜ਼ਾਕ ਉਡਾਉਂਦੇ ਅਤੇ ਤਕਲੀਫ਼ ਦਿੰਦੇ ਸਨ।

## ਹਮਜ਼ਾ (ਰ.) ਦਾ ਇਸਲਾਮ ਲੈ ਆਉਣਾ

ਇੱਕ ਦਿਨ ਹਜ਼ੂਰ ਸਫ਼ਾ ਪਹਾੜੀ ਵੱਲ ਤਸ਼ਰੀਫ਼ ਰਖਦੇ ਸਨ, ਅਬੂ ਜਹਿਲ ਉਸ ਪਾਸਿਓਂ ਲੰਘਿਆ, ਹਜ਼ੂਰ ਨੂੰ ਬੁਰਾ ਭਲਾ ਕਹਿਣ ਲੱਗਿਆ ਅਤੇ ਇਸਲਾਮ ਦੀ ਤੌਹੀਨ ਕਰਨ ਲੱਗਿਆ। ਆਪ ਸਬਰ ਨਾਲ ਅਬੂ ਜਹਿਲ ਦੀਆਂ ਗੱਲਾਂ ਸੁਣੀ ਜਾਂਦੇ ਸਨ। ਇਸ ਪਿੱਛੋਂ ਅਬੂ ਜਹਿਲ ਕਾਅਬੇ ਵੱਲ ਆ ਗਿਆ, ਆਪ ਵੀ ਕਾਅਬੇ ਵੱਲ ਆ ਗਏ, ਇਹ ਸਾਰਾ ਵਾਕਿਆ ਅਬਦੁੱਲਾਹ ਬਿਨ ਜਦਆਨ ਦੀ ਸੇਵਕਾ ਸੁਣ ਰਹੀ ਸੀ ਜਿਸ ਨੇ ਸਾਰੀ ਗੱਲ ਹਮਜ਼ਾ (ਆਪ ਦੇ ਚਾਚਾ) ਨੂੰ ਦੱਸ ਦਿੱਤੀ। ਗੁੱਸੇ ਆ ਕੇ ਅਬੂ ਜਹਿਲ ਦੀ ਤਲਾਸ਼ ਕੀਤੀ, ਉਸ ਵੇਲੇ ਇਹ ਕੁਰੈਸ਼ ਦੇ ਇਕੱਠ ਵਿੱਚ ਬੈਠਿਆ ਹੋਇਆ ਸੀ। ਹਮਜ਼ਾ ਨੇ ਆਉਂਦੇ ਹੀ ਅਬੂ ਜਹਿਲ ਨੂੰ ਵਾਲਾਂ ਤੋਂ ਘੜੀਸਿਆ ਅਤੇ ਕਿਹਾ ਕਿ ਮੁਹੰਮਦ (ਸ) ਨੂੰ ਬੁਰਾ ਭਲਾ ਕਹਿੰਦਾ ਹੈ। ਜਦੋਂ ਕਿ ਮੈਂ ਵੀ ਇਸਲਾਮ ਕਬੂਲ ਕਰ ਲਿਆ ਹੈ। ਹਮਜ਼ਾ ਹਜ਼ੂਰ (ਸ) ਕੋਲ ਪਹੁੰਚੇ ਕਿਹਾ ਕਿ ਤੁਸੀਂ ਇਸ ਤੋਂ ਖ਼ੁਸ਼ ਹੋ ਕਿ ਜਿਹੜਾ ਮੈਂ ਹੁਣੇ ਅਬੂ ਜਹਿਲ ਨਾਲ ਕੀਤਾ ਹੈ। ਆਪ ਨੇ ਫ਼ਰਮਾਇਆ ਕਿ ਮੈਂ ਉਸ ਵੇਲੇ ਖ਼ੁਸ਼ ਹੋਵਾਂਗਾ ਜਦੋਂ ਤੁਸੀਂ ਇਸਲਾਮ ਕਬੂਲ ਕਰ ਲਵੋਗੇ। ਹਮਜ਼ਾ ਨੇ ਉਸੇ ਵੇਲੇ ਇਸਲਾਮ ਕਬੂਲ ਕਰ ਲਿਆ ਜਿਸ ਨਾਲ ਵਿਰੋਧੀ ਬਹੁਤ ਫ਼ਿਕਰਮੰਦ ਹੋਏ।

## ਉਮਰ (ਰਜ਼ੀ.) ਦਾ ਇਸਲਾਮ

ਹਜ਼ਰਤ ਹਮਜ਼ਾ ਤੋਂ ਬਾਅਦ ਹਜ਼ਰਤ ਉਮਰ ਇਸਲਾਮ ਲੈ ਆਏ। ਇਹਨਾਂ ਦੇ ਇਸਲਾਮ ਲੈ ਆਉਣ ਦਾ ਕਾਰਨ ਇਹਨਾਂ ਦੀ ਭੈਣ ਫ਼ਾਤਿਮਾ ਅਤੇ ਇਹਨਾਂ ਪਤੀ ਸਈਦ ਬਣੇ। ਜਦੋਂ ਇਹਨਾਂ (ਉਮਰ) ਨੂੰ ਆਪਣੀ ਭੈਣ ਬਾਰੇ ਪਤਾ ਚੱਲਿਆ ਤਾਂ ਉਸ ਕੋਲ ਆਏ ਅਤੇ ਉਸ ਨੂੰ ਏਨਾ ਮਾਰਿਆ ਕਿ ਖ਼ੂਨ ਵਗਣ

ਲੱਗਾ। ਭੈਣ ਦੇ ਸਰੀਰੋਂ ਖ਼ੂਨ ਵਹਿੰਦੇ ਵੇਖ ਕੇ ਦਿਲ ਪਸੀਜ਼ ਗਿਆ ਅਤੇ ਕਹਿਣ ਲੱਗੇ ਜੋ ਤੁਸੀਂ ਪੜ੍ਹਦੇ ਸੀ ਉਹ ਸੁਣਾਓ। ਖ਼ੱਬਾਬ ਬਿਨ ਅਲਅਰਤ ਨੇ ਸੂਰਤ 'ਤਾਹਾ' ਪੜ੍ਹ ਕੇ ਸੁਣਾਈ ਕਿ ਸੁਣਦੇ ਹੀ ਉਮਰ ਦੀ ਹਾਲਤ ਹੀ ਬਦਲ ਗਈ। ਕਿਹਾ ਕਿ ਜਦੋਂ ਤੁਸੀਂ ਮੁਸਲਮਾਨ ਬਣਦੇ ਹੋ ਤਾਂ ਕੀ ਕਰਦੇ ਹੋ? ਜ਼ਾਹਰੀ ਸਫ਼ਾਈ ਸੁਥਰਾਈ ਤੋਂ ਬਾਅਦ ਉਮਰ ਹਜ਼ੂਰ ਦੇ ਦਰਵਾਜ਼ੇ ਤੱਕ ਪਹੁੰਚ ਗਏ ਅਤੇ ਕਲ਼ਮਾ-ਏ-ਇਸਲਾਮ ਪੜ੍ਹਿਆ। ਇਹਨਾਂ ਦੇ ਇਸਲਾਮ ਲੈ ਆਉਣ ਨਾਲ ਇੱਸਲਾਮ ਦੇ ਮੰਨਣ ਵਾਲਿਆਂ ਨੂੰ ਬਹੁਤ ਹੌਸਲਾ ਮਿਲਿਆ।

## ਕੁਰੈਸ਼ ਨਾਲ ਇਕਰਾਰ

ਮੁਸਲਮਾਨਾਂ ਨੂੰ ਹੋਰ ਤੰਗ ਕਰਨ ਦੇ ਬਹਾਨੇ ਉਹਨਾਂ ਨੇ ਆਪਸ ਵਿੱਚ ਇਕ ਇਕਰਾਰ ਕੀਤਾ ਕਿ ਮੁਸਲਮਾਨਾਂ ਨਾਲ ਬਾਈਕਾਟ ਕਰ ਦੇਵੋ, ਇੱਕ ਲਿਖਤ ਲਿਖ ਕੇ ਦਸਤਖ਼ਤ ਕਰਕੇ ਕਾਅਬੇ ਦੇ ਦਰਵਾਜ਼ੇ 'ਤੇ ਲਟਕਾ ਦੇਵੋ। ਮੁਸਲਮਾਨ ਬਹੁਤ ਪਰੇਸ਼ਾਨ ਹੋਏ, ਇਸੇ ਦੌਰਾਨ ਇਸ ਲਿਖਤ ਨੂੰ ਕੀੜਿਆਂ ਨੇ ਖਾ ਲਿਆ ਸੀ, ਇਸ ਨਾਲ ਵਿਰੋਧੀ ਲੋਕਾਂ ਦੇ ਹੌਸਲੇ ਹੋਰ ਪਸਤ ਹੋਣ ਲੱਗੇ।

## ਹਜ਼ਰਤ ਖ਼ਦੀਜਾ ਅਤੇ ਅਬੂ ਤਾਲਿਬ ਦੀ ਵਫ਼ਾਤ

ਜਿਹੜੇ ਆਪ ਦੇ ਹਰ ਪਲ ਦੇ ਮਦਦਗਾਰ ਸਨ ਹਿਜਰਤ ਤੋਂ ਪਹਿਲਾਂ ਦੋਵਾਂ ਦਾ ਇੰਤਕਾਲ ਹੋ ਗਿਆ।

## ਹੱਜ ਅਤੇ ਇਸਲਾਮ ਦਾ ਪਰਚਾਰ

ਜਦੋਂ ਹਜ਼ੂਰ ਮੱਕੇ ਵਾਲਿਆਂ ਦੇ ਇਸਲਾਮ ਲੈ ਆਉਣ ਤੋਂ ਨਾ-ਉਮੀਦ ਹੋ ਗਏ ਤਾਂ ਜਿਹੜੇ ਲੋਕ ਹੱਜ ਕਰਨ ਲਈ ਇਧਰੋਂ ਉਧਰੋਂ ਆਉਂਦੇ ਉਹਨਾਂ ਨੂੰ ਇਸਲਾਮ ਦਾ ਪੈਗ਼ਾਮ ਦਿੰਦੇ। ਕੁਰੈਸ਼ ਇਸ ਕੰਮ ਤੋਂ ਵੀ ਰੋਕਣ ਲੱਗੇ। ਅਬੂ ਲਹਬ ਨੂੰ ਆਪ ਦੇ ਇਸ ਹੱਕ ਸੱਚ ਦੇ ਕੰਮ ਨਾਲ ਦਿਲਚਸਪੀ ਸੀ ਕਿ ਸਾਰੇ ਕੰਮ ਧੰਦੇ ਛੱਡ ਕੇ ਆਪ ਦੀ ਵਿਰੋਧਤਾ ਕਰਦਾ। ਕਈ ਲੋਕ ਆਪਣੇ ਨਿੱਜੀ ਹਿੱਤਾਂ ਦੀ ਮੰਗ ਕਰਦੇ, ਕੋਈ ਕਹਿੰਦਾ ਕਿ ਸਾਨੂੰ ਦੌਲਤ ਅਤੇ ਹਕੂਮਤ ਚਾਹੀਦੀ ਹੈ। ਇਸ ਸੁਣ ਕੇ ਆਪ ਕਹਿੰਦੇ ਕਿ ਇਹ ਕੰਮ ਤਾਂ ਅੱਲਾਹ ਵੱਲੋਂ ਹੈ।

## ਪਹਿਲਾ ਉਕਬਾ

ਇਹਨਾਂ ਗੱਲਾਂ ਤੋਂ ਬਾਅਦ ਜਦੋਂ ਫਿਰ ਹੱਜ ਦਾ ਸਮਾਂ ਆਇਆ ਤਾਂ ਆਪ ਇਕੱਲੇ-ਇਕੱਲੇ ਲੋਕਾਂ ਕੋਲ ਜਾਂਦੇ ਅਤੇ ਹੱਕ ਸੱਚ ਦਾ ਹੋਕਾ ਲਾਉਂਦੇ, ਕੁਰਆਨ ਪੜ੍ਹ ਕੇ ਸੁਣਾਉਂਦੇ ਕਿ ਇਹ ਨਾ ਸਿਰਫ਼ ਸਮਾਜ ਦਾ ਹਨ੍ਹੇਰਾਪਣ ਦੂਰ ਕਰੇਗਾ ਬਲਕਿ ਦਿਲ ਦੀ ਗੁੰਮਰਾਹੀ ਵੀ ਦੂਰ ਕਰ ਦੇਵੇਗਾ। ਮਦੀਨੇ ਦੇ ਆਲੇ ਦੁਆਲੇ ਯਹੂਦੀ ਇਹ ਗੱਲਾਂ ਸੁਣ ਕੇ ਕਹਿੰਦੇ ਕਿ ਬਹੁਤ ਛੇਤੀ ਇੱਕ ਨਬੀ ਆਉਣ ਵਾਲਾ ਸੀ, ਹੋ ਸਕਦਾ ਹੈ ਕਿ ਇਹ ਉਹੀ ਨਬੀ ਨਾ ਹੋਵੇ। ਇਸ ਪਿੱਛੋਂ ਆਪ ਦੀ ਰਿਸਾਲਤ ਕਬੂਲ ਕਰ ਲਈ ਅਤੇ ਮੁਸਲਮਾਨ ਬਣ ਗਏ। ਇਹਨਾਂ ਤੋਂ ਇਲਾਵਾ ਬਾਰ੍ਹਾਂ ਬੰਦਿਆਂ ਦੇ ਇੱਕ ਹੋਰ ਗਰੁੱਪ ਨੇ ਹਜ਼ੂਰ ਦੇ ਹੱਥ 'ਤੇ ਬੈਅਤ ਕੀਤੀ ਅਤੇ ਵਾਅਦਾ ਕੀਤਾ ਕਿ ਇਬਾਦਤ-ਬੰਦਗੀ ਵਿੱਚ ਕਿਸੇ ਹੋਰ ਨੂੰ ਸਾਂਝੀਵਾਲ ਨਹੀਂ ਬਣਾਵਾਂਗੇ, ਨਾ ਚੋਰੀ ਕਰਾਂਗੇ ਅਤੇ ਨਾ ਹੀ ਆਪਣੀ ਔਲਾਦ ਨੂੰ ਮਾਰਾਂਗੇ। ਜਦੋਂ ਇਹ ਲੋਕ ਵਾਪਸ ਪਰਤਣ ਲੱਗੇ ਤਾਂ ਆਪ ਨੇ ਇਬਨ-ਏ-ਉੱਮੇ-ਮਕਤੂਮ ਅਤੇ ਮਸਅਬ ਬਿਨ ਉਮੈਰ ਨੂੰ ਇਹਨਾਂ ਦੇ ਨਾਲ ਕੁਰਆਨ ਕਰੀਮ ਪੜ੍ਹਾਉਣ ਲਈ ਭੇਜ ਦਿੱਤਾ। ਕੁੱਝ ਚਿਰ ਪਿੱਛੋਂ ਅਜਿਹਾ ਸਮਾਂ ਆਇਆ ਕਿ ਮਦੀਨੇ ਸ਼ਹਿਰ ਵਿੱਚ ਕੋਈ ਅਜਿਹਾ ਘਰ ਨਹੀਂ ਰਿਹਾ ਜਿਸ ਵਿੱਚ ਇਸਲਾਮ ਦਾਖ਼ਲ ਨਾ ਹੋਇਆ ਹੋਵੇ।

## ਦੂਜਾ ਉਕਬਾ

ਮਸਅਬ ਬਿਨ ਉਮੈਰ ਇੱਕ ਸਾਲ ਤੱਕ ਮਦੀਨਾ ਵਿਖੇ ਰਹੇ। ਜਦੋਂ ਹੱਜ ਦਾ ਸਮਾਂ ਆਇਆ ਤਾਂ ਕਾਫ਼ਲੇ ਦੇ ਨਾਲ ਹੱਜ ਲਈ ਮੱਕਾ ਚਲੇ ਗਏ। ਇਸ ਕਾਫ਼ਲੇ ਵਿੱਚ ਕੁੱਝ ਹੋਰ ਲੋਕ ਵੀ ਸ਼ਾਮਲ ਸਨ ਜਿਹੜੇ ਹਾਲੀਂ ਮੁਸਲਮਾਨ ਨਹੀਂ ਹੋਏ ਸਨ। ਮੁਸਲਮਾਨਾਂ ਨੇ ਮੱਕਾ ਪਹੁੰਚ ਕੇ ਹਜ਼ੂਰ ਦੀ ਜ਼ਿਆਰਤ ਕੀਤੀ ਅਤੇ ਉਕਬਾ ਦੇ ਸਥਾਨ 'ਤੇ ਦੁਬਾਰਾ ਮਿਲਣ ਦਾ ਵਾਅਦਾ ਕੀਤਾ। ਇਸ ਵਾਅਦੇ ਦੀ ਪੂਰਤੀ ਲਈ ਅਬਦੁੱਲਾਹ ਬਿਨ ਅਮਰ ਅਤੇ ਅਬੂ ਜਾਬਿਰ ਦੇ ਨਾਲ ਕੁੱਝ ਹੋਰ ਲੋਕ ਵੀ ਸਨ ਮਿਲਣ ਲਈ ਆਏ। ਇਸੇ ਰਾਤ ਉਹਨਾਂ ਨੇ ਬੈਅਤ ਕੀਤੀ ਅਤੇ ਇਸਲਾਮ ਲੈ ਆਏ ਅਤੇ ਪੱਕਾ ਵਾਅਦਾ ਕੀਤਾ ਕਿ ਤੁਸੀਂ ਸਾਡੇ ਸ਼ਹਿਰ ਆਓ ਅਸੀਂ ਤੁਹਾਡੀ ਹਰ ਲਿਹਾਜ਼ ਨਾਲ ਮਦਦ ਕਰਨ ਦਾ ਭਰੋਸਾ ਦਿੰਦੇ ਹਾਂ। ਇਹਨਾਂ ਮਦੀਨੇ ਵਾਲਿਆਂ ਵਿੱਚ ਤਿਹੱਤਰ ਮਰਦ ਅਤੇ ਦੋ ਔਰਤਾਂ ਸ਼ਾਮਲ ਸਨ, ਇਹਨਾਂ ਨੂੰ ਹਜ਼ੂਰ ਨੇ ਫ਼ਰਮਾਇਆ ਕਿ ਤੁਸੀਂ ਆਪਣੀ ਕੌਮ ਵਿੱਚ ਤਾਲੀਮ ਫੈਲਾਉਣ ਦੀ ਜ਼ਿੰਮੇਦਾਰੀ ਲਓ ਮੈਂ ਤੁਹਾਡੇ ਸਾਰੇ ਲੋਕਾਂ ਦਾ ਜ਼ਿੰਮੇਦਾਰ ਹਾਂ।

ਜਦੋਂ ਕੁਰੈਸ਼ ਨੂੰ ਇਸ ਬੈਅਤ ਬਾਰੇ ਪਤਾ ਚੱਲਿਆ ਤਾਂ ਸਵੇਰ ਹੁੰਦੇ ਹੀ ਕੁਰੈਸ਼ ਅਨਸਾਰੀਆਂ ਕੋਲ ਆਏ ਅਤੇ ਇਹਨਾਂ ਨੂੰ ਇਸਲਾਮ ਤੋਂ ਰੋਕਣ ਅਤੇ ਟੋਕਣ ਲੱਗੇ ਤਾਂ ਇਹਨਾਂ ਨੇ ਢੁਕਵੇਂ ਸ਼ਬਦਾਂ ਵਿੱਚ ਜਵਾਬ ਦਿੱਤੇ। ਮਾਯੂਸ ਹੋ ਕੇ ਮੁਸਲਮਾਨਾਂ ਨੂੰ ਹੋਰ ਤਕਲੀਫ਼ਾਂ ਦੇਣ ਲੱਗੇ।

## ਮਦੀਨੇ ਲਈ ਹਿਜਰਤ

ਇਸ ਬੈਅਤ ਤੋਂ ਬਾਅਦ ਮਦੀਨਾ ਵਿਖੇ ਇਸਲਾਮ ਹੋਰ ਫੈਲ ਗਿਆ। ਮੁਸ਼ਰਿਕਾਂ ਨੂੰ ਹੋਰ ਤਕਲੀਫ਼ ਹੋਈ ਅਤੇ ਮੁਸਲਮਾਨਾਂ ਨੂੰ ਤਰ੍ਹਾਂ ਤਰ੍ਹਾਂ ਦੇ ਦੁੱਖ ਦੇਣ ਲੱਗੇ। ਜਦੋਂ ਇਹ ਕੰਮ ਹੱਦੋਂ ਵੱਧ ਗਿਆ ਤਾਂ ਅੱਲਾਹ ਨੇ ਜਿਹਾਦ ਦੀ ਆਇਤ ਨਾਜ਼ਿਲ ਫ਼ਰਮਾਈ (ਲੜਾਈ ਕਰੋ ਤੁਸੀਂ ਇਹਨਾਂ ਨਾਲ ਇਸ ਤੋਂ ਪਹਿਲਾਂ ਕਿ ਕੋਈ ਹੋਰ ਫ਼ਿਤਨਾਂ ਪੈਦਾ ਹੋਵੇ, ਸਾਰਾ ਦੀਨ ਅੱਲਾਹ ਦਾ ਹੈ)। ਇਸ ਪਿੱਛੋਂ ਹਜ਼ੂਰ ਨੇ ਮੁਸਲਮਾਨਾਂ ਲਈ ਮੱਕੇ ਤੋਂ ਮਦੀਨੇ ਹਿਜਰਤ ਕਰਨ ਲਈ ਆਖਿਆ। ਸਿਰਕੱਢ ਸਹਾਬੀ ਅਤੇ ਸਹਾਬੀਆ ਵੀਹ ਸਵਾਰਾਂ ਦੇ ਨਾਲ ਮਦੀਨਾ ਲਈ ਰਵਾਨਾ ਹੋ ਗਏ। ਹਜ਼ਰਤ ਅਬੂ ਬਕਰ ਸਿੱਦੀਕ ਨੇ ਹਿਜਰਤ ਲਈ ਤਿਆਰੀ ਕੀਤੀ ਤਾਂ ਆਪ ਨੇ ਮਨ੍ਹਾਂ ਫ਼ਰਮਾ ਦਿੱਤਾ ਕਿ ਤੁਹਾਡੇ ਹਿਜਰਤ ਕਰਨ ਦਾ ਹੁਕਮ ਮੇਰੇ ਨਾਲ ਹੋਇਆ ਹੈ। ਇੱਕ-ਇੱਕ ਕਰਕੇ ਸਾਰੇ ਸਹਾਬੀ ਮੱਕਾ ਤੋਂ ਚਲੇ ਸਿਰਫ਼ ਹਜ਼ੂਰ ਦੇ ਨਾਲ ਹਜ਼ਰਤ ਅਬੂ ਬਕਰ ਸਿੱਦੀਕ ਅਤੇ ਹਜ਼ਰਤ ਅਲੀ ਹੀ ਰਹਿ ਗਏ ਸਨ।

## ਕੁਰੈਸ਼ ਦਾ ਮਸ਼ਵਰਾ

ਜਦੋਂ ਕੁਰੈਸ਼ ਵਾਲਿਆਂ ਨੇ ਮੁਸਲਮਾਨਾਂ ਦੇ ਮਦੀਨਾ ਜਾਣ ਅਤੇ ਇਸਲਾਮ ਫੈਲਣ ਨੂੰ ਸਮਝ ਲਿਆ ਤਾਂ ਦਾਰੁੱਨਦਵਾ ਦੇ ਸਥਾਨ 'ਤੇ ਇਕੱਠੇ ਹੋ ਕੇ ਮਸ਼ਵਰਾ ਕੀਤਾ ਕਿ ਹਜ਼ਰਤ ਮੁਹੰਮਦ ਵੀ ਇਸੇ ਤਰ੍ਹਾਂ ਚਲੇ ਜਾਣਗੇ ਕਿੰਨਾ ਚੰਗਾ ਹੋਵੇ ਕਿ ਮੁਹੰਮਦ ਨੂੰ ਕੈਦ ਕਰ ਲਿਆ ਜਾਵੇ ਜਾਂ ਦੇਸ਼ ਨਿਕਾਲਾ ਦੇ ਦਿੱਤਾ ਜਾਵੇ। ਅਬੂ ਜਹਿਲ ਨੇ ਕਿਹਾ ਹਰੇਕ ਕਬੀਲੇ ਦਾ ਇੱਕ ਇੱਕ ਆਦਮੀ ਮਿਲ ਕੇ ਮੁਹੰਮਦ ਨੂੰ ਮਾਰ ਦੇਈਏ, ਸਾਰਿਆਂ ਨੇ ਇਸ ਰਾਏ ਨੂੰ ਪਸੰਦ ਕੀਤਾ। ਰਾਤ ਨੂੰ ਆਪ ਦੇ ਘਰ ਦੀ ਘੇਰਾਬੰਦੀ ਕੀਤੀ ਗਈ। ਆਪ ਨੂੰ ਰੱਬ ਵੱਲੋਂ ਸੰਕੇਤ ਮਿਲ ਗਿਆ ਅਤੇ ਹਜ਼ਰਤ ਅਲੀ ਨੂੰ ਆਪਣੇ ਬਿਸਤਰ 'ਤੇ ਲੋਕਾਂ ਦੀਆ ਅਮਾਨਤਾਂ ਸਪੁਰਦ ਕਰਕੇ ਅਗਲੀ ਸਵੇਰ ਆਉਣ ਲਈ ਕਹਿ ਦਿੱਤਾ। ਆਪ ਅਤੇ ਅਬੂ ਬਕਰ ਸਿੱਦੀਕ (ਰ.) ਸੂਰਤ ਯਾਸੀਨ ਪੜ੍ਹ ਕੇ ਘਰੋਂ ਨਿੱਕਲੇ। ਅਬਦੁੱਲਾਹ ਬਿਨ ਅਰੀਕਤ ਨੂੰ ਉਜਰਤ ਦੇ ਕੇ ਮਦੀਨੇ ਦਾ ਰਾਹਬਰ ਨਿਯੁਕਤ ਕਰਕੇ ਚਾਲੇ ਪਾ ਲਏ।

## ਸੌਰ ਦੀ ਗੁਫਾ

ਮੱਕਾ ਨਿੱਕਲ ਕੇ ਆਪ ਨੇ ਸੌਰ ਗੁਫਾ ਵਿੱਚ ਪਨਾਹ ਲਈ। ਮੱਕਾ ਵਾਲਿਆਂ ਨੂੰ ਜਦੋਂ ਇਸ ਗੱਲ ਦਾ ਪਤਾ ਚੱਲਿਆ ਤਾਂ ਹਜ਼ਰਤ ਮੁਹੰਮਦ ਨੂੰ ਗ੍ਰਿਫ਼ਤਾਰ ਕਰਨ ਲਈ ਸੌ ਊਠ ਇਨਾਮ ਵਜੋਂ ਦੇਣ ਦਾ ਐਲਾਨ ਕਰ ਦਿੱਤਾ। ਜਦੋਂ ਤਿੰਨ ਦਿਨ ਲੰਘ ਗਏ ਸ਼ੋਰ ਸ਼ਰਾਬਾ ਕੁੱਝ ਘੱਟ ਗਿਆ ਤਾਂ ਅਬਦੁੱਲਾਹ ਨੇ ਇੱਕ ਊਠਨੀ ਇਹਨਾਂ ਲਈ ਅਤੇ ਇੱਕ ਆਪਣੇ ਲਈ ਲਿਆ ਕੇ ਸਫ਼ਰ ਸ਼ੁਰੂ ਕੀਤਾ। ਹਜ਼ੂਰ ਇੱਕ ਊਠਨੀ 'ਤੇ ਸਵਾਰ ਹੋਏ ਅਤੇ ਅਬਦੁੱਲਾਹ ਬਿਨ ਅਰੀਕਤ ਦੂਜੀ 'ਤੇ ਬੈਠ ਗਏ ਅਤੇ ਸ਼ਾਹ ਰਾਹ ਛੱਡ ਕੇ ਦੂਜੇ ਰਾਹ 'ਤੇ ਮਦੀਨੇ ਲਈ ਵਹੀਰਾਂ ਘੱਤ ਲਈਆਂ। ਪਹਿਲੀ ਰਾਤ ਅਤੇ ਅਗਲੀ ਦੁਪਹਿਰ ਤੱਕ ਸਫ਼ਰ ਕਰਦੇ ਰਹੇ। ਜਦੋਂ ਦੁਪਹਿਰ ਨੂੰ ਕੁੱਝ ਚਿਰ ਲਈ ਰੁਕੇ ਤਾਂ ਸੁਰਾਕਾ ਬਿਨ ਮਾਲਿਕ ਨੇ ਸੌ ਊਠਾਂ ਦੇ ਲਾਲਚ ਵਿੱਚ ਆਪ ਦਾ ਪਿੱਛਾ ਕੀਤਾ। ਆਪ ਨੇ ਸੁਰਾਕਾ ਲਈ ਬਦ ਦੁਆ ਫ਼ਰਮਾਈ ਤਾਂ ਘੋੜੇ ਦੇ ਚਾਰੋਂ ਪੈਰ ਜ਼ਮੀਨ ਵਿੱਚ ਧਸ ਗਏ। ਸੁਰਾਕਾ ਨੇ ਹਜ਼ੂਰ ਤੋਂ ਮੁਆਫ਼ੀ ਮੰਗੀ, ਹਜ਼ੂਰ ਨੇ ਮੁਆਫ਼ ਕਰ ਦਿੱਤਾ। ਸੁਰਾਕਾ ਮੱਕਾ ਪਰਤ ਗਿਆ ਅਤੇ ਆਪ ਦਾ ਪਿੱਛਾ ਕਰਨ ਵਾਲੇ ਲੋਕਾਂ ਨੂੰ ਵੀ ਨਾਲ ਮੋੜ ਕੇ ਲੈ ਗਿਆ।

## ਹਜ਼ੂਰ ਦੀ ਮਦੀਨਾ ਵਿਖੇ ਆਮਦ

ਸਵੇਰੇ ਸਵੇਰੇ ਹਜ਼ੂਰ ਮਦੀਨਾ ਵਿਖੇ ਤਸ਼ਰੀਫ਼ਲਿਆਏ। ਮਦੀਨੇ ਦੇ ਲੋਕ ਮੁਸਲਮਾਨ ਅਤੇ ਗ਼ੈਰ ਮੁਸਲਿਮ ਆਪ ਦੀ ਜ਼ਿਆਰਤ ਲਈ ਇਕੱਠੇ ਹੋਏ। ਹਜ਼ੂਰ ਉਸ ਸਥਾਨ 'ਤੇ ਠਹਿਰੇ ਜਿੱਥੇ ਅੱਜਕਲ ਮਸਜਿਦ-ਏ-ਨਬਵੀ ਦਾ ਦਰਵਾਜ਼ਾ ਹੈ। ਇੱਥੇ ਪਹੁੰਚ ਕੇ ਆਪ ਨੇ ਮੁਹਾਜਿਰੀਨ ਅਤੇ ਅਨਸਾਰ ਵਿਚਕਾਰ ਭਾਈਬੰਦੀ ਕਰਵਾਈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹਨਾਂ ਵਿਚਕਾਰ ਹੋਈ ਭਾਈਬੰਦੀ ਦੀ ਮਿਸਾਲ ਪੂਰੀ ਦੁਨੀਆ ਵਿੱਚ ਨਹੀਂ ਮਿਲਦੀ।

## ਜ਼ਕਾਤ ਅਤੇ ਅਜ਼ਾਨ

ਜਿਸ ਵੇਲੇ ਮਦੀਨਾ ਵਿਖੇ ਟਿਕ ਟਕਾਅ ਹੋ ਗਿਆ ਅਤੇ ਆਪ ਕੋਲ ਮੁਹਾਜਿਰੀਨ ਅਤੇ ਅਨਸਾਰ ਇਕੱਠੇ ਹੋ ਗਏ ਅਤੇ ਲੋਕਾਂ ਦੇ ਈਮਾਨ ਵਿੱਚ ਪਕਿਆਈ ਆ ਗਈ ਉਸ ਵੇਲੇ ਜ਼ਕਾਤ ਅਤੇ ਨਮਾਜ਼ ਫ਼ਰਜ਼ ਕੀਤੀ ਗਈ। ਇਸ ਅਬਦੁੱਲਾਹ ਬਿਨ ਸਲਾਮ ਜਿਵੇਂ ਯਹੂਦੀਆਂ ਦੇ ਧਰਮ ਗਿਆਨੀ ਸਨ ਇਸਲਾਮ

ਵਿੱਚ ਦਾਖ਼ਲ ਹੋ ਗਏ। ਦਸ ਸਾਲਾਂ ਵਿੱਚ 19 ਜੰਗਾ ਹੋਈਆਂ, ਸਿੱਟੇ ਵਜੋਂ ਆਪ ਦੀ ਵਫ਼ਾਤ ਤੋਂ ਪਹਿਲਾਂ ਸਾਰਾ ਅਰਬ ਇਸਲਾਮ ਵਿੱਚ ਦਾਖ਼ਲ ਹੋ ਗਿਆ ਸੀ।

### ਹਜ਼ੂਰ (ਸ.) ਦੇ ਬਾਦਸ਼ਾਹਾਂ ਦੇ ਨਾਂ ਖ਼ਤ

ਉਮਰਾ ਤੁਲ ਹੇਦੈਬੀਆ ਅਤੇ ਵਫ਼ਾਤ ਦੇ ਵਿਚਕਾਰ ਆਪ ਨੇ ਕਈ ਸਹਾਬੀਆਂ ਨੂੰ ਜਿਵੇਂ ਸਲਾਤ (ਰ.) ਨੂੰ ਯਮਾਮਾ ਵੱਲ ਅਤੇ ਅਲਾ (ਰ.) ਨੂੰ ਬਹਿਰੀਨ ਦੇ ਬਾਦਸ਼ਾਹ ਕੋਲ, ਅਮਰੂ (ਰ.) ਨੂੰ ਅਮਾਨ ਦੇ ਬਾਦਸ਼ਾਹ ਕੋਲ, ਹਾਤਿਬ ਨੂੰ ਮਕੂਕਸ਼ ਸਿਕੰਦਰੀਆ ਦੇ ਬਾਦਸ਼ਾਹ ਕੋਲ, ਵਹਯਾ (ਰ.) ਨੂੰ ਦਮਿਸ਼ਕ ਵੱਲ ਅਤੇ ਅਮਰੂ ਬਿਨ ਉਮੱਯਾ ਨੂੰ ਨਿਜਾਸ਼ੀ ਵੱਲ ਹੱਕ ਸੱਚ ਦਾ ਪੈਗ਼ਾਮ ਦੇ ਕੇ ਭੇਜਿਆ। ਕਿੰਨੇ ਬਾਦਸ਼ਾਹਾਂ ਨੇ ਇਸ ਖ਼ਤ ਨੂੰ ਸਵੀਕਾਰਿਆ ਅਤੇ ਸਨਮਨਿਆ ਗਿਆ। ਵਹਯਾ ਕਲਬੀ (ਰ.) ਜਿਹੜੇ ਕੈਸਰ ਵੱਲ ਰਵਾਨਾ ਹੋਏ ਸਨ, ਪਹਿਲਾਂ ਬਸਰਾ ਦੇ ਹਾਕਮ ਕੋਲ ਗਏ। ਫਿਰ ਰੂਮ ਦੇ ਬਾਦਸ਼ਾਹ ਦੇ ਦਰਬਾਰ ਪਹੁੰਚੇ, ਨਮੂਨੇ ਵਜੋਂ ਉਸ ਖ਼ਤ ਦਾ ਅਨੁਵਾਦ ਇਸ ਪ੍ਰਕਾਰ ਹੈ।

ਸ਼ੁਰੂ ਰੱਬ ਦੇ ਨਾਂ ਨਾਲ ਜੋ ਬਹੁਤ ਮਿਹਰਬਾਨ ਅਤੇ ਬੇਹੱਦ ਰਹਿਮ ਫ਼ਰਮਾਉਣ ਵਾਲਾ ਹੈ।

ਇਹ ਖ਼ਤ ਮੈਨੂੰ ਹਜ਼ਰਤ ਮੁਹੰਮਦ ਦੀ ਤਰਫ਼ੋਂ ਜਿਹੜਾ ਰੱਬ ਦਾ ਪੈਗ਼ੰਬਰ ਹੈ ਹਿਰਕਲ ਜਿਹੜਾ ਰੂਮ ਦਾ ਬਾਦਸ਼ਾਹ ਹੈ। ਉਹ ਲੋਕ ਸਲਾਮਤ ਰਹਿਣ ਅਤੇ ਰੱਬ ਦੀ ਹਦਾਇਤ ਦੀ ਪੈਰਵੀ ਕਰਨ। ਇਸ ਪਿੱਛੋਂ (ਮੇਰਾ ਮਤਲਬ ਇਹ ਹੈ ਕਿ) ਕਿ ਮੈਂ ਤੁਹਾਨੂੰ ਇਸਲਾਮ ਵੱਲ ਬੁਲਾਉਂਦਾ ਹਾਂ, ਜੇਕਰ ਤੁਸੀਂ ਮੁਸਲਮਾਨ ਹੋ ਗਏ ਤਾਂ (ਦੁਨੀਆ ਅਤੇ ਆਖ਼ਿਰਤ ਦੀਆਂ ਮੁਸੀਬਤਾਂ) ਤੋਂ ਸਲਾਮਤ ਰਹੋਗੇ। ਤੁਹਾਨੂੰ ਰੱਬ ਦੋਹਰਾ ਬਦਲਾ ਦੇਵੇਗਾ। ਜੇਕਰ ਤੁਸੀਂ ਇਨਕਾਰ ਕੀਤਾ ਤਾਂ ਜਨਤਾ ਦਾ ਪਾਪ ਵੀ ਤੁਹਾਡੇ ਜ਼ਿੰਮੇ ਹੋਵੇਗਾ। ਐ ਅਸਮਾਨੀ ਕਿਤਾਬ ਦੇ ਮੰਨਣ ਵਾਲਿਉ! ਤੁਸੀਂ ਇੱਕ ਅਜਿਹੀ ਗੱਲ ਵੱਲ ਪਰਤ ਆਓ ਜਿਸ ਦੇ ਬਾਬਤ ਰੱਬ (ਵੱਲੋਂ) ਸਾਡੇ ਅਤੇ ਤੁਹਾਡੇ ਲਈ ਇੱਕ ਹੀ ਹੁਕਮ ਹੈ, ਉਹ ਇਹ ਕਿ ਰੱਬ ਤੋਂ ਬਗ਼ੈਰ ਕਿਸੇ ਦੀ ਇਬਾਦਤ ਨਾ ਕਰੀਏ, ਨਾ ਉਸ ਦੇ ਕੰਮਾਂ ਵਿੱਚ ਕਿਸੇ ਨੂੰ ਸਾਂਝੀਵਾਲ ਬਣਾਈਏ ਅਤੇ ਨਾ ਕਿਸੇ ਬਜ਼ੁਰਗ ਨੂੰ ਰੱਬ ਜਾਣੀਏ ਅਤੇ ਨਾ ਆਪਣਾ ਮਦਦਗਾਰ ਬਣਾਈਏ। ਜੇਕਰ ਤੁਸੀਂ ਮੇਰੀਆਂ ਇਹਨਾਂ ਗੱਲਾਂ ਤੋਂ ਇਨਕਾਰ ਕਰੋਗੇ ਤਾਂ ਤੁਸੀਂ ਗਵਾਹ ਰਹਿਣਾ ਕਿ ਅਸੀਂ ਇਹਨਾਂ ਗੱਲਾਂ ਵਿੱਚ ਰੱਬ ਦੀ ਪੈਰਵੀ ਕਰਨ ਵਾਲੇ ਹਾਂ।

ਹਿਰਕਲ ਨੇ ਇਸ ਖ਼ਤ ਨੂੰ ਪੜ੍ਹ ਕੇ ਸਿਰ ਅੱਖਾਂ 'ਤੇ ਰੱਖਿਆ ਫਿਰ ਅਬੂ ਸੁਫ਼ਿਆਨ ਨੂੰ ਬੁਲਾਇਆ ਅਤੇ ਹਜ਼ੂਰ (ਸ.) ਦੇ ਹਾਲਾਤ ਪੁੱਛੇ। ਭਾਵੇਂ ਅਬੂ

ਸੁਫ਼ਿਆਨ ਹਾਲੀਂ ਇਸਲਾਮ ਵਿੱਚ ਦਾਖ਼ਲ ਨਹੀਂ ਹੋਇਆ ਸੀ ਅਤੇ ਕੈਸਰ ਨੇ ਅਬੂ ਸੁਫ਼ਿਆਨ ਨੂੰ ਉਸ ਦੇ ਸਾਥੀਆਂ ਦੇ ਪਿੱਛੇ ਖੜ੍ਹਾ ਕਰ ਦਿੱਤਾ ਅਤੇ ਕਿਹਾ ਕਿ ਤੁਹਾਡੇ 'ਤੇ ਰੱਬ ਦੀ ਮਾਰ ਹੋਵੇ ਜੇਕਰ ਤੁਸੀਂ ਕੋਈ ਝੂਠੀ ਗੱਲ ਆਖੋ। ਕੈਸਰ (ਰੂਮ ਦੇ ਬਾਦਸ਼ਾਹ) ਨੇ ਪੁੱਛਿਆ ਕਿ ਉਹਨਾਂ ਦੇ ਖ਼ਾਨਦਾਨ ਵਿੱਚੋਂ ਕੋਈ ਬਾਦਸ਼ਾਹ ਬਣਿਆ ਹੈ, ਉਸ ਆਦਮੀ ਨੇ ਕਦੀਂ ਸੰਸਾਰਿਕ ਕੰਮਾਂ ਵਿੱਚ ਝੂਠ ਬੋਲਿਆ ਹੈ, ਕਿਹਾ ਨਹੀਂ। ਕੈਸਰ ਨੇ ਕਿਹਾ ਰੱਬ ਦੀ ਸਹੁੰ! ਜਿਹੜਾ ਬੰਦਾ ਦੁਨੀਆ ਲਈ ਝੂਠ ਨਾ ਬੋਲਦਾ ਹੋਵੇ ਕਿ ਰੱਬ 'ਤੇ ਕਿਵੇਂ ਝੂਠ ਮੜ੍ਹ ਸਕਦਾ ਹੈ। ਕੈਸਰ ਨੇ ਪੁੱਛਿਆ ਕਿ ਉਸ 'ਤੇ ਅਮੀਰ ਲੋਕ ਈਮਾਨ ਲਿਆਉਂਦੇ ਹਨ ਜਾਂ ਗ਼ਰੀਬ, ਕਿਹਾ ਗ਼ਰੀਬ। ਕੈਸਰ ਨੇ ਕਿਹਾ ਪੈਗ਼ੰਬਰਾਂ ਦਾ ਸਦਾ ਇਹੋ ਹਾਲ ਰਿਹਾ ਹੈ। ਫਿਰ ਪੁੱਛਿਆ ਜਿਵੇਂ ਉਸ ਦੇ ਪੈਰੋਕਾਰ ਜ਼ਿਆਦਾ ਬਣਦੇ ਜਾਂਦੇ ਹਨ ਕੀ ਸ਼ੇਖ਼ੀਆਂ ਮਾਰਦਾ ਹੈ, ਕਿਹਾ ਨਹੀਂ ਬਲਕਿ ਨਿਮਰਤਾ ਅਤੇ ਫ਼ਕੀਰੀ ਨੂੰ ਪਸੰਦ ਕਰਦਾ ਹੈ। ਫਿਰ ਪੁੱਛਿਆ ਉਸ ਦੇ ਪੈਰੋਕਾਰ ਕਦੀਂ ਉਸ ਦੇ ਦੀਨ ਤੋਂ ਫਿਰ ਵੀ ਜਾਂਦੇ ਹਨ, ਕਿਹਾ ਨਹੀਂ ਬਲਕਿ ਵਧਦੇ ਹੀ ਹਨ। ਫਿਰ ਕੈਸਰ ਨੇ ਕਿ ਰੱਬ ਦੀ ਸਹੁੰ! ਉਸ ਦਾ ਧਰਮ ਇੱਥੇ ਤੱਕ ਪਹੁੰਚੇਗਾ।

## ਆਖ਼ਰੀ ਹੱਜ

ਸਮਾਂ ਬੀਤਦਾ ਗਿਆ ਅੰਤ ਜ਼ੀਕਅਦ (ਅਰਬੀ ਕੈਲੰਡਰ ਅਨੁਸਾਰ ਗਿਆਰਵ੍ਹਾਂ ਮਹੀਨਾ) ਆ ਗਿਆ, ਜਦੋਂ ਇਸ ਦੀਆਂ ਪੰਜ ਰਾਤਾਂ ਰਹਿ ਗਈਆਂ ਤਾਂ ਆਪ ਹੱਜ ਦੇ ਇਰਾਦੇ ਨਾਲ ਮਦੀਨੇ ਤੋਂ ਮੱਕੇ ਲਈ ਰਵਾਨਾ ਹੋ ਗਏ। ਆਪ ਦੇ ਨਾਲ ਮੁਹਾਜਿਰੀਨ, ਅਨਸਾਰ ਅਤੇ ਸਾਰੇ ਅਰਬ ਦੇ ਸਿਰਕੱਢ ਲੋਕ ਸੌ ਊਠਾਂ ਸਮੇਤ ਸਨ। ਸੋਮਵਾਰ ਵਾਲੇ ਦਿਨ ਜਦੋਂ ਜ਼ਿਲ ਹਿੱਜ ਦੇ ਚਾਰ ਦਿਨ ਲੰਘ ਚੁੱਕੇ ਸਨ, ਦਾਖ਼ਲ ਹੋਏ। ਅਲੀ ਬਿਨ ਅਬੀ ਤਾਲਿਬ ਜਿਹੜੇ ਨਜਰਾਨ ਵਿਖੇ ਸਦਕਾਤ ਆਦਿ ਇਕੱਠਾ ਕਰਨ ਲਈ ਗਏ ਹੋਏ ਸਨ, ਆਪ ਨੂੰ ਮੱਕਾ ਵਿਖੇ ਮਿਲੇ ਅਤੇ ਹੱਜ ਕੀਤਾ।

## ਹਜ਼ੂਰ (ਸ.) ਦਾ ਬੀਮਾਰ ਹੋਣਾ

ਸਭ ਤੋਂ ਪਹਿਲਾਂ ਹਜ਼ੂਰ (ਸ.) ਦੀ ਵਫ਼ਾਤ ਦਾ ਹਾਲ ਅੱਲਾਹ ਤਆਲਾ ਦੀ ਸੂਰਤ 'ਇਜ਼ਾ ਜਾਆ' ਤੋਂ ਅੰਤ ਤੱਕ ਪੜ੍ਹਨ ਉਪਰੰਤ ਪਤਾ ਲੱਗ ਗਿਆ ਸੀ। ਇਸ ਪਿੱਛੋਂ ਸਫ਼ਰ ਸੰਨ 11 ਹਿਜ. ਅਤੇ ਸੰਨ 632 ਈ. ਦੀਆਂ ਦੋ ਰਾਤਾਂ ਬਾਕੀ ਸਨ। ਅਪ ਨੂੰ ਦਰਦ ਹੋਣ ਲੱਗਿਆ। ਹਜ਼ਰਤ ਅਬੂ ਬਕਰ (ਰ.) ਕੋਲ ਬੈਠੇ ਰੋ ਰਹੇ ਸਨ ਅਤੇ ਕਹਿ ਰਹੇ ਸਨ ਕਿ ਹਜ਼ੂਰ ਅਸੀਂ ਆਪਣੀਆ ਜਾਨਾਂ ਅਤੇ ਔਲਾਦ ਦਾ ਬਦਲਾ ਦੇ ਦਿੰਦੇ ਹਾਂ। ਇਸ ਪਿੱਛੋਂ ਆਪ ਨੇ ਸਹਾਬੀਆਂ ਨੂੰ ਜਮ੍ਹਾ ਕੀਤਾ ਅਤੇ

ਉਹਨਾਂ ਦੇ ਲਈ ਦੁਆ ਫ਼ਰਮਾਉਂਦੇ ਰਹੇ। ਆਪ ਨੇ ਇਹ ਵੀ ਫ਼ਰਮਾਇਆ ਕਿ ਮੈਂ ਤੁਹਾਨੂੰ ਰੱਬ ਤੋਂ ਡਰਨ ਦੀ ਨਸੀਹਤ ਕਰਦਾ ਹਾਂ ਅਤੇ ਰੱਬ ਤੋਂ ਤੁਹਾਡੇ ਲਈ ਰਹਿਮ ਦੀ ਅਪੀਲ ਕਰਦਾ ਹਾਂ ਅਤੇ ਉਸ ਦੀ ਹਿਫ਼ਾਜ਼ਤ ਵਿੱਚ ਤੁਹਾਨੂੰ ਛੱਡਦਾ ਹਾਂ, ਤੁਹਾਨੂੰ ਉਸ ਦੇ ਸਪੁਰਦ ਕਰਦਾ ਹਾਂ। ਐ ਲੋਕੋ! ਤੁਹਾਨੂੰ ਡਰ ਅਤੇ ਖ਼ੁਸ਼ਖ਼ਬਰੀ ਸੁਣਾਉਂਦਾ ਹਾਂ, ਤੁਸੀਂ ਰੱਬ ਦੇ ਹੁਕਮਾਂ, ਸ਼ਹਿਰਾਂ ਅਤੇ ਉਸ ਦੀ ਮਖ਼ਲੂਕ 'ਤੇ ਜ਼ਿਆਦਤੀ ਨਾ ਕਰਨਾ ਕਿਉਂਕਿ ਰੱਬ ਨੇ ਮੈਨੂੰ ਅਤੇ ਤੁਹਾਨੂੰ ਇਹੋ ਕਿਹਾ ਹੈ ਕਿ ਆਖ਼ਿਰਤ ਦਾ ਘਰ ਇੱਕ ਅਜਿਹਾ ਮਕਾਮ ਹੈ ਜਿਸ ਦੇ ਮਾਲਕ ਸਿਰਫ਼ ਉਹਨਾਂ ਲੋਕਾਂ ਨੂੰ ਬਣਾਵਾਂਗਾ ਜਿਹੜੇ ਜ਼ਮੀਨ 'ਤੇ ਨਾਫ਼ਰਮਾਨੀ ਅਤੇ ਦੰਗੇ ਨਹੀਂ ਕਰਨਗੇ, ਉਸ ਥਾਂ ਸਿਰਫ਼ ਪਾਕ ਸਾਫ਼ ਲੋਕਾਂ ਦਾ ਨਿਵਾਸ ਸਥਾਨ ਹੈ। ਇਸ ਪਿੱਛੋਂ ਆਪ ਨੇ ਮਸਜਿਦ ਦੇ ਜਿੰਨੇ ਦਰਵਾਜ਼ੇ ਸਨ, ਹਜ਼ਰਤ ਅਬੂ ਬਕਰ ਵਾਲਾ ਦਰਵਾਜ਼ਾ ਛੱਡ ਕੇ ਸਾਰਿਆਂ ਨੂੰ ਬੰਦ ਕਰਨ ਦਾ ਹੁਕਮ ਦੇ ਦਿੱਤਾ ਅਤੇ ਫ਼ਰਮਾਇਆ ਕਿ ਹਜ਼ਰਤ ਅਬੂ ਬਕਰ ਤੋਂ ਵੱਧ ਮੇਰਾ ਕੋਈ ਦੋਸਤ ਨਹੀਂ।

## ਵਫ਼ਾਤ

ਇਸ ਪਿੱਛੋਂ ਦਰਦ ਨੇ ਜ਼ੋਰ ਫੜ ਲਿਆ ਆਪ ਬੇਹੋਸ਼ ਗਏ। ਆਪ ਦੀਆਂ ਸੁਪਤਨੀਆਂ, ਫ਼ਾਤਿਮਾ (ਰ.), ਅੱਬਾਸ (ਰ.) ਅਤੇ ਅਲੀ ਆਪ ਕੋਲ ਜਮ੍ਹਾ ਹੋ ਗਏ, ਦਰਦ ਵਿੱਚ ਕੁੱਝ ਕਮੀ ਹੋਈ ਬੇਹੋਸ਼ੀ ਜਾਂਦੀ ਰਹੀ ਪਰੰਤੂ ਕਮਜ਼ੋਰੀ ਕਰਕੇ ਉੱਠ ਨਹੀਂ ਸਕਦੇ ਸਨ, ਹਜ਼ਰਤ ਅਬੂ ਬਕਰ ਨੂੰ ਨਮਾਜ਼ ਪੜ੍ਹਾਉਣ ਲਈ ਕਿਹਾ। ਅਬੂ ਬਕਰ ਨੇ ਆਪ ਦੀ ਬੀਮਾਰੀ ਦੀ ਹਾਲਤ ਵਿੱਚ ਤੇਰ੍ਹਾਂ ਨਮਾਜ਼ਾਂ ਪੜ੍ਹਾਈਆਂ। ਸੋਮਵਾਰ ਵਾਲੇ ਦਿਨ ਸਿਰ 'ਤੇ ਪੱਟੀ ਬੰਨ੍ਹ ਕੇ ਬਾਹਰ ਤਸ਼ਰੀਫ਼ ਲਿਆਏ। ਨਮਾਜ਼ ਪੜ੍ਹਨ ਤੋਂ ਬਾਅਦ ਲੋਕਾਂ ਨੂੰ ਕਿਹਾ ਕਿ ਲੋਕੋ! ਅੱਗ ਭੜਕੇਗੀ ਫ਼ਿਤਨੇ ਆਉਣਗੇ ਪਰੰਤੂ ਤੁਸੀਂ ਕੁਰਆਨ ਅਤੇ ਮੇਰੇ ਤਰੀਕੇ ਨੂੰ ਮਜ਼ਬੂਤੀ ਨਾਲ ਫੜੀ ਰੱਖਣਾ, ਇਸ ਵਿੱਚ ਛੁਟਕਾਰਾ ਹੈ, ਅਤੇ ਇਸ ਦੁਨੀਆ ਤੋਂ ਪਰਦਾ ਫਰਮਾ ਗਏ। ਆਪ ਤੋਂ ਬਾਅਦ ਸਭ ਦੀ ਰਾਇ ਨਾਲ ਹਜ਼ਰਤ ਅਬੂ ਬਕਰ ਨੂੰ ਖ਼ਲੀਫ਼ਾ ਮੁਕੱਰਰ ਕਰ ਦਿੱਤਾ ਗਿਆ। ਇਹਨਾਂ ਖ਼ਲੀਫ਼ਿਆਂ ਦੇ ਦੌਰ ਵਿੱਚ ਇਸਲਾਮ ਪੂਰਬ ਤੋਂ ਪੱਛਮ ਤੱਕ ਫੈਲ ਗਿਆ।

# ਇਸਲਾਮ ਦੇ ਪੰਜ ਥੰਮ੍ਹ

## ਇਸਲਾਮ

ਇਸਲਾਮ ਮੂਲ ਰੂਪ ਵਿਚ ਅਰਬੀ ਜ਼ੁਬਾਨ ਦਾ ਸ਼ਬਦ ਹੈ ਜਿਸ ਦੇ ਸ਼ਾਬਦਿਕ ਅਰਥ ਆਗਿਆਕਾਰੀ, ਹੁਕਮ ਮੰਨਣਾ, ਅਮਨ ਸ਼ਾਂਤੀ ਅਤੇ ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣ ਦੇ ਹਨ। ਇਸਲਾਮ ਕੁਝ ਅਕੀਦਿਆਂ ਅਤੇ ਵਿਸ਼ਵਾਸਾਂ ਦਾ ਨਾਂ ਹੀ ਨਹੀਂ ਬਲਕਿ ਇਸ ਦੇ ਨਾਲੋ ਨਾਲ ਮੁਕੰਮਲ ਤਰਜ਼-ਏ-ਹਯਾਤ ਦਾ ਨਾਂ ਵੀ ਹੈ। ਜ਼ਿੰਦਗੀ ਦੇ ਹਰ ਗੋਸ਼ੇ ਨੂੰ ਨਿਵੇਕਲੇ ਢੰਗ ਨਾਲ ਪੇਸ਼ ਕਰਨ ਦਾ ਨਾਂ ਇਸਲਾਮ ਹੈ। ਬੁਰਾਈ ਨੂੰ ਛੱਡ ਕੇ ਅੱਛਾਈ 'ਤੇ ਚੱਲਣ ਦਾ ਨਾਂ ਇਸਲਾਮ ਹੈ। ਜਨਮ ਤੋਂ ਲੈ ਕੇ ਮਰਨ ਤੱਕ ਰੱਬ ਦੇ ਹਰ ਹੁਕਮ ਅਤੇ ਨਬੀ ਦੀ ਹਰ ਅਦਾ 'ਤੇ ਮਰ ਮਿਟਣ ਦਾ ਨਾਂ ਇਸਲਾਮ ਹੈ। ਅਜਿਹੇ ਤੌਰ ਤਰੀਕੇ 'ਤੇ ਚੱਲਣ ਵਾਲੇ ਨੂੰ ਮੁਸਲਮਾਨ ਕਿਹਾ ਜਾਂਦਾ ਹੈ ਜਿਸ ਦੇ ਅਰਥ ਆਗਿਆਕਾਰ ਦੇ ਹਨ।

ਇਸਲਾਮ ਦੀ ਹੋਂਦ ਹਜ਼ਰਤ ਆਦਮ (ਅਲੈ.) ਅਤੇ ਮਾਂ ਹੱਵਾ ਦੇ ਜ਼ਮੀਨ 'ਤੇ ਪੈਰ ਧਰਨ ਦੇ ਨਾਲ ਹੋਈ। ਹਜ਼ਰਤ ਆਦਮ (ਅਲੈ.) ਇਸਲਾਮ ਦੇ ਪਹਿਲੇ ਪੈਗ਼ੰਬਰ ਹਨ ਜਿਹਨਾਂ ਨੇ ਪੂਰੀ ਉਮਰ ਆਪਣੀ ਔਲਾਦ ਨੂੰ ਰੱਬ ਨਾਲ ਜੋੜਨ ਦਾ ਯਤਨ ਕੀਤਾ। ਆਪ ਦੇ ਇਸ ਦੁਨੀਆ ਤੋਂ ਪਰਦਾ ਫ਼ਰਮਾਉਣ ਤੋਂ ਬਾਅਦ ਆਪ ਦਾ ਆਰ ਪਰਿਵਾਰ ਵਧਦਾ ਗਿਆ। ਰੱਬ ਦੀ ਮਖ਼ਲੂਕ ਨੂੰ ਰੱਬ ਨਾਲ ਜੋੜਨ ਅਤੇ ਸਿੱਧਾ ਰਸਤਾ ਵਿਖਾਉਣ ਲਈ ਸਮੇਂ ਸਮੇਂ ਸਿਰ ਪੈਗ਼ੰਬਰ ਆਉਂਦੇ ਰਹੇ। ਹਜ਼ਰਤ ਨੂਹ, (ਅਲੈ.) ਹਜ਼ਰਤ ਇਬਰਾਹੀਮ, (ਅਲੈ.) ਹਜ਼ਰਤ ਯੂਸੁਫ਼, (ਅਲੈ.) ਹਜ਼ਰਤ ਮੂਸਾ, (ਅਲੈ.) ਹਜ਼ਰਤ ਦਾਊਦ, (ਅਲੈ.) ਹਜ਼ਰਤ ਸੁਲੇਮਾਨ, (ਅਲੈ.) ਹਜ਼ਰਤ ਜ਼ਕਰੀਆ, (ਅਲੈ.) ਹਜ਼ਰਤ ਈਸਾ (ਅਲੈ.) ਤੋਂ ਬਾਅਦ ਹਜ਼ਰਤ ਮੁਹੰਮਦ (ਸ.) ਤਸ਼ਰੀਫ਼ ਲਿਆਏ।

ਇਸਲਾਮ ਰੂਪੀ ਇਮਾਰਤ ਪੰਜ ਥੰਮ੍ਹਾਂ 'ਤੇ ਕਾਇਮ ਹੈ। ਹਰੇਕ ਥੰਮ੍ਹ ਦਾ ਆਪਣਾ ਸਥਾਨ ਹੈ। ਜੇਕਰ ਕਿਸੇ ਥੰਮ੍ਹ ਵਿਚ ਕਮਜ਼ੋਰੀ ਆ ਜਾਵੇਗੀ ਉਹੀ ਸਾਈਡ ਖ਼ਤਰੇ ਦਾ ਕਾਰਨ ਬਣ ਜਾਵੇਗੀ।

## ਤੌਹੀਦ

ਤੌਹੀਦ ਇਸਲਾਮ ਦੀ ਨੀਂਹ ਅਤੇ ਦਰਵਾਜ਼ਾ ਹੈ।ਕਲਮਾ ਪੜ੍ਹ ਕੇ ਇਨਸਾਨ ਇਸਲਾਮ ਵਿਚ ਦਾਖ਼ਲ ਹੋ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਆਪਣੇ ਰੱਬ ਨਾਲ ਇਕਰਾਰ ਕਰਦਾ ਹੈ ਕਿ ਮੈਂ ਤੇਰਾ ਬੰਦਾ ਅਤੇ ਗ਼ੁਲਾਮ ਹਾਂ ਤੇਰੇ ਹੁਕਮਾਂ 'ਤੇ ਚੱਲਾਂਗਾ ਅਤੇ ਜਿਹੜੀਆਂ ਚੀਜ਼ਾਂ ਤੋਂ ਮਨ੍ਹਾਂ ਕਰਦੇ ਹੋ ਉਹਨਾਂ ਤੋਂ ਬਚਾਂਗਾ।ਇਸ ਕਲਮੇ ਨੂੰ ਪੜ੍ਹ ਕੇ ਇਨਸਾਨ ਦੇ ਪਿਛਲੇ ਸਾਰੇ ਗੁਨਾਹ ਮੁਆਫ਼ ਹੋ ਜਾਂਦੇ ਹਨ ਅਤੇ ਜੰਨਤ ਦਾ ਹੱਕਦਾਰ ਬਣ ਜਾਂਦਾ ਹੈ ਸ਼ਰਤ ਇਹ ਹੈ ਕਿ ਇਸ ਨੂੰ ਤਨੋਂ ਮਨੋ ਪੱਕੇ ਯਕੀਨ ਨਾਲ ਪੜ੍ਹਿਆ ਜਾਵੇ ਅਤੇ ਹਜ਼ਰਤ ਮੁਹੰਮਦ (ਸ.) ਦੇ ਨਬੀ ਹੋਣ ਨੂੰ ਵੀ ਸਵੀਕਾਰ ਕੀਤਾ ਹੋਵੇ।ਇਸ ਕਲਮੇਂ ਦੇ ਦੋ ਹਿੱਸੇ ਹਨ ਪਹਿਲਾਂ 'ਲਾਇਲਾਹਾ ਇਲੱਲਾਹ' ਦੂਜਾ 'ਮੁਹੰਮਦ ਦੂਰ ਰਸੂਲੁੱਲਾਹ'ਭਾਵ ਅੱਲਾਹ ਤੋਂ ਇਲਾਵਾ ਕੋਈ ਇਬਾਦਤ-ਬੰਦਗੀ ਦੇ ਲਾਇਕ ਨਹੀਂ, ਉਹ ਇਕੱਲੀ ਹਸਤੀ ਹੈ ਜੋ ਮੁੱਢ ਤੋਂ ਹੈ ਅਤੇ ਅੰਤ ਤੱਕ ਰਹੇਗੀ, ਉਸ ਦੇ ਬਰਾਬਰ ਹੋਰ ਕੋਈ ਨਹੀਂ।ਸਭ ਦਾ ਪਾਲਣ ਵਾਲਾ, ਰਿਜ਼ਕ ਦੇਣ ਵਾਲਾ, ਜ਼ਿੰਦਗੀ ਅਤੇ ਮੌਤ ਦੇਣ ਵਾਲਾ, ਅਮੀਰੀ ਅਤੇ ਗ਼ਰੀਬੀ ਦੇਣ ਵਾਲਾ ਅਤੇ ਨਫ਼ੇ ਨੁਕਸਾਨ ਦਾ ਉਹੀ ਮਾਲਕ ਹੈ ਜਿਸ ਨੂੰ ਉਹ ਚਾਹਵੇ ਜਿੰਨਾ ਚਾਹਵੇ ਨਵਾਜ਼ ਦੇਵੇ ਉਸ ਨੂੰ ਕੋਈ ਪੁੱਛਣ ਵਾਲਾ ਨਹੀਂ।ਸਾਰੀ ਦੁਨੀਆ ਦਾ ਨਿਜ਼ਾਮ ਉਸ ਨੇ ਆਪਣੇ ਹੱਥ ਵਿਚ ਲੈ ਰੱਖਿਆ ਹੈ ਉਸ ਦਾ ਕੋਈ ਵੀ ਸ਼ਰੀਕ ਨਹੀਂ।ਸਾਰੀਆਂ ਪ੍ਰੇਸ਼ਾਨੀਆਂ ਅਤੇ ਮੁਸ਼ਕਿਲਾਂ ਨੂੰ ਉਹੀ ਦੂਰ ਕਰਦਾ ਹੈ।ਹਾਨ-ਲਾਭ ਦਾ ਮਾਲਕ ਉਹੀ ਹੈ ਅਤੇ ਹਜ਼ਰਤ ਮੁਹੰਮਦ (ਸ.) ਅੱਲਾਹ ਦੇ ਸੱਚੇ ਰਸੂਲ ਹਨ।

ਉਹ ਬੰਦਾ ਜਿਸ ਨੇ ਕਲਮਾ ਤਾਂ ਪੜ੍ਹ ਲਿਆ ਹੋਵੇ ਪਰੰਤੂ ਹਜ਼ੂਰ (ਸ.) ਦੇ ਤਰੀਕੇ, ਆਪ ਦੀ ਪਿਆਰੀ ਜ਼ਿੰਦਗੀ ਨੂੰ ਨਾ ਸਵੀਕਾਰਿਆ ਹੋਵੇ ਤਾਂ ਸਮਝੋ ਕਿ ਇਸ ਦੇ ਯਕੀਨ 'ਚ ਕਮੀ ਹੈ।ਰੱਬ ਦਾ ਵੀ ਫ਼ਰਮਾਨ ਹੈ ਕਿ:-

'ਈਮਾਨ ਵਾਲੇ ਤਾਂ ਉਹੀ ਹਨ ਕਿ ਜਦੋਂ (ਉਹਨਾਂ ਦੇ ਸਾਹਮਣੇ) ਰੱਬ ਦਾ ਨਾਂ ਲਿਆ ਜਾਂਦਾ ਹੈ ਤਾਂ ਉਹਨਾਂ ਦੇ ਦਿਲ ਡਰ ਜਾਂਦੇ ਹਨ ਅਤੇ ਜਦੋਂ ਅੱਲਾਹ ਦੀਆਂ ਆਇਤਾਂ ਪੜ੍ਹ ਕੇ ਸੁਣਾਈਆਂ ਜਾਂਦੀਆਂ ਹਨ ਤਾਂ ਉਹ ਆਇਤਾਂ ਉਹਨਾਂ ਦੇ ਈਮਾਨ ਨੂੰ ਹੋਰ ਮਜ਼ਬੂਤ ਕਰ ਦਿੰਦੀਆ ਹਨ ਅਤੇ ਉਹ ਆਪਣੇ ਰੱਬ 'ਤੇ ਹੀ ਭਰੋਸਾ ਰਖਦੇ ਹਨ।'

(ਸੂਰਤ ਅਨਫ਼ਾਲ ਨੰ 2)

ਹਜ਼ਰਤ ਅਬੂ ਹੁਰੈਰਾ (ਰਜ਼ੀ.) ਤੋਂ ਰਵਾਇਤ ਹੈ ਕਿ ਹਜ਼ੂਰ (ਸ.) ਨੇ ਇਰਸ਼ਾਦ ਫ਼ਰਮਾਇਆ, ਆਪਣੇ ਈਮਾਨ ਨੂੰ ਤਾਜ਼ਾ ਕਰਦੇ ਰਿਹਾ ਕਰੋ।ਅਰਜ਼ ਕੀਤੀ ਗਈ, ਐ ਅੱਲਾਹ ਦੇ ਰਸੂਲ! ਈਮਾਨ ਨੂੰ ਕਿਵੇਂ ਤਾਜ਼ਾ ਕਰਦੇ ਰਿਹਾ ਕਰੀਏ?

ਆਪ (ਸ.) ਨੇ ਫ਼ਰਮਾਇਆ ਕਿ 'ਲਾਇਹਾਲਾ ਇਲੱਲਾਹ' ਨੂੰ ਕਸਰਤ ਨਾਲ ਪੜ੍ਹਦੇ ਰਿਹਾ ਕਰੋ। (ਮਸਨਦ ਅਹਿਮਦ, ਤਿਬਰਾਨੀ, ਤਰਗ਼ੀਬ)

ਹਜ਼ਰਤ ਅਬੂ ਉਮਾਮਾ (ਰਜ਼ੀ.) ਤੋਂ ਰਵਾਇਤ ਹੈ ਕਿ ਇਕ ਆਦਮੀ ਨੇ ਹਜ਼ੂਰ (ਸ.) ਤੋਂ ਪੁੱਛਿਆ ਕਿ ਈਮਾਨ ਕੀ ਹੈ? ਆਪ (ਸ.) ਨੇ ਇਰਸ਼ਾਦ ਫ਼ਰਮਾਇਆ, ਜਦੋਂ ਤੁਸੀਂ ਕੋਈ ਚੰਗਾ ਕੰਮ ਕਰੋ ਤਾਂ ਖ਼ੁਸ਼ ਹੋਵੋ ਅਤੇ ਬੁਰੇ ਕੰਮ 'ਤੇ ਦੁਖੀ ਹੋਵੋ ਤਾਂ ਸਮਝੋ ਕਿ ਤੁਸੀਂ ਮੋਮਿਨ ਹੋ। (ਮੁਸਤਦਰਕ ਹਾਕਿਮ)
ਹਜ਼ਰਤ ਮੁਹੰਮਦ (ਸ.) ਨੂੰ ਦੁਨੀਆ ਦੇ ਜ਼ੇਬ-ਓ-ਜ਼ੀਨਤ(ਬਣਾਓ ਸ਼ਿੰਗਾਰ) 'ਚ ਰਤਾ ਕੁ ਵੀ ਰੁਚੀ ਨਹੀਂ ਸੀ।ਆਪ ਨੇ ਇਸ ਸਬੰਧੀ ਫ਼ਰਮਾਇਆ ਹੈ।

ਹਜ਼ਰਤ ਉਮਾਮਾ (ਰਜ਼ੀ.) ਫ਼ਰਮਾਉਂਦੇ ਹਨ ਕਿ ਅੱਲਾਹ ਦੇ ਪਿਆਰੇ ਨਬੀ ਦੇ ਪਿਆਰੇ ਸਾਥੀਆਂ ਨੇ ਇਕ ਦਿਨ ਆਪ (ਸ.) ਦੇ ਸਾਹਮਣੇ ਦੁਨੀਆ ਦਾ ਜ਼ਿਕਰ ਕੀਤਾ।ਤਾਂ ਆਪ (ਸ.) ਨੇ ਇਰਸ਼ਾਦ ਫ਼ਰਮਾਇਆ, ਗ਼ੌਰ ਨਾਲ ਸੁਣੋ, ਧਿਆਨ ਦੇਵੋ! ਯਕੀਨਨ ਸਾਦਗੀ ਈਮਾਨ ਦਾ ਹਿੱਸਾ ਹੈ, ਯਕੀਨਨ ਸਾਦਗੀ ਈਮਾਨ ਦਾ ਹਿੱਸਾ ਹੈ।

ਹਜ਼ਰਤ ਉਸਮਾਨ (ਰਜ਼ੀ.) ਤੋਂ ਰਵਾਇਤ ਹੈ ਕਿ ਆਪ (ਸ.) ਨੇ ਇਰਸ਼ਾਦ ਫ਼ਰਮਾਇਆ, ਜਿਸ ਆਦਮੀ ਦੀ ਮੌਤ ਇਸ ਹਾਲ ਵਿਚ ਆਵੇ ਕਿ ਉਹ ਯਕੀਨ ਦੇ ਨਾਲ ਜਾਣਦਾ ਹੋਵੇ ਕਿ ਰੱਬ ਤੋਂ ਬਗ਼ੈਰ ਕੋਈ ਇਬਾਦਤ ਦੇ ਲਾਇਕ ਨਹੀਂ, ਉਹ ਜੰਨਤ ਵਿਚ ਦਾਖ਼ਲ ਹੋਵੇਗਾ। (ਮੁਸਲਿਮ)

ਹਜ਼ਰਤ ਮਾਲਿਕ ਬਿਨ ਅਨਸ (ਰਹਿ.) ਫ਼ਰਮਾਉਂਦੇ ਹਨ ਕਿ ਮੈਨੂੰ ਇਹ ਰਵਾਇਤ ਪਹੁੰਚੀ ਹੈ ਕਿ ਅੱਲਾਹ ਦੇ ਨਬੀ ਨੇ ਇਰਸ਼ਾਦ ਫ਼ਰਮਾਇਆ ਕਿ ਮੈਂ ਤੁਹਾਡੇ ਕੋਲ ਦੋ ਚੀਜ਼ਾਂ ਛੱਡੀਆਂ ਹਨ, ਜਦੋਂ ਤੱਕ ਤੁਸੀਂ ਇਹਨਾਂ ਨੂੰ ਮਜ਼ਬੂਤੀ ਨਾਲ ਫੜੀ ਰਖੋਗੇ, ਕਦੀ ਵੀ ਗੁੰਮਰਾਹ ਨਹੀਂ ਹੋਵੋਗੇ।ਉਹ ਅੱਲਾਹ ਦੀ ਕਿਤਾਬ ਅਤੇ ਉਸ ਦੇ ਨਬੀ ਦਾ ਤਰੀਕਾ ਹੈ। (ਮੌਤਾ ਇਮਾਮ ਮਾਲਿਕ)

ਹਜ਼ਰਤ ਅਬੂ ਹੁਰੈਰ੍ਹਾ (ਰਜ਼ੀ.) ਰਵਾਇਤ ਕਰਦੇ ਹਨ ਕਿ ਅੱਲਾਹ ਦੇ ਨਬੀ ਨੇ ਇਰਸ਼ਾਦ ਫ਼ਰਮਾਇਆ: ਸੱਤ ਚੀਜ਼ਾਂ ਤੋਂ ਪਹਿਲਾਂ ਨੇਕ ਕੰਮ ਕਰਨ 'ਚ ਛੇਤੀ ਕਰੋ।ਕੀ ਤੁਹਾਨੂੰ ਅਜਿਹੀ ਤੰਗਦਸਤੀ ਦਾ ਇੰਤਜ਼ਾਰ ਹੈ ਜੋ ਸਭ ਕੁਝ ਭੁਲਾ ਦੇਵੇ ਜਾਂ ਅਜਿਹੀ ਮਾਲਦਾਰੀ ਦਾ ਜੋ ਬਾਗ਼ੀ ਬਣਾ ਦੇਵੇ ਜਾਂ ਅਜਿਹੀ ਬਿਮਾਰੀ ਦਾ ਜੋ ਨਕਾਰਾ ਕਰ ਦੇਵੇ, ਜਾਂ ਅਜਿਹੇ ਬੁਢੇਪੇ ਜੋ ਅਕਲ ਗੁਆ ਦੇਵੇ ਜਾਂ ਅਜਿਹੀ ਮੌਤ ਦਾ ਜੋ ਅਚਾਨਕ ਆ ਜਾਵੇ (ਕਿ ਕਈ ਵਾਰੀ ਤੌਬਾ ਕਰਨ ਦਾ ਮੌਕਾ ਨਹੀਂ ਮਿਲਦਾ) ਜਾਂ ਦੱਜਾਲ ਦਾ ਜੋ ਆਉਣ ਵਾਲੀਆਂ ਛੁਪੀਆਂ ਬੁਰਾਈਆਂ ਵਿਚੋਂ ਸਭ ਤੋਂ ਭੈੜੀ ਬੁਰਾਈ ਹੈ ਜਾਂ ਕਿਆਮਤ ਦਾ? ਕਿ ਕਿਆਮਤ ਤਾਂ ਬਹੁਤ ਸਖ਼ਤ ਅਤੇ ਕੌੜੀ ਚੀਜ਼ ਹੈ।

## ਨਮਾਜ਼

ਅਰਬੀ ਭਾਸ਼ਾ ਵਿਚ ਸਲਾਤ ਆਖਿਆ ਜਾਂਦਾ ਹੈ। ਰੱਬ 'ਤੇ ਈਮਾਨ ਲੈ ਆਉਣ ਅਤੇ ਮੁਹੰਮਦ (ਸ.) ਦੇ ਨਬੀ ਹੋਣ ਦੀ ਗਵਾਹੀ ਦੇਣ ਤੋਂ ਬਾਅਦ ਸਭ ਤੋਂ ਪਹਿਲਾ ਅਤੇ ਵੱਡਾ ਫ਼ਰਜ਼ ਨਮਾਜ਼ ਹੈ। ਨਮਾਜ਼ ਹਰੇਕ ਬਾਲਿਗ, ਅਕਲਮੰਦ, ਸਮਝ ਰੱਖਣ ਵਾਲੇ ਮੁਸਲਮਾਨ ਮਰਦ ਔਰਤ ਲਈ ਪੰਜ ਵੇਲੇ ਦੀ ਜ਼ਰੂਰੀ ਹੈ।ਨਮਾਜ਼ ਰੱਬ ਤੋਂ ਆਪਣੀਆਂ ਜ਼ਰੂਰਤਾਂ ਅਤੇ ਹਾਜਤਾਂ ਪੂਰੀਆਂ ਕਰਵਾਉਣ ਦਾ ਸਾਧਨ ਹੈ।ਨਮਾਜ਼ ਇਕ ਵਿਸ਼ੇਸ਼ ਇਬਾਦਤ ਹੈ।ਨਮਾਜ਼ ਰਾਹੀਂ ਬੰਦਾ ਆਪਣੇ ਮਾਲਕ ਨਾਲ ਸਿੱਧਾ ਸੰਪਰਕ ਜੋੜਦਾ ਹੈ।ਨਮਾਜ਼ ਦਾ ਇਸਲਾਮ ਵਿਚ ਏਨਾ ਵੱਡਾ ਦਰਜਾ ਹੈ ਜਿਵੇਂ ਸਰੀਰ ਵਿਚ ਸਿਰ ਦਾ।ਕੁਰਆਨ ਸ਼ਰੀਫ਼ ਵਿਚ ਸਭ ਤੋਂ ਜ਼ਿਆਦਾ ਨਮਾਜ਼ ਬਾਰੇ ਹੁਕਮ ਆਇਆ ਹੈ।(ਅੱਲਾਹ ਤਆਲਾ ਨੇ ਆਪਣੇ ਕਾਮਯਾਬ ਈਮਾਨ ਵਾਲਿਆਂ ਦੀ ਇਕ ਸਿਫ਼ਤ ਇਹ ਬਿਆਨ ਫ਼ਰਮਾਈ ਕਿ) ਉਹ ਆਪਣੀਆਂ ਫ਼ਰਜ਼ ਨਮਾਜ਼ਾਂ ਦੀ ਪਾਬੰਦੀ ਕਰਦੇ ਹਨ। (ਸੂਰਤ ਅਲ-ਮੋਮਿਨ ਨੰ.9)

ਹਜ਼ਰਤ ਅਲੀ (ਰਜ਼ੀ.) ਤੋਂ ਰਵਾਇਤ ਹੈ ਕਿ ਅੱਲਾਹ ਦੇ ਰਸੂਲ ਨੇ ਆਖ਼ਰੀ ਵਸੀਅਤ ਇਹ ਇਰਸ਼ਾਦ ਫ਼ਰਮਾਈ: ਨਮਾਜ਼, ਨਮਾਜ਼।ਆਪਣੇ ਗ਼ੁਲਾਮਾਂ ਅਤੇ ਮਾਤਹਿਤਾਂ (ਅਧੀਨਾਂ) ਦੇ ਬਾਰੇ ਅੱਲਾਹ ਤੋਂ ਡਰੋ ਭਾਵ ਉਹਨਾਂ ਦੇ ਹੱਕ ਅਦਾ ਕਰੋ। (ਅਬੂ ਦਾਊਦ)

ਹਜ਼ਰਤ ਇਬਨ-ਏ-ਅੱਬਾਸ (ਰਜ਼ੀ.) ਤੋਂ ਰਵਾਇਤ ਹੈ ਕਿ ਅੱਲਾਹ ਦੇ ਨਬੀ ਨੇ ਇਰਸ਼ਾਦ ਫ਼ਰਮਾਇਆ: ਜਿਸ ਆਦਮੀ ਨੇ ਨਮਾਜ਼ ਛੱਡ ਦਿੱਤੀ ਉਹ ਅੱਲਾਹ ਤਆਲਾ ਨਾਲ ਅਜਿਹੀ ਹਾਲਤ ਵਿਚ ਮਿਲੇਗਾ ਕਿ ਅੱਲਾਹ ਉਸ ਤੋਂ ਸਖ਼ਤ ਨਾਰਾਜ਼ ਹੋਣਗੇ। (ਤਿਬਰਾਨੀ)

ਹਜ਼ਰਤ ਅਬੂ ਹੁਰੈਰ੍ਹਾ (ਰਜ਼ੀ.) ਫ਼ਰਮਾਉਂਦੇ ਹਨ ਕਿ ਜਿਹੜਾ ਆਦਮੀ ਚੰਗੀ ਤਰ੍ਹਾਂ ਵੁਜ਼ੂ ਕਰਦਾ ਹੈ ਫਿਰ ਨਮਾਜ਼ ਹੀ ਦੇ ਇਰਾਦੇ ਨਾਲ ਮਸਜਿਦ ਵੱਲ ਜਾਂਦਾ ਹੈ ਤਾਂ ਜਦੋਂ ਤੱਕ ਉਹ ਇਸ ਇਰਾਦੇ 'ਤੇ ਕਾਇਮ ਰਹਿੰਦਾ ਹੈ ਉਸ ਨੂੰ ਨਮਾਜ਼ ਦਾ ਸਵਾਬ ਮਿਲਦਾ ਰਹਿੰਦਾ ਹੈ।ਉਸ ਦੇ ਇਕ ਕਦਮ 'ਤੇ ਇਕ ਨੇਕੀ ਲਿਖੀ ਜਾਂਦੀ ਹੈ ਅਤੇ ਦੂਜੇ ਕਦਮ 'ਤੇ ਇਕ ਬੁਰਾਈ ਮਿਟਾ ਦਿੱਤੀ ਜਾਂਦੀ ਹੈ।

(ਮੌਤਾ ਇਮਾਮ ਮਾਲਕ)

ਹਜ਼ਰਤ ਬੁਰੀਦਾ (ਰਜ਼ੀ.) ਤੋਂ ਰਵਾਇਤ ਹੈ ਕਿ ਨਬੀ-ਏ-ਕਰੀਮ (ਸ.) ਨੇ ਇਰਸ਼ਾਦ ਫ਼ਰਮਾਇਆ: ਜਿਹੜੇ ਲੋਕ ਹਨ੍ਹੇਰਿਆਂ ਵਿਚ ਅਕਸਰ ਮਸਜਿਦਾਂ ਵਿਚ

ਜਾਂਦੇ ਰਹਿੰਦੇ ਹਨ ਉਹਨਾਂ ਨੂੰ ਕਿਆਮਤ ਵਾਲੇ ਦਿਨ ਦੇ ਪੂਰੇ ਪੂਰੇ ਨੂਰ (ਰੌਸ਼ਨੀ) ਦੀ ਖ਼ੁਸ਼ਖ਼ਬਰੀ ਸੁਣਾ ਦੇਵੋ।(ਅਬੂ ਦਾਊਦ)

ਹਜ਼ਰਤ ਸਹਿਲ-ਬਿਨ-ਸਅਦ (ਰਜੀ.) ਫ਼ਰਮਾਉਂਦੇ ਹਨ ਕਿ ਹਜ਼ਰਤ ਜਿਬਰਾਇਲ (ਅਲੈਹਿ.) ਨਬੀ-ਏ-ਕਰੀਮ (ਸ.) ਦੀ ਖ਼ਿਦਮਤ 'ਚ ਹਾਜ਼ਰ ਹੋਏ ਅਤੇ ਅਰਜ਼ ਕੀਤੀ, ਮੁਹੰਮਦ! (ਸ.) ਤੁਸੀ ਜਿੰਨਾ ਚਿਰ ਜਿਊਂਦੇ ਰਹੋ ਮੌਤ ਇੱਕ ਦਿਨ ਆਉਣੀ ਹੈ ਤੁਸੀਂ ਜੋ ਚਾਹੋ ਅਮਲ ਕਰੋ ਉਸਦਾ ਬਦਲਾ ਤੁਹਾਨੂੰ ਦਿੱਤਾ ਜਾਵੇਗਾ ਜਿਸ ਨਾਲ ਚਾਹੋ ਮੁਹੱਬਤ ਕਰੋ ਆਖ਼ਿਰ ਇੱਕ ਦਿਨ ਉਸ ਤੋਂ ਜੁਦਾ ਹੋਣਾ ਹੈ।ਜਾਣ ਲਓ ਕਿ ਮੋਮਿਨ ਦੀ ਬਜ਼ੁਰਗੀ ਤਹੱਜੁਦ ਪੜ੍ਹਨ ਵਿਚ ਹੈ ਅਤੇ ਮੋਮਿਨ ਦੀ ਇੱਜ਼ਤ ਲੋਕਾਂ ਤੋਂ ਬੇ-ਪਰਵਾਹ ਰਹਿਣ ਵਿਚ ਹੈ। (ਤਰ.ਗੀਬ)

ਹਜ਼ਰਤ ਅਬੂ ਹੁਰੈਰ੍ਹਾ (ਰਜ਼ੀ.) ਤੋਂ ਰਵਾਇਤ ਹੈ ਕਿ ਅੱਲਾਹ ਦੇ ਨਬੀ (ਸ.) ਨੇ ਇਰਸ਼ਾਦ ਫ਼ਰਮਾਇਆ: ਬੰਦਾ ਨਮਾਜ਼ ਦੇ ਦੌਰਾਨ ਸਜਦੇ ਦੀ ਹਾਲਤ ਵਿਚ ਰੱਬ ਦੇ ਸਭ ਤੋਂ ਜ਼ਿਆਦਾ ਨੇੜੇ ਹੁੰਦਾ ਹੈ ਇਸ ਲਈ (ਇਸ ਹਾਲਤ 'ਚ) ਖ਼ੂਬ ਦੁਆਵਾਂ ਕਰਿਆ ਕਰੋ। (ਮੁਸਲਿਮ)

ਹਜ਼ਰਤ ਅਬਦੁੱਲ੍ਹਾ ਬਿਨ ਊਮਰ (ਰਜ਼ੀ.) ਰਵਾਇਤ ਕਰਦੇ ਹਨ ਕਿ ਅੱਲਾਹ ਦੇ ਨਬੀ (ਸ.) ਨੇ ਇਰਸ਼ਾਦ ਫ਼ਰਮਾਇਆ: ਉਸ ਆਦਮੀ ਵਾਂਗ ਨਮਾਜ਼ ਪੜ੍ਹਿਆ ਕਰੋ ਜਿਹੜਾ ਸਭ ਤੋਂ ਵਿਦਾ ਹੋਣ ਵਾਲਾ ਹੋਵੇ ਭਾਵ ਜਿਸ ਨੂੰ ਗੁਮਾਨ ਹੋਵੇ ਕਿ ਇਹ ਮੇਰੀ ਜ਼ਿੰਦਗੀ ਦੀ ਆਖ਼ਰੀ ਨਮਾਜ਼ ਹੈ ।ਇਸ ਤਰ੍ਹਾਂ ਨਮਾਜ਼ ਪੜ੍ਹੋ ਜਿਵੇਂ ਤੁਸੀਂ ਅੱਲ੍ਹਾ ਨੂੰ ਵੇਖ ਰਹੇ ਹੋਵੋ। ਜੇਕਰ ਇਹ ਹਾਲਤ ਪੈਦਾ ਨਾ ਹੋ ਸਕੇ ਤਾਂ ਘੱਟੋ ਘੱਟ ਇਹ ਕੈਫ਼ੀਅਤ ਜ਼ਰੂਰ ਹੋਵੇ ਕਿ ਅੱਲਾਹ ਤਆਲਾ ਤੁਹਾਨੂੰ ਵੇਖ ਰਹੇ ਹਨ। (ਜਾਮੇ-ਉਸ-ਸ.ਗੀਰ)

ਹਜ਼ਰਤ ਅਬਦੁੱਲ੍ਹਾ (ਰਜ਼ੀ.) ਫ਼ਰਮਾਉਂਦੇ ਹਨ ਕਿ ਮੈਂ ਅੱਲਾਹ ਦੇ ਨਬੀ (ਸ.) ਨੂੰ ਨਮਾਜ਼ ਪੜ੍ਹਦੇ ਹੋਏ ਵੇਖਿਆ, ਆਪ ਦੇ ਮੁਬਾਰਕ ਸੀਨੇ 'ਚੋਂ ਰੋਣ ਦੀ ਆਵਾਜ਼ (ਸਾਹ ਰੁਕਨ ਕਰਕੇ) ਲਗਾਤਾਰਇਸ ਤਰ੍ਹਾਂ ਆ ਰਹੀ ਸੀ ਜਿਵੇਂ ਚੱਕੀ ਦੀ ਆਵਾਜ਼ ਹੁੰਦੀ ਹੈ। (ਅਬੂ ਦਾਊਦ)

ਹਜ਼ਰਤ ਉਮਰ ਬਿਨ ਖ਼ੱਤਾਬ (ਰਜ਼ੀ.) ਫ਼ਰਮਾਉਂਦੇ ਹਨ ਕਿ ਮੈਂ ਅੱਲਾਹ ਦੇ ਨਬੀ ਨੂੰ ਇਹ ਇਰਸ਼ਾਦ ਫ਼ਰਮਾਉਂਦੇ ਹੋਏ ਸੁਣਿਆ: ਜਿਸ ਨੇ ਕੋਈ ਮਸਜਿਦ ਬਣਾਈ ਜਿਸ ਵਿਚ ਰੱਬ ਦਾ ਨਾਂ ਲਿਆ ਜਾਂਦਾ ਹੋਵੇ ਤਾਂ ਅੱਲਾਹ ਉਸ ਦੇ ਲਈ ਜੰਨਤ ਵਿਚ ਇਕ ਮਹਿਲ ਬਣਾ ਦਿੰਦੇ ਹਨ। (ਇਬਨ-ਏ-ਹਵਾਨ)

## ਰੋਜ਼ਾ

ਇਸਲਾਮ ਦੀਆਂ ਬੁਨਿਆਦੀ ਸਿੱਖਿਆਵਾਂ ਜਿਵੇਂ ਈਮਾਨ ਅਤੇ ਨਮਾਜ਼ ਤੋਂ ਬਾਅਦ ਰੋਜ਼ੇ ਦਾ ਦਰਜਾ ਹੈ।ਪਹੁ ਫੁਟਾਲੇ ਤੋਂ ਲੈ ਕੇ ਸੂਰਜ ਛਿਪਣ ਤੱਕ ਕੁਝ ਵੀ ਨਾ ਖਾਣ ਪੀਣ ਅਤੇ ਅਸ਼ਲੀਲ ਹਰਕਤਾਂ ਤੋਂ ਬਚਣ ਦਾ ਨਾਂ ਰੋਜ਼ਾ ਹੈ।ਨਮਾਜ਼ ਵਾਂਗ ਰੋਜ਼ਾ ਵੀ ਹਰੇਕ ਬਾਲਿਗ਼ ਮੁਸਲਮਾਨ ਮਰਦ ਔਰਤ ਲਈ ਜ਼ਰੂਰੀ ਹੈ। ਜੇਕਰ ਕੋਈ ਬਿਮਾਰ ਜਾਂ ਸਫ਼ਰ ਵਿਚ ਹੋਵੇ ਤਾਂ ਉਹ ਰੋਜ਼ੇ ਨੂੰ ਬਾਅਦ ਵਿਚ ਰਖ ਸਕਦਾ ਹੈ। ਕੁਰਆਨ ਸ਼ਰੀਫ਼ ਵਿਚ ਫ਼ਰਮਾਇਆ ਗਿਆ ਹੈ:

'ਐ ਈਮਾਨ ਵਾਲਿਓ! ਤੁਹਾਡੇ ਤੇ ਰੋਜ਼ੇ ਫ਼ਰਜ਼ ਕੀਤੇ ਗਏ ਹਨ ਜਿਵੇਂ ਕਿ ਤੁਹਾਥੋਂ ਪਹਿਲੀਆਂ ਉੱਮਤਾਂ ਤੇ ਫ਼ਰਜ਼ ਕੀਤੇ ਗਏ ਸਨ। ਤਾਂ ਜੋ ਤੁਹਾਡੇ ਅੰਦਰ (ਰੱਬ ਦੇ) ਡਰ-ਭੈਅ ਦੀ ਸਿਫ਼ਤ ਪੈਦਾ ਹੋ ਜਾਵੇ।'

(ਸੂਰਤ ਅਲ-ਬਕਰਹ ਆਇਤ ਨੰ 182)

ਇਸਲਾਮ ਅਨੁਸਾਰ ਇਕ ਮਹੀਨੇ ਦੇ ਰੋਜ਼ੇ ਫ਼ਰਜ਼ ਕੀਤੇ ਗਏ ਹਨ ਜਿਹੜਾ ਬੰਦਾ ਬਗ਼ੈਰ ਕਿਸੇ ਉਜ਼ਰ ਅਤੇ ਮਜਬੂਰੀ ਦੇ ਇਕ ਰੋਜ਼ਾ ਵੀ ਛੱਡ ਦੇਵੇ ਇਸਲਾਮ ਅਨੁਸਾਰ ਪਾਪੀ ਹੈ।

ਰੋਜ਼ੇ ਰਾਹੀਂ ਇਨਸਾਨ ਨੂੰ ਖਾਣ-ਪੀਣ ਅਤੇ ਮਨ ਦੀਆਂ ਇੱਛਾਵਾਂ ਪੂਰੀਆਂ ਕਰਨ ਤੋਂ ਰੋਕਿਆ ਜਾਂਦਾ ਹੈ। ਰੱਬ ਦੇ ਲਈ ਆਪਣੀਆਂ ਖ਼ਾਹਿਸ਼ਾਂ ਅਤੇ ਲੱਜ਼ਤਾਂ ਨੂੰ ਕੁਰਬਾਨ ਕੀਤਾ ਜਾਂਦਾ ਹੈ। ਇਸ ਲਈ ਰੱਬ ਨੇ ਅਜਿਹੇ ਬੰਦਿਆਂ ਨੂੰ ਜਿਹੜੇ ਰੋਜ਼ੇ ਰਖਦੇ ਹਨ ਬਹੁਤ ਵੱਡੇ ਇਨਾਮ ਅਤੇ ਸਵਾਬ ਦਾ ਵਾਅਦਾ ਫ਼ਰਮਾਇਆ ਹੈ।ਇਸ ਸਬੰਧ 'ਚ ਆਪ (ਸ.) ਦਾ ਫ਼ਰਮਾਨ ਹੈ:

"ਜਿਹੜਾ ਬੰਦਾ ਪੂਰੇ ਯਕੀਨ ਦੇ ਨਾਲ ਰੱਬ ਦੀ ਰਜ਼ਾ ਅਤੇ ਉਸਦਾ ਸਵਾਬ ਪ੍ਰਾਪਤ ਕਰਨ ਦੇ ਲਈ ਰਮਜ਼ਾਨ ਦੇ ਰੋਜ਼ੇ ਰੱਖੇ ਤਾਂ ਉਸਦੇ ਪਿਛਲੇ ਸਾਰੇ ਗੁਨਾਹ ਮੁਆਫ਼ ਕਰ ਦਿੱਤੇ ਜਾਣਗੇ।"ਆਪ (ਸ.) ਦਾਫ਼ਰਮਾਨ ਹੈ:

"ਰੋਜ਼ਾ ਨਰਕ ਦੀ ਅੱਗ ਤੋਂ ਬਚਾਉਣ ਵਾਲੀ ਢਾਲ ਅਤੇ ਇਕ ਮਜ਼ਬੂਤ ਕਿਲ੍ਹਾ ਹੈ। (ਜਿਹੜਾ ਰੋਜ਼ਾ ਰੱਖਣ ਵਾਲੇ ਨੂੰ ਨਰਕ ਦੇ ਅਜ਼ਾਬ ਤੋਂ ਸੁਰੱਖਿਅਤ ਰੱਖੇਗਾ)।"

ਇਹਨਾਂ ਹਦੀਸਾਂ ਤੋਂ ਇਲਾਵਾ ਰੋਜ਼ਾ ਸਾਨੂੰ ਰੱਬ ਦੀ ਹੋਰ ਮਖ਼ਲੂਕ ਤੋਂ ਵਿਲੱਖਣਤਾ ਬਖ਼ਸ਼ਦਾ ਹੈ। ਜਾਨਵਰ ਜਦੋਂ ਅਤੇ ਜਿਵੇਂ ਚਾਹੁੰਦੇ ਹਨ ਖਾ ਪੀ ਲੈਂਦੇ ਹਨ ਅਤੇ ਆਪਣੀਆਂ ਮਨ ਦੀਆਂ ਇੱਛਾਵਾਂ ਪੂਰੀਆਂਕਰ ਲੈਂਦੇ ਹਨ ਪਰੰਤੂ ਮੁਸਲਮਾਨ ਨੇ ਰੱਬ ਦੇ ਗ਼ੁਲਾਮ ਹੋਣ ਦਾ ਵਾਅਦਾ ਕੀਤਾ ਹੈ। ਉਸ ਕੀਤੇ ਵਾਅਦੇ ਦੀ ਪੂਰਤੀ ਲਈ ਜ਼ਰੂਰੀ ਹੈ ਕਿ ਰੋਜ਼ਾ ਰੱਖਿਆ ਜਾਵੇ। ਆਪਣੇ ਮਨ ਦੀਆਂ ਇੱਛਾਵਾਂ

ਤੋਂ ਸੰਕੋਚ ਕੀਤਾ ਜਾਵੇ। ਰੋਜ਼ੇ ਦਾ ਇਕ ਵਿਸ਼ੇਸ਼ ਫ਼ਾਇਦਾ ਇਹ ਵੀ ਹੈ ਕਿ ਇਨਸਾਨ ਅੰਦਰ ਰੱਬ ਦੇ ਡਰ-ਭੈਅ ਦੀ ਸਿਫ਼ਤ ਪੈਦਾ ਹੁੰਦੀ ਹੈ। ਮਨ ਦੀਆਂ ਇੱਛਾਵਾਂ ਤੇ ਕੰਟਰੋਲ ਕਰਨ ਦੀ ਤਾਕਤ ਆਉਂਦੀ ਹੈ। ਰੂਹ ਮਜ਼ਬੂਤ ਬਣਦੀ ਹੈ ਜੋ ਸਰੀਰ ਦੀ ਅਸਲ ਚੀਜ਼ ਹੈ।ਮਜ਼ਬੂਤ ਰੂਹ ਹੀ ਇਨਸਾਨ ਨੂੰ ਬੁਰੀਆਂਹਰਕਤਾਂ, ਪਾਪਾਂ, ਝੂਠ ਬੋਲਣ, ਘੱਟਤੋਲਣ, ਚੁਗ਼ਲੀ ਕਰਨ ਅਤੇ ਦੂਜਿਆਂ ਨੂੰ ਧੋਖਾ ਦੇਣ ਤੋਂ ਰੋਕੇਗੀ।ਹਜ਼ਰਤ ਮੁਹੰਮਦ (ਸ.) ਦਾ ਫ਼ਰਮਾਨ ਹੈ:-

"ਤੁਹਾਡੇ ਵਿਚੋਂ ਜਦੋਂ ਕਿਸੇ ਦਾ ਰੋਜ਼ੇ ਦਾ ਦਿਨ ਹੋਵੇ ਤਾਂ ਚਾਹੀਦਾ ਹੈ ਕਿ ਕੋਈ ਗੰਦੀ ਅਤੇ ਬੁਰੀ ਗੱਲ ਮੂੰਹੋਂ ਨਾ ਬੋਲੇ ਅਤੇ ਜ਼ਿਆਦਾ ਸ਼ੋਰ ਸ਼ਰਾਬਾ ਵੀ ਨਾ ਕਰੇ।ਜੇਕਰ ਕੋਈ ਆਦਮੀ ਉਸ ਨਾਲ ਝਗੜੇ ਅਤੇ ਗਾਲ੍ਹਾਂ ਕੱਢੇ ਤਾਂ ਉਸ ਨੂੰ ਇਹ ਕਹਿ ਦੇਵੇ ਕਿ ਮੈਂ ਰੋਜ਼ੇਦਾਰ ਹਾਂ।ਇਸ ਲਈ ਤੁਹਾਡੀਆਂ ਗਾਲਾਂ ਦੇ ਜਵਾਬ ਵਿਚ ਮੈਂ ਗਾਲ੍ਹਾਂ ਨਹੀਂ ਦੇ ਸਕਦਾ।"

ਦਰਅਸਲ ਰੋਜ਼ੇ ਮਨੁੱਖ ਨੂੰ ਮਨੁੱਖ ਬਨਾਉਣ ਲਈ ਰਿਫ਼ਰੈਸ਼ਰ ਕੋਰਸ ਦਾ ਕੰਮ ਕਰਦੇ ਹਨ। ਦੁਨੀਆਂ ਦੀਆਂ ਧਾਰਮਿਕ ਕਠੋਰ ਤਪੱਸਿਆਵਾਂ ਵਿਚੋਂ ਇਕ ਹਨ।ਰੋਜ਼ਾ ਰਖ ਕੇ ਇਨਸਾਨ ਨੂੰ ਗ਼ਰੀਬ ਦੀ ਭੁੱਖ ਦਾ ਅਹਿਸਾਸ ਹੁੰਦਾ ਹੈ।ਰੱਬ ਨਾਲ ਸਿੱਧਾ ਸੰਪਰਕ ਜੁੜਦਾ ਹੈ।ਸਰੀਰਕ ਮਸ਼ੀਨਰੀ ਨੂੰ ਇਕ ਮਹੀਨਾ ਅਰਾਮ ਮਿਲਦਾ ਹੈ।ਇਸ ਨਾਲ ਉਮਰ ਵਿਚ ਵਾਧਾ ਹੁੰਦਾ ਹੈ।ਕਿੰਨੀਆਂ ਸਰੀਰਕ ਬਿਮਾਰੀਆਂ ਤੋਂ ਨਿਜਾਤ ਮਿਲਦੀ ਹੈ।

## ਜ਼ਕਾਤ

ਜ਼ਕਾਤ ਇਸਲਾਮ ਦਾ ਉਹ ਵਿਸ਼ੇਸ਼ ਥੰਮ੍ਹ ਹੈ ਜਿਸ ਨਾਲ ਮੋਹ-ਮਾਇਆ ਘਟਦਾ ਅਤੇ ਦੂਜਿਆਂ ਨਾਲ ਹਮਦਰਦੀ ਕਰਨ ਦੀ ਸਿਫ਼ਤ ਪੈਦਾ ਹੁੰਦੀ ਹੈ।ਜ਼ਕਾਤ ਦੇ ਅਰਥ ਇਹ ਹਨ ਕਿ ਜਿਸ ਮੁਸਲਮਾਨ ਕੋਲ ਸਾਢੇ ਸੱਤ ਤੋਲੇ ਸੋਨਾ ਜਾਂ ਸਾਢੇ ਬਵੰਜਾ ਤੋਲੇ ਚਾਂਦੀ ਜਾਂ ਏਨੀ ਮਾਲੀਅਤ ਦਾ ਤਜਾਰਤ ਦਾ ਮਾਲ ਹੋਵੇ ਉਸ ਲਈ ਜ਼ਰੂਰੀ ਹੈ ਕਿ ਉਸ ਦੀ ਪ੍ਰਚੱਲਤ ਕੀਮਤ 'ਤੇ ਢਾਈ ਪ੍ਰਤੀਸ਼ਤ ਗ਼ਰੀਬਾਂ, ਮਸਕੀਨਾਂ ਅਤੇ ਅਨਾਥਾਂ ਨੂੰ ਜ਼ਕਾਤ ਦੇ ਦੇਵੇ। ਕੁਰਆਨ ਮਜੀਦ ਵਿਚ ਥਾਂ ਥਾਂ 'ਅਕੀ ਮੁੱਸਲਾਤ ਵ ਅਤਾ ਅੱਜ਼ਕਾਤ' ਭਾਵ 'ਨਮਾਜ਼ ਕਾਇਮ ਕਰੋ ਅਤੇ ਜ਼ਕਾਤ ਅਦਾ ਕਰੋ' ਦਾ ਜ਼ਿਕਰ ਆਇਆ ਹੈ।

ਜ਼ਕਾਤ ਦੇਣਾ ਜ਼ਰੂਰਤ ਮੰਦਾਂ ਦੀ ਸੇਵਾ ਕਰਨਾ ਹੈ ਅਤੇ ਜ਼ਕਾਤ ਨਾ ਦੇਣਾ ਉਹਨਾਂ ਦਾ ਹੱਕ ਮਾਰਨਾ ਹੈ।ਰੱਬ ਵੱਲੋਂ ਦਿੱਤਾ ਹੋਇਆ ਮਾਲ ਰੱਬ ਦੇ ਬੰਦਿਆਂ 'ਤੇ ਖ਼ਰਚ ਕਰ ਦੇਣਾ ਸਮਝਦਾਰੀ ਹੈ।ਜ਼ਕਾਤ ਨੂੰ ਰੋਕ ਲੈਣਾ ਰੱਬ ਨੂੰ ਨਰਾਜ਼ ਕਰਨਾ

ਹੈ।ਜ਼ਕਾਤ ਦੇਣ ਨਾਲ ਮਾਲ ਵਧਦਾ ਹੈ ਅਤੇ ਵਿਆਜ ਲੈਣ ਨਾਲ ਮਾਲ ਘਟਦਾ ਹੈ ਜਦੋਂ ਕਿ ਅਕਲ ਇਸ ਨੂੰ ਮੰਨਣ ਲਈ ਤਿਆਰ ਨਹੀਂ।ਜ਼ਕਾਤ ਦਿੱਤੇ ਮਾਲ ਨੂੰ ਨਾ ਅੱਗ ਸਾੜਦੀ ਅਤੇ ਨਾ ਚੋਰੀ ਹੁੰਦਾ ਹੈ।ਜ਼ਕਾਤ ਦਿੱਤਾ ਮਾਲ ਇਸ ਤਰ੍ਹਾਂ ਸਾਫ਼-ਸੁਥਰਾ ਹੋ ਜਾਂਦਾ ਜਿਵੇਂ ਧੋਤਾ ਹੋਇਆ ਕੱਪੜਾ।ਨਿਸ਼ਕਾਮ ਸੇਵਾ ਭਾਵਨਾ ਸਹਿਤ ਦਿੱਤੀ ਹੋਈ ਜ਼ਕਾਤ ਅਜਾਈਂ ਨਹੀਂ ਜਾਂਦੀ।ਕੁਰਆਨ ਮਜੀਦ ਵਿਚ ਰੱਬ ਦਾ ਫ਼ਰਮਾਨ ਹੈ:-

"ਜਿਹੜੇ ਲੋਕ ਸੋਨਾ ਚਾਂਦੀ (ਮਾਲ ਦੌਲਤ) ਜੋੜ ਕੇ ਰੱਖਦੇ ਹਨ ਅਤੇ ਉਸ ਨੂੰ ਰੱਬ ਦੇ ਰਾਹ ਵਿਚ ਖ਼ਰਚ ਨਹੀਂ ਕਰਦੇ (ਭਾਵ ਜੋ ਜ਼ਕਾਤ ਉਹਨਾਂ 'ਤੇ ਫ਼ਰਜ਼ ਹੈ ਉਹ ਜ਼ਕਾਤ ਅਦਾ ਨਹੀਂ ਕਰਦੇ) ਐ ਨਬੀ! ਤੁਸੀਂ ਉਹਨਾਂ ਨੂੰ ਸਖ਼ਤ ਅਤੇ ਦਰਦਨਾਕ ਅਜ਼ਾਬ ਦੀ ਖ਼ਬਰ ਸੁਣਾ ਦੇਵੋ।"(ਸੂਰਤ ਅਤ-ਤੌਬਾ ਪੰਜਵਾਂ ਰੁਕੂਅ)

ਇੱਕ ਥਾਂ ਹੋਰ ਇਰਸ਼ਾਦ ਹੈ:

ਜਿਹੜੇ ਲੋਕ ਅੱਲਾਹ ਦੇ ਰਾਹ ਵਿਚ ਆਪਣਾ ਮਾਲ ਖ਼ਰਚ ਕਰਦੇ ਹਨ ਉਹਨਾਂ ਦੇ ਉਸ ਮਾਲ ਖ਼ਰਚ ਕਰਨ ਦੀ ਮਿਸਾਲ ਇਕ ਦਾਣੇ ਵਾਂਗ ਹੈ ਜਿਸ ਤੋਂ ਪੌਦਾ ਉੱਗੇ ਅਤੇ ਉਸ ਤੋਂ ਸੱਤ ਬੱਲੀਆਂ ਨਿਕਲਣ ਅਤੇ ਹਰੇਕ ਬੱਲੀ ਵਿਚ ਸੌ ਸੌ ਦਾਣੇ ਹੋਣ ਅਤੇ ਜਿਸ ਨੂੰ ਚਾਹਵੇ ਅੱਲਾਹ ਵਧਾਉਂਦਾ ਹੈ।ਉਹ ਵੱਡੀ ਵੁਸਅਤ ਵਾਲਾ ਅਤੇ ਸਭ ਕੁਝ ਜਾਣਦਾ ਹੈ।ਜਿਹੜੇ ਲੋਕ ਰੱਬ ਦੀ ਰਾਹ ਵਿਚ ਆਪਣਾ ਮਾਲ ਖ਼ਰਚ ਕਰਦੇ ਹਨ ਫਿਰ ਨਾ ਉਹ ਅਹਿਸਾਨ ਕਰਦੇ ਹਨ ਅਤੇ ਨਾ ਦੁੱਖ-ਤਕਲੀਫ਼ ਦਿੰਦੇ ਹਨ, ਉਹਨਾਂ ਵਾਸਤੇ ਉਹਨਾਂ ਦੇ ਰੱਬ ਕੋਲ ਬਹੁਤ ਵੱਡਾ ਬਦਲਾ ਹੈ।ਕਿਆਮਤ ਵਾਲੇ ਦਿਨ ਨਾ ਉਹਨਾਂ ਨੂੰ ਕੋਈ ਡਰ ਹੋਵੇਗਾ ਅਤੇ ਨਾ ਉਹ ਗ਼ਮਗੀਨ ਹੋਣਗੇ।

(ਸੂਰਤ ਅਲ ਬਕਰਹ ਆਇਤ ਨੰ. 36)

## ਹੱਜ

ਇਸਲਾਮ ਦਾ ਪੰਜਵਾਂ ਥੰਮ੍ਹ ਹੱਜ ਹੈ।ਰਿਵਾਇਤਾਂ ਅਨੁਸਾਰ ਅਕਾਸ਼ ਬਣਨ ਤੋਂ ਪਹਿਲਾਂ ਰੱਬੀ ਅਰਸ਼ ਪਾਣੀ 'ਤੇ ਸੀ। ਅੱਲਾਹ ਦੇ ਹੁਕਮ ਨਾਲ ਇਸ ਵਿਚ ਲਹਿਰਾਂ ਪੈਦਾ ਹੋਈਆਂ ਅਤੇ ਇੱਕ ਖ਼ਸ਼ਫ਼ਾ (ਆਬੀ ਬੋਟੀ, ਪਾਣੀ ਦਾ ਲੋਥੜਾ) ਜਿਹਾ ਉੱਪਰ ਨੂੰ ਉਭਰਿਆ। ਇਹੋ ਕਾਅਬੇ ਦੀ ਥਾਂ ਹੈ। ਮੱਕੇ ਦਾ 'ਬੂਕਬੀਸ' ਨਾਮੀਂ ਪਹਾੜ ਦੁਨੀਆ ਦਾ ਪਹਿਲਾ ਪਹਾੜ ਹੈ।ਰੱਬ ਨੇ ਉਸ ਨੂੰ ਪਵਿੱਤਰਤਾ ਬਖ਼ਸ਼ੀ ਹੈ। ਜਿਸ ਦਿਨ ਤੋਂ ਅੱਲਾਹ ਨੇ ਜ਼ਮੀਨ ਅਤੇ ਅਸਮਾਨ ਨੂੰ ਬਣਾਇਆ ਹੈ, ਉਸ ਸਮੇਂ ਤੋਂ ਲੈ ਕੇ ਅੱਜ ਤੱਕ ਇਸ ਸਥਾਨ ਦੀ ਮਹਾਨਤਾ ਲਗਾਤਾਰ ਕਾਇਮ ਹੈ।

ਰੱਬੀ ਅਰਸ਼ ਦੇ ਹੇਠਾਂ ਸੱਤਵੇਂ ਅਸਮਾਨ 'ਤੇ ਫ਼ਰਿਸ਼ਤਿਆਂ ਦਾ ਕਾਅਬਾ 'ਬੈਤ-ਉਲ-ਮਾਮੂਰ' ਹੈ ਜਿਸ ਦੇ ਇਰਦ ਗਿਰਦ ਰੋਜ਼ਾਨਾ ਸੱਤਰ ਹਜ਼ਾਰ ਫ਼ਰਿਸ਼ਤੇ (ਨੂਰ ਤੋਂ ਉਤਪਨ ਮਖ਼ਲੂਕ) ਤਵਾਫ਼ ਕਰਦੇ ਹਨ। ਰਿਵਾਇਤ ਹੈ ਕਿ ਫ਼ਰਿਸ਼ਤਿਆਂ ਨੂੰ ਹੁਕਮ ਹੋਇਆ ਕਿ 'ਬੈਤ-ਉਲ-ਮਾਮੂਰ' ਦੇ ਐਨ ਹੇਠਾਂ ਇਬਾਦਤ ਦੇ ਲਈ ਇਕ ਘਰ ਤਿਆਰ ਕਰੋ ਤਾਂ ਕਿ ਜ਼ਮੀਨੀ ਮਖ਼ਲੂਕ ਵੀ ਤਵਾਫ਼ ਕਰੇ। ਜਦੋਂ ਆਦਮ (ਅਲੈ.) ਅਤੇ ਬੀਬੀ ਹੱਵਾ ਜ਼ਮੀਨ ਤੇ ਉਤਾਰੇ ਗਏ ਤਾਂ ਉਹਨਾਂ ਨੂੰ ਵੀ ਹੁਕਮ ਹੋਇਆਂ ਕਿ ਮੇਰੀ ਬੰਦਗੀ ਦੇ ਲਈ ਇਕ ਘਰ ਤਿਆਰ ਕਰੋ। ਹਜ਼ਰਤ ਆਦਮ(ਅਲੈ.) ਥਾਂ ਦੀ ਤਲਾਸ਼ ਕਰਦੇ ਕਰਦੇ ਮੱਕਾ ਪਹੁੰਚੇ ਤਾਂ ਹਜ਼ਰਤ ਜਿਬਰਾਈਲ (ਅਲੈ.) ਨੇ ਥਾਂ ਦੀ ਨਿਸ਼ਾਨਦੇਹੀ ਕੀਤੀ। ਹਜ਼ਰਤ ਆਦਮ (ਅਲੈ.) ਨੇ ਉਸ ਥਾਂ ਖ਼ਾਨਾ-ਕਾਅਬਾ ਦੀ ਬੁਨਿਆਦ ਰੱਖੀ। ਇਕ ਰਿਵਾਇਤ ਅਨੁਸਾਰ ਉਸ ਸਮੇਂ ਖ਼ਾਨਾ-ਕਾਅਬਾ ਦੀ ਸੁਰਖ਼ ਪੱਥਰ ਨਾਲ ਤਾਮੀਰ ਕੀਤੀ ਗਈ ਸੀ।

ਇਸ ਪਿੱਛੋਂ ਹਜ਼ਰਤ ਸੀਸ (ਅਲੈ.) ਨੇ ਖ਼ਾਨਾ-ਕਾਅਬਾ ਦੀ ਤਾਮੀਰ ਕੀਤੀ। ਹਜ਼ਰਤ ਨੂਹ (ਅਲੈ.) ਨੇ ਵੀ ਇਸ ਦੀ ਤਾਮੀਰ ਕੀਤੀ ਅਤੇ ਫਿਰ ਹੱਜ ਕੀਤਾ। ਹਜ਼ਰਤ ਨੂਹ (ਅਲੈ.) ਦੇ ਨਬੁੱਵਤ ਕਾਲ ਵਿਚ ਤੂਫ਼ਾਨ ਆਉਣ ਤੋਂ ਬਾਅਦ ਇਹ ਇਮਾਰਤ ਢਹਿ-ਢੇਰੀ ਹੋ ਗਈ ਸੀ। ਇਸ ਦੀਆਂ ਬੁਨਿਆਦਾਂ 'ਤੇ ਮਿੱਟੀ ਦੀਆਂ ਤਹਿਆਂ ਜੰਮ ਗਈਆਂ ਸਨ। ਇਸ ਤਰ੍ਹਾਂ ਕਈ ਸਦੀਆਂ ਬੀਤ ਗਈਆਂ। ਜਦੋਂ ਹਜ਼ਰਤ ਇਬਰਾਹੀਮ (ਅਲੈ.) ਪੈਗੰਬਰ ਬਣਾਏ ਗਏ ਤਾਂ ਉਹਨਾਂ ਨੂੰ ਵੀ ਬੈਤੁੱਲਾਹ ਦੀ ਤਾਮੀਰ ਦਾ ਹੁਕਮ ਹੋਇਆ। ਇਲਾਹੀ ਹੁਕਮ ਦੀ ਪਾਲਣਾ ਕਰਦਿਆਂ ਉਹ ਸ਼ਾਮ (ਸੀਰੀਆ) ਤੋਂ ਮੱਕਾ ਵਿਖੇ ਆਏ। ਆਪ ਨੇ ਆਪਣੇ ਪੁੱਤਰ ਹਜ਼ਰਤ ਇਸਮਾਈਲ (ਅਲੈ.) ਨੂੰ ਵੀ ਇਸ ਹੁਕਮ ਬਾਰੇ ਦੱਸਿਆ। ਹਜ਼ਰਤ ਜਿਬਰਾਈਲ (ਅਲੈ.) ਨੇ ਫਿਰ ਇੱਕ ਟਿੱਲੇ (ਟਿੱਬੇ) ਦੀ ਨਿਸ਼ਾਨਦੇਹੀ ਕੀਤੀ।ਆਪ ਨੇ ਉਸ ਨੂੰ ਪੁੱਟਿਆ ਤਾਂ ਬੈਤ-ਏ-ਅਤੀਕ (ਪੁਰਾਣੇ ਘਰ) ਦੀਆਂ ਬੁਨਿਆਦਾਂ ਨਜ਼ਰੀਂ ਪਈਆਂ। ਕੁਰਆਨ ਸ਼ਰੀਫ਼ ਅਨੁਸਾਰ: 'ਅਤੇ ਜਦੋਂ ਇਬਰਾਹੀਮ ਅਤੇ ਇਸਮਾਈਲ ਉਸ ਘਰ ਦੀਆਂ ਕੰਧਾਂ ਬਣਾ ਰਹੇ ਸਨ।' (ਸੂਰਤ ਬਕ਼ਰਹ: 127)

ਇਸ ਤਰ੍ਹਾਂ ਆਰੰਭ ਤੋਂ ਲੈ ਕੇ ਹੁਣ ਤੱਕ ਖ਼ਾਨਾ-ਕਾਅਬਾ ਦੀ ਲਗਭਗ ਦਸ ਵਾਰੀ ਤਾਮੀਰ ਹੋਈ ਹੈ ਜੋ ਇਸ ਪ੍ਰਕਾਰ ਹੈ: (ੳ) ਸਭ ਤੋਂ ਪਹਿਲਾਂ ਫ਼ਰਿਸ਼ਤਿਆਂ ਨੇ ਬਣਾਇਆ। (ਅ) ਹਜ਼ਰਤ ਆਦਮ (ਅਲੈ.) ਨੇ ਤਾਮੀਰ ਕੀਤੀ। (ੲ) ਹਜ਼ਰਤ ਸੀਸ (ਅਲੈ.) ਨੇ ਤਾਮੀਰ ਕੀਤੀ। (ਸ) ਹਜ਼ਰਤ ਇਬਰਾਹੀਮ (ਅਲੈ.) ਨੇ ਉਸਾਰਿਆ। (ਹ) ਅਮਾਲਕਾ ਨੇ ਬਣਵਾਇਆ। (ਕ)

ਜਰਹਮ ਨੇ ਬਣਾਇਆ। (ਖ) ਕੁਰੈਸ਼ ਖ਼ਾਨਦਾਨ ਵਾਲਿਆਂ ਨੇ ਤਾਮੀਰ ਕੀਤੀ (ਹਜ਼ਰਤ ਮੁਹੰਮਦ (ਸ.) ਦੇ ਸਮੇਂ) ਹਜ਼ਰਤ ਅਬਦੁੱਲ੍ਹਾ ਇਬਨ-ਏ-ਜ਼ੁਬੈਰ ਨੇ ਤਾਮੀਰ ਕਰਵਾਈ (ਘ) ਹਿਜਾਜ਼-ਬਿਨ-ਯੂਸੁਫ਼ ਨੇ ਤਾਮੀਰ ਕਰਵਾਇਆ। (ਘ) ਸੁਲਤਾਨ ਮੁਰਾਦ ਬਿਨ ਸੁਲਤਾਨ ਅਹਿਮਦ ਨੇ 1039 ਹਿਜਰੀ 'ਚ ਤਾਮੀਰ ਕਰਵਾਈ ਜੋ ਅੱਜ ਤੀਕ ਕਾਇਮ ਹੈ।

ਅੱਲਾਹ ਦਾ ਘਰ ਨੀਵੀਂ ਥਾਂ ਹੋਣ ਕਰਕੇ ਸੈਲਾਬ ਆਉਣ ਕਾਰਨ ਬੈਤੁੱਲਾਹ ਦੀ ਇਮਾਰਤ ਕਮਜ਼ੋਰ ਹੋ ਗਈ ਸੀ। ਇਸ 'ਤੇ ਛੱਤ ਨਾ ਹੋਣ ਕਰਕੇ ਕੰਧਾਂ ਵੀ ਕਮਜ਼ੋਰ ਪੈ ਗਈਆਂ ਸਨ। ਸੈਲਾਬ ਦਾ ਪਾਣੀ ਅੰਦਰ ਆ ਜਾਂਦਾ ਸੀ। ਭਾਵੇਂ ਕੁਰੈਸ਼ੀ ਸਰਦਾਰ 'ਆਮਿਰ-ਉਲ-ਜਾਦਿਰ' ਨੇ ਕਾਅਬੇ ਦੇ ਚਾਰ-ਚੁਫੇਰੇ ਦੀਵਾਰ ਬਣਵਾ ਦਿੱਤੀ ਸੀ। ਪਰੰਤੂ ਫਿਰ ਵੀ ਸੈਲਾਬ ਆਉਣ ਕਰਕੇ ਚੰਗੀ ਤਰ੍ਹਾਂ ਹਿਫ਼ਾਜ਼ਤ ਨਾ ਹੋ ਸਕੀ। ਕੁਰੈਸ਼ੀਆਂ ਨੇ ਨਵੇਂ ਸਿਰਿਓਂ ਤਾਮੀਰ ਕਰਨ ਦਾ ਇਰਾਦਾ ਕੀਤਾ। ਅਚਾਨਕ ਉਹਨਾਂ ਦਿਨਾਂ 'ਚ ਇੱਕ ਜਹਾਜ਼ ਤੂਫ਼ਾਨ ਦੀ ਲਪੇਟ ਚ ਆ ਕੇ ਜੱਦਾਹ (ਜਿਸ ਦਾ ਪੁਰਾਣਾ ਨਾਂ ਸ਼ਈਬਾ ਹੈ) ਬੰਦਰਗਾਹ 'ਤੇ ਆ ਕੇ ਤਬਾਹ ਹੋ ਗਿਆ। ਉਸ ਜਹਾਜ਼ ਦੇ ਤਖ਼ਤੇ ਖ਼ਰੀਦ ਕੇ ਕਾਅਬੇ ਦੀ ਤਾਮੀਰ ਮੁਕੰਮਲ ਕੀਤੀ ਗਈ।

ਤਾਮੀਰ ਤੋਂ ਪਹਿਲਾਂ ਇਹ ਐਲਾਨ ਕੀਤਾ ਗਿਆ ਸੀ ਕਿ ਇਸ ਅੱਲਾਹ ਦੇ ਘਰ ਦੀ ਤਾਮੀਰ ਆਪਣੀ ਹੱਕ-ਸੱਚ ਦੀ ਕਮਾਈ 'ਚੋਂ ਕਰਨੀ ਹੈ। ਸੂਦ, ਲੁੱਟ-ਮਾਰ, ਜ਼ੋਰ ਜ਼ਬਰਦਸਤੀ ਅਤੇ ਹਥਿਆਇਆ ਹੋਇਆ ਮਾਲ ਨਹੀਂ ਲਾਉਣਾ। ਜਦੋਂ ਲੋੜੀਂਦੀ ਰਕਮ ਇਕੱਠੀ ਹੋ ਗਈ ਤਾਂ ਹੇਠ ਲਿਖੇ ਕੁਰੈਸ਼ੀ ਖ਼ਾਨਦਾਨਾਂ ਨੇ ਖ਼ਾਨਾ-ਕਾਅਬਾ ਦੀ ਤਾਮੀਰ ਕਰਨ ਦਾ ਕੰਮ ਨਿਮਨ ਅਨੁਸਾਰ ਵੰਡ ਲਿਆ ਗਿਆ:

(ੳ) ਦਰਵਾਜ਼ੇ ਵਾਲੀ ਦੀਵਾਰ-ਬਨੀ ਅਬਦ ਮਨਾਫ਼ ਅਤੇ ਬਨੀ ਜ਼ਹਰਾ

(ਅ) ਹਜਰ-ਏ-ਅਸਵਦ ਅਤੇ ਰੁਕਨ-ਏ-ਯਮਾਨੀ ਦੇ ਵਿਚਕਾਰਲੀ ਦੀਵਾਰ-ਬਨੀ ਮਖ਼ਜ਼ੂਮ ਅਤੇ ਬਨੀ ਤੱਯਮ

(ੲ) ਪਿਛਲੀ ਦੀਵਾਰ- ਬਨੀ ਸਹਿਮ ਅਤੇ ਬਨੀ ਜਮਹ

(ਸ) ਹਤੀਮ (ਜਿੱਧਰ ਬੈਤੁੱਲਾਹ ਦਾ ਪਰਨਾਲਾ ਹੈ)-ਬਨੀ ਅਬਦੁੱਲ੍ਹਾ, ਬਨੀ ਅਸਦ, ਬਨੀ ਅਦੀ

ਕਾਅਬੇ ਦੀ ਪੁਰਾਣੀ ਇਮਾਰਤ ਸ਼ਹੀਦ ਕਰਨੋਂ ਹਰ ਕੋਈ ਡਰਦਾ ਸੀ ਕਿਉਂ ਜੋ ਅਬਰਹਾ ਦੀ ਫ਼ੌਜ ਦਾ (ਵਾਦੀ-ਏ-ਮਹੱਸਰ) ਰੱਬੀ ਕਹਿਰ ਸਦਕਾ ਜੋ ਹਾਲ ਹੋਇਆ ਸੀ ਉਹ ਸਭ ਦੇ ਸਾਹਮਣੇ ਸੀ। ਵਲੀਦ ਬਿਨ ਮੁਗ਼ੀਰ ਨਾਮੀਂ ਬਹਾਦੁਰ ਨੇ ਨੇਕ ਨੀਯਤੀ ਨਾਲ ਇਹ ਕਹਿ ਕੇ ਕਿ 'ਐ ਅੱਲਾਹ! ਅਸੀ ਭਲਾਈ ਤੋਂ ਸਿਵਾ ਕੁਝ ਨਹੀਂ ਚਾਹੁੰਦੇ' ਕੰਮ ਸ਼ੁਰੂ ਕਰ ਦਿੱਤਾ। ਜਦੋਂ ਹਜ਼ਰਤ ਜਿਬਰਾਈਲ

(ਅਲੈ.) ਰਾਹੀਂ ਬਣੀਆਂ ਬੁਨਿਆਦਾਂ ਨਜ਼ਰੀਂ ਆਉਣ ਲੱਗੀਆਂ ਤਾਂ ਉਹਨਾਂ ਖ਼ਾਨਾ-ਕਾਅਬਾ ਨੂੰ ਮੁੜ ਉਸਾਰਨਾ ਸ਼ੁਰੂ ਕਰ ਦਿੱਤਾ। ਹੁਣ ਮਸਲਾ ਹਜਰ-ਏ-ਅਸਵਦ (ਜੋ ਜੰਨਤ 'ਚੋਂ ਆਇਆ ਚਿੱਟਾ ਪੱਥਰ ਸੀ। ਇਕ ਰਿਵਾਇਤ ਅਨੁਸਾਰ ਜੰਨਤ ਵਿਚੋਂ ਆਉਣ ਸਮੇਂ ਇਹ ਪੱਥਰ ਸਫ਼ੈਦ ਸੀ। ਹੱਜ ਸਮੇਂ ਲੋਕ ਇਸਨੂੰ ਬੋਸਾ ਦਿੰਦੇ ਜਾਂ ਛੂਹਦੇ ਹਨ, ਇਸ ਲਈ ਲੋਕਾਂ ਦੇ ਪਾਪ ਜਾਂ ਗੁਨਾਹ ਆਪਣੇ 'ਚ ਜਜ਼ਬ ਕਰਨ ਕਰਕੇ ਇਹ ਪੱਥਰ ਹੌਲੀ-ਹੌਲੀ ਕਾਲਾ ਹੁੰਦਾ ਗਿਆ। ਹੁਣ ਇਹ ਪੂਰੀ ਤਰ੍ਹਾਂ ਕਾਲਾ ਹੋ ਚੁੱਕਿਆ ਹੈ) ਨੂੰ ਟਿਕਾਉਣ ਤੇ ਆ ਕੇ ਅਟਕ ਗਿਆ, ਇੱਥੋਂ ਤੱਕ ਕਿ ਲੋਕੀ ਮਰਨ ਮਾਰਨ ਨੂੰ ਤਿਆਰ ਹੋ ਗਏ। ਉਮੱਯਾ ਬਿਨ ਮੁਗ਼ੀਰ ਨੇ ਮਸ਼ਵਰਾ ਦਿੱਤਾ ਕਿ ਇਹ ਕੰਮ ਕੱਲ੍ਹ 'ਤੇ ਛੱਡ ਦਿਓ ਅਤੇ ਆਖਿਆ ਕਿ ਜਿਹੜਾ ਬੰਦਾ ਕੱਲ੍ਹ ਸਵੇਰੇ ਵੇਲੇ ਬਾਬ-ਏ-ਸ਼ੇਬਾ' (ਇਕ ਦਰਵਾਜ਼ੇ ਦਾ ਨਾਂ) ਰਾਹੀਂ ਪਹਿਲਾਂ ਦਾਖ਼ਲ ਹੋਵੇਗਾ, ਉਹੀ ਫ਼ੈਸਲਾ ਕਰੇਗਾ। ਅਗਲੀ ਸਵੇਰ ਸਾਰੇ ਕਬੀਲੇ ਇਕੱਠੇ ਹੋ ਗਏ, ਵੇਖਦੇ ਹਨ ਕਿ ਕੌਣ ਆਉਂਦਾ ਹੈ? ਸਫ਼ਾ ਪਹਾੜੀ ਦੇ ਪਿੱਛਿਓਂ ਦੀ ਹਜ਼ਰਤ ਮੁਹੰਮਦ (ਸ.) ਤਸ਼ਰੀਫ਼ ਲਿਆਏ। ਆਪ (ਸ.) ਨੇ ਆਉਂਦਿਆਂ ਹੀ ਮੋਢੇ ਤੋਂ ਚੱਦਰ ਲਾਹ ਕੇ ਵਿਛਾਈ ਅਤੇ ਹਜਰ-ਏ-ਅਸਵਦ ਨੂੰ ਉਸ 'ਤੇ ਰੱਖ ਦਿੱਤਾ ਅਤੇ ਆਖਿਆ ਕਿ ਚਾਰੋਂ ਕਬੀਲਿਆਂ ਦੇ ਸਰਦਾਰ ਇੱਕ ਇੱਕ ਸਿਰਾ ਚੁੱਕ ਲੈਣ। ਸਭ ਨੇ ਆਪ (ਸ.) ਦੀ ਗੱਲ ਨੂੰ ਪ੍ਰਵਾਨ ਕਰ ਲਿਆ। ਚਾਰੋਂ ਕਬੀਲਿਆਂ ਨੇ ਨਿਮਨ-ਲਿਖਤ ਸਰਦਾਰਾਂ ਨੂੰ ਇਸ ਪਵਿੱਤਰ ਕਾਰਜ ਲਈ ਨਾਮਜ਼ਦ ਕੀਤਾ।

ਅਬਦ ਮਨਾਫ਼ ਕਬੀਲੇ ਨੇ ਉਤਬਾ ਬਿਨ ਰਬੀਅ ਨੂੰ ਨਿਯੁਕਤ ਕੀਤਾ
ਦੂਜੇ ਕਬੀਲੇ ਨੇ- ਅਬੂ ਜ਼ਮਆ ਨੂੰ
ਤੀਜੇ ਕਬੀਲੇ ਨੇ- ਅਬੂ ਹੁਜ਼ੈਫ਼ਾ ਨੂੰ
ਚੌਥੇ ਖ਼ਾਨਦਾਨ ਨੇ- ਕੈਸ ਬਿਨ ਅਦੀ ਨੂੰ

ਆਪ (ਸ.) ਨੇ ਫ਼ਰਮਾਇਆ ਕਿ ਚੱਦਰ ਦੇ ਇਕ ਇਕ ਸਿਰੇ ਨੂੰ ਚੁੱਕ ਕੇ ਦੀਵਾਰ ਕੋਲ ਲੈ ਆਓ।ਫਿਰ ਆਪ (ਸ.) ਨੇ ਆਪਣੇ ਹੱਥਾਂ ਨਾਲ ਹਜਰ-ਏ-ਅਸਵਦ ਨੂੰ ਚੁੱਕ ਕੇ ਦੀਵਾਰ ਦੇ ਕੋਨੇ ਵਿਚ ਟਿਕਾ ਦਿੱਤਾ।ਇਸ ਤਰ੍ਹਾਂ ਇਹ ਮਸਲਾ ਅਸਾਨੀ ਨਾਲ ਹੱਲ ਹੋ ਗਿਆ।ਕੁਰੈਸ਼ੀਆਂ ਨੇ ਜਦੋਂ ਇਸ ਦੀ ਨਵੇਂ ਸਿਰਿਓਂ ਤਾਮੀਰ ਕਰ ਲਈ ਤਾਂ ਇਹ ਅੱਲਾਹ ਦਾ ਪਾਕ ਘਰ ਬੁੱਤਾਂ ਦਾ ਟਿਕਾਣਾ ਬਣ ਗਿਆ।ਇਸ ਦੇ ਚੁਫੇਰੇ ਸਜਾਵਟ ਦੇ ਲਈ 360 ਬੁੱਤ ਰੱਖ ਦਿੱਤੇ ਗਏ ਸਨ।ਇਹਨਾਂ ਤੇ ਚੜ੍ਹਾਵਾ ਚੜ੍ਹਦਾ ਸੀ।ਕਿਸੇ ਨੇ ਆਟੇ ਕਿਸੇ ਨੇ ਲੱਕੜ ਦੇ ਆਦਮੀ ਦੇ ਕੱਦ ਵਰਗੇ ਬੁੱਤ ਬਣਾਏ ਗਏ ਸਨ।ਮੱਕੇ ਦੀ ਬਹੁਤ ਖ਼ੂਬਸੂਰਤ 'ਨਾਇਲਾ' ਨਾਮੀਂ ਕੁੜੀ ਨੰਗੀ ਹਾਲਤ ਵਿਚ ਕਾਅਬੇ ਦਾ ਤਵਾਫ਼ ਕਰਿਆ ਕਰਦੀ ਸੀ।ਉਸ ਦੇ ਮਰਨ ਪਿੱਛੋਂ ਤਵਾਫ਼ ਕਰਕੇ

ਨਾਇਲਾ ਅਤੇ ਅਸਾਫ਼ ਦੇ ਬੁੱਤਾਂ ਨੂੰ ਚੁੰਮਦੇ ਸਨ। ਜੁਮੇ (ਸ਼ੁਕਰਵਾਰ) ਵਾਲੇ ਦਿਨ ਕਾਅਬ ਬਿਨ ਲਵੀ ਲੋਕਾਂ ਨੂੰ ਇੱਕਠਾ ਕਰਕੇ ਖ਼ੁਤਬਾ (ਧਾਰਮਿਕ ਭਾਸ਼ਣ) ਦਿੰਦਾ ਜਿਸ ਵਿਚ ਰੱਬ ਦੀ ਵਡਿਆਈ ਦੀਆਂ ਗੱਲਾਂ ਕਰਦਾ ਕਿ ਸੂਰਜ, ਚੰਨ ਇਹ ਸਭ ਰੱਬ ਦੇ ਬਣਾਏ ਹੋਏ ਹਨ। ਲੋਕਾਂ ਨੂੰ ਰਹਿਮ ਦਿਲੀ ਲਈ ਆਖਦਾ ਅਤੇ ਫ਼ਰਮਾਉਂਦਾ ਕਿ ਮੇਰੀ ਔਲਾਦ 'ਚੋਂ ਇਕ ਨਬੀ ਪੈਦਾ ਹੋਵੇਗਾ ਉਸ ਦੀ ਪੈਰਵੀ ਕਰਨਾ। ਇਹੋ ਹੱਕ ਸੱਚ ਦਾ ਹੋਕਾ ਕਾਅਬ ਨੇ ਅਬੀ ਕੈਸ ਪਹਾੜੀ 'ਤੇ ਚੜ੍ਹ ਕੇ ਰੱਬੀ ਆਦੇਸ਼ਾਂ ਅਨੁਸਾਰ ਲਾਇਆ ਸੀ। ਖ਼ਾਨਾ-ਕਾਅਬਾ ਦੀ ਜ਼ਿਆਰਤ ਲਈ ਦੂਰੋਂ ਨੇੜਿਉਂ ਲੋਕੀ ਪੈਦਲ ਅਤੇ ਊਠਾਂ ਦੀਆਂ ਸਵਾਰੀਆਂ 'ਤੇ ਆਉਂਦੇ ਸਨ। ਲੰਮਾ ਸਫ਼ਰ ਅਤੇ ਰੇਗਿਸਤਾਨੀ ਇਲਾਕਾ ਹੋਣ ਕਾਰਨ ਸਵਾਰੀਆਂ ਨੂੰ ਉਹਨੀ ਦਿਨੀਂ ਬਹੁਤ ਮੁਸ਼ਕਲਾਂ ਪੇਸ਼ ਆਉਂਦੀਆਂ ਸਨ। ਹਜ਼ਰਤ ਈਸਾ (ਅਲੈ.) ਤੋਂ ਬਾਅਦ ਵੀ ਹੱਜ ਦੀ ਰਸਮ ਲੋਕਾਂ 'ਚ ਪ੍ਰਚੱਲਤ ਸੀ। ਡਾ. ਮੁਹੰਮਦ ਇਕਬਾਲ ਨੇ ਖ਼ਾਨਾ-ਕਾਅਬਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ:-

'ਦੁਨੀਆ ਕੇ ਬੁਤਕਦੇ ਮੇਂ ਪਹਿਲਾ ਵੋਹ ਘਰ ਖ਼ੁਦਾ ਕਾ'

ਭੂਗੋਲਿਕ ਅਤੇ ਧਾਰਮਿਕ ਤੌਰ 'ਤੇ ਕੇਂਦਰੀ ਹੈਸੀਅਤ ਦੇ ਧਾਰਨੀ ਇਸ ਸਥਾਨ ਨਾਲ ਲੋਕਾਈ ਦਾ ਰਾਬਤਾ ਜੁੜਿਆ ਰਿਹਾ ਹੈ। ਹਜ਼ਰਤ ਮੁਹੰਮਦ (ਸ.) ਦੀ ਆਮਦ ਦੀ ਸੂਚਨਾ ਇਹਨਾਂ ਆਇਤਾਂ ਤੋਂ ਮਿਲਦੀ ਹੈ: 'ਅਤੇ ਯਾਦ ਕਰੋ ਜਦੋਂ ਹਜ਼ਰਤ ਇਬਰਾਹੀਮ (ਅਲੈ.) ਅਤੇ ਹਜ਼ਰਤ ਇਸਮਾਈਲ (ਅਲੈ.) ਉਸ ਘਰ ਦੀਆਂ ਦੀਵਾਰਾਂ ਬਣਾ ਰਹੇ ਸਨ ਤਾਂ ਦੁਆ ਕਰ ਰਹੇ ਸਨ ਕਿ ਐ ਅੱਲਾਹ! ਇਹਨਾਂ ਲੋਕਾਂ ਲਈ ਖ਼ੁਦ ਇਹਨਾਂ ਦੀ ਕੌਮ 'ਚੋਂ ਹੀ ਇਕ ਰਸੂਲ ਭੇਜਣਾ, ਜੋ ਇਹਨਾਂ ਨੂੰ ਤੇਰੀਆਂ ਆਇਤਾਂ ਸੁਣਾਵੇ। ਇਹਨਾਂ ਨੂੰ ਕਿਤਾਬ ਅਤੇ ਹਿਕਮਤ ਦੀ ਤਾਲੀਮ ਦੇਵੇ ਅਤੇ ਇਹਨਾਂ ਦੀਆਂ ਜ਼ਿੰਦਗੀਆਂ ਨੂੰ ਸੰਵਾਰੇ।' (ਸੂਰਤ ਬਕਰਹ ਨੰ:129)

ਹਜ਼ਰਤ ਈਸਾ (ਅਲੈ.) ਨੇ ਵੀ ਆਪ (ਸ.) ਦੀ ਆਮਦ ਬਾਰੇ ਫ਼ਰਮਾਇਆ ਸੀ ਕੁਰਆਨ ਸ਼ਰੀਫ਼: "ਐ ਬਨੀ ਇਸਰਾਈਲ (ਇਸਰਾਈਲ ਦੀ ਔਲਾਦ) ਮੈਂ ਤੁਹਾਡੇ ਵੱਲ ਅੱਲਾਹ ਦਾ ਭੇਜਿਆ ਹੋਇਆ ਰਸੂਲ ਹਾਂ, ਤਸਦੀਕ ਕਰਨ ਵਾਲਾ ਹਾਂ, ਉਸ ਤੌਰਾਤ ਦੀ ਜੋ ਮੈਥੋਂ ਪਹਿਲਾਂ ਆਈ ਅਤੇ ਖ਼ੁਸ਼ਖ਼ਬਰੀ ਦੇਣ ਵਾਲਾ ਹਾਂ ਇਕ ਰਸੂਲ ਦੀ ਜੋ ਮੇਰੇ ਤੋਂ ਪਿੱਛੋਂ ਆਏਗਾ ਅਤੇ ਜਿਸ ਦਾ ਨਾਂ ਅਹਿਮਦ ਹੋਵੇਗਾ।" (ਸੂਰਤ ਅਸ-ਸੱਫ਼:6)

ਹੱਜ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਭਾਵ ਅਰਥ ਮੱਕੇ ਦੀ ਯਾਤਰਾ ਜਾਂ ਇਬਾਦਤ ਦੀ ਨੀਯਤ ਨਾਲ ਕਾਅਬੇ ਦਾ ਤਵਾਫ਼ (ਪਰਿਕਰਮਾ) ਕਰਨਾ ਹੈ। ਸਾਧਾਰਨ ਸ਼ਬਦਾਂ ਵਿਚ ਹੱਜ ਨੂੰ ਜ਼ਿਆਰਤ, ਮੱਕੇ ਦਾ ਹੱਜ ਅਤੇ ਮੱਕੇ ਦਾ ਪਾਕ

ਸਫ਼ਰ ਵੀ ਆਖਿਆ ਜਾਂਦਾ ਹੈ। ਇਸਲਾਮ ਅਨੁਸਾਰ ਹੱਜ ਨੌ ਹਿਜਰੀ ਨੂੰ ਫ਼ਰਜ਼ ਹੋਇਆ। ਮੁਸਲਮਾਨ ਜ਼ਿਲ-ਹਿੱਜਾ (ਅਰਬੀ ਕੈਲੰਡਰ ਦਾ ਬਾਰ੍ਹਵਾਂ ਮਹੀਨਾ) ਨੂੰ ਮੱਕਾ ਸ਼ਹਿਰ ਵਿਖੇ ਜਾ ਕੇ ਹੱਜ ਦੀ ਫ਼ਰਜ਼ ਇਬਾਦਤ ਅਦਾ ਕਰਦੇ ਹਨ। ਕਾਅਬਾ ਭਾਵ ਚੌਰਸ ਘਰ ਅਰਥਾਤ ਅੱਲਾਹ ਦਾ ਉਹ ਚੌਰਸ ਘਰ ਜਿਸ ਦੇ ਸ਼ਬਦੀ ਅਰਥ ਬੁਲੰਦ ਅਤੇ ਉੱਚੇ ਦੇ ਹਨ ਕਿਉਂਕਿ ਕਾਅਬੇ ਦੀ ਇਮਾਰਤ ਜ਼ਮੀਨ ਦੇ ਪੱਧਰ ਨਾਲੋਂ ਉੱਚੀ ਹੈ।

ਅਰਬ ਦੇਸ਼ ਦਾ ਵੱਡਾ ਹਿੱਸਾ ਪਹਾੜੀ ਅਤੇ ਰੇਤੀਲਾ ਹੈ। ਵਿਚਕਾਰਲਾ ਹਿੱਸਾ ਬੰਜਰ ਅਤੇ ਵੀਰਾਨ ਹੈ। ਕਿਨਾਰਿਆਂ ਤੇ ਹਰਿਆਲੀ ਅਤੇ ਖ਼ੁਸ਼ਹਾਲੀ ਹੈ। ਇਸੇ ਕਰਕੇ ਇੱਥੇ ਲੋਕਾਂ ਦੀ ਸੰਘਣੀ ਆਬਾਦੀ ਹੈ। ਮੱਕੇ ਦੇ ਇਕ ਪਾਸੇ ਹਿੰਦ ਮਹਾਂਸਾਗਰ, ਦੂਜੇ ਪਾਸੇ ਈਰਾਨ ਦੀ ਖਾੜੀ, ਤੀਜੇ ਪਾਸੇ ਲਾਲ ਸਮੁੰਦਰ ਦੇ ਕਿਨਾਰੇ ਹਿਜਾਜ਼ ਤੋਂ ਅਦਨ ਦੀ ਖਾੜੀ ਤੱਕ ਫੈਲਿਆ ਹੋਇਆ ਹੈ।

ਕੁਰਆਨ ਸ਼ਰੀਫ਼ 'ਚ ਮੱਕਾ ਅਤੇ ਬੱਕਾ ਦੋਵੇਂ ਨਾਮ ਪ੍ਰਯੁਕਤ ਹੋਏ ਹਨ ਜਿਹਨਾਂ ਦਾ ਭਾਵ ਅਰਥ ਇੱਕੋ ਹੀ ਹੈ। ਬੱਕਾ ਦਾ 'ਬ' ਬਦਲ ਕੇ ਮੱਕਾ ਬਣ ਗਿਆ। ਰਿਵਾਇਤ ਹੈ ਕਿ ਮੱਕਾ ਸ਼ਬਦ ਮੱਕ ਤੋਂ ਬਣਿਆ ਹੈ ਜਿਸ ਦੇ ਅਰਥ ਜਜ਼ਬ ਕਰਨ ਦੇ ਹਨ। ਕਾਅਬਾ ਲੋਕਾਂ ਦੇ ਗੁਨਾਹਾਂ ਨੂੰ ਜਜ਼ਬ ਕਰ ਲੈਂਦਾ ਹੈ। ਮੱਕਾ ਸ਼ਬਦ ਦਾ ਇਕ ਅਰਥ ਉਹ ਥਾਂ ਜਿੱਥੇ ਪਾਣੀ ਦੀ ਘਾਟ ਹੋਵੇ, ਵੀ ਹੈ ਅਤੇ ਇਸ ਤੋਂ ਭਾਵ ਜ਼ਾਲਮ ਨੂੰ ਨਸ਼ਟ ਕਰਨਾ ਵੀ ਹੈ। ਇਹ ਉਮੁੱਲ ਕੁਰ (ਸਫ਼ਾਈ, ਸੁਥਰਾਈ, ਵਡਿਆਈ ਅਤੇ ਪਵਿੱਤਰਤਾ) ਵਾਲਾ ਸ਼ਹਿਰ ਹੈ। ਤਾਰੀਖ਼-ਏ-ਮੱਕਾ ਵਿਚ ਇਸ ਦੇ ਛਪੰਜਾ ਨਾਂ ਮਿਲਦੇ ਹਨ। ਇਹ ਸ਼ਹਿਰ ਸਮੁੰਦਰੀ ਤੱਟ ਤੋਂ ਤਿੰਨ ਸੌ ਤੀਹ ਮੀਟਰ ਦੀ ਉੱਚਾਈ 'ਤੇ ਸਥਿਤ ਹੈ। ਇੱਥੇ ਦੇ ਲੋਕਾਂ ਦਾ ਪੁਰਾਣਾ ਪੇਸ਼ਾ ਕੱਪੜਾ, ਅਨਾਜ, ਚਮੜਾ, ਖ਼ੁਸ਼ਕ ਮੇਵੇ ਅਤੇ ਖ਼ੁਸ਼ਬੂ ਆਦਿ ਦੇ ਵਪਾਰ ਨਾਲ ਸਬੰਧਿਤ ਰਿਹਾ ਹੈ। ਇਸ ਸ਼ਹਿਰ 'ਚ ਪ੍ਰਵੇਸ਼ ਕਰਨ ਲਈ ਤਿੰਨ ਰਸਤੇ ਹਨ ਜੋ ਦਰਵਾਜ਼ਿਆਂ ਦੀ ਸ਼ਕਲ 'ਚ ਬਣੇ ਹੋਏ ਹਨ। ਪਹਾੜਾਂ ਦੇ ਵਿਚਕਾਰ ਵਸਿਆ ਹੋਇਆ ਮੱਕਾ ਸ਼ਹਿਰ ਕੁਦਰਤੀ ਖਿੱਚ ਦਾ ਕੇਂਦਰ ਹੈ। ਇੱਥੋਂ ਦਾ ਮੌਸਮ ਬਦਲਦਾ ਰਹਿੰਦਾ ਹੈ। ਪੌਣ-ਪਾਣੀ ਗਰਮ ਖੁਸ਼ਕ ਹੈ। ਡਾ. ਐਚ. ਬੀ. ਖਾਨ (ਸ਼ਾਹਰਾਹ-ਏ-ਮੱਕਾ, ਪੰਨਾ 44 'ਤੇ) ਲਿਖਦੇ ਹਨ: "ਇਹ ਸ਼ਹਿਰ ਖੁਸ਼ਕ ਪਹਾੜੀਆਂ ਨਾਲ ਘਿਰਿਆ ਹੋਇਆ ਹੈ ਜਿਸ ਦੀ ਉੱਚਾਈ 200 ਤੋਂ 600 ਫੁੱਟ ਤੱਕ ਹੈ ਅਤੇ ਇਹ ਪਹਾੜ ਕੁਦਰਤੀ ਪਨਾਹ ਦਾ ਕੰਮ ਵੀ ਦਿੰਦੇ ਹਨ।"

ਮੱਕੇ ਸ਼ਹਿਰ 'ਚ ਬਣੇ ਹੋਏ ਖੁੱਲ੍ਹੇ-ਡੁੱਲ੍ਹੇ ਮਕਾਨ ਸ਼ਹਿਰ ਦੀ ਸੁੰਦਰਤਾ 'ਚ ਵਾਧਾ ਕਰਦੇ ਹਨ। ਸਾਫ਼ ਸੁਥਰੀਆਂ ਚੌੜੀਆਂ ਸੜਕਾਂ ਆਪਣੀ ਮਿਸਾਲ ਆਪ

ਹਨ। ਅਰਬ ਵਾਲਿਆਂ ਦੀ ਬੋਲੀ ਅਰਬੀ ਅਤੇ ਕਰੰਸੀ ਰਿਆਲ ਹੈ। ਇੱਥੇ ਦੇ ਜਾਨਵਰਾਂ 'ਚੋਂ ਊਠ, ਘੋੜੇ, ਖੱਚਰ ਅਤੇ ਗਧੇ ਵਿਸ਼ਵ ਭਰ ਵਿਚ ਪ੍ਰਸਿੱਧ ਹਨ। ਅਰਬ ਦੇ ਲੋਕਾਂ ਦਾ ਲਿਬਾਸ ਖੁੱਲ੍ਹਾ ਡੁੱਲ੍ਹਾ, ਲੰਮਾ ਅਤੇ ਬਾਇੱਜ਼ਤ ਹੈ। ਤੰਗ ਅਤੇ ਚੁਸਤ ਲਿਬਾਸ ਨੂੰ ਪਸੰਦ ਨਹੀਂ ਕਰਦੇ। ਕੱਪੜੇ ਦੀ ਕਿਸਮ ਹੈਸੀਅਤ ਅਨੁਸਾਰ ਅਤੇ ਰੰਗ ਮੌਸਮ ਅਨੁਸਾਰ ਪਸੰਦ ਕਰਦੇ ਹਨ। ਚਿੱਟੇ ਰੰਗ ਨੂੰ ਵਧੇਰੇ ਪਸੰਦ ਕਰਦੇ ਹਨ। ਸੁਰਮਾ, ਖ਼ੁਸ਼ਬੂ ਅਤੇ ਦਾਤਣ (ਬਣ ਦੀ ਜੜ ਦੀ) ਦਾ ਜ਼ਿਆਦਾ ਪ੍ਰਯੋਗ ਕਰਦੇ ਹਨ। ਇਹਨਾਂ ਦੇ ਪਕਵਾਨ ਨਫ਼ੀਸ ਅਤੇ ਭਾਂਤ-ਭਾਂਤ ਦੇ ਹੁੰਦੇ ਹਨ। ਮਹਿਮਾਨ-ਨਵਾਜ਼ੀ ਵਿਚ ਅਰਬੀ ਲੋਕ ਬਹੁਤ ਮਸ਼ਹੂਰ ਹਨ। ਇਥੇ ਕਿੰਨੂ, ਮਾਲਟਾ ਅਤੇ ਖ਼ਜ਼ੂਰ ਦੇ ਬਾਗ਼ ਬਹੁਤ ਜ਼ਿਆਦਾ ਹਨ।

ਖ਼ਾਨਾ-ਕਾਅਬਾ ਦੇ ਚਾਰ ਕੋਨੇ ਹਨ: ਰੁਕਨ--ਏ-ਯਮਾਨੀ-ਜੋ ਯਮਨ ਵੱਲ ਹੈ, ਰੁਕਨ-ਏ-ਸ਼ਾਮੀ-ਜੋ ਸੀਰੀਆ ਵੱਲ ਹੈ, ਰੁਕਨ-ਏ-ਇਰਾਕੀ-ਜੋ ਇਰਾਕ ਵੱਲ ਹੈ, ਮੀਜ਼ਬ-ਏ-ਰਹਿਮਤ-ਜਿਧਰ ਖ਼ਾਨਾ-ਕਾਅਬਾ ਦਾ ਪਰਨਾਲਾ ਹੈ। ਹੱਜ ਇਸਲਾਮ ਦਾ ਪੰਜਵਾਂ ਰੁਕਨ ਹੈ ਜੋ ਸਿਰਫ਼ ਸਮਰੱਥ ਮੁਸਲਮਾਨ (ਜੋ ਹੱਜ ਦੇ ਸਫ਼ਰ ਦਾ ਆਉਣ-ਜਾਣ ਦਾ ਖ਼ਰਚ ਅਤੇ ਘਰ ਵਾਲਿਆਂ ਲਈ ਪ੍ਰਬੰਧ ਕਰ ਸਕਣ) 'ਤੇ ਉਮਰ 'ਚ ਇਕ ਵਾਰੀ ਅਦਾ ਕਰਨਾ ਫ਼ਰਜ਼ ਹੈ। ਇਕੱਲੀਆਂ ਔਰਤਾਂ ਲਈ ਆਪਣੇ ਮਹਿਰਮ (ਨਜ਼ਦੀਕੀ ਰਿਸ਼ਤੇਦਾਰ ਜਿਸ ਨਾਲ ਨਿਕਾਹ ਕਰਨਾ ਹਰਾਮ ਹੋਵੇ) ਨੂੰ ਨਾਲ ਲੈ ਕੇ ਜਾਣਾ ਜ਼ਰੂਰੀ ਹੈ।

ਹੱਜ ਰੱਬੀ ਇਸ਼ਕ ਅਤੇ ਸੱਚੀ ਮੁਹੱਬਤ ਦੀ ਨਿਸ਼ਾਨੀ ਹੈ। ਹੱਜ ਤੋਂ ਭਾਵ ਸਮੁੱਚੇ ਰੂਪ ਵਿਚ ਨਿਸ਼ਚਿਤ ਦਿਨਾਂ 'ਚ ਨਿਰਧਾਰਤ ਨਿਯਮਾਂ ਅਨੁਸਾਰ ਮੱਕਾ ਅਤੇ ਮਦੀਨਾ ਦੀ ਜ਼ਿਆਰਤ ਕਰਨਾ ਹੈ। ਵਿਧੀਵਤ ਢੰਗ ਨਾਲ ਆਪਣੇ ਮਾਲਕ-ਏ-ਹਕੀਕੀ ਦੇ ਦਰਬਾਰ 'ਚ ਹਾਜ਼ਰ ਹੋ ਕੇ ਕੁਝ ਇਬਾਦਤਾਂ ਅਤੇ ਦੁਆਵਾਂ ਕਰਨ ਦਾ ਨਾਂ ਹੱਜ ਹੈ। ਹੱਜ ਵਿਭਿੰਨ ਦੇਸ਼ਾਂ ਦੇ ਮੁਸਲਮਾਨਾਂ ਵਿਚਕਾਰ ਆਪਸੀ ਸਾਂਝ ਦਾ ਅਤਿਅੰਤ ਪ੍ਰਭਾਵਸ਼ਾਲੀ ਵਸੀਲਾ ਹੈ। ਛੋਟਾ ਹੱਜ ਜਿਸ ਵਿਚ ਮਿਨਾ, ਅਰਫ਼ਾਤ, ਮੁਜ਼ਦਲਿਫ਼ਾ, ਕੁਰਬਾਨੀ ਰਮੀ ਅਤੇ ਜਮਰਾਤ ਆਦਿ ਦੀਆਂ ਰਸਮਾਂ ਨਹੀਂ ਹੁੰਦੀਆਂ, ਉਮਰਾ ਕਹਿੰਦੇ ਹਨ। ਉਮਰਾ ਸਾਲ ਵਿਚ ਕਿਸੇ ਵੀ ਮਹੀਨੇ ਅਦਾ ਕੀਤਾ ਜਾ ਸਕਦਾ ਹੈ। ਪਰੰਤੂ ਇਹ ਅਸਲ ਹੱਜ ਦਾ ਬਦਲ ਨਹੀਂ ਹੈ। ਹੱਜ ਬਾਰੇ ਕੁਰਆਨ ਸ਼ਰੀਫ਼ ਵਿਚ ਅੱਲਾਹ ਦਾ ਇਰਸ਼ਾਦ ਹੈ:

'ਬੇਸ਼ੱਕ ਸਭ ਤੋਂ ਪਹਿਲੀ ਇਬਾਦਤਗਾਹ ਜੋ ਮਾਨਵਜਾਤੀ ਲਈ ਬਣਾਈ ਗਈ ਹੈ, ਉਹ ਉਹੀ ਹੈ ਜੋ ਮੱਕਾ ਵਿਖੇ ਹੈ। ਇਸ ਨੂੰ ਭਲਾਈ ਅਤੇ ਬਰਕਤ ਪ੍ਰਦਾਨ ਕੀਤੀ ਗਈ ਹੈ ਅਤੇ ਸਮੂਹ ਸੰਸਾਰ ਵਾਸੀਆਂ ਲਈ ਇਸਨੂੰ ਹਿਦਾਇਤ ਦਾ ਕੇਂਦਰ

ਬਣਾਇਆ ਗਿਆ ਹੈ। ਲੋਕਾਂ ਉਪਰ ਖ਼ੁਦਾ ਦਾ ਹੱਕ ਹੈ ਕਿ ਜੋ ਇਸ ਘਰ (ਖ਼ਾਨਾ-ਕਾਅਬਾ) ਤੱਕ ਪਹੁੰਚਣ ਦੀ ਸਮਰੱਥਾ ਰੱਖਦਾ ਹੋਵੇ, ਉਹ ਇਸਦਾ ਹੱਜ ਕਰੇ, ਜੇਕਰ ਲੋਕ ਅਜਿਹਾ ਨਾ ਕਰਨ ਤਾਂ ਅੱਲਾਹ ਲੋਕਾਂ ਤੋਂ ਬੇਨਿਆਜ਼ ਹੈ।'(ਸੂਰਤ ਆਲ-ਏ-ਇਮਰਾਨ: 96-97)

ਹਾਜੀਆਂ ਦੇ ਮੱਕਾ ਸ਼ਰੀਫ਼ ਵਿਚ ਪ੍ਰਵੇਸ਼ ਕਰਨ ਲਈ ਕੁਝ ਖ਼ਾਸ ਹੱਦਾਂ ਮੁਕੱਰਰ ਕੀਤੀਆਂ ਗਈਆਂ ਹਨ ਜਿਸ ਥਾਂ ਤੋਂ ਹਾਜੀ ਸਾਹਿਬਾਨ ਅਹਿਰਾਮ (ਅਣਸੀਤੇ ਕਪੜੇ) ਪਹਿਨ ਕੇ ਮੱਕਾ ਸ਼ਰੀਫ਼'ਚ ਦਾਖ਼ਲ ਹੁੰਦੇ ਹਨ, ਇਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਮਦੀਨੇ ਵਲੋਂ ਆਉਣ ਵਾਲੇ - ਬੀਰ-ਏ-ਅਲੀ (ਥਾਂ ਦਾ ਨਾਂ)
ਸੀਰੀਆ ਵਲੋਂ ਆਉਣ ਵਾਲੇ - ਜ਼ੋਹਫ਼ਾ
ਨਜਦ ਵਲੋਂ ਆਉਣ ਵਾਲੇ - ਕਰਨ
ਹਿੰਦੋਸਤਾਨ ਅਤੇ ਈਰਾਨ ਵਲੋਂ ਆਉਣ ਵਾਲੇ - ਯਾਲਮ ਯਾਲਮ

ਇਹਨਾਂ ਥਾਵਾਂ ਤੋਂ ਹਾਜੀਆਂ ਲਈ ਅਹਿਰਾਮ ਪਹਿਣ ਕੇ ਆਉਣਾ ਜ਼ਰੂਰੀ ਹੈ।ਭਾਰਤੀ ਲੋਕ ਆਮ ਤੌਰ 'ਤੇ ਦਿੱਲੀ ਏਅਰ ਪੋਰਟ 'ਤੇ ਹੀ ਹੱਜ ਜਾਂ ਉਮਰੇ ਦੀ ਨੀਯਤ ਕਰ ਕੇ ਅਹਿਰਾਮ ਪਹਿਨ ਲੈਂਦੇ ਹਨ।ਹੱਜ/ਉਮਰਾ ਦੀ ਨੀਯਤ ਇਸ ਪ੍ਰਕਾਰ ਕੀਤੀ ਜਾਂਦੀ ਹੈ: 'ਅੱਲਾ-ਹੁੰਮਾ ਇੰਨੀ ਉਰੀਦੁਲ ਹੱਜ/ਉਮਰਾਤਾ ਫ਼ਾ ਯੱਸਿਰ ਹੂ ਲੀ ਵ ਤਾ ਕੱਬਾਲਾਹੁ ਮਿੰਨੀ' (ਅਰਥਾਤ ਐ ਅੱਲਾਹ! ਮੈਂ ਹੱਜ/ਉਮਰੇ ਦਾ ਇਰਾਦਾ ਕਰਦਾ ਹਾਂ, ਇਸ ਨੂੰ ਮੇਰੇ ਲਈ ਲਈ ਅਸਾਨ ਫ਼ਰਮਾਉਣਾ ਅਤੇ ਕਬੂਲ ਫ਼ਰਮਾਉਣਾ'।

ਅਹਿਰਾਮ ਦੀਆਂ ਦੋ ਚੱਦਰਾਂ ਚੋਂ ਇਕ ਧੋਤੀ ਵਾਂਗ ਗੱਠ ਦਿੱਤੇ ਬਗ਼ੈਰ ਪਹਿਨੀ ਜਾਂਦੀ ਹੈ ਅਤੇ ਦੂਜੀ ਚਾਦਰ ਨੂੰ ਸਿਰ ਸਮੇਤ ਉਪਰ ਲੈ ਲਿਆ ਜਾਂਦਾ ਹੈ।ਅਹਿਰਾਮ ਦੀ ਹਾਲਤ ਚ ਨੀਯਤ ਕਰਨ ਤੋਂ ਬਾਅਦ ਹੇਠ ਲਿਖੀਆਂ ਗੱਲਾਂ ਮਨ੍ਹਾਂ ਹਨ।(ੳ) ਸਿਲਿਆ ਹੋਇਆ ਕੱਪੜਾ-ਸਿਰਫ਼ ਮਰਦਾਂ ਲਈ।(ਅ) ਸਿਰ ਅਤੇ ਚਿਹਰੇ ਦਾ ਨਾ ਢਕਣਾ-ਔਰਤਾਂ ਸਿਰਫ਼ ਮੂੰਹ ਨੰਗਾ ਰਖ ਸਕਦੀਆਂ ਹਨ।(ੲ) ਖ਼ੁਸ਼ਬੂ ਦਾ ਇਸਤੇਮਾਲ ਕਰਨਾ (ਸ) ਖ਼ੁਸ਼ਕੀ ਵਾਲੇ ਜਾਨਵਰਾਂ ਦਾ ਸ਼ਿਕਾਰ ਕਰਨਾ (ਖ) ਪਤੀ ਪਤਨੀ ਵਾਲੇ ਸਬੰਧ (ਸੰਭੋਗ ਆਦਿ) ਕਰਨਾ।

ਅਹਿਰਾਮ ਪਹਿਨਣ ਉਪਰੰਤ ਮਰਦ ਉੱਚੀ ਅਤੇ ਔਰਤਾਂ ਧੀਮੀ ਅਵਾਜ਼ ਵਿਚ ਤਲਬੀਆ (ਇਕ ਵਿਸ਼ੇਸ਼ ਜ਼ਿਕਰ) ਪੜ੍ਹਦੇ ਹਨ: 'ਲੱਬੈਕ ਅੱਲਾ-ਹੁੰਮਾ ਲੱਬੈਕ, ਲੱਬੈਕਾ ਲਾ ਸ਼ਰੀਕਾ ਲਾਕਾ ਲੱਬੈਕ, ਇੰਨਲ ਹਮਦਾ ਵੰਨਿਅਮਤਾ ਲਾਕਾ ਵਲ ਮੁਲਕ, ਲਾ ਸ਼ਰੀਕਾ ਲਕ' (ਅਰਥਾਤ ਮੈਂ ਹਾਜ਼ਰ ਹਾਂ, ਐ ਅੱਲਾਹ! ਮੈਂ ਹਾਜ਼ਰ ਹਾਂ, ਤੇਰਾ

ਕੋਈ ਸ਼ਰੀਕ ਨਹੀਂ, ਬੇਸ਼ੱਕ ਸਾਰੀਆਂ ਤਾਰੀਫ਼ਾਂ ਅਤੇ ਨਿਅਮਤਾਂ ਤੇਰੇ ਲਈ ਹੀ ਹਨ ਅਤੇ ਸਾਰੀ ਬਾਦਸ਼ਾਹੀਂ ਵੀ, ਤੇਰਾ ਕੋਈ ਸ਼ਰੀਕ ਨਹੀਂ)

ਇਸੇ ਹ਼ਾਲਤ ਵਿਚ ਉਪਰੋਕਤ ਜ਼ਿਕਰ ਕਰਦਿਆਂ ਮੱਕਾ ਸ਼ਰੀਫ਼ ਪਹੁੰਚਿਆ ਜਾਂਦਾ ਹੈ।ਮੱਕਾ ਸ਼ਰੀਫ਼ ਪਹੁੰਚ ਕੇ ਬਾਬ-ਉਸ-ਸਲਾਮ (ਸਲਾਮਤੀ ਵਾਲੇ ਦਰਵਾਜ਼ੇ) ਰਾਹੀਂ ਪ੍ਰਵੇਸ਼ ਕੀਤਾ ਜਾਂਦਾ ਹੈ।ਪਹਿਲਾਂ ਸਫ਼ਾ ਮਰਵ੍ਹਾ ਵਾਲਾ ਵਰਾਂਡਾ ਆਉਂਦਾ ਹੈ।ਇਸ ਪਿੱਛੋਂ ਦੂਜਾ ਲੰਬਾ ਚੌੜਾ ਵਰਾਂਡਾ ਆਉਂਦਾ ਹੈ।ਖ਼ਾਨਾ-ਕਾਅਬਾ 'ਤੇ ਪਹਿਲੀ ਨਜ਼ਰ ਪੈਂਦਿਆ ਹੀ ਰੋ ਰੋ ਕੇ ਦੁਆਵਾਂ ਕੀਤੀਆ ਜਾਂਦੀਆ ਹਨ।ਦੁਆ ਪਿੱਛੋਂ ਅੱਗੇ ਵੱਧ ਕੇ ਮੁਤਾਫ਼ (ਜਿੱਥੇ ਤਵਾਫ਼ ਕੀਤਾ ਜਾਂਦਾ ਹੈ) 'ਚ ਦਾਖ਼ਲ ਹੋਇਆ ਜਾਂਦਾ ਹੈ।ਖ਼ਾਨਾ-ਕਾਅਬਾ ਦੇ ਪੂਰਬ ਵੱਲ ਹਜਰ-ਏ-ਅਸਵਦ ਦੀ ਸੇਧ 'ਚ ਇਕ ਲਾਲ ਜਿਹੀ ਪੱਟੀ ਫ਼ਰਸ਼ ਤੇ ਬਣੀ ਹੋਈ ਹੈ।ਇਸ ਪੱਟੀ 'ਤੇ ਖੜ੍ਹ ਕੇ ਖ਼ਾਨਾ-ਕਾਅਬਾ ਦੇ ਸੱਤ ਚੱਕਰਾਂ ਦੀ ਨੀਯਤ ਕੀਤੀ ਜਾਂਦੀ ਹੈ।

'ਐ ਅੱਲਾਹ! ਮੈਂ ਤੇਰੇ ਘਰ ਦੇ ਤਵਾਫ਼ ਦੇ ਸੱਤ ਚੱਕਰਾਂ ਦੀ ਨੀਯਤ ਕਰਦਾ ਹਾਂ, ਮੇਰੇ ਲਈ ਅਸਾਨ ਫ਼ਰਮਾ ਅਤੇ ਕਬੂਲ ਫ਼ਰਮਾ।' ਇਸ ਪਿੱਛੋਂ ਬਿਸਮਿੱਲਾਹੀ ਅੱਲਾਹੂ ਅਕਬਰ' (ਸ਼ੁਰੂ ਅੱਲਾਹ ਦੇ ਨਾਂ ਨਾਲ ਜੋ ਸੱਭ ਤੋਂ ਵੱਡਾ ਹੈ) ਕਹਿ ਕੇ ਸਿੱਧੇ ਹੱਥ ਪੱਥਰ ਭਾਵ ਹਜਰ-ਏ-ਅਸਵਦ ਵੱਲ ਚੁਕ ਕੇ ਚੁੰਮ ਲਏ ਜਾਂਦੇ ਹਨ ਅਤੇ ਤੀਸਰਾ ਕਲਮਾ ਪੜ੍ਹ ਕੇ ਤਵਾਫ਼ ਸ਼ੁਰੂ ਕਰ ਦਿੱਤਾ ਜਾਂਦਾ ਹੈ।ਭਾਵੇਂ ਤਵਾਫ਼ ਸਾਰੇ ਧਰਮਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਕੀਤਾ ਜਾਂਦਾ ਹੈ ਪਰ ਇੱਥੇ ਇਹ ਪਰਿਕਰਮਾ ਐਂਟੀ ਕਲਾਕ (ਭਾਵ ਦਿਲ ਖ਼ਾਨਾ ਕਾਅਬਾ ਵੱਲ ਰਹੇ) ਕੀਤਾ ਜਾਂਦਾ ਹੈ।ਤਵਾਫ਼ ਕਰਦਿਆਂ ਦਿਲ ਵਾਲੀ ਸਾਈਡ ਅਰਥਾਤ ਖੱਬਾ ਪਾਸਾ, ਖ਼ਾਨਾ-ਕਾਅਬਾ ਵੱਲ ਰਹਿਣਾ ਜ਼ਰੂਰੀ ਹੈ।ਰੁਕਨ-ਏ-ਯਮਾਨੀ ਕੋਲ ਜਾ ਕੇ ਇਹ ਦੁਆ ਪੜ੍ਹੀ ਜਾਂਦੀ ਹੈ:'ਰੱਬਾ-ਨਾ-ਆਤਿ-ਨਾ ਫ਼ਿੱਦੁਨੀਆ ਹਾਸਾ-ਨਾ ਤੰਵ ਵ ਫ਼ਿਲ ਆਖ਼ਿਰਾਤੀ-ਹਾਸਾਨਾਤੰਵ ਵਕਿਨਾ ਅਜ਼ਾਬੰਨਾਰ, ਯਾ ਅਜ਼ੀਜ਼ੋ ਯਾ ਗ਼ੱਫ਼ਾਰ ਯਾ ਰੱਬ-ਇਲ ਆਲਾਮੀਨ।'

ਪਹਿਲੇ ਤਿੰਨ ਚੱਕਰ ਕੁੱਝ ਤੇਜ਼ੀ ਨਾਲ ਜਿਸ ਨੂੰ ਰਮਲ ਆਖਦੇ ਹਨ, ਸਿਰਫ਼ ਆਦਮੀਆਂ ਲਈ ਕੁੱਝ ਤੇਜ਼ ਚੱਲ ਕੇ ਲਾਉਣੇ ਪੈਂਦੇ ਹਨ।ਸੱਜਾ ਮੋਢਾ ਨੰਗਾ ਰਖ ਕੇ ਸੱਤ ਚੱਕਰ ਲਗਾਏ ਜਾਂਦੇ ਹਨ।ਲੋੜ ਹੋਵੇ ਤਾਂ ਜ਼ਮਜ਼ਮ ਦਾ ਪਾਣੀ ਪੀ ਲਿਆ ਜਾਂਦਾ ਹੈ।ਇਹ ਖ਼ਾਨਾ-ਕਾਅਬਾ ਦੇ ਕੋਲ ਇਕ ਕੁਦਰਤੀ ਚਸ਼ਮਾ ਹੈ ਜਿਸ ਵਿਚੋਂ ਨਿਕਲਣ ਵਾਲੇ ਪਾਣੀ ਨੂੰ ਆਬ-ਏ-ਜ਼ਮ ਜ਼ਮ ਕਹਿੰਦੇ ਹਨ।ਇਸ ਨੂੰ ਜ਼ਮਾਇਮ ਵੀ ਕਿਹਾ ਜਾਂਦਾ ਹੈ ਜਿਸ ਦੇ ਅਰਥ ਬਹੁਤ ਜ਼ਿਆਦਾ ਪਾਣੀ, ਗੁਣਗੁਣਾਹਟ ਦੇਣ ਵਾਲਾ ਜਾਂ ਬਿੱਖਰੀ ਹੋਈ ਚੀਜ਼ ਨੂੰ ਵੀ ਜ਼ਮ-ਜ਼ਮ ਆਖਦੇ

ਹਨ। ਇਸ ਪਾਣੀ ਵਿਚ ਮੈਗਨੀਸ਼ੀਅਮ ਸਲਫ਼ੇਟ, ਸੋਡੀਅਮ, ਕੈਲਸ਼ੀਅਮ ਕਾਰਬੋਨੇਟ, ਸੋਡੀਅਮ ਕਲੋਰਾਈਡ, ਪੋਟਾਸ਼ੀਅਮ ਨਾਇਟਰੇਟ, ਹਾਈਡਰੋਜਨ ਸਲਫ਼ਾਈਟ ਆਦਿ ਪਾਏ ਜਾਂਦੇ ਹਨ।

ਤਵਾਫ਼ ਤੋਂ ਬਾਅਦ ਸਈ (ਸਫ਼ਾ ਮਰਵ੍ਹਾ ਪਹਾੜੀਆਂ ਵਿਚਕਾਰ ਸੱਤ ਚੱਕਰ ਲਾਉਣ ਦਾ ਭਾਵ) ਕੀਤੀ ਜਾਂਦੀ ਹੈ। ਨੀਯਤ ਇਸ ਤਰ੍ਹਾਂ ਕੀਤੀ ਜਾਂਦੀ ਹੈ:"ਐ ਅੱਲਾਹ! ਮੈਂ ਆਪ ਦੀ ਖ਼ੁਸ਼ੀ ਦੇ ਲਈ ਸਫ਼ਾ ਮਰਵ੍ਹਾ ਦੇ ਵਿਚਕਾਰ ਸਈ ਦੇ ਸੱਤ ਚੱਕਰਾਂ ਦੀ ਨੀਯਤ ਕਰਦਾ ਹਾਂ, ਇਸ ਨੂੰ ਮੇਰੇ ਲਈ ਅਸਾਨ ਫ਼ਰਮਾਉਣਾ ਅਤੇ ਕਬੂਲ ਫ਼ਰਮਾਉਣਾ।" ਸਫ਼ਾ ਪਹਾੜੀ 'ਤੇ ਚੜ੍ਹ ਕੇ ਖ਼ਾਨਾ-ਕਾਅਬਾ ਵੱਲ ਮੂੰਹ ਕਰਕੇ ਉਪਰੋਕਤ ਨੀਯਤ ਕੀਤੀ ਜਾਂਦੀ ਹੈ। ਦਰੂਦ ਸ਼ਰੀਫ਼ ਪੜ੍ਹ ਕੇ ਖੜ੍ਹੇ-ਖੜ੍ਹੇ ਹੀ ਦੁਆ ਕੀਤੀ ਜਾਂਦੀ ਹੈ। ਸਫ਼ਾ ਤੋਂ ਮਰਵ੍ਹਾ ਰੱਬ ਦਾ ਜ਼ਿਕਰ ਕਰਦਿਆਂ ਚਲਿਆ ਜਾਂਦਾ ਹੈ। ਜਦੋਂ ਹਰੀਆਂ ਲਾਇਟਾਂ ਵਾਲੇ ਥਮਲੇ ਆ ਜਾਂਦੇ ਹਨ ਤਾਂ ਆਦਮੀ ਇਹਨਾਂ ਵਿਚਕਾਰ ਕੁਝ ਤੇਜ਼ ਦੌੜਦੇ ਹੋਏ ਗੁਜ਼ਰਦੇ ਹਨ। ਇਹਨਾਂ ਥਮਲਿਆਂ ਵਿਚਕਾਰ ਇਹ ਦੁਆ ਪੜ੍ਹੀ ਜਾਂਦੀ ਹੈ: "ਐ ਅੱਲਾਹ! ਮੇਰੇ ਗੁਨਾਹਾਂ ਨੂੰ ਮੁਆਫ਼ ਫ਼ਰਮਾ, ਰਹਿਮ ਫ਼ਰਮਾ, ਤੂੰ ਬਹੁਤ ਹੀ ਇੱਜ਼ਤ ਵਾਲਾ ਤੇ ਕਰਮ ਫ਼ਰਮਾਉਣ ਵਾਲਾ ਹੈ।"

ਜ਼ਿਕਰ ਕਰਦਿਆਂ ਮਰਵ੍ਹਾ ਪਹਾੜੀ 'ਤੇ ਪਹੁੰਚ ਕੇ ਤਿੰਨ ਵਾਰੀ ਅੱਲਾਹੂ ਅਕਬਰ (ਐ ਅੱਲਾਹ! ਤੂੰ ਸਭ ਤੋਂ ਵੱਡਾ ਹੈ) ਪੜ੍ਹਿਆ ਜਾਂਦਾ ਹੈ। ਚੌਥਾ ਕਲਮਾ ਅਤੇ ਦਰੂਦ ਸ਼ਰੀਫ਼ ਪੜ੍ਹ ਕੇ ਦੁਆ ਮੰਗੀ ਜਾਂਦੀ ਹੈ। ਇਸ ਤਰ੍ਹਾਂ ਮਰਵ੍ਹਾ ਤੋਂ ਸਫ਼ਾ ਵੱਲ ਚਲਿਆ ਜਾਂਦਾ ਹੈ। ਸਫ਼ਾ 'ਤੇ ਜਾ ਕੇ ਦੋ ਚੱਕਰ ਪੂਰੇ ਹੋ ਜਾਂਦੇ ਹਨ। ਇੰਝ ਕਰਦਿਆਂ ਸੱਤਵਾਂ ਚੱਕਰ ਮਰਵ੍ਹਾ ਤੇ ਆ ਕੇ ਪੂਰਾ ਹੋ ਜਾਂਦਾ ਹੈ। ਦੁਆ ਮੰਗਣ ਤੋਂ ਬਾਅਦ ਸਈ ਮੁਕੰਮਲ ਹੋ ਜਾਂਦੀ ਹੈ। ਸਈ ਪਿੱਛੋਂ ਬਾਹਰ ਨਿੱਕਲ ਕੇ ਨਾਈਆਂ ਦੀਆਂ ਦੁਕਾਨਾਂ 'ਤੇ ਜਾ ਕੇ ਆਪਣੇ ਵਾਲ ਕਟਵਾ ਜਾਂ ਮੁੰਨਵਾ ਲਏ ਜਾਂਦੇ ਹਨ। ਔਰਤਾਂ (ਸਿਰਫ਼ ਇੱਕ ਉਂਗਲੀ ਦੀ ਮੋਟਾਈ ਬਰਾਬਰ) ਸਿਰ ਦੇ ਕਿਸੇ ਹਿੱਸੇ ਚੋਂ ਆਪ ਜਾਂ ਕਿਸੇ ਹੋਰ ਔਰਤ ਤੋਂ ਵਾਲ ਕਟਵਾ ਲੈਂਦੀਆਂ ਹਨ। ਇਸ ਉਪਰੰਤ ਆਦਮੀ ਅਤੇ ਤੀਵੀਆਂ ਨਹਾ ਕੇ ਆਪਣੇ ਸੀਤੇ ਹੋਏ ਕੱਪੜੇ ਪਹਿਨ ਲੈਂਦੇ ਹਨ।

ਹੱਜ ਦੇ ਫ਼ਰਜ਼ ਇਸ ਪ੍ਰਕਾਰ ਹਨ:

(ੳ) ਦਿਲੋਂ ਨੀਯਤ ਕਰਕੇ ਤਲਬੀਆ (ਲੱਬੈਕ) ਅੰਤ ਤੱਕ ਪੜ੍ਹਨਾ, ਅਹਿਰਾਮ ਪਹਿਨਣਾ।

(ਅ) ਨੌਂ ਜ਼ਿਲਹਿੱਜਾ ਨੂੰ ਸੂਰਜ ਢਲਣ (ਦੁਪਹਿਰ ਤੋਂ ਬਾਅਦ) ਅਰਫ਼ਾਤ 'ਚ ਠਹਿਰਨਾ।

(ੲ) ਤਵਾਫ਼-ਏ-ਜ਼ਿਆਰਤ

(ਸ) ਮੁਜ਼ਦਲਿਫ਼ਾ ਵਿਖੇ ਠਹਿਰਨਾ

(ਹ) ਸਫ਼ਾ ਮਰਵਾ ਦਰਮਿਆਨ ਸਈ ਕਰਨਾ

(ਕ) ਕੰਕਰੀਆਂ ਮਾਰਨੀਆਂ

(ਖ) ਕੁਰਬਾਨੀ ਕਰਨਾ

(ਗ) ਸਿਰ ਦੇ ਵਾਲ ਕਟਵਾਉਣਾ ਜਾਂ ਮੁੰਨਵਾਉਣਾ

(ਘ) ਤਵਾਫ਼-ਏ-ਵਿਦਾ ਕਰਨਾ

ਸਿਰਫ਼ ਹੱਜ ਦੀ ਨੀਯਤ ਕਰਕੇ ਜਾਣ ਨੂੰ 'ਹੱਜ-ਏ-ਇਫ਼ਰਾਦ' ਕਹਿੰਦੇ ਹਨ। ਹੱਜ ਦੇ ਨਾਲ ਉਮਰੇ ਦੀ ਨੀਯਤ (ਛੋਟਾ ਹੱਜ) ਕਰਨ ਨੂੰ 'ਕਾਰਿਨ' ਆਖਦੇ ਹਨ। ਹੱਜ ਦੇ ਨਾਲ ਉਮਰੇ ਦੀ ਨੀਯਤ ਕਰਕੇ ਹੱਜ ਦੇ ਦਿਨਾਂ ਤੱਕ ਅਹਿਰਾਮ ਦੀ ਹਾਲਤ 'ਚ ਰਹਿਣ ਵਾਲੇ ਨੂੰ 'ਮੁਤਮੱਤੇਅ' ਕਿਹਾ ਜਾਂਦਾ ਹੈ। ਉਪਰੋਕਤ ਸਾਰੇ ਅਮਲ ਖ਼ਾਨਾ-ਕਾਅਬਾ 'ਚ ਹੀ ਪੂਰੇ ਕੀਤੇ ਜਾਂਦੇ ਹਨ। ਖ਼ਾਨਾ-ਕਾਅਬਾ ਵਿਚ ਇੱਕੋ ਸਮੇਂ ਲਗਭਗ ਤੀਹ ਲੱਖ ਲੋਕ ਨਮਾਜ਼ ਅਦਾ ਕਰ ਸਕਦੇ ਹਨ।

ਖ਼ਾਨਾ-ਕਾਅਬਾ ਦੇ ਮੁੱਖ ਦਰਵਾਜ਼ਿਆਂ'ਚ ਬਾਬ-ਉਲ-ਫ਼ਤਹਿ, ਬਾਬ-ਉਲ-ਉਮਰਾ, ਬਾਬ-ਉਸ-ਸਫ਼ਾ, ਬਾਬ-ਉਲ-ਫ਼ਹਦ, ਬਾਬ-ਉਲ-ਅਬਦੁਲ ਅਜੀਜ਼ ਅਤੇ ਬਾਬ-ਉਸ-ਸਲਾਮ ਹਨ। ਬਾਬ-ਉਸ-ਸਫ਼ਾ ਨੂੰ ਛੱਡ ਕੇ ਬਾਕੀ ਦਰਵਾਜ਼ਿਆਂ 'ਤੇ ਉੱਚੇ ਉੱਚੇ ਮੀਨਾਰਾਂ 'ਤੇ ਕੈਮਰੇ ਇਸ ਢੰਗ ਨਾਲ ਫ਼ਿਟ ਕੀਤੇ ਹੋਏ ਹਨ ਕਿ ਕਿਸੇ ਪ੍ਰਕਾਰ ਦੀ ਕੋਈ ਅਣ-ਸੁਖਾਵੀ ਘਟਨਾ ਨਾ ਵਾਪਰੇ। ਤਵਾਫ਼ ਕਰਦਿਆਂ ਕਈ ਵਾਰੀ ਬਹੁਤ ਕੀਮਤੀ ਚੀਜ਼ਾਂ ਡਿਗ ਜਾਂਦੀਆਂ ਹਨ ਪਰ ਕੋਈ ਨਹੀਂ ਚੁਕਦਾ। ਦੁਨੀਆ ਭਰ ਦੇ ਇਸ ਵਿਸ਼ਾਲ ਇਕੱਠ ਚ ਜ਼ਿਆਦਾ ਹਾਜੀ ਇੰਡੋਨੇਸ਼ੀਆ, ਮਲੇਸ਼ੀਆ, ਤੁਰਕੀ, ਮਿਸਰ, ਈਰਾਨ, ਇਰਾਕ, ਪਾਕਿਸਤਾਨ, ਅਲਜੀਰੀਆ, ਸੀਰੀਆ, ਅਫ਼ਗਾਨਿਸਤਾਨ ਅਤੇ ਭਾਰਤ ਨਾਲ ਸੰਬੰਧਿਤ ਹੁੰਦੇ ਹਨ। ਇਹਨਾਂ ਹਾਜੀਆਂ ਦੀਆਂ ਬੋਲੀਆਂ ਵੱਖਰੀਆਂ, ਅੰਦਾਜ਼ ਵੱਖਰੇ, ਮਿਜਾਜ਼ ਵੱਖਰੇ, ਲਿਬਾਸ ਵੱਖਰੇ, ਚਿਹਰੇ ਵੱਖਰੇ-ਵੱਖਰੇ ਹੋਣ ਦੇ ਬਾਵਜੂਦ ਕੋਈ ਭੇਦ ਭਾਵ ਮਹਿਸੂਸ ਨਹੀਂ ਹੁੰਦਾ।

ਮੱਕੇ ਦੀਆਂ ਮਸ਼ਹੂਰ ਜ਼ਿਆਰਤਾਂ ਚੋਂ ਜੰਨਤ-ਉਲ-ਮੁਅੱਲਾ, ਗ਼ਾਰ-ਏ-ਹਿਰਾ, ਗ਼ਾਰ-ਏ-ਸੌਰ, ਜਬਲ-ਏ-ਰਹਿਮਤ, ਮਿਨਾ, ਮੁਜ਼ਦਲਿਫ਼ਾ, ਅਰਫ਼ਾਤ, ਮਸਜਿਦ-ਏ-ਖ਼ੀਫ਼, ਮਸਜਿਦ-ਏ-ਨਮਰ ਆਦਿ ਮਸ਼ਹੂਰ ਹਨ।

ਅੱਠ ਜ਼ਿਲਹਿੱਜਾ ਨੂੰ ਸਾਰੇ ਹਾਜੀ ਮਿਨਾ ਦੇ ਖੁੱਲ੍ਹੇ-ਡੁੱਲ੍ਹੇ ਟੈਂਟਾਂ ਦੇ ਮੈਦਾਨ 'ਚ ਚਲੇ ਜਾਂਦੇ ਹਨ, ਜੋ ਮੱਕਾ ਸ਼ਰੀਫ਼ ਤੋਂ ਪੰਜ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਹ ਟੈਂਟ ਲਗਭਗ ਪੈਂਤੀ ਲੱਖ ਬੰਦਿਆਂ ਲਈ ਲਾਏ ਹੁੰਦੇ

ਹਨ। ਇਹਨਾਂ 'ਚ ਏ.ਸੀ., ਠੰਢਾ ਪਾਣੀ, ਲੈਟਰਿਨ-ਬਾਥਰੂਮ ਤੋਂ ਇਲਾਵਾ ਆਰਜ਼ੀ ਬਜ਼ਾਰ ਬਣਾਏ ਹੁੰਦੇ ਹਨ। ਇਹ ਟੈਂਟ ਫ਼ਾਇਰ ਪਰੂਫ਼ ਹੁੰਦੇ ਹਨ ਜਿਹਨਾਂ ਦੇ ਹੇਠਾਂ ਬਹੁਤ ਵਧੀਆਂ ਕਾਲੀਨ ਵਿਛਾਏ ਹੁੰਦੇ ਹਨ। ਇਥੇ ਹਾਜੀ ਸਾਹਿਬਾਨ ਅਹਿਰਾਮ (ਅਣਸੀਤੇ ਵਸਤਰ) 'ਚ ਹੁੰਦੇ ਹਨ। ਇੱਥੇ ਪੰਜ ਨਮਾਜ਼ਾਂ ਪੜ੍ਹੀਆਂ ਜਾਂਦੀਆਂ ਹਨ। ਨੌਂ ਜ਼ਿਲਹਿੱਜਾ ਨੂੰ ਸਾਰੇ ਹਾਜੀ ਵਕੂਫ਼-ਏ-ਅਰਫ਼ਾਤ ਲਈ ਅਰਫ਼ਾਤ ਦੇ ਬੇਮਿਸਾਲ ਮੈਦਾਨ ਵਲ ਚਾਲੇ ਪਾ ਲੈਂਦੇ ਹਨ। ਜਿੱਥੇ ਫ਼ਜਰ ਦੀ ਨਮਾਜ਼ ਪੜ੍ਹ ਕੇ ਲੋਕ ਜ਼ਿਕਰ (ਇਲਾਹੀ ਵਿਰਦ) 'ਚ ਰੁੱਝ ਜਾਂਦੇ ਹਨ। ਨਾਸ਼ਤੇ ਆਦਿ ਤੋਂ ਫ਼ਾਰਗ਼ ਹੋ ਕੇ ਦੁਆ ਇਸਤਗ਼ਫ਼ਾਰ 'ਚ ਮਸਰੂਫ਼ ਰਹਿੰਦੇ ਹਨ। ਇਹ ਹੱਜ ਦਾ ਖ਼ਾਸ ਦਿਨ ਹੁੰਦਾ ਹੈ। ਜਿਹੜੇ ਲੋਕ ਅੱਜ ਦੇ ਦਿਨ ਇਸ ਮੈਦਾਨ 'ਚ ਆ ਜਾਣ ਉਹਨਾਂ ਦਾ ਹੱਜ ਹੋ ਜਾਂਦਾ ਹੈ। ਇਕੋ ਜਿਹੇ ਚਿੱਟੇ ਲਿਬਾਸ 'ਚ ਲੋਕ ਖਿੜੇ ਕਪਾਹ ਦੇ ਖੇਤ ਵਾਂਗ ਨਜ਼ਰੀ ਆਉਂਦੇ ਹਨ। ਰੋ-ਰੋ ਕੇ ਦੁਆਵਾਂ ਕੀਤੀਆਂ ਜਾਂਦੀਆਂ ਹਨ। ਇਸ ਦਿਨ ਸ਼ਾਇਦ ਹੀ ਕੋਈ ਅੱਖ ਹੁੰਦੀ ਹੋਵੇ ਜੋ ਰੱਬ ਦੇ ਡਰ ਕਾਰਨ ਨਾ ਰੋਂਦੀ ਹੋਵੇ। ਚਾਰ ਚੁਫੇਰਿਓਂ ਲੋਕਾਂ ਦੀਆਂ ਦੁਆਵਾਂ ਅਤੇ ਰੋਣ ਦੀਆਂ ਅਵਾਜ਼ਾਂ ਸੁਣਾਈ ਦਿੰਦੀਆਂ ਹਨ। ਅਕਾਸ਼ 'ਚ ਹਰ ਮਿੰਟ ਬਾਅਦ ਹਵਾਈ ਜਹਾਜ਼ ਗਸ਼ਤ ਕਰਦੇ ਨਜ਼ਰੀ ਪੈਂਦੇ ਹਨ। ਇਥੇ ਜ਼ੁਹਰ ਅਤੇ ਅਸਰ ਦੀਆਂ ਦੋਵੇਂ ਨਮਾਜ਼ਾਂ ਇਕੱਠੀਆਂ ਪੜ੍ਹੀਆਂ ਜਾਂਦੀਆਂ ਹਨ।

ਇਮਾਮ ਮਸਜਿਦ-ਏ-ਨਮਰਾ 'ਚ ਖ਼ੁਤਬਾ ਦਿੰਦਾ ਹੈ। ਇਸ ਵਿਸ਼ਾਲ ਮੈਦਾਨ 'ਚ ਇੱਕੋ ਲਿਬਾਸ ਇੱਕੋ ਅਵਾਜ਼, ਇੱਕੋ ਅੰਦਾਜ਼ ਵੇਖਣਯੋਗ ਹੁੰਦਾ ਹੈ। ਇਸੇ ਸ਼ਾਮ ਮਗ਼ਰਿਬ ਦੀ ਨਮਾਜ਼ ਪੜ੍ਹੇ ਬਗ਼ੈਰ ਇੱਥੋਂ ਮੁਜ਼ਦਲਿਫ਼ਾ ਲਈ ਰਵਾਨਾ ਹੋਇਆ ਜਾਂਦਾ ਹੈ। ਅਰਫ਼ਾਤ ਤੋਂ ਪੰਜ ਕਿਲੋਮੀਟਰ ਦੂਰ ਮੁਜ਼ਦਲਿਫ਼ਾ 'ਚ ਮਗ਼ਰਿਬ ਅਤੇ ਇਸ਼ਾ ਦੀਆਂ ਦੋਵੇਂ ਨਮਾਜ਼ਾਂ ਤਰਤੀਬ ਵਾਰ ਪੜ੍ਹ ਕੇ ਇਥੋਂ ਸੱਤਰ ਕੰਕਰੀਆਂ ਚੁੱਕੀਆਂ ਜਾਂਦੀਆਂ ਹਨ। ਰਾਤ ਇੱਥੇ ਹੀ ਗੁਜ਼ਾਰ ਕੇ ਫ਼ਜਰ ਦੀ ਨਮਾਜ਼ ਪੜ੍ਹ ਕੇ ਮਿਨਾ ਵੱਲ ਵਹੀਰਾਂ ਘੱਤ ਲਈਆਂ ਜਾਂਦੀਆਂ ਹਨ। ਇਹ ਦਸ ਜ਼ਿਲਹਿੱਜਾ ਦਾ ਦਿਨ ਹੁੰਦਾ ਹੈ। ਮਿਨਾ ਪਹੁੰਚ ਕੇ ਪਹਿਲਾਂ ਵੱਡੇ ਸ਼ੈਤਾਨ ਦੇ ਸੱਤ ਕੰਕਰੀਆਂ ਮਾਰੀਆਂ ਜਾਂਦੀਆਂ ਹਨ। ਇਸ ਪਿੱਛੋਂ ਕੁਰਬਾਨੀ ਕੀਤੀ ਜਾਂਦੀ ਹੈ। ਹਜਾਮਤ ਕਰਵਾ ਕੇ ਨਹੁੰ ਕਟਵਾ ਕੇ ਅਤੇ ਨਹਾ ਕੇ ਆਦਮੀ ਸੀਤੇ ਹੋਏ ਕੱਪੜੇ ਪਹਿਨ ਲੈਂਦੇ ਹਨ। ਔਰਤਾਂ ਵੀ ਉਂਗਲੀ ਦੀ ਮੋਟਾਈ ਜਿੰਨੇ ਵਾਲ ਆਪਣੇ ਸਿਰ ਦੇ ਕਿਸੇ ਹਿੱਸੇ 'ਚੋਂ ਆਪ ਜਾਂ ਕਿਸੇ ਹੋਰ ਜ਼ਨਾਨੀ ਤੋਂ ਕਟਵਾਉਂਦੀਆਂ ਹਨ।

ਇਸੇ ਸ਼ਾਮ ਮੱਕਾ ਸ਼ਰੀਫ਼ ਜਾ ਕੇ ਤਵਾਫ਼-ਏ-ਜ਼ਿਆਰਤ ਕੀਤਾ ਜਾਂਦਾ ਹੈ। ਇਸ ਦਿਨ ਸਮਾਂ ਨਾ ਮਿਲੇ ਤਾਂ ਅਗਲੀ ਸਵੇਰ ਭਾਵ ਗਿਆਰਾਂ ਜ਼ਿਲਹਿੱਜਾ ਨੂੰ

ਜਾਇਆ ਜਾ ਸਕਦਾ ਹੈ। ਤਵਾਫ਼ ਅਤੇ ਸਈ ਕਰਕੇ ਫਿਰ ਮਿਨਾ 'ਚ ਆ ਕੇ ਦੁਪਹਿਰ ਤੋਂ ਬਾਅਦ ਤਿੰਨ ਛੋਟੇ, ਮੰਝਲੇ ਅਤੇ ਵੱਡੇ ਸ਼ੈਤਾਨਾਂ ਦੇ ਸੱਤ-ਸੱਤ ਕ਼ੰਕਰੀਆਂ ਮਾਰੀਆਂ ਜਾਂਦੀਆਂ ਹਨ ਤੇ ਫਿਰ ਰਾਤ ਇਥੇ ਮਿਨਾ 'ਚ ਹੀ ਗੁਜ਼ਾਰੀ ਜਾਂਦੀ ਹੈ। ਬਾਰ੍ਹਾਂ ਜ਼ਿਲਹਿੱਜਾ ਨੂੰ ਦੁਪਹਿਰ ਤੋਂ ਬਾਅਦ ਤਿੰਨੇ ਸ਼ੈਤਾਨ ਦੇ ਪਹਿਲੇ ਦਿਨ ਵਾਂਗ ਤਰਤੀਬਵਾਰ ਸੱਤ ਸੱਤ ਕੰਕਰੀਆਂ ਮਾਰ ਕੇ ਮੱਕਾ ਸ਼ਰੀਫ਼ ਵੱਲ ਮੋੜਾ ਪਾ ਲਿਆ ਜਾਂਦਾ ਹੈ। ਇਸ ਰਸਮ ਉਪਰੰਤ ਹੱਜ ਦਾ ਫ਼ਰਜ਼ ਪੂਰਾ ਹੋ ਜਾਂਦਾ ਹੈ।

ਮਦੀਨਾ ਸ਼ਰੀਫ਼ ਜਾਣ ਤੋਂ ਪਹਿਲਾਂ ਤਵਾਫ਼-ਏ-ਵਿਦਾ ਕੀਤਾ ਜਾਂਦਾ ਹੈ। ਬਸ ਇਹ ਖ਼ਾਨਾ-ਕਾਅਬਾ 'ਚ ਇਸ ਸਫ਼ਰ ਦੀਆਂ ਆਖ਼ਰੀ ਪੈੜਾਂ ਹੁੰਦੀਆਂ ਹਨ, ਆਖ਼ਰੀ ਦੀਦਾਰ ਹੁੰਦਾ ਹੈ। ਇਸ ਪਿੱਛੋਂ ਹਾਜੀਆਂ ਨੂੰ ਮਦੀਨਾ ਸ਼ਰੀਫ਼ ਜੋ ਮੱਕੇ ਤੋਂ 435 ਕਿਲੋਮੀਟਰ ਦੂਰ ਹੈ, ਪਹੁੰਚਾ ਦਿੱਤਾ ਜਾਂਦਾ ਹੈ। ਮਦੀਨਾ ਪਹੁੰਚਦਿਆਂ ਰਸਤੇ 'ਚ ਥਾਂ-ਥਾਂ ਹਾਜੀਆਂ ਨੂੰ ਤੋਹਫ਼ੇ-ਸੌਗ਼ਾਤਾਂ ਦੇ ਕੇ ਨਿੱਘਾ ਸੁਆਗਤ ਕੀਤਾ ਜਾਂਦਾ ਹੈ। ਮਦੀਨੇ ਪਹੁੰਚ ਕੇ ਸਭ ਤੋਂ ਪਹਿਲਾਂ ਮਸਜਿਦ-ਏ-ਨਬਵੀ ਵਿਖੇ ਜੋ ਅਕਤੂਬਰ 622 ਈ. ਨੂੰ ਹਜ਼ਰਤ ਮੁਹੰਮਦ (ਸ.) ਨੇ ਤਾਮੀਰ ਕਰਵਾਈ ਸੀ, ਜਾਇਆ ਜਾਂਦਾ ਹੈ। ਨਮਾਜ਼ ਦਾ ਸਮਾਂ ਹੋਵੇ ਤਾਂ ਨਮਾਜ਼ ਪੜ੍ਹ ਲਈ ਜਾਂਦੀ ਹੈ ਵਰਨਾ ਸ਼ੁਕਰਾਨੇ ਵਜੋਂ ਦੋ ਨਫ਼ਲ ਪੜ੍ਹ ਲਏ ਜਾਂਦੇ ਹਨ। ਇਸ ਪਿੱਛੋਂ ਹਜ਼ਰਤ ਮੁਹੰਮਦ (ਸ.) ਦੇ ਰੌਜ਼ੇ 'ਤੇ ਜਾ ਕੇ ਦੁਆ ਅਤੇ ਸਲਾਮ ਆਖਿਆ ਜਾਂਦਾ ਹੈ, ਜੋ ਇਸ ਪ੍ਰਕਾਰ ਹੈ:

ਅੱਸਲਾਤੂ ਵੱਸਲਾਮੁ ਅਲੈਕਾ ਯਾ ਰਸੂਲ ਅੱਲਾਹ
ਅੱਸਲਾਤੂ ਵੱਸਲਾਮੁ ਅਲੈਕਾ ਯਾ ਨਬੀ ਅੱਲਾਹ
ਅੱਸਲਾਤੂ ਵੱਸਲਾਮੁ ਅਲੈਕਾ ਯਾ ਹਬੀਬ ਅੱਲਾਹ

(ਅਰਥਾਤ ਸਲਾਮ ਅਤੇ ਦਰੂਦ ਹੋਵੇ ਅੱਲਾਹ ਦੇ ਰਸੂਲ 'ਤੇ, ਸਲਾਮ ਅਤੇ ਦਰੂਦ ਹੋਵੇ ਅੱਲਾਹ ਦੇ ਨਬੀ 'ਤੇ, ਸਲਾਮ ਅਤੇ ਦਰੂਦ ਹੋਵੇ ਅੱਲਾਹ ਦੇ ਪਿਆਰੇ ਦੋਸਤ 'ਤੇ)

ਆਪ (ਸ.) ਦੀ ਕਬਰ ਦੇ ਬਿਲਕੁਲ ਨਾਲ ਹੀ ਹਜ਼ਰਤ ਅਬੂ ਬਕਰ ਸਿੱਦੀਕ (ਰਜ਼ੀ.) ਦੀ ਕਬਰ ਹੈ ਅਤੇ ਹਜ਼ਰਤ ਉਮਰ (ਰਜ਼ੀ.) ਦੀ ਕਬਰ ਵੀ ਇਹਨਾਂ ਦੇ ਨਾਲ ਹੈ। ਇੱਥੇ ਵੀ ਪਹਿਲਾਂ ਵਾਂਗ ਇਹਨਾਂ ਦਾ ਨਾਂ ਲੈ ਕੇ ਸਲਾਮ ਅਤੇ ਦਰੂਦ ਪੇਸ਼ ਕੀਤਾ ਜਾਂਦਾ ਹੈ। ਇੱਥੇ ਕਬਰਾਂ ਦੇ ਨੇੜੇ ਲੱਗੀ ਜਾਲੀ ਨੂੰ ਹੱਥ ਲਾਉਣ ਅਤੇ ਹੱਥ ਚੁੱਕ ਕੇ ਦੁਆ ਮੰਗਣ ਦੀ ਮਨਾਹੀ ਹੈ। ਜਿੱਥੇ ਇਹ ਤਿੰਨੋਂ ਕਬਰਾਂ ਹਨ ਇਹ ਹਜ਼ਰਤ ਮੁਹੰਮਦ (ਸ.) ਦਾ ਆਪਣਾ ਘਰ ਸੀ ਜੋ ਪੁਰਾਣੀ ਮਸਜਿਦ-ਏ-ਨਬਵੀ ਦੇ ਬਿਲਕੁਲ ਨਾਲ ਸੀ। ਹਰਾ ਗੁੰਬਦ ਜੋ ਹਜ਼ਰਤ ਮੁਹੰਮਦ (ਸ.) ਦੀ ਕਬਰ ਤੇ ਬਣਿਆ ਹੋਇਆ ਹੈ ਮਸਜਿਦ-ਏ-ਨਬਵੀ ਦੀ ਖ਼ੂਬਸੂਰਤੀ 'ਚ ਵਾਧਾ ਕਰਦਾ

ਹੈ। ਇਸ ਦੇ ਤਿੰਨ ਦਰਵਾਜ਼ੇ ਹਨ (1) ਬਾਬ-ਉਸ-ਸਲਾਮ (2) ਬਾਬ-ਉਰ-ਰਹਿਮਤ (3) ਬਾਬ-ਉਲ-ਉਸਮਾਨ। ਇਸ ਦਰਵਾਜ਼ੇ 'ਚੋਂ ਹੀ ਆਪ (ਸ.) ਜ਼ਿਆਦਾ ਪ੍ਰਵੇਸ਼ ਕਰਿਆ ਕਰਦੇ ਸਨ। ਮਸਜਿਦ-ਏ-ਨਬਵੀ ਵਿਚ ਲੱਗਭਗ 20 ਲੱਖ ਬੰਦੇ। ਇੱਕੋ ਸਮੇਂ ਨਮਾਜ਼ ਅਦਾ ਕਰ ਸਕਦੇ ਹਨ। ਮੱਕੇ ਤੋਂ ਮਦੀਨੇ ਜਾ ਵਸਣ ਵਾਲਿਆਂ ਨੂੰ ਮੁਹਾਜਿਰ (ਹਿਜਰਤ ਕਰਨ ਵਾਲੇ) ਅਤੇ ਮਦੀਨੇ ਵਾਲਿਆਂ ਨੂੰ ਅਨਸਾਰ (ਸਹਾਇਤਾ ਕਰਨ ਵਾਲੇ) ਆਖਿਆ ਜਾਂਦਾ ਹੈ। ਮਦੀਨਾ ਅਰਬੀ ਦਾ ਸ਼ਬਦ ਹੈ ਜਿਸ ਦੇ ਅਰਥ ਸ਼ਹਿਰ ਦੇ ਹਨ। ਇਸ ਨੂੰ ਮਦੀਨਾ ਮੁਨੱਵਰਾ (ਨੂਰ ਵਾਲਾ ਸ਼ਹਿਰ) ਵੀ ਕਿਹਾ ਜਾਂਦਾ ਹੈ। ਇਸ ਦਾ ਪਹਿਲਾ ਨਾਂ ਯਸਰਬ ਅਤੇ ਮਦੀਨਾ-ਤੁਲ ਰਸੂਲ ਸੀ। ਇਹ ਆਪ (ਸ.) ਦੇ ਨਾਨਕਿਆਂ ਦਾ ਇਲਾਕਾ ਸੀ, ਇਸ ਨੂੰ ਤੱਯਬਾ (ਸਾਫ਼-ਸੁੱਥਰਾ, ਸਵੱਛ) ਜਜ਼ੀਰਾ-ਤੁਲ-ਅਰਬ (ਅਰਬ ਦਾ ਟਾਪੂ) ਸ਼ਾਫ਼ੀਆ (ਤੰਦਰੁਸਤੀ ਦੇਣ ਵਾਲਾ) ਵੀ ਆਖਿਆ ਜਾਂਦਾ ਹੈ।

ਮਦੀਨੇ ਦੇ ਲੋਕਾਂ ਦਾ ਪੇਸ਼ਾ ਮੇਵਿਆਂ ਦੇ ਬਾਗ਼ ਲਾਉਣਾ, ਖ਼ੁਸ਼ਕ ਮੇਵਿਆਂ ਦੀ ਤਿਜਾਰਤ ਕਰਨਾ, ਭੇਡਾਂ ਬੱਕਰੀਆਂ ਰੱਖਣੀਆਂ ਅਤੇ ਸ਼ਬਜ਼ੀਆਂ ਦੇ ਖੇਤ ਲਾਉਣੇ ਮੁੱਖ ਧੰਦੇ ਹਨ। ਕੁਦਰਤੀ ਤੌਰ 'ਤੇ ਸਮੁੰਦਰੀ ਤੱਟ ਦੇ ਨੇੜੇ ਹੋਣ ਕਰਕੇ ਮੌਸਮ ਸਦਾ ਹੀ ਸੁਹਾਵਣਾ ਰਹਿੰਦਾ ਹੈ। ਲੋਕਾਂ ਦਾ ਸ਼ੌਕ ਘੋੜ ਸਵਾਰੀ ਹੈ। ਲਿਬਾਸ ਮੱਕੇ ਵਾਂਗ ਸਫ਼ੈਦ ਜਾਂ ਹਲਕੇ ਰੰਗ ਨੂੰ ਪਸੰਦ ਕਰਦੇ ਹਨ। ਇੱਥੇ ਦੇ ਲੋਕਾਂ ਦੀ ਭਾਸ਼ਾ ਅਰਬੀ ਹੈ। ਮਦੀਨੇ ਦੇ ਖੁੱਲ੍ਹੇ-ਡੁੱਲ੍ਹੇ ਸਾਫ਼ ਸੁਥਰੇ ਬਜ਼ਾਰ, ਉੱਚੀਆਂ ਅਕਾਸ਼ ਛੂੰਹਦੀਆਂ ਇਮਾਰਤਾਂ ਮਦੀਨੇ ਦੀ ਸ਼ਾਨ ਵਿਚ ਵਾਧਾ ਕਰਦੀਆਂ ਹਨ। ਨਮਾਜ਼ ਵੇਲੇ ਪੂਰਾ ਮਦੀਨਾ ਬਿਲਕੁਲ ਜਾਮ ਹੋ ਜਾਂਦਾ ਹੈ। ਕਿਸੇ ਦੀ ਜੁਰਅਤ ਨਹੀਂ ਕਿ ਦੁਕਾਨ 'ਤੇ ਬੈਠਾ ਰਹੇ, ਦੁਕਾਨ ਭਾਵੇਂ ਸੋਨੇ ਚਾਂਦੀ ਦੇ ਗਹਿਣਿਆਂ ਦੀ ਹੋਵੇ ਜਾਂ ਹੀਰੇ ਜਵਾਹਰਾਤ ਦੀ, ਨਮਾਜ਼ ਵੇਲੇ ਆਮ ਸਮਾਨ ਵਾਂਗ ਛੱਡ ਕੇ ਸਾਰੇ ਲੋਕ ਮਸਜਿਦਾਂ ਵਲ ਚੱਲ ਪੈਂਦੇ ਹਨ।

ਮਦੀਨੇ ਦੀਆਂ ਜ਼ਿਆਰਤਾਂ 'ਚੋਂ ਰਿਆਜ਼-ਉਲ-ਜੰਨਾ (ਜੰਨਤ ਦੀ ਕਿਆਰੀ) ਜੰਨਤ-ਤੁਲ-ਬਕੀ (ਮਦੀਨੇ ਦਾ ਸਭ ਤੋਂ ਵੱਡਾ ਕਬਰਸਤਾਨ) ਜਬਲ-ਏ-ਓਹਦ, ਮਸਜਿਦ-ਏ-ਕੁਬਾ, ਮਸਜਿਦ-ਏ-ਕਿਬਲਾਤੈਨ ਆਦਿ ਵੇਖਣ ਯੋਗ ਹਨ। ਹਰੇਕ ਹਾਜੀ ਲਈ ਮਦੀਨੇ ਵਿਚ ਅੱਠ ਦਿਨ (ਭਾਵ ਚਾਲੀ ਨਮਾਜ਼ਾਂ) ਪੜ੍ਹਨੀਆਂ ਜ਼ਰੂਰੀ ਹਨ। ਇਸ ਤਰ੍ਹਾਂ ਸਾਰੇ ਧਾਰਮਿਕ ਰੀਤੀ ਰਿਵਾਜਾਂ ਅਤੇ ਸ਼ਰ੍ਹਾ ਦੀਆਂ ਪਾਬੰਦੀਆਂ ਨਾਲ ਸਫ਼ਰ ਕਰਨ ਵਾਲੇ ਨੂੰ ਹਾਜੀ ਆਖਿਆ ਜਾਂਦਾ ਹੈ ਜਿਸ ਨੂੰ ਨਬੀਆਂ ਦਾ ਤਰੀਕਾ ਕਿਹਾ ਜਾਂਦਾ ਹੈ। ਆਮ ਦਿਨਾਂ 'ਚ ਮੱਕੇ ਮਦੀਨੇ ਦੀ ਯਾਤਰਾ

ਕਰਨ ਵਾਲੇ ਨੂੰ ਹਾਜੀ ਨਹੀਂ ਆਖਿਆ ਜਾਂਦਾ।ਹੱਜ ਹਰ ਮਾਲਦਾਰ ਮੁਸਲਮਾਨ 'ਤੇ ਉਮਰ ਭਰ 'ਚ ਇਕ ਵਾਰੀ ਹੀ ਫ਼ਰਜ਼ ਹੈ।

ਜੇਕਰ ਪ੍ਰਾਰੰਭਿਕ ਸਮੇਂ ਜਾਂ ਮੱਧਕਾਲੀਨ ਯੁੱਗ ਸਮੇਂ ਤੱਕ ਹੱਜ ਦੇ ਸਫ਼ਰ ਦਾ ਜਾਇਜ਼ਾ ਲਈਏ ਤਾਂ ਜ਼ਮੀਨ ਅਸਮਾਨ ਦਾ ਅੰਤਰ ਮਹਿਸੂਸ ਹੁੰਦਾ ਹੈ।ਪਹਿਲੇ ਸਮੇਂ 'ਚ ਲੋਕ ਪੈਦਲ, ਊਠਾਂ, ਹਾਥੀਆਂ, ਘੋੜਿਆਂ ਆਦਿ ਤੇ ਸਫ਼ਰ ਕਰਦੇ ਸਨ।ਖਾਣ-ਪੀਣ ਦਾ ਸਾਮਾਨ ਵੀ ਘੱਟ ਮਿਲਦਾ ਸੀ। ਜ਼ਮਾਨੇ ਨੇ ਕਰਵਟ ਲਈ ਤਾਂ ਮੋਟਰ ਕਾਰਾਂ ਆ ਗਈਆਂ।ਅਜੋਕੇ ਦੌਰ ਵਿਚ ਹਵਾਈ ਜਹਾਜ਼ ਨੇ ਇਹ ਸਫ਼ਰ ਬੰਹੁਤ ਅਸਾਨ ਅਤੇ ਬਹੁਤ ਸੁਖਾਲਾ ਬਣਾ ਦਿੱਤਾ ਹੈ।ਖਾਧ ਸਮੱਗਰੀ ਦੀਆਂ ਅਨੇਕ ਕਿਸਮਾਂ ਸਫ਼ਰ ਨੂੰ ਅਰਾਮਦੇਹ ਬਣਾ ਦਿੰਦੀਆਂ ਹਨ।ਭਾਰਤ ਵਿਚੋਂ ਜਾਣ ਵਾਲੇ ਹਰ ਹਾਜੀ ਦੇ ਇਹ ਚਾਲੀ ਦਿਨਾਂ ਦਾ ਸਫ਼ਰ ਦਾ ਖ਼ਰਚ ਮਹਿੰਗਾਈ ਕਾਰਨ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ।ਇਸ ਦਾ ਸਊਦੀ ਸਰਕਾਰ ਨੂੰ ਬਹੁਤ ਆਰਥਿਕ ਲਾਭ ਪਹੁੰਚਦਾ ਹੈ।ਹੱਜ ਮੱਕਾ ਵਿਖੇ ਹੋਣ ਵਾਲਾ ਦੁਨੀਆਂ ਦਾ ਸੱਭ ਤੋਂ ਵੱਡਾ ਧਾਰਮਿਕ ਇਕੱਠ ਹੁੰਦਾ ਹੈ, ਜਿਸ ਵਿਚ ਹਰ ਦੇਸ਼, ਹਰ ਵਰਗ ਅਤੇ ਹਰ ਨਸਲ ਦੇ ਬੰਦੇ ਇੱਕ-ਦੂਜੇ ਨੂੰ ਮਿਲ ਕੇ ਆਪਸੀ ਪਿਆਰ ਮੁਹੱਬਤ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਦੇ ਹਨ।

# ਇਸਲਾਮ ਅਤੇ ਜਿਹਾਦ

ਜਿਹਾਦ ਅਰਬੀ ਦਾ ਸ਼ਬਦ ਹੈ ਜਿਸ ਦੇ ਅਰਥ ਯਤਨ ਕਰਨਾ, ਹਥਿਆਰ ਚੁੱਕਣਾ, ਹੱਕ-ਸੱਚ ਲਈ ਲੜਨਾ, ਧਰਮ-ਯੁੱਧ ਅਤੇ ਧਰਮ ਦੀ ਹਿਮਾਇਤ ਕਰਨ ਦੇ ਹਨ। ਇਸਲਾਮ ਨੇ ਜੋ ਯੁੱਧ ਦੀ ਵਿਆਖਿਆ ਕੀਤੀ ਹੈ ਉਹ ਸਾਰੀਆਂ ਵਹਿਸ਼ੀਆਨਾ ਜੰਗਾਂ ਤੋਂ ਉਲਟ ਹੈ। ਇਸ ਦਾ ਸਹੀ ਅੰਦਾਜ਼ਾ ਉਸ ਵੇਲੇ ਹੀ ਲਾਇਆ ਜਾ ਸਕਦਾ ਹੈ ਜਦੋਂ ਹੋਰ ਧਰਮਾਂ ਦੇ ਜੰਗੀ ਨਿਯਮਾਂ ਨਾਲ ਤੁਲਨਾ ਕੀਤੀ ਜਾਵੇ। ਕਿਸੇ ਧਰਮ ਬਾਰੇ ਗ਼ਲਤ ਫ਼ਹਿਮੀਆਂ ਉਸ ਵੇਲੇ ਪੈਦਾ ਹੁੰਦੀਆਂ ਹਨ ਜਦੋਂ ਉਸ ਧਰਮ ਦਾ ਗਿਆਨ ਨਾ ਹੋਵੇ ਜਾਂ ਪੱਖਪਾਤ ਦੇ ਸੌੜੇ ਹਿੱਤਾਂ ਨੂੰ ਮੁੱਖ ਰੱਖਿਆ ਜਾਵੇ। ਇੰਝ ਹੀ ਮੇਰੇ ਦੇਸ਼ ਮਹਾਨ ਵਿਚ ਕੁਝ ਵਿਸ਼ੇਸ਼ ਲੋਕਾਂ ਅਤੇ ਯਹੂਦੀ ਲਾਬੀ ਨੇ ਇਸਲਾਮ ਧਰਮ ਦੇ ਖ਼ਿਲਾਫ਼ ਪਰਚਾਰ ਕਰਨਾ ਆਪਣਾ ਬੁਨਿਆਦੀ ਫ਼ਰਜ਼ ਸਮਝਿਆ ਹੋਇਆ ਹੈ।

ਪੂਰੀ ਦੁਨੀਆ ਵਿਚ ਇਸਲਾਮ ਹੀ ਇਕ ਅਜਿਹਾ ਧਰਮ ਹੈ ਜਿਸ ਨੇ ਜੰਗਾਂ ਨੂੰ ਪਾਪ ਗਰਦਾਨਿਆ ਹੈ। ਆਮ ਹਾਲਤਾਂ ਵਿਚ ਇਸ ਨੂੰ ਨਾ-ਪਸੰਦ ਕੀਤਾ ਹੈ ਪਰੰਤੂ ਜਦੋਂ ਜ਼ਮੀਨ ਬੁਰਾਈ ਅਤੇ ਲੜਾਈ ਦਾ ਗਹਿਵਾਰਾ ਬਣ ਜਾਵੇ ਤਾਂ ਫਿਰ ਜੰਗ ਨੂੰ ਲੱਬੈਕ ਆਖਣਾ ਪੈਂਦਾ ਹੈ। ਅਖਾਣ ਮਸ਼ਹੂਰ ਹੈ ਤੰਗ ਆਮਦ ਬਜੰਗ ਆਮਦ। ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਜ਼ਫ਼ਰ ਨਾਮੇ ਵਿਚ ਫ਼ਰਮਾਇਆ ਹੈ:-

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ

ਹਲਾਲ ਅਸਤ ਬੁਰਦਨ ਬ ਸ਼ਮਸ਼ੀਰ-ਏ-ਦਸਤ

ਇਹ ਗੱਲ ਵੀ ਧਿਆਨ ਯੋਗ ਹੈ ਕਿ ਲੜਾਈ ਵੇਲੇ ਤਾਕਤ ਦਾ ਪ੍ਰਯੋਗ ਵੀ ਬੁਰਾਈ ਜਾਂ ਲੜਾਈ ਨੂੰ ਬੰਦ ਕਰਨ ਜਿੰਨਾ ਹੀ ਕੀਤਾ ਜਾਵੇ। ਅਜਿਹੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਜਿਹਾਦ ਸ਼ਬਦ ਆਖਿਆ ਜਾਣ ਲੱਗਾ। ਮੁਜਾਹਿਦ ਨਿੱਜੀ ਦੁਸ਼ਮਣੀ, ਬਦਲੇ ਦੀ ਭਾਵਨਾ, ਮਾਲ ਦੌਲਤ ਦੇ ਲਾਲਚ ਜਾਂ ਕੁਰਸੀ ਦੀ ਖ਼ਾਤਿਰ ਜਿਹਾਦ ਨਹੀਂ ਕਰ ਸਕਦਾ।

ਜਿਹਾਦ ਦਾ ਤਸੱਵੁਰ ਆਮ ਜੰਗਾਂ ਨਾਲ ਮੇਲ ਨਹੀਂ ਖਾਂਦਾ। ਮੁਜਾਹਿਦ ਨਿੱਜੀ ਹਿੱਤ ਜਿਵੇਂ ਮੁਲਕ, ਮਾਲ, ਚੌਧਰ ਨਹੀਂ ਚਾਹੁੰਦਾ।ਇਸਲਾਮ ਨੇ ਅਜਿਹੇ ਜਿਹਾਦ ਨੂੰ ਜੋ ਨਿੱਜੀ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਜਿਹਾਦ ਕਰਦਾ ਹੈ ਉਸ ਨੂੰ ਸ਼ੈਤਾਨੀ ਜੰਗ ਆਖਿਆ ਹੈ। ਜਿਹਾਦ ਦੇ ਨਿਯਮਾਂ ਦੀ ਪਾਲਣਾ ਮੁਜਾਹਿਦ ਲਈ ਅਤਿ ਜ਼ਰੂਰੀ ਹੈ।

ਇਕ ਵਾਰੀ ਹਜ਼ਰਤ ਮੁਹੰਮਦ (ਸ.) ਦੀ ਸੇਵਾ ਵਿਚ ਇਕ ਆਦਮੀ ਹਾਜ਼ਿਰ ਹੋਇਆ ਅਤੇ ਪੁੱਛਿਆ ਕਿ ਕੋਈ ਮਾਲ-ਏ-ਗ਼ਨੀਮਤ ਪ੍ਰਾਪਤ ਕਰਨ ਲਈ ਜੰਗ ਕਰਦਾ ਹੈ, ਕੋਈ ਸ਼ਹਿਰ ਹਾਸਿਲ ਕਰਨ ਲਈ ਜੰਗ ਕਰਦਾ ਹੈ, ਕੋਈ ਆਪਣੀ ਬਹਾਦੁਰੀ ਵਿਖਾਉਣ ਲਈ ਜੰਗ ਕਰਦਾ ਹੈ? ਆਪ ਨੇ ਫ਼ਰਮਾਇਆ ਕਿ ਜਿਹਾਦ ਤਾਂ ਕੇਵਲ ਫ਼ੀ ਸਬੀਲਿੱਲਾਹ ਅਰਥਾਤ 'ਜੋ ਰੱਬ ਲਈ ਹੀ ਲੜਿਆ ਜਾਵੇ' ਮੁਜਾਹਿਦ ਸਿਰਫ਼ ਉਹ ਮਨੁੱਖ ਹੈ ਜੋ ਰੱਬ ਦਾ ਬੋਲ ਬਾਲਾ ਕਰਨ ਲਈ ਹੀ ਲੜਦਾ ਹੈ।

ਹਜ਼ਰਤ ਮੁਆਜ਼ ਬਿਨ ਜਬਲ (ਰ.) ਦੀ ਇਕ ਰਵਾਇਤ 'ਚ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਨੇ ਇਰਸ਼ਾਦ ਫ਼ਰਮਾਇਆ:- "ਲੜਾਈ ਦੋ ਪ੍ਰਕਾਰ ਦੀ ਹੈ ਜਿਸ ਆਦਮੀ ਨੇ ਨਿਸ਼ਕਾਮ ਸੇਵਾ ਭਾਵਨਾ ਹਿੱਤ-ਲੜਾਈ ਕੀਤੀ, ਇਮਾਮ ਦੀ ਆਗਿਆਕਾਰੀ ਕੀਤੀ, ਆਪਣਾ ਸੱਭ ਤੋਂ ਵਧੀਆ ਮਾਲ ਖ਼ਰਚ ਕੀਤਾ, ਲੜਾਈ-ਝਗੜੇ (ਖ਼ੂਨ-ਖ਼ਰਾਬੇ) ਤੋਂ ਸੰਕੋਚ ਕੀਤਾ ਤਾਂ ਉਸ ਦਾ ਸੌਣਾ-ਜਾਗਣਾ ਨੇਕੀਆਂ ਦਾ ਸਬੱਬ ਹੈ।ਜਿਸ ਨੇ ਦੁਨੀਆ ਦੇ ਵਿਖਾਵੇ-ਸ਼ੋਹਰਤ ਲਈ ਜੰਗ ਲੜੀ, ਆਪਣੇ ਆਗੂ (ਇਮਾਮ) ਦਾ ਕਿਹਾ ਨਹੀਂ ਮੰਨਿਆ, ਧਰਤੀ ਤੇ ਦੰਗੇ-ਫ਼ਸਾਦ ਫੈਲਾਏ ਤਾਂ ਉਹ ਬਰਾਬਰ ਨਹੀਂ ਪਰਤੇਗਾ ਅਰਥਾਤ ਅਜ਼ਾਬ ਦਾ ਪਾਤਰ ਬਣੇਗਾ।

ਇਹਨਾਂ ਉਪਰੋਕਤ ਹਦੀਸਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਦੁਨੀਆ ਦੇ ਲੋਭ ਲਾਲਚ ਲਈ ਇਸਲਾਮ ਵਿਚ ਕੋਈ ਗੁੰਜਾਇਸ਼ ਨਹੀਂ ਜਿਵੇਂ ਅਜੋਕੇ ਦੌਰ ਵਿਚ ਆਪਣੀ ਚੌਧਰ ਜਮਾਈ ਰੱਖਣ ਲਈ ਇਕ ਦੂਜੇ ਮੁਲਕ 'ਤੇ ਹਮਲੇ ਕੀਤੇ ਜਾਂਦੇ ਹਨ। ਲੱਖਾਂ ਬੇਗੁਨਾਹਾਂ ਦੀਆਂ ਜਾਨਾਂ ਖ਼ਤਮ ਕੀਤੀਆ ਜਾਂਦੀਆਂ ਹਨ। ਹਦੀਸ ਵਿਚ ਆਇਆ ਹੈ "ਰੱਬ ਅਜਿਹਾ ਕਰਮ ਉਸ ਵੇਲੇ ਤਕ ਕਬੂਲ ਨਹੀਂ ਕਰਦਾ ਜਦੋਂ ਤਕ ਉਹ ਕੰਮ ਸਿਰਫ਼ ਰੱਬ ਲਈ ਨਾ ਕੀਤਾ ਗਿਆ ਹੋਵੇ।ਇਸ ਲਈ ਇਹ ਸੰਭਵ ਨਹੀਂ ਕਿ ਧਰਤੀ ਤੇ ਦੰਗੇ-ਫ਼ਸਾਦ, ਜ਼ੁਲਮ ਜ਼ਿਆਦਤੀ ਦਾ ਖ਼ਾਤਮਾ ਹੋਵੇ ਅਤੇ ਅਮਨ ਅਮਾਨ ਭਾਈਚਾਰਾ ਕਾਇਮ ਹੋਵੇ। ਹਜ਼ਰਤ ਮੁਹੰਮਦ (ਸ.) ਆਪ ਲੜਾਈ ਝਗੜੇ

ਨੂੰ ਪਸੰਦ ਨਹੀਂ ਕਰਿਆ ਕਰਦੇ ਸਨ। ਜੇ ਕਿਸੇ ਕਾਰਨ ਜੰਗ ਦੀ ਨੌਬਤ ਆ ਜਾਵੇ ਤਾਂ ਆਪ ਨੇ ਫ਼ਰਮਾਇਆ "ਕਿਸੇ ਕਮਜ਼ੋਰ ਬੁੱਢੇ, ਛੋਟੇ ਬੱਚੇ ਅਤੇ ਔਰਤਾਂ ਤੇ ਹੱਥ ਨਾ ਚੁੱਕਣਾ, ਮਾਲ-ਏ-ਗ਼ਨੀਮਤ 'ਚ ਚੋਰੀ ਨਾ ਕਰਨਾ, ਜੰਗ ਦੌਰਾਨ ਮਿਲੀਆਂ ਚੀਜ਼ਾਂ ਨੂੰ ਇਕ ਥਾਂ ਇਕੱਠੀਆ ਕਰ ਲੈਣਾ, ਨੇਕੀ ਅਤੇ ਅਹਿਸਾਨ ਦਾ ਮਾਮਲਾ ਕਰਿਆ ਕਰਨਾ, ਕਿਉਂਕਿ ਅੱਲਾਹ ਅਹਿਸਾਨ ਕਰਨ ਵਾਲਿਆ ਨੂੰ ਪਸੰਦ ਕਰਿਆ ਕਰਦਾ ਹੈ"। (ਅਬੂ ਦਾਊਦ 2247)

ਹਜ਼ਰਤ ਇਬਨੇ ਅੱਬਾਸ (ਰਜ਼ੀ.) ਤੋਂ ਰਵਾਇਤ ਹੈ ਕਿ ਹਜ਼ਰਤ ਮੁਹੰਮਦ (ਸ.) ਜਦੋਂ ਕਿਸੇ ਥਾਂ ਫ਼ੌਜ ਭੇਜਦੇ ਤਾਂ ਆਪ ਉਹਨਾਂ ਨੂੰ ਨਸੀਹਤ ਕਰਦੇ ਕਿ ਘਰਾਂ 'ਚ ਵਸਦੇ ਲੋਕਾਂ ਨੂੰ ਨਾ ਮਾਰਨਾ। ਜਦੋਂ ਕਿ ਉਸ ਸਮੇਂ ਲੜਾਈ ਦੇ ਤੌਰ ਤਰੀਕੇ ਨਿਵੇਕਲੇ ਢੰਗ ਦੇ ਸਨ। ਕਿਸੇ ਥਾਂ ਜੇਕਰ ਕਾਫ਼ਲਾ ਰਾਤੀਂ ਪਹੁੰਚਦਾ ਤਾਂ ਸਵੇਰੇ ਤੱਕ ਹਮਲਾ ਨਹੀਂ ਕਰਦੇ ਸਨ। ਜੰਗ ਸਮੇਂ ਲੁੱਟ-ਖਸੁਟ, ਤਬਾਹੀ-ਬਰਬਾਦੀ, ਦਰੱਖ਼ਤਾਂ ਨੂੰ ਕੱਟਣਾ, ਖੇਤਾਂ ਦੀ ਬਰਬਾਦੀ, ਪਸ਼ੂਆਂ ਨੂੰ ਮਾਰਨਾ, ਬੱਚਿਆਂ 'ਤੇ ਹੱਥ ਚੁੱਕਣਾ, ਬੁੱਢਿਆਂ ਜਾਂ ਜ਼ਨਾਨੀਆਂ ਨੂੰ ਮਾਰਨਾ ਬੁਰਾ ਸਮਝਿਆ ਜਾਂਦਾ ਸੀ। ਕਾਫ਼ਲਾ ਰਵਾਨਾ ਕਰਨ ਸਮੇਂ ਰੱਬੀ ਡਰ-ਭੈਅ ਦੀ ਵਿਸ਼ੇਸ਼ ਤੌਰ 'ਤੇ ਨਸੀਹਤ ਕਰਦੇ ਸਨ।

ਇਸੇ ਤਰ੍ਹਾਂ ਹਜ਼ਰਤ ਅਬੂ ਬਕਰ (ਰਜ਼ੀ.) ਨੇ ਆਪਣੇ ਕਾਰਜਕਾਲ ਦੌਰਾਨ ਇੱਕ ਕਾਫ਼ਲਾ ਸੀਰੀਆ (ਸ਼ਾਮ) ਵੱਲ ਭੇਜਿਆ, ਉਹਨਾਂ ਨੂੰ ਆਪ ਨੇ ਦਸ ਨਸੀਹਤਾਂ ਕੀਤੀਆਂ:-

ਔਰਤਾਂ, ਬੱਚਿਆਂ ਅਤੇ ਬੁੱਢਿਆਂ ਨੂੰ ਨਾ ਮਾਰਨਾ, ਇਬਾਦਤ ਗੁਜ਼ਾਰ ਬੰਦਿਆਂ (ਭਗਤੀ ਕਰਨ ਵਾਲਿਆਂ) ਨੂੰ ਨਾ ਸਤਾਉਣਾ ਅਤੇ ਨਾ ਇਹਨਾਂ ਦੇ ਧਰਮ ਅਸਥਾਨਾਂ ਨੂੰ ਢਾਹੁਣਾ, ਕੋਈ ਫਲਦਾਰ ਦਰੱਖ਼ਤ ਨੂੰ ਨਾ ਕੱਟਣਾ, ਨਾ ਹੀ ਖੇਤਾਂ ਨੂੰ ਜਲਾਉਣਾ ਜਾਂ ਬਰਬਾਦ ਕਰਨਾ, ਆਬਾਦੀਆਂ ਨੂੰ ਵੀਰਾਨ ਨਾ ਕਰਨਾ, ਜਾਨਵਰਾਂ ਨੂੰ ਨਾ ਮਾਰਨਾ, ਵਚਨਵੱਧ ਰਹਿਣਾ, ਮਾਲ-ਏ-ਗ਼ਨੀਮਤ 'ਚ ਖ਼ਿਆਨਤ ਨਾ ਕਰਨਾ ਅਤੇ ਜੰਗ ਦੌਰਾਨ ਪਿੱਠ ਨਾ ਵਿਖਾਉਣਾ"।

ਇਹੋ ਕਾਰਨ ਸੀ ਕਿ ਜਦੋਂ ਮੁਜਾਹਿਦ ਦੇ ਸਨਮੁੱਖ ਉਪਰੋਕਤ ਗੱਲਾਂ ਸਨ ਤਾਂ ਜਿੱਧਰ ਵੀ ਗਏ ਓੱਧਰ ਹੀ ਅਮਨ ਅਮਾਨ ਦੀਆਂ ਬਹਾਰਾਂ ਆ ਗਈਆਂ। ਲੋਕਾਂ ਨੇ ਅਜਿਹੇ ਬੰਦਿਆਂ ਨੂੰ ਖਿੜੇ ਮੱਥੇ ਸਵੀਕਾਰਿਆ। ਅਜਿਹੇ ਲੋਕਾਂ ਨੂੰ ਅਮਨ ਸ਼ਾਂਤੀ ਦੇ ਮਸੀਹੇ ਦੱਸਿਆ। ਦਰਅਸਲ ਇਸਲਾਮ ਨੇ ਜੰਗ ਦੌਰਾਨ ਫੜੇ ਕੈਦੀਆਂ ਨਾਲ ਵੀ ਵਿਲੱਖਣ ਢੰਗ ਨਾਲ ਵਰਤਾਓ ਕਰਨ ਦੀ ਸਿੱਖਿਆ ਦਿੱਤੀ

ਹੈ। ਜੋ ਧਰਮ ਮਨੁੱਖਤਾ ਦੀ ਅਜ਼ਾਦੀ 'ਚ ਯਕੀਨ ਰੱਖਦਾ ਹੋਵੇ, ਗ਼ੁਲਾਮੀ ਦੀਆਂ ਜ਼ੰਜੀਰਾਂ 'ਚ ਜਕੜੇ ਹੋਏ ਇਨਸਾਨਾਂ ਲਈ ਆਜ਼ਾਦੀ ਦੀਆਂ ਰਾਹਾਂ ਕੱਢਦਾ ਹੋਵੇ, ਉਸ ਦੇ ਪੈਰੋਕਾਰ ਜੰਗੀ ਕੈਦੀਆਂ ਨਾਲ ਗ਼ੈਰ ਮਨੁੱਖੀ ਸਲੂਕ ਕਿਵੇਂ ਕਰ ਸਕਦੇ ਹਨ?

ਇਸਲਾਮ ਧਰਮ ਅਮਨ ਸ਼ਾਂਤੀ ਅਤੇ ਸਲਾਮਤੀ ਦਾ ਪ੍ਰਤੀਕ ਹੈ। ਇਸਲਾਮ ਨੇ ਆਪਣੀਆਂ ਇਸਲਾਮੀ ਹੱਦਾਂ ਟੱਪਣ ਦੀ ਕਿਸੇ ਵਿਅਕਤੀ ਨੂੰ ਕਿਸੇ ਸਮੇਂ ਵੀ ਇਜਾਜ਼ਤ ਨਹੀਂ ਦਿੱਤੀ। ਇਸਲਾਮੀ ਤਾਰੀਖ਼ ਇਸ ਗੱਲ ਦੀ ਸ਼ਾਹਦੀ ਭਰਦੀ ਹੈ ਕਿ ਜਿੱਤ ਪ੍ਰਾਪਤ ਕਰਨ ਦੇ ਬਾਵਜੂਦ ਨਾ ਕਿਸੇ ਤੇ ਜ਼ੁਲਮ ਕੀਤਾ ਅਤੇ ਨਾ ਕਿਸੇ ਦਾ ਧਾਰਮਿਕ ਅਸਥਾਨ ਢਾਹਿਆ ਨਾ ਕਿਸੇ ਤੋਂ ਜ਼ਬਰਦਸਤੀ ਜ਼ਮੀਨ ਹਥਿਆ ਕੇ ਮਸਜਿਦ ਬਣਾਉਣ ਦੀ ਅਨੁਮਤੀ ਦਿੱਤੀ।

# ਕੁਰਆਨ ਮਜੀਦ: ਇੱਕ ਨਜ਼ਰ 'ਚ

ਕੁਰਆਨ ਕਰੀਮ ਅਸਮਾਨੀ ਸਹੀਫ਼ਿਆਂ ਵਿੱਚੋਂ ਉਹ ਆਖ਼ਰੀ ਸਹੀਫ਼ਾ ਹੈ ਜਿਹੜਾ ਅੰਤਲੇ ਨਬੀ ਹਜ਼ਰਤ ਮੁਹੰਮਦ (ਸ.) (569 ਈ. ਤੋਂ 632 ਈ.) 'ਤੇ 'ਵਹੀ' ਦੀ ਸ਼ਕਲ ਵਿੱਚ ਨਾਜ਼ਿਲ ਹੋਇਆ।ਲਫ਼ਜ਼ ਕੁਰਆਨ ਅਰਬੀ ਜ਼ੁਬਾਨ ਵਿੱਚ ਕਿਰਿਆ ਵੀ ਹੈ ਜਿਸ ਦੇ ਅਰਥ 'ਪੜ੍ਹਨ' ਦੇ ਹਨ। ਇਹ ਲਫ਼ਜ਼ ਅਸਲ ਆਰਾਮੀ ਜ਼ੁਬਾਨ ਵਿੱਚੋਂ ਆਇਆ।ਪਹਿਲੀ ਬਾਰੀ ਇਹ ਲਫ਼ਜ਼ ਸੂਰਤ ਮੁਜ਼ੰਮਿਲ (73-4) ਵਿੱਚ ਆਇਆ ਜਿਹੜੀ ਨਾਜ਼ਿਲ ਹੋਣ ਦੇ ਹਿਸਾਬ ਨਾਲ ਤੀਸਰੀ ਸੂਰਤ ਹੈ।ਲਫ਼ਜ਼ 'ਕੁਰਆਨ' ਅੱਲਾਹ ਦੀ ਇਸ ਕਿਤਾਬ ਵਿੱਚ 66 ਬਾਰੀ ਆਇਆ ਹੈ।ਕੁਰਆਨ ਕਰੀਮ ਦੇ ਨਾਂ ਕੁੱਝ ਹੋਰ ਵੀ ਹਨ ਜਿਵੇਂ 'ਅਲ-ਫ਼ੁਰਕਾਨ' (25-1) 'ਅਲ-ਕਿਤਾਬ'(2-1) 'ਅੱਜ਼-ਜ਼ਿਕਰ' (43-44) ਆਦਿ।ਕਈ ਆਲਿਮਾਂ ਨੇ ਕੁਰਆਨ ਕਰੀਮ ਦੇ ਨੱਬੇ (90) ਨਾਂ ਦੱਸੇ ਹਨ।

ਕੁਰਆਨ ਦੀ ਅਸਲ ਨੀਂਹ ਇਲਾਹੀ ਵਹੀ 'ਤੇ ਆਧਾਰਿਤ ਹੈ ਜੋ ਸਰਵ-ਉੱਚ ਫ਼ਰਿਸ਼ਤੇ ਹਜ਼ਰਤ ਜਿਬਰਾਈਲ ਦੇ ਰਾਹੀਂ ਹਜ਼ਰਤ ਮੁਹੰਮਦ (ਸ.) 'ਤੇ ਨਾਜ਼ਿਲ ਹੁੰਦੀ ਰਹੀ।'ਵਹੀ' ਕੀ ਹੈ? ਅਤੇ ਕਿਸ ਤਰ੍ਹਾਂ ਨਾਜ਼ਿਲ ਹੋਈ।ਇਸ ਸਬੰਧੀ ਇਸਲਾਮੀ ਚਿੰਤਕਾਂ ਨੇ ਜਿਵੇਂ ਸ਼ਾਹ ਵਲੀ-ਉੱਲਾਹ ਦਹਿਲਵੀ 'ਹੁਜਤੁਲ ਬਾਲਿਗ਼ਾ 'ਚ ਅਤੇ ਡਾ. ਹਮੀਦ ਉੱਲਾਹ ਨੇ 'ਮੁਹੰਮਦ ਰਸੂਲੁੱਲਾਹ' ਦੇ (ਅਧਿਆਇ :10, ਪੈਰ੍ਹਾ 272) ਵਿੱਚ ਬਹੁਤ ਕੁੱਝ ਲਿਖਿਆ ਹੈ।

ਪਹਿਲੀ 'ਵਹੀ' ਸੂਰਤ 'ਅਲਕ' ਦੀਆ ਆਇਤਾਂ 'ਇਕਰਾ ਬਿਸਮੀ ਰੱਬੀ ਕੱਲਾਜ਼ੀ ਖ਼ਲਕ' (96:1-5) ਨਾਜ਼ਿਲ ਹੋਈ। ਉਸ ਵੇਲੇ ਹਜ਼ਰਤ ਮੁਹੰਮਦ (ਸ.) ਦੀ ਉਮਰ ਚੰਨ੍ਹ ਦੇ ਹਿਸਾਬ ਨਾਲ 40 ਸਾਲ ਸੱਤ ਮਹੀਨੇ ਅਤੇ ਸੂਰਜ ਦੇ ਹਿਸਾਬ ਨਾਲ 39 ਸਾਲ 3 ਮਹੀਨੇ ਅਤੇ 16 ਦਿਨ ਸੀ।

ਜਿਬਰਾਈਲ ਅਮੀਨ ਨੇ 'ਇਕਰਾ; ਕਿਹਾ ਤਾਂ ਅੱਲਾਹ ਦੇ ਰਸੂਲ ਨੇ ਫ਼ਰਮਾਇਆ 'ਮਾ ਅਨਾ ਬਿਕਾਰੀ' (ਬੁਖ਼ਾਰੀ ਸ਼ਰੀਫ਼) ਤੋਂ ਜ਼ਾਹਰ ਹੁੰਦਾ ਹੈ ਹਜ਼ਰਤ ਜਿਬਰਾਈਲ ਕੁਰਆਨ ਕਰੀਮ ਨੂੰ 'ਲੌਹ' (ਤਖ਼ਤੀ) ਦੀ ਸ਼ਕਲ ਵਿੱਚ ਲਿਆਉਂਦੇ ਸਨ।

ਜਦੋਂ ਹਜ਼ੂਰ (ਸ.) ਨੇ ਪੜ੍ਹਨ ਤੋਂ ਅਸਮਰਥਾ ਪ੍ਰਗਟਾਈ ਤਾਂ ਜਿਬਰਾਈਲ ਨੇ ਕੁਰਆਨ ਦੇ ਇਹ ਬੋਲ ਜ਼ੁਬਾਨੀ ਯਾਦ ਕਰਵਾਏ ਅਤੇ ਆਪ ਦਾ ਸੀਨਾ ਮੁਬਾਰਕ ਇਲਮ-ਲੁਦੁੱਨੀ ਲਈ ਖੋਲ੍ਹ ਦਿੱਤਾ ਗਿਆ ਤਾਂ ਆਪ ਨੇ ਆਪਣੇ ਆਪ ਇਹ

ਅਲਫ਼ਾਜ਼ ਪੜ੍ਹ ਲਏ। ਇਸ ਰਵਾਇਤ ਤੋਂ ਆਪ ਦਾ ਕਿਸੇ ਸੰਸਾਰਿਕ ਉਸਤਾਦ ਤੋਂ ਨਾ ਪੜ੍ਹਿਆ ਹੋਣਾ ਸਾਬਿਤ ਹੁੰਦਾ ਹੈ।

ਪਹਿਲੀ 'ਵਹੀ' ਆਉਣ ਨਾਲ ਦੁਨੀਆ ਦੇ ਇਤਿਹਾਸ ਦਾ ਇੱਕ ਨਵਾਂ ਪੰਨਾ ਖੁੱਲ੍ਹ ਗਿਆ ਅਤੇ ਉਸ ਦੌਰ ਵਿੱਚ ਇੱਕ ਅਜ਼ੀਮ ਇਨਕਲਾਬ ਦਾ ਆਗ਼ਾਜ਼ ਹੁੰਦਾ ਹੈ ਜਿਸ ਦੀ ਜੇਕਰ ਸਰਸਰੀ ਜਾਣ-ਪਛਾਣ ਕਰਵਾਈ ਜਾਵੇ ਤਾਂ ਹਜ਼ਾਰਾਂ ਪੰਨੇ ਲਿਖੇ ਜਾ ਸਕਦੇ ਹਨ। ਇੱਥੋਂ ਹੀ ਇਸਲਾਮ ਦਾ ਮੁੱਢ ਹੁੰਦਾ ਹੈ ਜਿਸ ਦੇ ਅਸਰਾਤ ਇੱਕ ਸਦੀ ਦੇ ਅੰਦਰ ਦੁਨੀਆ ਦੇ ਤਿੰਨੋਂ ਮਹਾਂਦੀਪਾਂ ਤੱਕ ਪਹੁੰਚ ਗਏ। ਇਹ ਪਹਿਲੀ 'ਵਹੀ' 17 ਰਮਜ਼ਾਨ ਨੂੰ ਉੱਤਰੀ। ਜਿਹੜੀ ਨਬੀ ਦੇ ਪੈਦਾ ਹੋਣ ਤੋਂ 41 ਸਾਲ ਬਾਅਦ ਅਤੇ ਈ. ਦਾ 609 ਵਾਂ ਸਾਲ ਸੀ। ਪਹਿਲੀ ਅਤੇ ਦੂਜੀ 'ਵਹੀ' ਦੇ ਵਿਚਕਾਰ ਕਾਫ਼ੀ ਫ਼ਾਸਲਾ ਰਿਹਾ, ਕਈ ਆਲਿਮਾਂ ਨੇ ਢਾਈ ਸਾਲ ਦੀ ਮੁੱਦਤ ਮੰਨਿਆ ਹੈ ਜਿਸ ਨੂੰ ਫ਼ ਤ ਰਾ ਆਖਿਆ ਜਾਂਦਾ ਹੈ। ਦੂਜੀ 'ਵਹੀ' ਸੂਰਤ ਮੁੱਦੱਸਿਰ (74:1-2) ਇਸ ਪਿੱਛੋਂ 12 ਸਾਲ 5 ਮਹੀਨੇ ਅਤੇ 13 ਦਿਨ ਤੱਕ (ਭਾਵ ਪਹਿਲੀ ਰਬੀ-ਉਲ-ਅੱਵਲ ਨਬੀ ਦਾ 54ਵਾਂ ਸਾਲ ਸੀ) 'ਵਹੀ' ਮੱਕਾ ਮੁਕੱਰਮਾ ਤੱਕ ਨਾਜ਼ਿਲ ਹੁੰਦੀ ਰਹੀ। 'ਵਹੀ' ਆਮ ਤੌਰ 'ਤੇ ਦਿਨ ਵੇਲੇ ਨਾਜ਼ਿਲ ਹੁੰਦੀ ਸੀ। ਕੁੱਝ ਸੂਰਤਾਂ ਜਿਵੇਂ ਅਲ-ਅਨਆਮ, ਅਲ-ਫ਼ਲਕ, ਅੰਨਾਸ ਰਾਤ ਵੇਲੇ ਨਾਜ਼ਿਲ ਹੋਈਆਂ। ਅੱਲਾਮਾ ਸੁਯੂਤੀ ਨੇ 'ਅਲ-ਇੱਤਕਾਨ' ਵਿੱਚ ਉਹਨਾਂ ਆਇਤਾਂ ਦਾ ਜ਼ਿਕਰ ਵੀ ਕੀਤਾ ਹੈ ਜਿਹੜੀਆਂ ਗਰਮੀ ਜਾਂ ਸਰਦੀ ਦੇ ਮੌਸਮ ਵਿੱਚ ਨਾਜ਼ਿਲ ਹੋਈਆਂ ਸਨ।

ਇਸ ਤਾਰੀਖ਼ ਤੋਂ ਬਾਅਦ 9 ਜ਼ਿਲ ਹਿੱਜਾ ਹਜ਼ੂਰ ਦੀ 63 ਸਾਲ ਦੀ ਉਮਰ ਤੱਕ 'ਵਹੀ' ਮਦੀਨਾ ਨਿਵਾਸ ਸਥਾਨ ਵਿਖੇ ਉੱਤਰਦੀ ਰਹੀ। ਅਕਸਰ ਆਲਿਮਾਂ ਨੇ 'ਅਲਯੌਮਾ ਅਕਮਲਤੂ' ਤੋਂ 'ਨਿਅਮਤੀ' (5:3) ਤੱਕ ਆਖ਼ਿਰੀ 'ਵਹੀ' ਆਖਿਆ ਹੈ, ਕਈਆਂ ਨੇ ਆਖ਼ਰੀ ਸੂਰਤ 'ਇਜ਼ਾ ਜਾਆ ਨਸਰੁੱਲ੍ਹ' (110:1) ਨੂੰ ਕਿਹਾ ਹੈ।

ਹਜ਼ਰਤ ਅਬਦੁੱਲਾਹ ਬਿਨ ਅੱਬਾਸ (ਰ.) ਤੋਂ ਰਵਾਇਤ ਹੈ ਕਿ ਸੂਰਤ ਬਕਰਹ ਦੀ (ਆਇਤ 81) 'ਵੱਤਾਕੂ ਯੌਮਨ ਤੁਰਜਾਊਨ' ਤੋਂ 'ਲਾ ਯੁਜ਼ਲਾਮੂਨ' (2:281) ਹਜ਼ੂਰ ਦੀ ਵਫ਼ਾਤ ਤੋਂ 7 ਦਿਨ ਜਾਂ 9 ਦਿਨ ਪਹਿਲਾਂ ਨਾਜ਼ਿਲ ਹੋਈ ਸੀ।

ਕੁਰਆਨ ਕਰੀਮ ਦੇ ਨਾਜ਼ਿਲ ਹੋਣ ਦੇ ਪਹਿਲੇ ਦਿਨ ਤੋਂ ਹੀ ਹਿਫ਼ਜ਼ (ਜ਼ੁਬਾਨੀ ਯਾਦ ਕਰਨਾ) ਅਤੇ ਇਸ ਨੂੰ ਲਿਖਿਆ ਜਾਣ ਲੱਗਿਆ। ਇਸ ਨੂੰ 'ਜ਼ਾਲਿਕਲ ਕਿਤਾਬੁ ਲਾ ਰੈਬਾ ਫ਼ੀਹੀ' (1:1) ਕਿਹਾ ਹੈ, ਕਿਤਾਬ ਲਈ ਲਿਖਿਆ ਹੋਣਾ ਜ਼ਰੂਰੀ ਹੈ। ਕੁਰਆਨ ਵਿੱਚ 'ਲਾਯਾ ਮੁੱਸੁਹੂ ਇੱਲਲ ਮੁਤਾਹਰੂਨ' (ਇਸ ਨੂੰ ਪਾਕੀ ਦੀ ਹਾਲਤ ਵਿੱਚ ਹੀ ਹੱਥ ਲਾਇਆ ਜਾਵੇ) ਤੋਂ ਜ਼ਾਹਿਰ ਹੁੰਦਾ ਹੈ ਕਿ ਹੱਥ

ਲਾਉਣ ਲਈ ਵੀ ਕਿਸੇ ਚੀਜ਼ 'ਤੇ ਲਿਖਿਆ ਹੋਣਾ ਜ਼ਰੂਰੀ ਹੈ। ਇਸ ਤਰ੍ਹਾਂ ਦੀਆਂ ਹੋਰ ਵੀ ਸ਼ਹਾਦਤਾਂ ਮਿਲਦੀਆਂ ਹਨ। ਇਸ ਗੱਲ ਤੋਂ ਇਹ ਸੋਚਣਾ ਗ਼ਲਤ ਹੋਵੇਗਾ ਕਿ ਹਜ਼ੂਰ ਦੇ ਜ਼ਮਾਨੇ ਵਿੱਚ ਕੁਰਆਨ ਕਰੀਮ ਲਿਖਿਆ ਹੋਇਆ ਮੌਜੂਦ ਨਹੀਂ ਸੀ। ਬੁਖ਼ਾਰੀ ਦੀ ਰਿਵਾਇਤ ਹੈ ਕਿ ਇੱਕ ਥਾਂ ਅਤੇ ਜਿਲਦ ਸਮੇਤ ਮੌਜੂਦ ਸੀ। ਹਜ਼ੂਰ (ਸ.) ਹਰ ਸਾਲ ਕੁਰਆਨ ਕਰੀਮ ਸੁਣਿਆ ਕਰਦੇ ਸਨ। ਆਖ਼ਰੀ ਰਮਜ਼ਾਨ ਵਿੱਚ ਤਾਂ ਆਪ ਨੇ ਦੋ ਬਾਰੀ ਸੁਣਿਆ ਸੀ। (ਸ਼ਾਤਬੀ)

ਨਾਜ਼ਿਲ ਹੋਣ ਪੱਖੋਂ ਕੁਰਆਨ ਕਰੀਮ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ (1) ਮੱਕੀ (2) ਮਦਨੀ। ਮੱਕੀ 86 ਸੂਰਤਾਂ ਹਨ ਜਿਹੜੀਆਂ ਆਮ ਤੌਰ 'ਤੇ ਸੰਖੇਪ ਵਿੱਚ ਹਨ ਜਿਹਨਾਂ ਦੇ ਵਿਸ਼ੇ ਤੌਹੀਦ, ਇਬਾਦਤਾਂ, ਮਰਨ ਤੋਂ ਪਹਿਲਾਂ ਅਤੇ ਮਰਨ ਤੋਂ ਬਾਅਦ, ਆਖ਼ਿਰਤ, ਕਿਆਮਤ, ਇਨਾਮ ਅਤੇ ਸਜ਼ਾ, ਜੰਨਤ ਅਤੇ ਦੋਜ਼ਖ਼, ਚੰਗਾ ਸਲੂਕ ਅਤੇ ਚੰਗੀਆ ਕਦਰਾਂ ਕੀਮਤਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਸ ਵਿੱਚ ਆਮ ਇਨਸਾਨਾਂ ਨੂੰ ਸੰਬੋਧਨ ਕੀਤਾ ਗਿਆ ਹੈ। ਮਦਨੀ ਸੂਰਤਾਂ ਵਿੱਚ ਕੁਰਆਨ ਦਾ 30/11 ਹਿੱਸਾ ਅਤੇ 28 ਸੂਰਤਾਂ ਹਨ ਜਿਹੜੀਆਂ ਕੁੱਝ ਲੰਬੀਆਂ ਹਨ ਜਿਸ ਵਿੱਚ ਐ ਈਮਾਨ ਵਾਲਿਓ! ਨਾਲ ਖ਼ਿਤਾਬ ਕੀਤਾ ਗਿਆ ਹੈ ਅਤੇ ਸ਼ਰ੍ਹਾ ਦੇ ਹੁਕਮ ਬਿਆਨ ਕੀਤੇ ਗਏ ਹਨ।

ਮੱਕੀ 35 ਸੂਰਤਾਂ ਵਿੱਚ ਕਈ ਆਇਤਾਂ ਮਦਨੀ ਅਤੇ ਮਦਨੀ 8 ਸੂਰਤਾਂ ਵਿੱਚ ਕਈ ਆਇਤਾਂ ਮੱਕੀ ਵੀ ਹਨ। ਕਈ ਆਇਤਾਂ ਨਾ ਮੱਕਾ ਅਤੇ ਨਾ ਮਦੀਨਾ ਵਿਖੇ ਬਲਕਿ ਰਸਤੇ ਵਿੱਚ ਨਾਜ਼ਿਲ ਹੋਈਆਂ। ਆਲਿਮਾਂ ਨੇ ਸਹੂਲਤ ਦੇ ਲਈ ਹਿਜਰਤ ਤੋਂ ਪਹਿਲੀਆਂ ਸੂਰਤਾਂ ਨੂੰ ਮੱਕੀ ਅਤੇ ਬਾਅਦ ਵਾਲੀਆਂ ਨੂੰ ਮਦਨੀ ਮੰਨਿਆ ਹੈ। ਸੂਰਤ ਤੌਬਾ ਦੀਆਂ 107 ਤੋਂ 110 ਆਇਤਾਂ ਗ਼ਜ਼ਬਾ-ਏ-ਤਬੂਕ ਦੀ ਵਾਪਸੀ ਦੇ ਸਮੇਂ ਜਦੋਂ ਹਜ਼ੂਰ ਊਠਣੀ ਦੀ ਪਿੱਠ 'ਤੇ ਸਵਾਰ ਸਨ ਰਸਤੇ ਵਿੱਚ ਨਾਜ਼ਿਲ ਹੋਈਆਂ।

ਕੁਰਆਨ ਕਰੀਮ ਨੂੰ ਸੱਤ ਮੰਜ਼ਿਲਾਂ ਵਿੱਚ ਵੰਡਿਆ ਗਿਆ ਹੈ। ਕਈ ਰਵਾਇਤਾਂ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਹਜ਼ੂਰ (ਸ.) ਨੇ ਸੱਤ ਦਿਨਾਂ ਵਿੱਚ ਕੁਰਆਨ ਕਰੀਮ ਖ਼ਤਮ ਕੀਤਾ ਸੀ। ਇਹਨਾਂ ਮੰਜ਼ਿਲਾਂ ਨੂੰ 'ਆਲਿ ਫ਼ਮੀ ਬੀਸ਼ੌਕ' ਕਹਿੰਦੇ ਹਨ। ਭਾਵ ਫ਼ੇ ਤੋਂ ਫ਼ਾਤਿਹਾ, ਮੀਮ ਤੋਂ ਮਾਇਦਾ,, ਈਏ ਤੋਂ ਯੂਨੁਸ, ਬੇ ਤੋਂ ਬਨੀ ਇਸਰਾਈਲ, ਸ਼ੀਨ ਤੋਂ ਸ਼ੋਅਰਾ ਵਾ ਤੋਂ ਵ ਸਾੱਫ਼ਾਤ, ਕਾਫ਼ ਤੋਂ ਕਾਫ਼। ਪਹਿਲੇ ਦਿਨ 3, ਦੂਜੇ ਦਿਨ 5, ਤੀਸਰੇ ਦਿਨ 7, ਚੌਥੇ ਦਿਨ 9, ਪੰਜਵੇਂ ਦਿਨ 11, ਛੇਵੇਂ ਦਿਨ 13, ਸੱਤਵੇਂ ਦਿਨ 65 ਸੂਰਤਾਂ, ਇੱਕ ਮਹੀਨੇ ਵਿੱਚ ਖ਼ਤਮ ਕਰਨ ਦੇ ਲਈ 30 ਪਾਰੇ ਬਾਅਦ ਵਿੱਚ ਬਣਾਏ ਗਏ ਹਨ।

ਕੁਰਆਨ ਕਰੀਮ ਦੀਆਂ ਕੁੱਲ 114 ਸੂਰਤਾਂ ਹਨ।ਆਇਤਾਂ ਦੀ ਗਿਣਤੀ ਵਿੱਚ ਮੱਤਭੇਦ ਹੈ ਕਿਸੇ ਨੇ ਵਸਲ ਨੂੰ ਮੰਨਿਆ ਹੈ ਤਾਂ 6218 ਆਇਤਾਂ ਬਣਦੀਆਂ ਹਨ, ਕਿਸੇ ਨੇ ਵਸਲ ਨੂੰ ਨਹੀਂ ਮੰਨਿਆ ਤਾਂ 6666 ਆਇਤਾਂ ਬਣਦੀਆ ਹਨ।ਕੁੱਲ 77433 ਸ਼ਬਦ ਹਨ ਅਤੇ ਅੱਖਰਾਂ ਦੀ ਗਿਣਤੀ 323671 ਬਣਦੀ ਹੈ।ਆਇਤਾਂ ਦੇ ਵਿਸ਼ਿਆ ਨੂੰ ਇਸ ਤਰ੍ਹਾਂ ਵੰਡਿਆ ਗਿਆ ਹੈ ਕਿ ਵਾਅਦੇ ਦੀਆਂ ਇੱਕ ਹਜ਼ਾਰ ਆਇਤਾਂ, ਚੇਤਾਵਨੀ ਦੀਆਂ ਇੱਕ ਹਜ਼ਾਰ ਆਇਤਾਂ, ਮਨਾਹੀ ਦੀਆਂ ਇੱਕ ਹਜ਼ਾਰ ਅਇਤਾਂ, ਹੁਕਮ ਦੀਆਂ ਇੱਕ ਹਜ਼ਾਰ ਆਇਤਾਂ, ਹਲਾਲ ਜਾਂ ਜਾਇਜ਼ ਦੀਆਂ 250 ਆਇਤਾਂ, ਹਰਾਮ ਸਬੰਧੀ 250 ਆਇਤਾਂ, ਉਦਾਹਰਨਾਂ ਦੇ ਤੌਰ 'ਤੇ ਇੱਕ ਹਜ਼ਾਰ ਆਇਤਾਂ, ਨਬੀਆਂ ਦੇ ਕਿੱਸਿਆਂ ਸਬੰਧੀ ਇੱਕ ਹਜ਼ਾਰ ਆਇਤਾਂ, ਸਿਫ਼ਤ ਸਲਾਹ ਦੀਆਂ 100 ਆਇਤਾਂ ਹਨ। ਵਿਸ਼ਿਆਂ ਪੱਖੋਂ ਕਈ ਸੂਰਤਾਂ 'ਤਵੀਲ' ਵੱਡੀਆਂ ਹਨ, ਕਈਆਂ ਨੂੰ 'ਅਲਮੌਊਨ' ਕਿਹਾ ਜਾਂਦਾ ਹੈ ਜਿਸ ਵਿੱਚ ਘੱਟੋ ਘੱਟ 100 ਆਇਤਾਂ ਹੁੰਦੀਆ ਹਨ।ਸੂਰਤ 'ਯਾਸੀਨ' ਤੋਂ ਸੂਰਤ 'ਕਾਫ਼' ਤੱਕ 'ਮਸਾਨੀ' ਅਖਵਾਉਂਦੀਆਂ ਹਨ, ਇਸ ਕਰਕੇ ਇਹਨਾਂ ਵਿੱਚ ਹੁਕਮ ਅਤੇ ਮਿਸਾਲਾਂ ਨੂੰ ਵਾਰੋ ਵਾਰੀ ਦੁਹਰਾਇਆ ਗਿਆ ਹੈ।ਛੋਟੀਆਂ ਜਿਹੜੀਆਂ ਆਮ ਤੌਰ 'ਤੇ ਨਮਾਜ਼ ਵਿੱਚ ਪੜ੍ਹੀਆਂ ਜਾਂਦੀਆ ਹਨ, ਨੂੰ 'ਅਲ-ਮੁਫ਼ੱਸਲ' ਕਿਹਾ ਜਾਂਦਾ ਹੈ।ਕੁਰਆਨ ਕਰੀਮ ਵਿੱਚ 29 ਸੂਰਤਾਂ ਵਿੱਚ 14 ਹਰੂਫ਼-ਏ-ਮੁਕੱਤਆਤ ਆਉਂਦੇ ਹਨ ਜਿਵੇਂ 'ਕਾਫ-ਹਾ-ਯਾ-ਐਨ-ਸਾਦ' 'ਅਲਿਫ਼-ਲਾਮ-ਰਾ' ਆਦਿ।15 ਆਇਤਾਂ ਉਹ ਹਨ ਜਿਹਨਾਂ ਵਿੱਚ ਸਿਜਦਾ ਕਰਨਾ ਜ਼ਰੂਰੀ ਹੈ।

ਕੁਰਆਨ ਕਰੀਮ ਦੀ ਲਿਖਾਈ ਦਾ ਤਰੀਕਾ ਵਿਸ਼ੇਸ਼ ਅਤੇ ਅਜੀਬ ਹੈ।ਉਸ ਰਸਮ-ਏ-ਖ਼ਤ ਵਿੱਚ ਲਿਖਿਆ ਜਾਣਾ ਚਾਹੀਦਾ ਹੈ ਜਿਵੇਂ 'ਅਲ ਕਿਤਾਬੁ, 'ਅੱਜ਼ਾਲਿਮੀਨ' ਆਦਿ।ਇਸੇ ਤਰ੍ਹਾਂ ਸਹੀ ਅਲਫ਼ਾਜ਼ ਦੀ ਅਦਾਇਗੀ ਅਤੇ ਗਰਾਮਰ ਨੂੰ ਮੁੱਖ ਰੱਖਦਿਆਂ ਪੜ੍ਹਨਾ ਇੱਕ ਫ਼ਨ ਹੈ, ਇਹਨਾਂ ਗੱਲਾਂ ਅਨੁਸਾਰ ਪੜ੍ਹਨ ਵਾਲੇ ਨੂੰ 'ਕਾਰੀ' ਕਹਿੰਦੇ ਹਨ।ਜਿਸ ਦੇ ਪੂਰਾ ਕੁਰਆਨ ਕਰੀਮ ਯਾਦ ਹੋਵੇ ਉਸ ਨੂੰ 'ਹਾਫ਼ਿਜ਼' ਕਿਹਾ ਜਾਂਦਾ ਹੈ।ਕੁਰਆਨ ਦੇ ਅਰਥਾਂ ਦੀ ਵਿਆਖਿਆ ਕਰਨ ਵਾਲੇ ਨੂੰ 'ਮੁਫ਼ੱਸਿਰ' ਅਤੇ ਇਨਾਮ, ਸਜ਼ਾ ਅਤੇ ਜਾਇਜ਼ ਅਤੇ ਨਾਜਾਇਜ਼ ਦੱਸਣ ਵਾਲੇ ਨੂੰ 'ਫ਼ਕੀਹ' ਕਹਿੰਦੇ ਹਨ।ਕੁਰਆਨ ਨੂੰ ਸੱਤ ਢੰਗਾਂ ਅਨੁਸਾਰ ਪੜ੍ਹਿਆ ਜਾ ਸਕਦਾ ਹੈ।ਅਜੋਕੇ ਦੌਰ ਵਿੱਚ ਜਿਹੜਾ ਕੁਰਆਨ ਪੜ੍ਹਨ ਦਾ ਢੰਗ ਅਪਣਾਇਆ ਜਾਂਦਾ ਹੈ ਉਹ ਹਫ਼ਸ ਬਿਨ ਸੁਲੇਮਾਨ ਕੂਫ਼ੀ (709-796) ਨਾਲ ਸਬੰਧਿਤ ਹੈ।

ਦੁਨੀਆ ਦੀ ਹਰ ਕਿਤਾਬ ਨਾਲੋਂ ਵੱਧ ਇਸ ਦੀ ਹਿਫ਼ਾਜ਼ਤ ਹੋਈ ਹੈ, ਕਰੋੜਾਂ ਦੀ ਤਾਦਾਦ ਵਿੱਚ ਲਿਖਿਆ ਅਤੇ ਪੜ੍ਹਿਆ ਗਿਆ ਹੈ, ਦੁਨੀਆਂ ਦੇ ਹਰ

ਇਲਾਕੇ ਵਿੱਚ ਇਸ ਨੂੰ ਜ਼ੁਬਾਨੀ ਯਾਦ ਰੱਖਣ ਵਾਲੇ ਕਰੋੜਾਂ ਹਾਫ਼ਿਜ਼ ਹੋਏ ਹਨ ਅਤੇ ਹੁਣ ਵੀ ਮੌਜੂਦ ਹਨ। ਸਾਰੀ ਦੁਨੀਆ ਦੀਆ ਮਸਜਿਦਾਂ ਵਿੱਚ ਪੰਜ ਵਾਰੀ ਨਮਾਜ਼ ਰਾਹੀਂ ਇਸ ਨੂੰ ਪੜ੍ਹਿਆ ਜਾਂਦਾ ਹੈ। ਸਹੀ ਰਿਵਾਇਤ ਤੋਂ ਸਿੱਧ ਹੁੰਦਾ ਹੈ ਕਿ ਕੁਰਆਨ ਕਰੀਮ ਨੂੰ ਵੇਖ ਕੇ ਪੜ੍ਹਨਾ (ਨਾਜ਼ਿਰਾ) ਜ਼ਿਆਦਾ ਸਵਾਬ ਰਖਦਾ ਹੈ।

(ਸਯੂਤੀ: ਅਲ ਇੱਤਕਾਨ 1/108)

ਕੁਰਆਨ ਕਰੀਮ ਦੀ ਹਿਫ਼ਾਜ਼ਤ ਅਤੇ ਕਿਤਾਬਤ (ਲਿਖਾਈ) ਪਹਿਲੇ ਦਿਨ ਤੋਂ ਹੀ ਸ਼ੁਰੂ ਹੋ ਗਈ ਸੀ, ਕੁਰਆਨ ਦਾ ਲਿਖੇ ਜਾਣ ਦੀਆ ਅੰਦਰੂਨੀ ਸ਼ਹਾਦਤਾਂ ਤੋਂ ਵੀ ਸਿੱਧ ਹੁੰਦਾ ਹੈ ਕਿ ਇਸ ਨੂੰ 'ਅਲਕਿਤਾਬ ਕਿਹਾ ਗਿਆ ਹੈ। ਜਿਹੜੀ ਚੀਜ਼ ਲਿਖੀ ਨਾ ਗਈ ਹੋਵੇ ਉਸ ਨੂੰ ਕਿਤਾਬ ਨਹੀਂ ਕਿਹਾ ਜਾ ਸਕਦਾ। ਸੂਰਤ ਨੰ: 52 ਵਿੱਚ ਹੈ 'ਵੱਤੂਰੀ ਵ ਕਿਤਾਬਿਮ ਮਸਤੂਰਿਨ ਫ਼ੀ ਰੱਕਿਮ ਮਨਸ਼ੂਰਿਨ' ਇਸ ਤੋਂ ਵੀ ਬਰੀਕ ਝਿੱਲੀ 'ਤੇ ਲਿਖਿਆ ਹੋਣਾ ਸਾਬਤ ਹੈ।

ਹਜ਼ੂਰ ਦੇ ਕਈ ਸਾਥੀਆਂ ਨੇ ਕੁਰਆਨ ਦੀਆਂ ਆਇਤਾਂ ਨੂੰ ਖਜੂਰ ਦੇ ਛਿਲਕੇ, ਹੱਡੀਆਂ ਅਤੇ ਤਖ਼ਤੀਆਂ 'ਤੇ ਲਿਖ ਲਿਆ ਸੀ। ਹਜ਼ਰਤ ਅਬਦੁੱਲਾਹ ਬਿਨ ਮਸਊਦ (ਰ. ਵਫ਼ਾਤ 32 9 ਹਿਜ.) ਨੇ 70 ਸੂਰਤਾਂ ਲਿਖ ਕੇ ਹਜ਼ੂਰ ਨੂੰ ਸੁਣਾਈਆਂ ਸਨ। ਇਸੇ ਤਰ੍ਹਾਂ ਹਜ਼ਰਤ ਜ਼ੈਦ ਬਿਨ ਸਾਬਿਤ ਨੇ ਵੀ ਆਪਣਾ ਲਿਖਿਆ ਹੋਇਆ ਕੁਰਆਨ ਆਪ ਨੂੰ ਸੁਣਾਇਆ ਸੀ। ਹਜ਼ਰਤ ਜ਼ੈਦ ਕਾਦਸੀਆ ਦੀ ਲੜਾਈ ਵਿੱਚ (16 ਹਿਜ.) ਨੂੰ ਸ਼ਹੀਦ ਹੋ ਗਏ। ਹਜ਼ਰਤ ਮਜਮਾ ਬਿਨ ਹਾਰਸਾ (ਰ.) ਨੇ ਦੋ-ਤਿੰਨ ਸੂਰਤਾਂ ਤੋਂ ਇਲਾਵਾ ਸਾਰਾ ਕੁਰਆਨ ਸ਼ਰੀਫ਼ ਹਜ਼ੂਰ (ਸ.) ਨੂੰ ਸੁਣਾ ਦਿੱਤਾ ਸੀ। (ਇਬਨ-ਏ-ਸਾਅਦ 2/355-372)

ਹਜ਼ਰਤ ਮੁਹੰਮਦ (ਸ.) ਤੋਂ ਬਾਅਦ ਪਹਿਲੇ ਖ਼ਲੀਫ਼ਾ ਹਜ਼ਰਤ ਅਬੂ ਬਕਰ ਸਿੱਦੀਕ (ਰ. ਵਫ਼ਾਤ 634 ਈ.-13 ਹਿਜ.) ਨੇ ਇਹਨਾਂ ਪਿੱਛੋਂ ਦੂਸਰੇ ਖ਼ਲੀਫ਼ਾ ਹਜ਼ਰਤ ਉਮਰ ਬਿਨ ਅਲ ਖ਼ੱਤਾਬ (ਰ. ਵਫ਼ਾਤ 644 ਈ. 23 ਹਿਜ.) ਨੇ ਇਕੱਠਾ ਕਰਨ ਅਤੇ ਸੰਪਾਦਨਾ ਦਾ ਕੰਮ ਜਾਰੀ ਰੱਖਿਆ। ਤੀਸਰੇ ਖ਼ਲੀਫ਼ਾ ਹਜ਼ਰਤ ਉਸਮਾਨ (ਰ. ਵਫ਼ਾਤ 656 ਈ. 35 ਹਿਜ.) ਦਾ ਜ਼ਮਾਨਾ ਆਇਆ। ਇਹਨਾਂ ਨੇ ਇੱਕ ਬੋਰਡ ਕਾਇਮ ਕੀਤਾ ਗਿਆ ਜਿਸ ਦੇ ਮੈਂਬਰ ਹਜ਼ਰਤ ਜ਼ੈਦ ਬਿਨ ਸਾਬਿਤ (ਵਫ਼ਾਤ 45 ਹਿਜ.) ਹਜ਼ਰਤ ਅਬਦੁੱਲਾਹ ਬਿਨ ਜ਼ੁਬੈਰ, ਹਜ਼ਰਤ ਸਈਦ ਬਿਨ ਅਲ ਆਸ, ਹਜ਼ਰਤ ਅਬਦੁਰ ਰਹਿਮਾਨ ਬਿਨ ਅਲ ਹਾਰਿਸ ਬਿਨ ਹਸ਼ਾਨ (ਰ.) ਸਨ।

ਹਰ ਆਇਤ ਲਈ ਦੋ ਗਵਾਹੀਆਂ ਲਈਆਂ ਜਾਂਦੀਆਂ ਸਨ। ਸੂਰਤ 'ਅਹਜ਼ਾਬ' ਅਤੇ ਸੂਰਤ 'ਤੌਬਾ' ਦੀਆਂ ਆਖ਼ਰੀ ਆਇਤਾਂ ਸਿਰਫ਼ ਹਜ਼ਰਤ ਅਬੂ ਖ਼ਰੀਮਾ ਬਿਨ ਸਾਬਿਤ (ਰ. ਵਫ਼ਾਤ 37 ਹਿਜ.) ਦੇ ਕੋਲ ਲਿਖੀਆਂ ਹੋਈਆਂ

ਸਨ।(ਸਹੀ ਹਦੀਸ ਹਜ਼ਰਤ ਅਨਸ ਤੋਂ ਰਿਵਾਇਤ ਹੈ)।ਇਹਨਾਂ ਨੂੰ ਹਜ਼ੂਰ (ਸ.) ਨੇ ਕਿਸੇ ਹੋਰ ਮੌਕੇ 'ਤੇ ਦੋ ਸ਼ਹਾਦਤਾਂ ਵਾਲਾ ਕਿਹਾ ਸੀ।(ਇਬਨ-ਏ-ਸਅਦ 4/378) ਇਸ ਲਈ ਸਿਰਫ਼ ਇਹਨਾਂ ਦੀ ਗਵਾਹੀ ਕਬੂਲ ਕਰਕੇ ਸੂਰਤ ਤੌਬਾ ਨੂੰ ਸੂਰਤ 'ਅਨਫ਼ਾਲ' ਦੇ ਅੰਤ ਵਿੱਚ ਸ਼ਾਮਿਲ ਕੀਤਾ ਗਿਆ ਸੀ।ਇਸ ਕਰਕੇ ਸੂਰਤ 'ਤੌਬਾ' ਦਾ ਵਿਸ਼ਾ ਇਸ ਨਾਲ ਮਿਲਦਾ ਜੁਲਦਾ ਹੈ।ਇਹੋ ਇੱਕ ਅਜਿਹੀ ਸੂਰਤ ਹੈ ਜਿਸ ਦੇ ਸ਼ੁਰੂ ਵਿੱਚ 'ਬਿਸਮਿੱਲਾਹ' ਨਹੀਂ ਹੈ।ਕਈ ਕਹਿੰਦੇ ਹਨ ਕਿ ਹਰ ਸੂਰਤ ਦੇ ਨਾਲ 'ਬਿਸਮਿੱਲਾਹ' ਨਾਜ਼ਿਲ ਹੋਈ ਸੀ ਪਰੰਤੂ ਇਸ ਦੇ ਨਾਲ ਨਹੀਂ ਹੋਈ।ਅੱਲਾਮਾ ਸਯੂਤੀ ਦਾ ਬਿਆਨ ਹੈ ਕਿ ਹਜ਼ਰਤ ਉਸਮਾਨ (ਰ.) ਪੂਰਾ ਕੁਰਆਨ ਨਹੀਂ ਬਲਕਿ ਇਹਨਾਂ ਨੇ ਉੱਮਤ ਨੂੰ ਕੁਰਆਨ ਲਿਖਣ ਅਤੇ ਪੜ੍ਹਨ ਦਾ ਢੰਗ ਬਖ਼ਸ਼ਿਆ।ਹਜ਼ੂਰ (ਸ.) ਦੀ ਪਾਕ ਜ਼ਿੰਦਗੀ ਵਿੱਚ 'ਵਹੀ' ਦੀ ਲਿਖਾਈ ਦੀ ਜ਼ਿੰਮੇਦਾਰੀ 40 ਮੋਹਤਬਰ ਸਹਾਬੀਆਂ ਨੇ ਨਿਭਾਈ ਜਿਹਨਾਂ ਵਿੱਚੋਂ ਮਸ਼ਹੂਰ ਇਸ ਪ੍ਰਕਾਰ ਹਨ, ਹਜ਼ਰਤ ਉਸਮਾਨ ਬਿਨ ਅੱਫ਼ਾਨ, ਹਜ਼ਰਤ ਅਲੀ ਬਿਨ ਅਬੀ ਤਾਲਿਬ, ਹਜ਼ਰਤ ਜ਼ੈਦ ਬਿਨ ਸਾਬਿਤ, ਹਜ਼ਰਤ ਖ਼ਾਲਿਦ ਬਿਨ ਅਲ ਵਲੀਦ, ਹਜ਼ਰਤ ਅਬਦੁੱਲਾਹ ਬਿਨ ਰਵਾਹਾ, ਹਜ਼ਰਤ ਮੁਆਵੀਆ ਬਿਨ ਅਬੀ ਸੁਫ਼ਯਾਨ (ਰ.) ਸਾਹਿਬਾਨ ਸ਼ਾਮਿਲ ਸਨ।ਹਜ਼ਰਤ ਉਸਮਾਨ (ਰ.) ਦੇ ਦੌਰ ਤੱਕ ਬਹੁਤ ਸਾਰੇ ਕੁਰਆਨ ਕਰੀਮ ਲਿਖੇ ਜਾ ਚੁੱਕੇ ਸਨ ਪਰੰਤੂ ਕਿਸੇ ਵਿੱਚ 114 ਸੂਰਤਾਂ ਮੌਜੂਦ ਨਹੀਂ ਸਨ।

'ਵਹੀ' ਦੇ ਲਿਖਣ ਵਾਲਿਆਂ ਦੀ ਗਵਾਹੀ ਖ਼ੁਦ ਕੁਰਆਨ ਨੇ ਦਿੱਤੀ ਹੈ 'ਖ਼ਬਰਦਾਰ! ਇਹ ਨਸੀਹਤ ਹੈ ਜਿਹੜਾ ਚਾਹੇ ਇਸ ਨੂੰ ਯਾਦ ਕਰੇ, ਇਹ ਬਹੁਤ ਹੀ ਮੁਕੱਦਸ ਸਹੀਫ਼ਿਆਂ ਵਿੱਚੋਂ ਹੈ ਜਿਹੜੇ ਉੱਚੇ ਰੁਤਬੇ ਅਤੇ ਪਵਿੱਤਰ ਹਨ, ਨੇਕ ਅਤੇ ਪਾਕ-ਸਾਫ਼ ਲੋਕਾਂ ਦੇ ਹੱਥਾਂ ਨਾਲ ਲਿਖਿਆ ਹੋਇਆ।'

(ਸੂਰਤ 80 ਆਇਤ 11-16)

ਅਲ ਤਿਬਰੀ ਦਾ ਬਿਆਨ ਹੈ (ਜਿਲਦ 3/173) ਕਿ ਹਜ਼ੂਰ (ਸ.) ਦੇ ਦਸ ਸਹਾਬੀ ਉਹ ਸਨ ਜਿਹੜੇ ਆਪ ਦੇ ਹੁਕਮ ਦੀ ਪਾਲਣਾ ਤਹਿਤ ਕੁਰਆਨ ਲਿਖਿਆ ਕਰਦੇ ਸਨ।ਆਪ ਦੇ ਖ਼ਲੀਫ਼ਿਆਂ ਦੇ ਦੌਰ ਵਿੱਚ ਕੁਰਆਨ ਕਰੀਮ ਦੀ ਵੇਚ ਖ਼ਰੀਦ ਸ਼ੁਰੂ ਹੋ ਗਈ ਸੀ।ਇਸ ਬਾਰੇ ਕਿਸੇ ਨੇ ਹਜ਼ਰਤ ਅਬਦੁੱਲਾਹ ਬਿਨ ਅੱਬਾਸ ਤੋਂ ਪੁੱਛਿਆ ਤਾਂ ਆਪ ਨੇ 'ਲਾ ਬਅਸਾ ਬਿਹੀ' (ਇਸ ਵਿੱਚ ਕੋਈ ਹਰਜ ਨਹੀਂ) ਫ਼ਰਮਾਇਆ।ਹਜ਼ਤ ਉਮਰ (ਰ.) ਦੇ ਦੌਰ ਵਿੱਚ ਕੁਰਆਨ ਦੇ ਇੱਕ ਲੱਖ ਨੁਸਖ਼ੇ ਮੌਜੂਦ ਸਨ।ਕੁਰਆਨ ਦੇ ਮੁਕੰਮਲ ਹੋਣ ਨੂੰ 22 ਸਾਲ 5 ਮਹੀਨੇ ਅਤੇ 14 ਦਿਨ ਲੱਗੇ।ਕੁਰਆਨ ਵਿੱਚ ਅੱਲਾਹ ਦਾ ਨਾਂ 2584 ਵਾਰੀ ਆਉਂਦਾ ਹੈ।ਕੁਰਆਨ ਦੁਨੀਆ ਦੀਆਂ 103 ਜ਼ੁਬਾਨਾਂ ਵਿੱਚ ਛਪ ਚੁੱਕਿਆ ਹੈ।ਕੁਰਆਨ ਵਿੱਚ ਚਾਰ

ਮਸਜਿਦਾਂ (ਮਸਜਿਦ-ਉਲ-ਹਰਮ, ਮਸਜਿਦ-ਏ-ਜ਼ਰਾਰ, ਮਸਜਿਦ-ਏ-ਨਬਵੀ, ਮਸਜਿਦ-ਏ-ਅਕਸਾ) ਦਾ ਜ਼ਿਕਰ ਆਉਂਦਾ ਹੈ।ਕੁਰਆਨ ਵਿੱਚ 30 ਸਿਪਾਰੇ, 7 ਮੰਜ਼ਿਲਾਂ, 114 ਸੂਰਤਾਂ (86 ਮੱਕੀ ਅਤੇ 28 ਮਦਨੀ), 540 ਰੁਕੂਅ, 323760 ਅੱਖਰ, 8804 ਪੇਸ਼ਾਂ, 1771 ਮੱਦ, 1243 ਤਸ਼ਾਹੁਦ, 105681 ਨੁਕਤੇ ਹਨ।ਜਦੋਂ ਸੰਨ 11ਹਿਜ. ਵਿੱਚ ਜੰਗ-ਏ-ਯਮਾਮਾ ਹੋਈ ਜਿਸ ਵਿੱਚ 700 ਹਾਫ਼ਿਜ਼ ਸ਼ਹੀਦ ਹੋਏ।ਹਜ਼ਰਤ ਉਮਰ (ਰ.) ਨੂੰ ਫ਼ਿਕਰ ਹੋਈ ਕਿ ਜੇਕਰ ਇਸ ਤਰ੍ਹਾਂ ਜੰਗਾਂ ਵਿੱਚ ਹਾਫ਼ਿਜ਼ ਸ਼ਹੀਦ ਹੁੰਦੇ ਰਹੇ ਤਾਂ ਕੁਰਆਨ ਦਾ ਬਹੁਤ ਸਾਰਾ ਹਿੱਸਾ ਅਜਾਈਂ ਨਾ ਚਲਿਆ ਜਾਵੇ।ਇਸ ਲਈ ਇਹਨਾਂ ਨੇ ਅਬੂ ਬਕਰ (ਰ.) ਨੂੰ ਕੁਰਆਨ ਕਰੀਮ ਜਮ੍ਹਾ ਕਰਨ ਦਾ ਮਸ਼ਵਰਾ ਦਿੱਤਾ।ਹਜ਼ਰਤ ਉਮਰ (ਰ.) ਨੇ ਆਪਣੇ ਰਾਜਕਾਲ ਦੌਰਾਨ ਐਲਾਨ ਕਰਵਾਇਆ ਕਿ ਜਿਸ ਦੇ ਕੋਲ ਜਿੰਨਾ ਹਿੱਸਾ ਕੁਰਆਨ ਮਜੀਦ ਦਾ ਮੌਜੂਦ ਹੈ ਉਹ ਸਰਕਾਰੀ ਦਫ਼ਤਰ ਵਿੱਚ ਪਹੁੰਚਾ ਦੇਵੇ।ਇਸ ਤਰ੍ਹਾਂ ਸਾਰਾ ਕੁਰਆਨ ਜਮ੍ਹਾ ਹੋ ਗਿਆ, ਜਿਸ ਦੀ ਹਦਾਇਤ ਹਜ਼ੂਰ (ਸ.) ਨੇ ਆਪ ਫ਼ਰਮਾਈ ਸੀ।

ਹਜ਼ਰਤ ਉਸਮਾਨ ਬਿਨ ਅੱਫ਼ਾਨ ਦੇ ਦੌਰ ਵਿੱਚ ਇਸਲਾਮ ਅਰਬ ਟਾਪੂ 'ਚੋਂ ਨਿੱਕਲ ਕੇ ਅਜਮ ਤੱਕ ਪਹੁੰਚ ਗਿਆ ਸੀ ਕਿਉਂਕਿ ਅਜਮੀਆਂ ਦੀ ਮਾਤਰੀ ਭਾਸ਼ਾ ਅਰਬੀ ਨਹੀਂ ਸੀ। ਇਸ ਕਰਕੇ ਇਹਨਾਂ ਤੋਂ ਏਰਾਬ (ਮਾਤਰਾਵਾਂ) ਦੀਆਂ ਬਹੁਤ ਗ਼ਲਤੀਆਂ ਹੁੰਦੀਆਂ ਸਨ ਜਿਸ ਨਾਲ ਅਰਥਾਂ ਵਿੱਚ ਫ਼ਰਕ ਆ ਜਾਂਦਾ ਸੀ।ਇਸ ਲਈ ਹਜ਼ਰਤ ਉਸਮਾਨ (ਰ.) ਨੇ ਇੱਕ ਅਜਿਹਾ ਟੈਕਸਟ (ਮਤਨ) ਜ਼ਿੰਮੇਦਾਰ ਬੋਰਡ ਰਾਹੀਂ ਤਿਆਰ ਕਰਕੇ ਪੂਰੀ ਇਸਲਾਮੀ ਦੁਨੀਆ ਵਿੱਚ ਭੇਜਣਾ ਜ਼ਰੂਰੀ ਸਮਝਿਆ।ਇਸ ਦੀਆਂ ਸੱਤ ਨਕਲਾਂ ਤਿਆਰ ਕਰਕੇ ਸਾਰੇ ਸੂਬਾਈ ਕੇਂਦਰਾਂ (ਕੂਫ਼ਾ, ਬਸਰਾ, ਦਮਿਸ਼ਕ, ਮੱਕਾ, ਯਮਨ ਅਤੇ ਬਹਿਰੀਨ ਆਦਿ) ਨੂੰ ਭੇਜ ਦਿੱਤੀਆਂ।

ਮਸ਼ਹੂਰ ਸੈਲਾਨੀ ਇਬਨ-ਏ-ਬਤੂਤਾ (ਵਫ਼ਾਤ 1368 ਈ.) ਨੇ ਇਹੋ ਨੁਸਖ਼ਾ ਦਮਿਸ਼ਕ ਦੀ ਜਾਮਾ ਮਸਜਿਦ ਵਿੱਚ ਵੇਖਿਆ ਜਿਹੜਾ ਕੂਫ਼ੀ ਨਸਖ਼ ਵਿੱਚ ਲਿਖਿਆ ਹੋਇਆ ਸੀ ਜਿਸ ਦਾ 1869 ਈ. ਤਾਸ਼ਕੰਦ (ਰੂਸ) ਦੇ ਮਦਰਸਾ ਦੀਵਾਨ ਬੇਗੀ ਵਿੱਚ ਮੌਜੂਦ ਹੋਣਾ ਸਾਬਤ ਹੈ।ਕੁਰਆਨ ਕਰੀਮ ਦੀ ਲਿਖਾਈ ਆਮ ਤੌਰ 'ਤੇ ਖ਼ਤ-ਏ-ਕੈਰਮੂਜ਼ ਵਿੱਚ ਸੀ। ਫਿਰ ਖ਼ਤ-ਏ-ਹੈਰੀ ਵਿੱਚ ਹੋਈ।ਉਸਮਾਨੀ ਦੌਰ ਵਿੱਚ ਇਹ ਖ਼ਤ-ਏ-ਕੂਫ਼ੀ ਵਿੱਚ ਲਿਖਿਆ ਗਿਆ।ਖ਼ਾਲਿਦ ਬਿਨ ਅਬੀ ਅਲ ਹਿਯਾਜ ਨੂੰ ਕੁਰਆਨ ਕਰੀਮ ਦਾ ਪਹਿਲਾ ਖ਼ੱਤਾਤ (ਹੱਥ ਨਾਲ ਲਿਖਣ ਵਾਲਾ) ਸਮਝਿਆ ਜਾਂਦਾ ਹੈ।ਹਜ਼ਰਤ ਉਮਰ ਬਿਨ ਅਬਦੁਲ ਅਜ਼ੀਜ਼ ਨੇ ਵੀ ਇਹਨਾਂ ਤੋਂ ਬਹੁਤ ਖ਼ੂਬਸੂਰਤ ਨੁਸਖ਼ਾ ਲਿਖਵਾਇਆ ਸੀ।

# ਕੁਰਆਨ ਮਜੀਦ ਅਤੇ ਔਰਤ

ਔਰਤ ਅਰਬੀ ਸ਼ਬਦ ਹੈ ਜਿਸ ਦੇ ਅਰਥ ਛੁਪਣਾ, ਲੁਕਣਾ ਅਤੇ ਪਰਦਾ ਦੇ ਹਨ। ਔਰਤ ਨੂੰ ਰੱਬ ਨੇ ਕੋਮਲ ਚੀਜ਼ ਬਣਾ ਕੇ ਇਸ ਦੁਨੀਆ ਵਿਚ ਭੇਜਿਆ ਹੈ। ਰੱਬ ਨੇ ਇਸ ਦੀ ਬਣਤਰ ਵਿਚ ਅਹਿਸਾਸ ਅਤੇ ਕੰਟਰੋਲ ਦੀ ਸਿਫ਼ਤ ਰਖੀ ਹੈ। ਤਾਰੀਖ਼ ਇਸ ਗੱਲ ਦੀ ਸ਼ਾਹਦੀ ਭਰਦੀ ਹੈ ਕਿ ਪੈਗ਼ੰਬਰਾਂ, ਪੀਰਾਂ, ਅਵਤਾਰਾਂ ਦੀ ਜ਼ਿੰਦਗੀ ਨੂੰ ਸਹੀ ਸੇਧ ਦੇਣ ਵਿਚ ਔਰਤ ਦਾ ਵਿਸ਼ੇਸ਼ ਰੋਲ ਰਿਹਾ ਹੈ। ਗੁਰੂ ਨਾਨਕ ਸਾਹਿਬ ਦਾ ਵੀ ਫ਼ਰਮਾਨ ਹੈ "ਸੋ ਕਿਉਂ ਮੰਦਾ ਆਖਿਐ ਜਿਤ ਜਮਹਿ ਰਾਜਾਨੁ।" ਮਾਂ ਦੀ ਗੋਦ ਹੀ ਬੇਸਿਕ ਯੂਨੀਵਰਸਿਟੀ ਹੈ। ਇਸ ਦੀ ਗੋਦ ਵਿਚ ਕੌਮਾਂ ਪਲਦੀਆ ਹਨ। ਦੁਨੀਆ ਦੀ ਰੌਣਕ ਵੀ ਇਸ ਦੇ ਨਾਲ ਹੈ। ਇਹ ਇਕ ਘਰ 'ਚ ਆਪਣਾ ਬਚਪਨ, ਜਵਾਨੀ ਅਤੇਦੂਜੇ ਘਰ ਪੂਰੀ ਜ਼ਿੰਦਗੀ ਗੁਜ਼ਾਰਦੀ ਹੈ। ਮਾਂ ਦੀ ਹੈਸੀਅਤ ਨਾਲ ਕੌਮਾਂ ਵਜੂਦ ਵਿਚ ਆਉਂਦੀਆਂ ਹਨ। ਮਾਂ ਹੈ ਤਾਂ ਇਸ ਦੇ ਪੈਰਾਂ ਥੱਲੇ ਜੰਨਤ ਹੈ। ਮਾਂ ਦੀ ਨਰਾਜ਼ਗੀ ਰੱਬ ਦੀ ਨਰਾਜ਼ਗੀ ਦੱਸਿਆ ਗਿਆ ਹੈ। ਮਾਂ ਦੀ ਦੁਆ ਆਪਣੀ ਔਲਾਦ ਲਈ ਇੰਸ ਤਰ੍ਹਾਂ ਹੈ ਜਿਵੇਂ ਖੇਤੀ ਲਈ ਪਾਣੀ। ਕੁਰਆਨ ਮਜੀਦ ਇਕ ਮੁਕੰਮਲ ਜੀਵਨ ਜਾਚ ਹੈ ਜਿਸ ਵਿਚ ਔਰਤ ਦਾ ਜ਼ਿਕਰ ਵਾਰ-ਵਾਰ ਆਇਆ ਹੈ। ਉਹ ਆਇਤਾਂ ਜਿਥੇ ਔਰਤ ਨੂੰ ਵਿਸ਼ੇਸ਼ ਤੌਰ 'ਤੇ ਸਰਾਹਿਆ ਗਿਆ ਹੈ ਪੇਸ਼ ਕੀਤੀਆਂ ਜਾ ਰਹੀਆਂ ਹਨ।

ਐ ਈਮਾਨ ਵਾਲਿਓ! ਤੁਹਾਨੂੰ ਮਕਤੂਲਾਂ (ਜਿਹੜੇ ਕਤਲ ਕਰ ਦਿੱਤੇ ਜਾਣ) ਦੇ ਸਬੰਧ ਵਿਚ 'ਕਿਸਾਸ' (ਬਰਾਬਰ ਦਾ ਹੱਤਿਆ ਦੰਡ, ਖ਼ੂਨ ਦੇ ਬਦਲੇ ਖ਼ੂਨ) ਦਾ ਹੁਕਮ ਦਿੱਤਾ ਜਾਂਦਾ ਹੈ। (ਇਸ ਤਰ੍ਹਾਂ ਕਿ) ਅਜ਼ਾਦ ਦੇ ਬਦਲੇ ਅਜ਼ਾਦ ਅਤੇ ਗ਼ੁਲਾਮ ਦੇ ਬਦਲੇ ਗ਼ੁਲਾਮ ਤੇ ਔਰਤ ਦੇ ਬਦਲੇ ਔਰਤ ਤੇ ਜੇਕਰ ਮਕਤੂਲ ਦੇ ਭਾਈ ਵੱਲੋਂ ਕਾਤਿਲ ਨੂੰ ਕੁੱਝ ਮੁਆਫ਼ ਕਰ ਦਿੱਤਾ ਜਾਵੇ ਤਾਂ ਉਸ ਨੂੰ ਚਾਹੀਦਾ ਹੈ ਕਿ ਪ੍ਰਚੱਲਿਤ ਨਿਯਮ ਅਨੁਸਾਰ (ਖ਼ੂਨ ਦੇ ਮਾਇਕ ਬਦਲੇ ਦੀ) ਪੈਰਵੀ ਕਰੇ ਤੇ ਖ਼ੁਸ਼ੀ ਨਾਲ ਮਾਇਕ/ਮਾਲੀ ਦੰਡ ਅਦਾ ਕਰੇ।

ਇਹ ਅੱਲਾਹ ਦੀ ਤਰਫ਼ੋਂ (ਤੁਹਾਡੇ ਲਈ) ਆਸਾਨੀ ਅਤੇ ਮਿਹਰਬਾਨੀ ਹੈ ਜਿਹੜਾ ਇਸ ਪਿੱਛੋਂ ਜ਼ਿਆਦਤੀ (ਵਧੀਕੀ) ਕਰੇ, ਉਸ ਦੇ ਲਈ ਦੁਖਦਾਈ ਅਜ਼ਾਬ ਹੈ।(178) ਅਤੇ ਐ ਅਕਲ ਵਾਲਿਓ! ਕਿਸਾਸ (ਦੇ ਹੁਕਮ) ਵਿਚ (ਤੁਹਾਡੀ) ਜ਼ਿੰਦਗਾਨੀ ਹੈ ਤਾਂ ਕਿ ਤੁਸੀਂ (ਕਤਲ ਅਤੇ ਖ਼ੂਨ ਖ਼ਰਾਬੇ ਤੋਂ) ਬਚੋ।(179)

(ਸੂਰਤ ਅਲ-ਬਕਰਹ ਆਇਤ ਨੰ 178-179)

ਤੁਹਾਡੇ ਲਈ ਰੋਜ਼ਿਆਂ ਦੀਆਂ ਰਾਤਾਂ ਵਿਚ ਆਪਣੀਆਂ ਪਤਨੀਆਂ ਕੋਲ ਜਾਣਾ ਜਾਇਜ਼ ਕਰ ਦਿੱਤਾ ਗਿਆ ਹੈ, ਉਹ ਤੁਹਾਡਾ ਲਿਬਾਸ (ਪਹਿਰਾਵਾ) ਹਨ ਅਤੇ ਤੁਸੀਂ ਉਹਨਾਂ ਦੇ ਲਿਬਾਸ ਹੋ। ਅੱਲਾਹ ਨੂੰ ਇਲਮ ਹੈ ਕਿ ਤੁਸੀਂ (ਉਹਨਾਂ ਦੇ ਕੋਲ ਜਾਣ ਤੋਂ) ਆਪਣੇ ਹੱਕ ਵਿਚ ਖ਼ਿਆਨਤ ਕਰਦੇ ਸੀ, ਤਾਂ ਉਸ ਨੇ ਤੁਹਾਡੇ 'ਤੇ ਮਿਹਰਬਾਨੀ ਫ਼ਰਮਾਈ ਅਤੇ ਤੁਹਾਡੇ ਅਮਲਾਂ ਨੂੰ ਮੁਆਫ਼ ਫ਼ਰਮਾ ਦਿੱਤਾ। ਹੁਣ (ਤੁਹਾਨੂੰ ਅਖ਼ਤਿਆਰ ਹੈ ਕਿ) ਉਹਨਾਂ ਨਾਲ ਸੌਂਵੋ (ਸੋਹਬਤ) ਕਰੋ ਅਤੇ ਅੱਲਾਹ ਨੇ ਜਿਹੜੀ ਚੀਜ਼ ਲਿਖ ਦਿੱਤੀ ਹੈ (ਭਾਵ ਔਲਾਦ), ਉਸ ਨੂੰ (ਅੱਲਾਹ ਤੋਂ) ਮੰਗੋ ਅਤੇ ਖਾਓ ਤੇ ਪੀਓ, ਇੱਥੋਂ ਤੱਕ ਕਿ ਸਵੇਰ (ਪਹੁ ਫੁੱਟਣ) ਦੀ ਸਫ਼ੈਦ ਧਾਰੀ (ਭਾਵ ਰਾਤ ਦੀ ਕਾਲੀ ਧਾਰੀ ਤੋਂ) ਸਪੱਸ਼ਟ ਨਜ਼ਰ ਆਉਣ ਲੱਗੇ। ਫਿਰ ਰੋਜ਼ਾ (ਰੱਖ ਕੇ) ਰਾਤ ਤੱਕ ਪੂਰਾ ਕਰੋ ਅਤੇ ਜਦੋਂ ਤੁਸੀਂ ਮਸਜਿਦਾਂ ਵਿਚ 'ਇਅਤਿਕਾਫ਼' ਵਿੱਚ ਬੈਠੋ ਤਾਂ ਉਹਨਾਂ ਨਾਲ ਸੋਹਬਤ ਨਾ ਕਰੋ। ਇਹ ਅੱਲਾਹ ਦੀਆਂ ਹੱਦਾਂ ਹਨ, ਉਹਨਾਂ ਦੇ ਕੋਲ ਨਾ ਜਾਣਾ। ਇਸੇ ਤਰ੍ਹਾਂ ਅੱਲਾਹ ਆਪਣੀਆਂ ਆਇਤਾਂ ਲੋਕਾਂ ਨੂੰ (ਸਮਝਾਉਣ ਦੇ ਲਈ) ਖੋਲ੍ਹ-ਖੋਲ੍ਹ ਕੇ ਬਿਆਨ ਫ਼ਰਮਾਉਂਦਾ ਹੈ, ਤਾਂ ਕਿ ਉਹ ਪ੍ਰੇਹਜ਼ਗਾਰ ਬਣਨ। (187) **(ਸੂਰਤ ਅਲ-ਬਕਰਹ ਆਇਤ ਨੰ 187)**

ਤੁਹਾਥੋਂ ਇਹ ਵੀ ਪੁੱਛਦੇ ਹਨ ਕਿ (ਅੱਲਾਹ ਦੀ ਰਾਹ ਵਿਚ) ਕਿਹੜਾ ਮਾਲ (ਧਨ) ਖ਼ਰਚ ਕਰੀਏ ਤਾਂ ਤੁਸੀਂ ਆਖ ਦੇਵੋ ਕਿ ਜਿਹੜਾ ਜ਼ਰੂਰਤ ਤੋਂ ਜ਼ਿਆਦਾ ਹੋਵੇ। ਇਸ ਤਰ੍ਹਾਂ ਅੱਲਾਹ ਤੁਹਾਡੇ ਲਈ ਆਪਣੇ ਹੁਕਮ ਖੋਲ੍ਹ ਖੋਲ੍ਹ ਕੇ ਬਿਆਨ ਫ਼ਰਮਾਉਂਦਾ ਹੈ ਤਾਂ ਕਿ ਤੁਸੀਂ ਦੁਨੀਆ ਅਤੇ ਆਖ਼ਿਰਤ (ਲੋਕ ਪ੍ਰਲੋਕ ਦੀਆਂ ਗੱਲਾਂ) ਬਾਰੇ ਚਿੰਤਨ ਕਰੋ(219)

ਅਤੇ ਤੁਹਾਥੋਂ ਯਤੀਮਾਂ ਦੀ ਹਾਲਤ (ਵਰਤਾਓ) ਬਾਰੇ ਪੁੱਛਦੇ ਹਨ? ਆਖ ਦੇਵੋ ਕਿ ਉਹਨਾਂ ਦੀ (ਹਾਲਤ 'ਚ) ਸੁਧਾਰ ਲਿਆਉਣਾ ਬਹੁਤ ਚੰਗਾ ਕੰਮ ਹੈ ਅਤੇ ਜੇ ਤੁਸੀਂ ਉਹਨਾਂ ਨਾਲ ਰਹਿਣੀ ਬਹਿਣੀ ਸਾਂਝੀ ਰੱਖਣਾ (ਭਾਵ ਖ਼ਰਚ ਇਕੱਠਾ ਰੱਖਣਾ ਚਾਹੋ) ਤਾਂ ਉਹ ਤੁਹਾਡੇ ਭਰਾ ਹਨ ਤੇ ਅੱਲਾਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਵਿਗਾੜਨ ਵਾਲੇ ਤੇ ਸੁਆਰਨ ਵਾਲੇ ਕੌਣ ਹਨ? ਜੇ ਅੱਲਾਹ ਚਾਹੁੰਦਾ ਤਾਂ ਤੁਹਾਨੂੰ ਤਕਲੀਫ਼ ਵਿਚ ਪਾ ਦਿੰਦਾ, ਬੇਸ਼ੱਕ ਅੱਲਾਹ ਜ਼ੋਰਾਵਰ ਅਤੇ ਹਿਕਮਤ ਵਾਲਾ ਹੈ। (220)

ਅਤੇ (ਐ ਈਮਾਨ ਵਾਲਿਓ!) ਮੁਸ਼ਰਿਕ ਔਰਤਾਂ ਨਾਲ ਜਦੋਂ ਤੱਕ ਉਹ ਈਮਾਨ ਨਾ ਲੈ ਆਉਣ, ਨਿਕਾਹ ਨਾ ਕਰੋ, ਕਿਉਂਕਿ ਮੁਸ਼ਰਿਕ ਔਰਤ ਭਾਵੇਂ ਉਹ ਤੁਹਾਨੂੰ ਕਿੰਨੀ ਹੀ ਚੰਗੀ ਲੱਗਦੀ ਹੋਵੇ, ਉਸ ਨਾਲੋਂ ਈਮਾਨ ਵਾਲੀ ਗੋਲੀ ਵਧੇਰੇ ਚੰਗੀ ਹੈ, ਅਤੇ (ਇੰਜ ਹੀ) ਮੁਸ਼ਰਿਕ ਮਰਦ ਜਦੋਂ ਤੱਕ ਇਸਲਾਮ ਕਬੂਲ ਨਾ ਕਰਨ,

ਮੁਸਲਿਮ ਔਰਤਾਂ ਨੂੰ ਉਹਨਾਂ ਦੇ ਨਿਕਾਹ ਵਿਚ ਨਾ ਦੇਣਾ (ਕਿਉਂਕਿ) ਮੁਸ਼ਰਿਕ ਮਰਦ ਨਾਲੋਂ ਭਾਵੇਂ ਉਹ ਤੁਹਾਨੂੰ ਕਿੰਨਾ ਹੀ ਚੰਗਾ ਲੱਗੇ, ਮੋਮਿਨ ਗ਼ੁਲਾਮ ਬਿਹਤਰ ਹੈ। ਇਹ ਮੁਸ਼ਰਿਕ (ਲੋਕਾਂ ਨੂੰ) ਦੋਜ਼ਖ਼ ਵੱਲ ਬੁਲਾਉਂਦੇ ਹਨ ਅਤੇ ਅੱਲਾਹ ਆਪਣੀ ਮਿਹਰ ਸਦਕਾ ਬਹਿਸ਼ਤ ਤੇ ਬਖਸ਼ਿਸ਼ ਵੱਲ ਬੁਲਾਉਂਦਾ ਹੈ ਤੇ ਆਪਣੇ ਹੁਕਮ ਲੋਕਾਂ ਨੂੰ ਸਪੱਸ਼ਟ ਤੌਰ 'ਤੇ ਬਿਆਨ ਫ਼ਰਮਾਉਂਦਾ ਹੈ ਤਾਂ ਕਿ ਲੋਕ ਸਿੱਖਿਆ ਤੇ ਨਸੀਹਤ ਹਾਸਲ ਕਰਨ।(221)

ਅਤੇ ਲੋਕ ਤੁਹਾਥੋਂ ਹੈਜ਼ (ਮਾਸਿਕ ਧਰਮ) ਦੇ ਬਾਰੇ ਪੁੱਛਦੇ ਹਨ? ਕਹਿ ਦੇਵੋ ਕਿ ਇਹ ਤਾਂ ਗੰਦਗੀ ਹੈ। ਸੋ ਹੈਜ਼ ਦੇ ਦਿਨਾਂ ਵਿਚ ਔਰਤਾਂ ਤੋਂ ਵੱਖ ਰਹੋ, ਜਦੋਂ ਤੱਕ ਉਹ ਪਾਕ-ਸਾਫ਼ ਨਾ ਹੋ ਜਾਣ, ਉਹਨਾਂ ਦੇ ਨੇੜੇ ਨਾ ਜਾਓ । ਹਾਂ ਜਦੋਂ ਉਹ ਪਾਕ-ਸਾਫ਼ ਹੋ ਜਾਣ ਤਾਂ ਉਹਨਾਂ ਕੋਲ ਉਸ ਢੰਗ ਨਾਲ ਜਾਓ ਜਿਵੇਂ ਅੱਲਾਹ ਨੇ ਤੁਹਾਨੂੰ ਹੁਕਮ ਦਿੱਤਾ ਹੈ। ਕੋਈ ਸ਼ੱਕ ਨਹੀਂ ਕਿ ਅੱਲਾਹ ਤੌਬਾ ਕਰਨ ਵਾਲਿਆਂ ਅਤੇ ਪਾਕ ਸਾਫ਼ ਰਹਿਣ ਵਾਲਿਆਂ ਨੂੰ ਪਸੰਦ ਕਰਦਾ ਹੈ।(222)

ਤੁਹਾਡੀਆਂ ਪਤਨੀਆਂ ਤੁਹਾਡੀਆਂ ਖੇਤੀਆਂ ਹਨ ਤਾਂ ਆਪਣੀ ਖੇਤੀ ਵਿਚ ਜਿਸ ਤਰ੍ਹਾਂ ਚਾਹੁੰਦੇ ਹੋ, ਜਾਓ ਅਤੇ ਆਪਣੇ ਲਈ (ਨੇਕ ਅਮਲ) ਅੱਗੇ ਭੇਜਦੇ ਰਹੋ ਅਤੇ ਅੱਲਾਹ ਤੋਂ ਡਰਦੇ ਰਹੋ, ਤੇ ਜਾਣ ਲਓ ਕਿ (ਇਕ ਦਿਨ) ਤੁਸੀਂ ਜ਼ਰੂਰ ਰੱਬ ਦੇ ਹਜ਼ੂਰ ਪੇਸ਼ ਹੋਣਾ ਹੈ।(223) ਅਤੇ (ਐ ਨਬੀ !) ਈਮਾਨ ਵਾਲਿਆਂ ਨੂੰ ਖ਼ੁਸ਼ਖ਼ਬਰੀ ਸੁਣਾ ਦੇਵੋ। **(ਸੂਰਤ ਅਲ-ਬਕਰਹ ਆਇਤ ਨੰ 219-223)**

ਜਿਹੜੇ ਲੋਕ ਆਪਣੀਆਂ ਔਰਤਾਂ ਨਾਲ ਸਬੰਧ ਨਾ ਰੱਖਣ ਦੀ ਸਹੁੰ ਖਾ ਲੈਣ, ਉਹਨਾਂ ਨੂੰ ਚਾਰ ਮਹੀਨਿਆਂ ਤੱਕ ਉਡੀਕ ਕਰਨੀ ਚਾਹੀਦੀ ਹੈ ਜੇਕਰ (ਇਸ ਸਮੇਂ ਦੌਰਾਨ, ਸਹੁੰ ਤੋਂ) ਪਰਤ ਆਉਣ, ਤਾਂ ਅੱਲਾਹ ਬਖ਼ਸ਼ਣਹਾਰ ਰਹਿਮ ਫ਼ਰਮਾਉਣ ਵਾਲਾ ਹੈ (226) ਅਤੇ ਜੇਕਰ'ਤਲਾਕ' ਦੇਣ ਦਾ ਨਿਰਣਾ ਕਰ ਲੈਣ ਤਾਂ ਵੀ ਅੱਲਾਹ ਸੁਣਦਾ ਅਤੇ ਜਾਣਦਾ ਹੈ।(227)

ਅਤੇ ਤਲਾਕ ਵਾਲੀਆਂ ਔਰਤਾਂ ਤਿੰਨ ਵਾਰੀ ਮਾਸਿਕ ਧਰਮ ਆਉਣ ਤੱਕ ਆਪਣੇ ਆਪ ਨੂੰ ਰੋਕੀ ਰੱਖਣਅਤੇ ਜੇ ਉਹ ਅੱਲਾਹ ਅਤੇ ਆਖ਼ਿਰਤ ਦੇ ਦਿਨ ਤੇ ਭਰੋਸਾ ਰੱਖਦੀਆਂ ਹਨ ਤਾਂ ਉਹਨਾਂ ਲਈ ਜਾਇਜ਼ ਨਹੀਂ ਕਿ ਜੋ ਕੁੱਝ ਅੱਲਾਹ ਨੇ ਉਹਨਾਂ ਦੇ ਗਰਭ ਵਿਚ ਪੈਦਾ ਫ਼ਰਮਾਇਆ ਹੈ, ਉਸ ਨੂੰ ਲੁਕਾਉਣ, ਤੇ ਜੇ ਉਹਨਾਂ ਦੇ ਪਤੀ ਮੁੜ ਸੰਬੰਧ ਕਾਇਮ ਕਰਨਾ ਚਾਹੁਣ ਤਾਂ ਉਹ ਇਸ 'ਮੁੱਦਤ' ਵਿਚ ਉਹਨਾਂ ਨੂੰ ਮੁੜ ਆਪਣੀ ਪਤਨੀ ਵਜੋਂ ਆਪਣਾ ਲੈਣ ਦੇ ਜ਼ਿਆਦਾ ਹੱਕਦਾਰ ਹਨ। ਅਤੇ ਔਰਤਾਂ ਦੇ ਅਧਿਕਾਰ (ਮਰਦਾਂ 'ਤੇ) ਉਸੇ ਤਰ੍ਹਾਂ ਹੀ ਹਨ ਜਿਵੇਂ ਨਿਯਮਾਂ ਅਨੁਸਾਰ

(ਮਰਦਾਂ ਦੇ ਅਧਿਕਾਰ) ਔਰਤਾਂ 'ਤੇ ਹਨ ਭਾਵੇਂ ਮਰਦਾਂ ਨੂੰ ਔਰਤਾਂ ਉੱਤੇ ਫ਼ਜ਼ੀਲਤ ਹਾਸਿਲ ਹੈ ਅਤੇ ਅੱਲਾਹ ਜ਼ੋਰਾਵਰ (ਅਤੇ) ਹਿਕਮਤਾਂ ਵਾਲਾ ਹੈ।(228)

ਤਲਾਕ (ਸਿਰਫ਼) ਦੋ ਵਾਰੀ ਹੈ (ਭਾਵ ਜਦੋਂ ਦੋ ਤਲਾਕਾਂ ਦੇ ਦਿੱਤੀਆਂ ਜਾਣ ਤਾਂ) ਫਿਰ ਜਾਂ ਤਾਂ (ਬੀਵੀਆਂ ਨੂੰ) ਸੁਚੱਜੇ ਢੰਗ ਨਾਲ ਨਿਕਾਹ ਵਿਚ ਰਹਿਣ ਦਿੱਤਾ ਜਾਵੇ ਜਾਂ ਉਚਿਤ ਢੰਗ ਨਾਲ ਛੱਡ ਦਿੱਤਾ ਜਾਵੇ। ਅਤੇ ਇਹ ਜਾਇਜ਼ ਨਹੀਂ ਕਿ ਜਿਹੜਾ ਮਹਿਰ ਤੁਸੀਂ ਉਹਨਾਂ ਨੂੰ ਦੇ ਚੁੱਕੇ ਹੋ, ਉਸ ਵਿਚੋਂ ਕੁੱਝ ਵਾਪਸ ਲੈ ਲਓ, ਹਾਂ ਜੇਕਰ ਪਤੀ ਪਤਨੀ ਨੂੰ ਡਰ ਹੋਵੇ ਕਿ ਉਹ ਅੱਲਾਹ ਦੀਆਂ ਹੱਦਾਂ ਨੂੰ ਕਾਇਮ ਨਹੀਂ ਰੱਖ ਸਕਣਗੇ, ਤਾਂ ਜੇ ਪਤਨੀ (ਪਤੀ ਦੇ ਹੱਥੋਂ) ਰਿਹਾਈ ਪਾਉਣ ਦੇ ਬਦਲੇ, ਕੁਝ ਦੇ ਦੇਵੇ ਤਾਂ ਦੋਵਾਂ ਲਈ ਕੋਈ ਗੁਨਾਹ ਨਹੀਂ, ਇਹ ਅੱਲਾਹ ਦੀਆਂ ਨਿਸ਼ਚਿਤ ਕੀਤੀਆਂ ਹੋਈਆਂ ਹੱਦਾਂ ਹਨ, ਇਹਨਾਂ ਦੀ ਉਲੰਘਣਾ ਨਾ ਕਰਨਾ ਅਤੇ ਜਿਹੜੇ ਅੱਲਾਹ ਦੀਆਂ ਹੱਦਾਂ ਦੀ ਉਲੰਘਣਾ ਕਰਨਗੇ, ਉਹੀ ਗੁਨਾਹਗਾਰ ਹੋਣਗੇ। (229)

ਫਿਰ ਜੇ ਪਤੀ (ਦੋ ਤਲਾਕਾਂ ਤੋਂ ਬਾਅਦ ਤੀਸਰੀ) ਤਲਾਕ ਔਰਤ ਨੂੰ ਦੇ ਦੇਵੇ ਤਾਂ ਉਸ ਤੋਂ ਬਾਅਦ ਜਦੋਂ ਤੱਕ ਔਰਤ ਕਿਸੇ ਦੂਜੇ ਆਦਮੀ ਨਾਲ ਨਿਕਾਹ ਨਾ ਕਰ ਲਵੇ, ਉਹ (ਪਹਿਲੇ ਪਤੀ) ਵਾਸਤੇ ਜਾਇਜ਼ ਨਹੀਂ ਹੋਵੇਗੀ, ਹਾਂ ਜੇ ਦੂਸਰਾ ਪਤੀ ਵੀ ਤਲਾਕ ਦੇ ਦੇਵੇ, ਅਤੇ ਔਰਤ ਅਤੇ ਪਹਿਲਾ ਆਦਮੀ ਫਿਰ ਇਕ ਦੂਜੇ ਵੱਲ ਪਰਤ ਆਉਣ ਤਾਂ ਉਹਨਾਂ ਲਈ ਕੋਈ ਗੁਨਾਹ ਨਹੀਂ, ਸ਼ਰਤ ਇਹ ਹੈ ਕਿ ਦੋਵੇਂ ਪੱਕਾ ਇਰਾਦਾ ਕਰਨ ਕਿ ਅੱਲਾਹ ਦੁਆਰਾ ਨਿਰਧਾਰਤ ਹੱਦਾਂ ਨੂੰ ਨਹੀਂ ਤੋੜਨਗੇ।ਅਤੇ ਇਹ ਅੱਲਾਹ ਦੁਆਰਾ ਨਿਸ਼ਚਿਤ ਹੋਈਆਂ/ ਕੀਤੀਆਂ ਹੱਦਾਂ ਹਨ, ਉਹ ਇਹਨਾਂ ਨੂੰ ਉਹਨਾਂ ਲੋਕਾਂ ਲਈ ਬਿਆਨ ਫ਼ਰਮਾ ਰਿਹਾ ਹੈ, ਜਿਹੜੇ ਸੂਝਵਾਨ ਹਨ।(230)

ਅਤੇ ਜਦੋਂ ਤੁਸੀਂ ਆਪਣੀਆਂ ਜ਼ਨਾਨੀਆਂ ਜਾਂ ਔਰਤਾਂ ਨੂੰ (ਦੋ ਵਾਰੀ) ਤਲਾਕ ਦੇ ਦੇਵੋ ਅਤੇ ਉਹਨਾਂ ਦੀ ਇੱਦਤ ਪੂਰੀ ਹੋ ਜਾਵੇ ਤਾਂ ਉਹਨਾਂ ਨੂੰ ਜਾਂ ਤਾਂ ਵਧੀਆ ਵਤੀਰੇ ਨਾਲ ਨਿਕਾਹ ਵਿੱਚ ਰਹਿਣ ਦੇਵੋ ਜਾਂ ਸੁਚੱਜੇ ਤਰੀਕੇ ਨਾਲ ਵਿਦਾਅਕਰ ਦੇਵੋ ਤੇ ਇਸ ਇਰਾਦੇ ਨਾਲ ਉਹਨਾਂ ਨੂੰ ਨਿਕਾਹ ਵਿਚ ਨਾ ਰੱਖੋ ਕਿ ਉਹਨਾਂ ਨੂੰ ਤਕਲੀਫ਼ ਦੇਵੋ ਤੇ ਉਹਨਾਂ 'ਤੇ ਵਧੀਕੀ ਕਰੋ, ਅਤੇ ਜਿਹੜਾ ਅਜਿਹਾ ਕਰੇਗਾ, ਉਹ ਆਪਣਾ ਹੀ ਨੁਕਸਾਨ ਕਰੇਗਾ। ਅਤੇ ਅੱਲਾਹ ਦੇ ਆਦੇਸ਼ਾਂ ਨੂੰ ਹਾਸਾ ਮਜ਼ਾਕ ਨਾ ਬਣਾਓ, ਤੇ ਅੱਲਾਹ ਨੇ ਜਿਹੜੀਆਂ ਨਿਅਮਤਾਂ ਤੁਹਾਨੂੰ ਬਖ਼ਸ਼ੀਆਂ ਹਨ ਤੇ ਤੁਹਾਡੇ 'ਤੇ ਜਿਹੜੀ ਕਿਤਾਬ ਤੇ ਸਿਆਣਪ ਦੀਆਂ ਗੱਲਾਂ ਉਤਾਰੀਆਂ ਹਨ, ਜਿਹਨਾਂ ਵਿੱਚ ਉਹ ਤੁਹਾਨੂੰ ਨਸੀਹਤ ਫ਼ਰਮਾਉਂਦਾ ਹੈ, ਉਹਨਾਂ ਨੂੰ ਯਾਦ ਕਰੋ ਤੇ ਰੱਬ ਤੋਂ ਡਰਦੇ ਰਹੋ ਤੇ ਇਹ ਯਾਦ ਰੱਖੋ ਕਿ ਅੱਲਾਹ ਹਰ ਚੀਜ਼ ਦਾ ਜਾਣਕਾਰ ਹੈ।(231)

ਅਤੇ ਜਦੋਂ ਤੁਸੀਂ ਔਰਤਾਂ ਨੂੰ ਤਲਾਕ ਦੇ ਚੁੱਕੋ ਤੇ ਉਹਨਾਂ ਦੀ ਇੱਦਤ ਪੂਰੀ ਹੋ ਜਾਵੇ ਤੇ ਉਹ ਦੂਜਿਆਂ ਮਰਦਾਂ ਦੇ ਨਾਲ ਆਪਸ ਵਿਚ ਨਿਕਾਹ ਲਈ ਰਾਜ਼ੀ ਹੋ ਜਾਣ, ਤਾਂ ਉਹਨਾਂ ਦੇ ਨਿਕਾਹ ਵਿੱਚ ਰੁਕਾਵਟ ਨਾ ਬਣੋ। ਇਸ (ਹੁਕਮ) ਰਾਹੀਂ ਉਸ ਵਿਅਕਤੀ ਨੂੰ ਨਸੀਹਤ ਕੀਤੀ ਜਾਂਦੀ ਹੈ, ਜਿਹੜਾ ਤੁਹਾਡੇ ਵਿਚੋਂ ਅੱਲਾਹ ਅਤੇ ਆਖ਼ਿਰਤ ਦੇ ਦਿਨ 'ਤੇ ਯਕੀਨ ਰੱਖਦਾ ਹੈ। ਇਹ ਤੁਹਾਡੇ ਲਈ ਵਧੇਰੇ ਚੰਗੀ ਅਤੇ ਪਵਿੱਤਰਤਾ ਵਾਲੀ ਗੱਲ ਹੈ। ਅੱਲਾਹ ਜਾਣਦਾ ਹੈ ਅਤੇ ਤੁਸੀਂ ਨਹੀਂ ਜਾਣਦੇ। (232)

ਮਾਵਾਂ ਆਪਣੇ ਬੱਚਿਆਂ ਨੂੰ ਪੂਰੇ ਦੋ ਸਾਲ ਦੁੱਧ ਚੁੰਘਾਉਣ, ਇਹ (ਹੁਕਮ) ਉਸ ਵਿਅਕਤੀ ਲਈ ਹੈ ਜਿਹੜਾ ਪੂਰੇ ਸਮੇਂ ਤੱਕ ਦੁੱਧ ਚੁੰਘਵਾਉਣਾ ਚਾਹੇ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਲਈ ਰੋਟੀ, ਕੱਪੜਾ, ਪ੍ਰਚੱਲਿਤ ਰਿਵਾਜ ਅਨੁਸਾਰ ਪਿਤਾ ਦੇ ਜ਼ਿੰਮੇ ਹੋਵੇਗਾ। ਕਿਸੇ ਵਿਅਕਤੀ 'ਤੇ ਉਸਦੀ ਹਿੰਮਤ ਤੋਂ ਵੱਧ ਭਾਰ ਨਹੀਂ ਪਾਇਆ ਜਾਂਦਾ। (ਇਸ ਲਈ ਯਾਦ ਰੱਖੋ ਕਿ) ਨਾ ਤਾਂ ਮਾਂ ਨੂੰ ਉਸਦੇ ਬੱਚੇ ਦੇ ਕਾਰਨ ਦੁੱਖ ਵਿਚ ਪਾਇਆ ਜਾਵੇ ਅਤੇ ਨਾ ਪਿਓ ਨੂੰ ਉਸਦੀ ਔਲਾਦ ਦੇ ਕਾਰਨ ਨੁਕਸਾਨ ਪਹੁੰਚਾਇਆ ਜਾਵੇ ਇੰਜ ਹੀ (ਰੋਟੀ, ਕੱਪੜਾ) ਬੱਚੇ ਦੇ ਵਾਰਸ ਦੇ ਜ਼ਿੰਮੇ ਹੈ, ਹਾਂ ਜੇ ਦੋਵੇਂ (ਮਾਤਾ-ਪਿਤਾ) ਆਪਸੀ ਰਜ਼ਾਮੰਦੀ ਅਤੇ ਸਲਾਹ ਮਸ਼ਵਰੇ ਨਾਲ ਬੱਚੇ ਦਾ ਦੁੱਧ ਛੁਡਾਉਣਾ ਚਾਹੁਣ ਤਾਂ ਉਹਨਾਂ 'ਤੇ ਕੋਈ ਗੁਨਾਹ ਨਹੀਂ, ਤੇ ਜੇ ਤੁਸੀਂ ਆਪਣੀ ਸੰਤਾਨ ਨੂੰ (ਕਿਸੇ ਹੋਰ ਪਰਾਈ ਔਰਤ ਤੋਂ) ਦੁੱਧ ਚੁੰਘਵਾਉਣਾ ਚਾਹੋ, ਤਾਂ ਕੋਈ ਗੁਨਾਹ ਨਹੀਂ, ਸ਼ਰਤ ਇਹ ਹੈ ਕਿ ਦੁੱਧ ਚੁੰਘਾਉਣ ਵਾਲੀਆਂ ਨੂੰ ਦਸਤੂਰ ਅਨੁਸਾਰ ਜਿਹੜਾ ਉਹਨਾਂ ਦਾ ਹੱਕ ਤੁਸੀਂ ਤੈਅ ਕੀਤਾ ਸੀ, ਦੇ ਦੇਵੋ ਅਤੇ ਅੱਲਾਹ ਤੋਂ ਡਰਦੇ ਰਹੋ ਤੇ ਜਾਣ ਲਓ ਕਿ ਜੋ ਕੁੱਝ ਤੁਸੀਂ ਕਰਦੇ ਹੋ, ਅੱਲਾਹ ਉਸ ਨੂੰ ਵੇਖ ਰਿਹਾ ਹੈ। (233)

ਅਤੇ ਤੁਹਾਡੇ ਵਿਚੋਂ ਜੋ ਲੋਕ ਮਰ ਜਾਣ ਅਤੇ (ਉਹਨਾਂ ਦੀਆਂ) ਪਤਨੀਆਂ ਜੀਵਤ ਹੋਣ ਤਾਂ ਔਰਤਾਂ ਆਪਣੇ ਆਪ ਨੂੰ ਚਾਰ ਮਹੀਨੇ ਦਸ ਦਿਨ ਰੋਕੀਂ ਰੱਖਣ ਤੇ ਜਦੋਂ ਇਹ ਇੱਦਤ (ਮਿਆਦ) ਪੂਰੀ ਹੋ ਜਾਵੇ ਤੇ ਆਪਣੇ ਹੱਕ ਵਿਚ ਮਨ ਭਾਉਂਦਾ ਕੰਮ (ਨਿਕਾਹ) ਕਰ ਲੈਣ ਤਾਂ ਤੁਹਾਡੇ 'ਤੇ ਕੋਈ ਗੁਨਾਹ ਨਹੀਂ, ਤੇ ਅੱਲਾਹ ਤੁਹਾਡੇ ਸਾਰੇ ਕੰਮਾਂ ਤੋਂ ਵਾਕਿਫ਼ ਹੈ। (234)

ਜਾਂ (ਨਿਕਾਹ ਦੀ ਇੱਛਾ ਨੂੰ) ਆਪਣੇ ਦਿਲਾਂ ਵਿਚ ਛੁਪਾਈ ਰੱਖੋ ਤਾਂ ਇਸ ਵਿੱਚ ਕੋਈ ਗੁਨਾਹ ਨਹੀਂ। ਅੱਲਾਹ ਜਾਣਦਾ ਹੈ ਕਿ ਉਹਨਾਂ (ਵਿਧਵਾ ਔਰਤਾਂ) ਦਾ ਖ਼ਿਆਲ ਤੁਹਾਡੇ ਦਿਲ ਵਿੱਚ ਆਵੇਗਾ ਪਰ ਵੇਖੋ ਉਹਨਾਂ ਨਾਲ ਖ਼ੁਫ਼ੀਆ ਤੌਰ 'ਤੇ ਕੋਈ ਗੱਲਬਾਤ ਜੇ ਤੁਸੀਂ ਔਰਤਾਂ ਨੂੰ ਸੰਕੇਤਾਂ ਰਾਹੀਂ ਨਿਕਾਹ ਦਾ ਪੈਗ਼ਾਮ ਭੇਜੋ, ਤੈਅ ਨਾ ਕਰੋ, ਅਤੇ ਜਦੋਂ ਤੀਕ 'ਇੱਦਤ' ਪੂਰੀ ਨਾ ਹੋ ਜਾਵੇ, ਨਿਕਾਹ ਦਾ ਪੱਕਾ

ਇਰਾਦਾ ਨਾ ਕਰੋ, ਤੇ ਜਾਣ ਲਓ ਕਿ ਜੋ ਕੁਝ ਤੁਹਾਡੇ ਦਿਲਾਂ ਵਿਚ ਹੈ, ਅੱਲਾਹ ਨੂੰ ਚੰਗੀ ਤਰ੍ਹਾਂ ਪਤਾ ਹੈ, ਇਸ ਲਈ ਉਸ ਤੋਂ ਡਰਦੇ ਰਹੋ ਤੇ ਜਾਣ ਲਵੋ ਕਿ ਅੱਲਾਹ ਬਖ਼ਸ਼ਣਹਾਰ ਤੇ ਸਹਿਣਸ਼ੀਲ ਹੈ।(235)

ਅਤੇ ਜੇ ਤੁਸੀਂ ਆਪਣੀਆਂ ਔਰਤਾਂ ਨੂੰ ਹੱਥ ਲਾਉਣ ਜਾਂ ਮਹਿਰ ਨਿਸ਼ਚਿਤ ਹੋਣ ਤੋਂ ਪਹਿਲਾਂ ਤਲਾਕ ਦੇ ਦੇਵੋ ਤਾਂ ਤੁਹਾਨੂੰ ਕੋਈ ਗੁਨਾਹ ਨਹੀਂ, ਹਾਂ ਉਹਨਾਂ ਨੂੰ ਦਸਤੂਰ ਦੇ ਮੁਤਾਬਿਕ ਕੁੱਝ ਖ਼ਰਚ ਜ਼ਰੂਰ ਦੇ ਦੇਵੋ ਭਾਵ ਆਪਣੀ ਵਿੱਤ ਅਨੁਸਾਰ ਅਤੇ (ਗ਼ਰੀਬ ਆਪਣੀ ਪਹੁੰਚ ਅਨੁਸਾਰ) ਕੁਝ ਨਾ ਕੁਝ ਜ਼ਰੂਰ ਦੇ ਦੇਵੇ, ਇਹ ਨੇਕ ਲੋਕਾਂ 'ਤੇ ਇੱਕ ਤਰ੍ਹਾਂ ਦਾ ਹੱਕ ਹੈ।(236)

ਅਤੇ ਜੇ ਤੁਸੀਂ ਆਪਣੀਆਂ ਔਰਤਾਂ ਨੂੰ ਹੱਥ ਲਾਉਣ ਤੋਂ ਪਹਿਲਾਂ ਤਲਾਕ ਦੇ ਦੇਵੋ ਪਰੰਤੂ ਮਹਿਰ, ਤੈਅ ਹੋ ਚੁੱਕਿਆ ਹੋਵੇ ਤਾਂ ਅੱਧਾ 'ਮਹਿਰ' ਦੇਣਾ ਪਵੇਗਾ ਜਾਂ ਜੇ ਔਰਤਾਂ 'ਮਹਿਰ' ਮੁਆਫ਼ ਕਰ ਦੇਣ ਜਾਂ ਆਦਮੀ, ਜਿਹਨਾਂ ਦੇ ਨਾਲ ਨਿਕਾਹ ਹੋਇਆ ਹੈ, (ਆਪਣਾ ਹੱਕ) ਛੱਡ ਦੇਣ(ਅਤੇ ਪੂਰਾ-ਪੂਰਾ ਮਹਿਰ ਅਦਾ ਕਰ ਦੇਣ ਤਾਂ ਉਹਨਾਂ ਨੂੰ ਅਖ਼ਤਿਆਰ ਹੈ। ਅਤੇ ਜੇ ਤੁਸੀਂ ਮਰਦ ਲੋਕ ਹੀ ਆਪਣਾ ਹੱਕ ਛੱਡ ਦੇਵੋ ਤਾਂ ਇਹ ਪ੍ਰਹੇਜ਼ਗਾਰੀ ਵਾਲੀ ਗੱਲ ਹੈ ਅਤੇ ਆਪਸ 'ਚ ਭਲਾਈ ਕਰਨ ਨੂੰ ਨਾ ਭੁੱਲਣਾ, ਬੇਸ਼ੱਕ ਅੱਲਾਹ ਤੁਹਾਡੇ ਸਾਰੇ ਅਮਲਾਂ ਨੂੰ ਵੇਖ ਰਿਹਾ ਹੈ।(237)

(ਸੂਰਤ ਅਲ-ਬਕਰਹ ਆਇਤ ਨੰ 227-237)

ਅਤੇ ਜਿਹੜੇ ਲੋਕਾਂ ਦੀ ਤੁਹਾਡੇ ਵਿਚੋਂ ਮੌਤ ਹੋ ਜਾਵੇ ਅਤੇ ਉਹ ਆਪਣੀਆਂ ਪਤਨੀਆਂ (ਪਿੱਛੇ) ਛੱਡ ਜਾਣ, ਤਾਂ ਉਹ ਆਪਣੀਆਂ ਪਤਨੀਆਂ ਦੇ ਹੱਕ ਵਿੱਚ ਵਸੀਅਤ ਕਰਕੇ ਜਾਣ ਕਿ ਉਹਨਾਂ ਨੂੰ ਇਕ ਸਾਲ ਤੱਕ (ਰੋਟੀ ਕੱਪੜੇ ਦਾ) ਖ਼ਰਚ ਦਿੱਤਾ ਜਾਵੇ ਅਤੇ ਉਹਨਾਂ ਨੂੰ ਘਰ ਵਿਚੋਂ ਨਾ ਕੱਢਿਆ ਜਾਵੇ। ਹਾਂ, ਜੇ ਉਹ ਆਪ ਹੀ ਘਰੋਂ ਚਲੀਆਂ ਜਾਣ ਅਤੇ ਆਪਣੀ ਭਲਾਈ ਲਈ ਕੁੱਝ ਕਰਨਾ ਚਾਹੁਣ ਤਾਂ ਕਰ ਸਕਦੀਆਂ ਹਨ।ਇਸ ਵਿਚ ਤੁਹਾਡੇ ਲਈ ਕੋਈ ਗੁਨਾਹ ਨਹੀਂ ਅਤੇ ਅੱਲਾਹ ਸਭ ਤੋਂ ਜ਼ਿਆਦਾ ਸੂਝਵਾਨ ਹੈ।(240) ਅਤੇ ਤਲਾਕ ਸ਼ੁਦਾ ਔਰਤਾਂ ਨੂੰ ਵੀ (ਇਸਲਾਮੀ) ਕਾਨੂੰਨ ਅਨੁਸਾਰ ਰੋਟੀ ਕੱਪੜਾ ਦੇਣਾ ਚਾਹੀਦਾ ਹੈ, ਪ੍ਰਹੇਜ਼ਗਾਰਾਂ ਉੱਤੇ ਇਹ ਵੀ ਅੱਲਾਹ ਦਾ ਹੱਕ ਹੈ।(241)

(ਸੂਰਤ ਅਲ-ਬਕਰਹ ਆਇਤ ਨੰ 240-241)

ਐ ਈਮਾਨ ਵਾਲਿਓ! ਜਦੋਂ ਤੁਸੀਂ ਆਪਸ ਵਿੱਚ ਕਿਸੇ ਨਿਸ਼ਚਿਤ ਮਿਆਦ ਦੇ ਲਈ ਕਰਜ਼ੇ ਦਾ ਮਾਮਲਾ ਤੈਅ ਕਰਨ ਲੱਗੋ ਤਾਂ ਉਸ ਨੂੰ ਲਿਖ ਲਿਆ ਕਰੋ ਅਤੇ ਲਿਖਣ ਵਾਲਾ ਤੁਹਾਡੇ ਵਿੱਚੋਂ (ਕਿਸੇ ਦਾ ਨੁਕਸਾਨ ਨਾ ਕਰੇ ਬਲਕਿ) ਇਨਸਾਫ਼ ਨਾਲ ਲਿਖੇ ਤੇ ਲਿਖਣ ਵਾਲਾਜਿਵੇਂ ਰੱਬ ਨੇ ਉਸ ਨੂੰ ਲਿਖਣ ਲਈ

ਦੱਸਿਆ ਹੈ, ਲਿਖਣੋਂ ਇਨਕਾਰ ਨਾ ਕਰੇ ਤੇ ਲਿਖਤ ਲਿਖ ਦੇਵੇ। ਅਤੇ ਕਰਜ਼ਾਈ ਉਹੀ ਲਿਖਤ ਦਾ ਮਜ਼ਮੂਨ ਬੋਲ ਕੇ ਲਿਖਵਾਏ। ਅਤੇ ਅੱਲਾਹ ਤੋਂ ਜੋਉਸ ਦਾ ਮਾਲਿਕ ਹੈ, ਡਰਦਾ ਰਹੇ ਤੇ ਕਰਜ਼ੇ ਦੇ ਰੁਪਇਆਂ ਵਿੱਚੋਂ ਕੁੱਝ ਘੱਟ ਨਾ ਲਿਖਵਾਏ। ਜੇ ਕਰਜ਼ਾਈ ਬੇਸਮਝ ਜਾਂ ਬੁੱਢਾ ਹੋਵੇ ਜਾਂ ਮਜ਼ਮੂਨ ਲਿਖਵਾਉਣ ਦੀ ਕਾਬਲੀਅਤ ਨਾ ਰਖਦਾ ਹੋਵੇ ਤਾਂ ਜਿਹੜਾ ਉਸ ਦਾ ਮੁਖ਼ਤਿਆਰ ਹੋਵੇ ਉਹ ਇਨਸਾਫ਼ ਦੇ ਨਾਲ ਮਜ਼ਮੂਨ ਲਿਖਵਾਏ ਤੇ ਆਪਣੇ ਵਿੱਚੋਂ ਦੋ ਆਦਮੀਆਂ ਨੂੰ (ਅਜਿਹੇ ਮਾਮਲੇ ਦਾ) ਗਵਾਹ ਬਣਾ ਲਿਆ ਕਰੋ ਤੇ ਜੇਕਰ ਦੋ ਆਦਮੀ ਨਾ ਮਿਲਣ ਤਾਂ ਇੱਕ ਆਦਮੀ ਤੇ ਦੋ ਔਰਤਾਂ, ਜਿਹਨਾਂ ਨੂੰ ਤੁਸੀਂ ਗਵਾਹ ਪਸੰਦ ਕਰੋ (ਕਾਫ਼ੀ ਹਨ)। ਜੇ ਉਹਨਾਂ ਵਿੱਚੋਂ ਇੱਕ ਭੁੱਲ ਜਾਵੇਗੀ ਤਾਂ ਦੂਸਰੀ ਉਸਨੂੰ ਯਾਦ ਕਰਵਾ ਦੇਵੇਗੀ ਤੇ ਜਦੋਂ ਗਵਾਹ (ਗਵਾਹੀ ਲਈ) ਬੁਲਾਏ ਜਾਣ ਤਾਂ ਇਨਕਾਰ ਨਾ ਕਰਨ ਅਤੇ ਕਰਜ਼ਾ ਘੱਟ ਹੋਵੇ ਜਾਂ ਵੱਧ, ਉਸ (ਦੀ ਲਿਖਤ) ਦੇ ਲਿਖਣ ਲਿਖਾਉਣ ਵਿੱਚ ਲਾਪਰਵਾਹੀ ਨਾ ਕਰਨਾ। ਇਹ ਗੱਲ ਅੱਲਾਹ ਦੇ ਨਜ਼ਦੀਕ ਬਹੁਤ ਹੀ ਨਿਆਂਪੂਰਨ ਹੈ, ਅਤੇ ਗਵਾਹੀ ਦੇ ਲਈ ਵੀ ਇਹ ਢੁਕਵਾਂ ਢੰਗ ਹੈ। ਇਸ ਨਾਲ ਤੁਹਾਨੂੰ ਕਿਸੇ ਪ੍ਰਕਾਰ ਦਾ ਸ਼ੱਕ-ਸ਼ੁਬ੍ਹਾ ਨਹੀਂ ਰਹੇਗਾ। ਹਾਂ ਜੇਕਰ ਸੌਦਾ ਹੱਥੋ-ਹੱਥੀ ਹੋਵੇ, ਜਾਂ ਤੁਸੀਂ ਆਪੋ ਵਿੱਚ ਲੈਣ ਦੇਣ ਕਰਦੇ ਹੋ, ਤਾਂ ਜੇਕਰ (ਅਜਿਹੇ ਮਾਮਲੇ ਦੀ) ਲਿਖਤ ਨਾ ਲਿਖੋ ਤਾਂ ਵੀ ਗਵਾਹ ਬਣਾ ਲਿਆ ਕਰੋ ਤੇ ਲਿਖਤਕਾਰ ਤੇ ਗਵਾਹ (ਮਾਮਲਾ ਕਰਨ ਵਾਲਿਆਂ ਦਾ) ਕਿਸੇ ਤਰ੍ਹਾਂ ਦਾ ਨੁਕਸਾਨ ਨਾ ਕਰੇ। ਜੇਕਰ ਤੁਸੀਂ (ਲੋਕ) ਅਜਿਹਾ ਕਰੋਗੇ ਤਾਂ ਇਹ ਤੁਹਾਡੇ ਲਈ ਗੁਨਾਹ ਦੀ ਗੱਲ ਹੈ। ਅਤੇ ਅੱਲਾਹ ਤੋਂ ਡਰੋ ਤੇ (ਵੇਖੋ ਕਿ) ਉਹ ਤੁਹਾਨੂੰ (ਕਿਹੋ ਜਿਹੀਆਂ ਲਾਭਦਾਇਕ ਗੱਲਾਂ) ਸਿਖਾਉਂਦਾ ਹੈ। ਅਤੇ ਅੱਲਾਹ ਤਆਲਾ ਹਰ ਸ਼ੈਅ ਦਾ ਜਾਣਕਾਰ ਹੈ। (282) (ਸੂਰਤ ਅਲ-ਬਕਰਹ ਆਇਤ ਨੰ 282)

ਲੋਕਾਂ ਨੂੰ ਉਹਨਾਂ ਦੀਆਂ ਇੱਛਾ ਦੀਆਂ ਚੀਜ਼ਾਂ ਭਾਵ ਔਰਤਾਂ ਅਤੇ ਪੁੱਤਰ ਤੇ ਸੋਨੇ-ਚਾਂਦੀ ਦੇ ਵੱਡੇ-ਵੱਡੇ ਢੇਰ ਤੇ ਨਿਸ਼ਾਨ ਲੱਗੇ ਹੋਏ ਘੋੜੇ ਤੇ ਪਸ਼ੂ ਤੇ ਖੇਤ ਬਹੁਤ ਸੋਹਣੇ ਪ੍ਰਤੀਤ ਹੁੰਦੇ ਹਨ, (ਪਰੰਤੂ) ਇਹ ਸਭ ਸੰਸਾਰਕ ਜੀਵਨ ਦੇ ਹੀ ਸਾਧਨ ਹਨ, ਅਤੇ ਅੱਲਾਹ ਦੇ ਕੋਲ ਬਹੁਤ ਚੰਗਾ ਟਿਕਾਣਾ ਹੈ।(14)

(ਸੂਰਤ ਆਲ-ਏ-ਇਮਰਾਨ ਆਇਤ ਨੰ 14)

ਐ ਲੋਕੋ! ਆਪਣੇ ਰੱਬ ਤੋਂ ਡਰੋ, ਜਿਸ ਨੇ ਤੁਹਾਨੂੰ ਇਕ ਵਿਅਕਤੀ ਤੋਂ ਪੈਦਾ ਕੀਤਾ (ਭਾਵ ਸਭ ਤੋਂ ਪਹਿਲੇ ਵਿਅਕਤੀ ਹਜ਼ਰਤ ਆਦਮ ਅਲੈ.)) ਉਸ ਤੋਂ ਉਸ ਦਾ ਜੋੜਾ ਬਣਾਇਆ। ਫਿਰ ਉਹਨਾਂ ਦੋਵਾਂ ਤੋਂ ਬਹੁਤ ਸਾਰੇ ਮਰਦ ਔਰਤਾਂ (ਪੈਦਾ ਕਰਕੇ, ਪੂਰੀ ਦੁਨੀਆ ਵਿਚ) ਫੈਲਾ ਦਿੱਤੇ ਅਤੇ ਅੱਲਾਹ ਤੋਂ ਡਰੋ, ਜਿਸ ਦੇ ਨਾਂ ਦਾ ਵਾਸਤਾ

ਪਾ ਕੇ ਤੁਸੀਂ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਦੇ ਹੋ ਅਤੇ ਰਿਸ਼ਤੇ-ਨਾਤੇ ਵਿਗਾੜਣ ਤੋਂ ਬਚੋ, ਬੇਸ਼ੱਕ ਅੱਲਾਹ ਤੁਹਾਨੂੰ ਵੇਖ ਰਿਹਾ ਹੈ।(1) ਅਤੇ ਯਤੀਮਾਂ ਦਾ ਮਾਲ (ਜਿਹੜਾ ਤੁਹਾਨੂੰ ਸੌਂਪਿਆ ਗਿਆ ਹੋਵੇ) ਉਹਨਾਂ ਦੇ ਹਵਾਲੇ ਕਰ ਦੇਵੋ ਅਤੇ ਉਹਨਾਂ ਦੇ ਪਾਕੀਜ਼ਾ (ਅਤੇ ਵਧੀਆ) ਮਾਲ ਨੂੰ (ਆਪਣੇ ਨੁਕਸਦਾਰ ਅਤੇ) ਭੈੜੇ ਮਾਲ ਨਾਲ ਨਾ ਬਦਲੋ, ਅਤੇ ਉਹਨਾਂ ਦਾ ਮਾਲ-ਆਪਣੇ ਮਾਲ ਨਾਲ ਰਲਾ ਕੇ ਨਾ ਖਾਓ ਕਿਉਂਕਿ ਇਹ ਬਹੁਤ ਸਖ਼ਤ ਗੁਨਾਹ ਹੈ (2) ਅਤੇ ਜੇ ਤੁਹਾਨੂੰ ਇਸ ਗੱਲ ਦਾ ਡਰ ਹੋਵੇ ਕਿ ਯਤੀਮ ਲੜਕੀਆਂ ਦੇ ਮਾਮਲੇ 'ਚ ਇਨਸਾਫ਼ ਨਹੀਂ ਕਰ ਸਕੋਗੇ ਤਾਂ ਉਹਨਾਂ ਤੋਂ ਇਲਾਵਾ ਜਿਹੜੀਆਂ ਔਰਤਾਂ ਤੁਹਾਨੂੰ ਪਸੰਦ ਹੋਣ, ਉਹਨਾਂ ਵਿੱਚੋਂ ਦੋ ਦੋ ਜਾਂ ਤਿੰਨ ਤਿੰਨ ਜਾਂ ਚਾਰ-ਚਾਰ ਨਾਲ ਨਿਕਾਹ ਕਰ ਲਓ। ਜੇਕਰ ਇਸ ਗੱਲ ਦਾ ਡਰ ਹੋਵੇ ਕਿ (ਸਾਰੀਆਂ ਔਰਤਾਂ ਨਾਲ) ਇੱਕੋ ਜਿਹਾ ਵਿਹਾਰ ਨਹੀਂ ਕਰ ਸਕੋਗੇ ਤਾਂ ਇੱਕ ਔਰਤ (ਕਾਫ਼ੀ) ਹੈ ਜਾਂ ਜਿਸ ਦੇ ਤੁਸੀਂ ਮਾਲਿਕ ਹੋਵੋ, ਇੰਜ ਕਰਨ ਨਾਲ ਅਨਿਆਂ ਕਰਨ ਤੋਂ ਬਚ ਜਾਵੋਗੇ ।(3)

ਅਤੇ ਔਰਤਾਂ ਨੂੰ ਉਹਨਾਂ ਦਾ 'ਮਹਿਰ' ਖ਼ੁਸ਼ੀ-ਖ਼ੁਸ਼ੀ ਅਦਾ ਕਰ ਦਿਆ ਕਰੋ ਹਾਂ, ਜੇਕਰ ਉਹ ਆਪਣੀ ਖ਼ੁਸ਼ੀ ਨਾਲ (ਮਹਿਰ) ਵਿਚੋਂ ਕੁਝ ਹਿੱਸਾ ਤੁਹਾਨੂੰ ਮੁਆਫ਼ ਕਰ ਦੇਣ ਤਾਂ ਉਸ ਨੂੰ ਮਜ਼ੇ ਨਾਲ ਖਾ ਲਿਆ ਕਰੋ।(4)ਅਤੇ ਬੇਸਮਝਾਂ (ਨਾਬਾਲਗ਼ਾਂ) ਨੂੰ ਉਹਨਾਂ ਦਾ ਮਾਲ, ਜਿਸਨੂੰ ਖ਼ੁਦਾ ਨੇ ਤੁਹਾਡੇ ਲਈ ਰੁਜ਼ਗਾਰ ਦਾ ਸਾਧਨ ਬਣਾਇਆ ਹੈ, ਨਾ ਦੇਵੋ, ਹਾਂ ਇਸ ਵਿਚੋਂ ਉਹਨਾਂ ਨੂੰ ਖੁਆਉਂਦੇ ਅਤੇ (ਲਿਬਾਸ) ਪਹਿਨਾਉਂਦੇ ਰਹੋ। ਅਤੇ ਉਹਨਾਂ ਨੂੰ ਉੱਚਿਤ ਗੱਲਾਂ ਆਖਦੇ ਰਹੋ।(5)

ਅਤੇ ਯਤੀਮਾਂ ਨੂੰ (ਬਾਲਿਗ਼ ਹੋਣ ਤੱਕ) ਕੰਮ-ਕਾਜ ਵਿਚ ਲਗਾਈਂ ਰੱਖੋ, ਫਿਰ (ਬਾਲਿਗ਼ ਹੋਣ ਉਪਰੰਤ)ਜੇਕਰ ਉਹਨਾਂ ਅੰਦਰ ਚੰਗੀ ਸੂਝ-ਬੂਝ ਵੇਖੋ ਤਾਂ ਉਹਨਾਂ ਦਾ ਮਾਲ ਉਹਨਾਂ ਦੇ ਹਵਾਲੇ ਕਰ ਦੇਵੋ ਅਤੇ ਇਸ ਡਰੋਂ ਕਿ ਉਹ ਵੱਡੇ ਹੋ ਜਾਣਗੇ(ਭਾਵ ਵੱਡੇ ਹੋ ਕੇ ਤੁਹਾਥੋਂ ਆਪਣਾ ਮਾਲ ਵਾਪਸ ਲੈ ਲੈਣਗੇ) ਉਸ ਮਾਲ ਨੂੰ ਫ਼ਜ਼ੂਲ ਖ਼ਰਚੀ ਦੇ ਕੰਮਾਂ ਵਿੱਚ ਛੇਤੀ-ਛੇਤੀ ਨਾ ਉਡਾ ਦੇਣਾ ਅਤੇ ਜਿਹੜਾ ਆਦਮੀ ਖ਼ੁਸ਼ਹਾਲ ਹੋਵੇ ਉਸ ਨੂੰ (ਅਜਿਹੇ ਮਾਲ ਤੋਂ ਪੂਰਨ ਰੂਪ ਵਿਚ) ਸੰਕੋਚ ਕਰਨਾ ਚਾਹੀਦਾ ਹੈ। ਅਤੇ ਜਿਹੜਾ ਗ਼ਰੀਬ ਹੋਵੇ, ਉਹ ਉੱਚਿਤ ਤੌਰ 'ਤੇ(ਮੁਨਾਸਿਬ ਸੇਵਾ ਹਿੱਤ) ਕੁਝ ਲੈ ਲਵੇ ਤੇ ਜਦੋਂ ਉਹਨਾਂ ਦਾ ਮਾਲ ਉਹਨਾਂ ਦੇ ਹਵਾਲੇ ਕਰਨ ਲੱਗੋ ਤਾਂ ਗਵਾਹ ਬਣਾ ਲਿਆ ਕਰੋ। ਹਕੀਕਤ ਵਿਚ ਤਾਂ ਅੱਲਾਹ ਹੀ (ਗਵਾਹ ਅਤੇ) ਲੇਖਾ-ਜੋਖਾ ਲੈਣ ਲਈ ਕਾਫ਼ੀ ਹੈ।(6)

ਜਿਹੜਾ ਮਾਲ ਮਾਤਾ-ਪਿਤਾ ਅਤੇ ਰਿਸ਼ਤੇਦਾਰ ਛੱਡ ਜਾਣ, ਘੱਟ ਹੋਵੇ ਜਾਂ ਵੱਧ, ਉਸ ਵਿਚ ਮਰਦਾਂ ਦਾ ਵੀ ਹਿੱਸਾ ਹੈ ਅਤੇ ਔਰਤਾਂ ਦਾ ਵੀ। ਇਹ ਹਿੱਸੇ (ਅੱਲਾਹ ਦੁਆਰਾ) ਨਿਸ਼ਚਿਤ ਕੀਤੇ ਹੋਏ ਹਨ।(7) (ਸੂਰਤ ਆਲ-ਨਿਸਾ 1-7)

ਅਤੇ ਅਜਿਹੇ ਲੋਕਾਂ ਨੂੰ ਡਰਨਾ ਚਾਹੀਦਾ ਹੈ ਜਿਹੜੇ (ਅਜਿਹੀ ਹਾਲਤ ਵਿਚ ਹੋਣ ਕਿ) ਆਪਣੇ ਪਿੱਛੇ ਨੰਨ੍ਹੇ-ਮੁੰਨ੍ਹੇ ਬੱਚੇ ਛੱਡ ਜਾਣ ਅਤੇ (ਉਹਨਾਂ ਨੂੰ) ਉਹਨਾਂ ਪ੍ਰਤੀ ਇਹ ਡਰ ਹੋਵੇ ਕਿ ਉਹਨਾਂ ਦੇ ਮਰਨ ਪਿਛੋਂ ਉਹਨਾਂ ਬੇਸਹਾਰਿਆਂ ਵਿਚਰਿਆ ਦਾ ਕੀ ਬਣੇਗਾ?ਇਸ ਲਈ ਚਾਹੀਦਾ ਹੈ ਕਿ ਇਹ ਲੋਕ ਅੱਲਾਹ ਤੋਂ ਡਰਨ ਅਤੇ ਉੱਚਿਤ ਗੱਲ ਆਖਣ।(9)ਜਿਹੜੇ ਲੋਕ ਯਤੀਮਾਂ ਦਾ ਮਾਲ ਨਾਜਾਇਜ਼ ਢੰਗ ਨਾਲ ਖਾਂਦੇ ਹਨ, ਉਹ ਆਪਣੇ ਢਿੱਡ ਵਿਚ ਅੱਗ ਭਰਦੇ ਹਨ ਅਤੇ (ਅਜਿਹੇ ਲੋਕ) ਦੋਜ਼ਖ਼ ਵਿਚ ਸੁੱਟ ਦਿੱਤੇ ਜਾਣਗੇ।(10)

ਅੱਲਾਹ ਤੁਹਾਡੀ ਸੰਤਾਨ ਬਾਰੇ ਤੁਹਾਨੂੰ ਇਰਸ਼ਾਦ ਫ਼ਰਮਾਉਂਦਾ ਹੈ ਕਿ ਇੱਕ ਮੁੰਡੇ ਦਾ ਹਿੱਸਾ ਦੋ ਕੁੜੀਆਂ ਦੇ ਹਿੱਸੇ ਦੇ ਬਰਾਬਰ ਹੈ, ਅਤੇ ਜੇ ਮਰਨ ਵਾਲੇ ਦੀ ਸੰਤਾਨ ਸਿਰਫ਼ ਕੁੜੀਆਂ ਹੀ ਹੋਣ (ਦੋ ਜਾਂ) ਦੋ ਤੋਂ ਜ਼ਿਆਦਾ ਤਾਂ ਕੁੱਲ ਵਿਰਸੇ ਵਿਚੋਂ ਉਹਨਾਂ ਦਾ ਦੋ ਤਿਹਾਈ ਅਤੇ ਜੇਕਰ ਇੱਕ ਕੁੜੀ ਹੋਵੇ ਤਾਂ ਉਸ ਦਾ ਅੱਧਾ ਹਿੱਸਾ, ਅਤੇ ਮਰਨ ਵਾਲੇ ਦੇ ਮਾਪਿਆਂ ਦਾ ਭਾਵ ਦੋਵਾਂ ਵਿੱਚੋਂ ਹਰੇਕ ਦਾ, ਵਿਰਸੇ ਵਿਚ ਛੇਵਾਂ ਹਿੱਸਾ, ਸ਼ਰਤ ਇਹ ਹੈ ਕਿ ਮ੍ਰਿਤਕ ਦੀ ਔਲਾਦ ਹੋਵੇ, ਅਤੇ ਜੇਕਰ ਔਲਾਦ ਨਾ ਹੋਵੇ ਅਤੇ ਸਿਰਫ਼ ਮਾਂ-ਬਾਪ ਹੀ ਮ੍ਰਿਤਕ ਦੇ ਵਾਰਿਸ ਹੋਣ ਤਾਂ ਇਕ ਤਿਹਾਈ ਮਾਂ ਦਾ ਹਿੱਸਾ ਅਤੇ ਜੇ ਮ੍ਰਿਤਕ ਦੇ ਭਾਈ ਵੀ ਹੋਣ ਤਾਂ ਮਾਂ ਦਾ ਛੇਵਾਂ ਹਿੱਸਾ (ਅਤੇ ਮ੍ਰਿਤਕ ਦੇ ਵਿਰਸੇ ਦੀ ਇਹ ਵੰਡ) ਵਸੀਅਤ ਦੀ (ਪਾਲਣਾ) ਤੋਂ ਬਾਅਦ ਜੋ ਉਸ ਨੇ ਕੀਤੀ ਜਾਂ ਕਰਜ਼ੇ ਦੇ (ਅਦਾ ਹੋਣ ਤੋਂ ਬਾਅਦ, ਜਿਹੜਾ ਉਸ ਦੇ ਸਿਰ ਹੋਵੇ, ਮੰਨੀ ਜਾਵੇਗੀ) ਤੁਸੀਂ ਨਹੀਂ ਜਾਣਦੇ ਕਿ ਤੁਹਾਡੇ ਬਾਪ-ਦਾਦਾ ਅਤੇ ਪੁੱਤਰਾਂ-ਪੋਤਿਆਂ ਵਿਚੋਂ ਫ਼ਾਇਦੇ ਪੱਖੋਂ ਕੌਣ ਤੁਹਾਡੇ ਜ਼ਿਆਦਾ ਨੇੜੇ ਹੈ। ਇਹ ਹਿੱਸੇ ਅੱਲਾਹ ਨੇ ਨਿਸ਼ਚਿਤ ਕੀਤੇ ਹੋਏ ਹਨ, ਅਤੇ ਅੱਲਾਹ ਸਭ ਕੁਝ ਜਾਣਨ ਵਾਲਾ ਅਤੇ ਹਿਕਮਤ (ਸਿਆਣਪ)ਵਾਲਾ ਹੈ।(11) ਅਤੇ ਜਿਹੜਾ ਮਾਲ ਤੁਹਾਡੀਆਂ ਔਰਤਾਂ ਛੱਡ ਕੇ ਮਰ ਜਾਣ, ਜੇ ਉਹਨਾਂ ਦੀ ਔਲਾਦ ਨਾ ਹੋਵੇ ਤਾਂ ਉਸ ਵਿਚੋਂ ਅੱਧਾ ਹਿੱਸਾ ਤੁਹਾਡਾ (ਹੋਵੇਗਾ) ਅਤੇ ਜੇ ਔਲਾਦ ਹੋਵੇ ਤਾਂ ਵਿਰਸੇ ਵਿਚੋਂ ਤੁਹਾਡਾ ਹਿੱਸਾ ਚੌਥਾਈ (ਹੋਵੇਗਾ ਲੇਕਿਨ ਇਹ ਵੰਡ) ਵਸੀਅਤ ਦੀ (ਪਾਲਣਾ) ਤੋਂ ਬਾਅਦ ਜਿਹੜੀ ਉਹਨਾਂ ਨੇ ਕੀਤੀ ਹੋਵੇ ਜਾਂ ਕਰਜ਼ੇ ਦੇ (ਅਦਾ ਹੋਣ) ਤੋਂ ਬਾਅਦ(ਜਿਹੜਾ ਉਹਨਾਂ ਦੇ ਸਿਰ ਹੋਵੇ) ਕੀਤੀ ਜਾਵੇਗੀ। ਅਤੇ ਜਿਹੜਾ ਮਾਲ ਤੁਸੀਂ(ਮਰਦ) ਛੱਡ ਕੇ ਮਰ ਜਾਵੋ, ਜੇ ਤੁਸੀਂ ਬੇਔਲਾਦ ਹੋਵੋ ਤਾਂ ਤੁਹਾਡੀਆਂ ਔਰਤਾਂ ਦਾ ਉਸ ਵਿੱਚ ਚੌਥਾ ਹਿੱਸਾ, ਅਤੇ ਜੇ

ਔਲਾਦ ਹੋਵੇ ਤਾਂ ਉਹਨਾਂ ਦਾ ਅੱਠਵਾਂ ਹਿੱਸਾ।(ਇਹ ਹਿੱਸੇ ਵੰਡ) ਤੁਹਾਡੀ ਵਸੀਅਤ (ਦੀ ਪਾਲਣਾ) ਤੋਂ ਬਾਅਦ, ਜਿਹੜੀ ਤੁਸੀਂ ਕੀਤੀ ਹੋਵੇ ਅਤੇ ਜਿਹੜਾ ਕਰਜ਼ਾ ਹੋਵੇ (ਅਦਾ) ਕਰਨ ਤੋਂ ਬਾਅਦ, ਕੀਤੀ ਜਾਵੇਗੀ, ਅਤੇ ਜੇ ਅਜਿਹੇ ਮਰਦ ਜਾਂ ਔਰਤ ਦੀ ਮੀਰਾਸ ਹੋਵੇ, ਜਿਸ ਦੇ ਨਾ ਬਾਪ ਹੋਵੇ ਨਾ ਪੁੱਤਰ ਪਰ ਉਸ ਦੇ ਭਾਈ ਜਾਂ ਭੈਣ ਹੋਵੇ, ਤਾਂ ਉਹਨਾਂ ਵਿਚੋਂ ਹਰੇਕ ਨੂੰ ਛੇਵਾਂ ਹਿੱਸਾ (ਮਿਲੇਗਾ) ਅਤੇ ਜੇ ਇੱਕ ਤੋਂ ਜ਼ਿਆਦਾ ਹੋਣ, ਤਾਂ ਸਾਰੇ ਇੱਕ-ਤਿਹਾਈ ਵਿੱਚ ਸ਼ਾਮਿਲ ਹੋਣਗੇ। ਇਹ ਹਿੱਸੇ ਵੀ ਵਸੀਅਤ ਅਤੇ ਕਰਜ਼ੇ ਦੀ ਅਦਾਇਗੀ ਤੋਂ ਬਾਅਦ (ਵੰਡੇ ਜਾਣਗੇ)।ਸ਼ਰਤ ਇਹ ਹੈ ਕਿ ਉਹਨਾਂ 'ਚੋ ਮ੍ਰਿਤਕ ਨੇ ਕਿਸੇ ਦਾ ਨੁਕਸਾਨ ਨਾ ਕੀਤਾ ਹੋਵੇ। ਇਹ ਅੱਲਾਹ ਦਾ ਫ਼ਰਮਾਨ ਹੈ ਅਤੇ ਅੱਲਾਹ ਬਹੁਤ ਗਿਆਨਵਾਨ (ਅਤੇ) ਨਿਹਾਇਤ ਸਹਿਣਸ਼ੀਲ ਹੈ।(12) (ਸੂਰਤ ਆਲ-ਨਿਸਾ 9-12)

ਐ ਮੁਸਲਮਾਨੋ! ਤੁਹਾਡੀਆਂ ਔਰਤਾਂ ਵਿਚੋਂ ਜਿਹੜੀਆਂ ਬਦਕਾਰੀ ਦਾ ਗੁਨਾਹ ਕਰ ਬੈਠਣ, ਉਹਨਾਂ 'ਤੇ ਆਪਣੇ ਲੋਕਾਂ ਵਿਚੋਂ ਚਾਰ ਵਿਅਕਤੀਆਂ ਦੀ ਗਵਾਹੀ ਲਵੋ। ਜੇਕਰ ਉਹ (ਉਹਨਾਂ ਦੀ ਬਦਕਾਰੀ ਦੀ) ਗਵਾਹੀ ਦੇ ਦੇਣ, ਤਾਂ ਉਹਨਾਂ ਔਰਤਾਂ ਨੂੰ ਘਰਾਂ ਵਿੱਚ ਬੰਦ ਰੱਖੋ। ਇੱਥੋਂ ਤੱਕ ਕਿ ਉਹਨਾਂ ਨੂੰ ਮੌਤ ਆ ਜਾਵੇ ਜਾਂ ਅੱਲਾਹ ਉਹਨਾਂ ਦੇ ਲਈ ਕੋਈ ਹੋਰ (ਰਾਹ) ਕੱਢ ਦੇਵੇ।(15) ਅਤੇ ਜਿਹੜੇ ਦੋ ਮਰਦ ਤੁਹਾਡੇ ਵਿੱਚੋਂ ਬਦਕਾਰੀ ਕਰਨ ਤਾਂ ਉਹਨਾਂ ਨੂੰ ਸਖ਼ਤ ਸਜ਼ਾ ਦੇਵੋ।ਫਿਰ ਜੇ ਉਹ ਤੌਬਾ ਕਰ ਲੈਣ ਅਤੇ ਨੇਕ ਕੰਮ ਕਰਨ ਲੱਗ ਜਾਣ ਤਾਂ ਉਹਨਾਂ ਨੂੰ ਛੱਡ ਦੇਵੋ।ਬੇਸ਼ੱਕ ਅੱਲਾਹ ਤੌਬਾ ਕਬੂਲ ਕਰਨ ਵਾਲਾ ਅਤੇ ਰਹਿਮ ਫ਼ਰਮਾਉਣ ਵਾਲਾ ਹੈ।(16)ਅੱਲਾਹ ਉਹਨਾਂ ਲੋਕਾਂ ਦੀ ਤੌਬਾ ਕਬੂਲ ਫ਼ਰਮਾਉਂਦਾ ਹੈ, ਜਿਹੜੇ ਨਾ ਸਮਝੀ ਵਿੱਚ ਬੁਰੀ ਹਰਕਤ ਕਰ ਬੈਠਦੇ ਹਨ, ਫਿਰ (ਜਿਹੜੇ) ਛੇਤੀ ਤੌਬਾ ਕਰ ਲੈਂਦੇ ਹਨ, ਬਸ ਅਜਿਹੇ ਲੋਕਾਂ 'ਤੇ ਅੱਲਾਹ ਰਹਿਮ ਫ਼ਰਮਾਉਂਦਾ ਹੈ, ਅਤੇ ਉਹ ਸਭ ਕੁੱਝ ਜਾਣਦਾ (ਅਤੇ) ਹਿਕਮਤ ਵਾਲਾ ਹੈ।(17)ਅਤੇ ਅਜਿਹੇ ਲੋਕਾਂ ਦੀ ਤੌਬਾ ਕਬੂਲ ਨਹੀਂ ਹੁੰਦੀ, ਜਿਹੜੇ (ਸਾਰੀ ਉਮਰ) ਬੁਰੇ ਕੰਮ ਕਰਦੇ ਰਹੇ, ਇੱਥੋਂ ਤੱਕ ਕਿ ਜਦੋਂ ਉਹਨਾਂ ਵਿੱਚੋਂ ਕਿਸੇ ਦੀ ਮੌਤ ਆ ਖਲੋਵੇ ਤਾਂ ਉਸ ਸਮੇਂ ਕਹਿਣ ਲੱਗਣ ਕਿ ਹੁਣ ਮੈਂ ਤੋਬਾ ਕਰਦਾ ਹਾਂ, ਅਤੇ ਨਾ ਉਹਨਾਂ ਦੀ (ਤੋਬਾ ਕਬੂਲ ਹੁੰਦੀ ਹੈ) ਜੋ ਕੁਫ਼ਰ ਦੀ ਹਾਲਤ ਵਿੱਚ ਮਰ ਜਾਣ, ਅਜਿਹੇ ਲੋਕਾਂ ਦੇ ਲਈ ਅਸੀਂ ਅਤਿਅੰਤ ਦੁੱਖ ਦੇਣ ਵਾਲਾ ਅਜ਼ਾਬ (ਦੰਡ) ਤਿਆਰ ਕਰ ਰੱਖਿਆ ਹੈ।(18)

ਐ ਈਮਾਨ ਵਾਲਿਓ! ਤੁਹਾਨੂੰ ਸ਼ੋਭਾ ਨਹੀਂ ਦਿੰਦਾ ਕਿ ਜ਼ਬਰਦਸਤੀ ਔਰਤਾਂ ਦੇ ਵਾਰਿਸ ਬਣ ਜਾਓ ਅਤੇ (ਵੇਖਣਾ) ਇਸ ਨੀਯਤ ਨਾਲ ਕਿ ਜੋ ਕੁੱਝ ਤੁਸੀਂ ਉਹਨਾਂ ਨੂੰ ਦਿੱਤਾ ਹੈ, ਉਸ ਵਿੱਚੋਂ ਕੁੱਝ ਲੈ ਲਵੋ, ਉਹਨਾਂ ਨੂੰ (ਘਰਾਂ ਵਿੱਚ)

ਰੋਕ ਕੇ ਨਾ ਰੱਖਣਾ, ਹਾਂ, ਜੇ ਉਹ ਖੁੱਲ੍ਹੇ-ਆਮ ਬਦਕਾਰੀ ਕਰਦੀਆਂ ਹੋਣ (ਤਾਂ ਰੋਕਣਾ ਅਨੁਚਿਤ ਨਹੀਂ) ਅਤੇ ਉਹਨਾਂ ਨਾਲ ਵਧੀਆ ਢੰਗ ਨਾਲ ਜੀਵਨ ਬਤੀਤ ਕਰੋ। ਜੇ ਉਹ ਤੁਹਾਨੂੰ ਨਾ ਪਸੰਦ ਹੋਣ ਤਾਂ ਇਹ ਗੱਲ ਹੈਰਾਨੀਜਨਕ ਨਹੀਂ ਕਿ ਤੁਸੀਂ ਕਿਸੇ ਚੀਜ਼ ਨੂੰ ਨਾਪਸੰਦ ਕਰੋ ਅਤੇ ਅੱਲਾਹ ਉਸ ਵਿੱਚ ਬਹੁਤ ਸਾਰੀਆਂ ਭਲਾਈਆਂ ਪੈਦਾ ਕਰ ਦੇਵੇ।(19) ਅਤੇ ਜੇ ਤੁਸੀਂ ਇੱਕ ਔਰਤ ਨੂੰ ਛੱਡ ਕੇ ਦੂਜੀ ਔਰਤ (ਨਾਲ ਨਿਕਾਹ) ਕਰਨਾ ਚਾਹੋ,ਅਤੇ ਪਹਿਲੀ ਔਰਤ ਨੂੰ ਕਾਫ਼ੀ ਧਨ-ਦੌਲਤ ਦੇ ਚੁੱਕੇ ਹੋਵੋ ਤਾਂ ਉਸ ਵਿੱਚੋਂ ਕੁੱਝ ਵੀ ਵਾਪਸ ਨਾ ਲੈਣਾ। ਭਲਾਂ ਕੀ ਤੁਸੀਂ ਨਾਜਾਇਜ਼ ਤੌਰ 'ਤੇ ਅਤੇ ਖੁੱਲਮ-ਖੁੱਲ੍ਹਾ ਜ਼ੁਲਮ ਕਰਕੇ ਆਪਣਾ ਮਾਲ ਉਸ ਤੋਂ ਵਾਪਸ ਲਵੋਗੇ ?(20) ਅਤੇ ਤੁਸੀਂ ਦਿੱਤਾ ਹੋਇਆ ਮਾਲ ਕਿਵੇਂ ਵਾਪਸ ਲੈ ਸਕਦੇ ਹੋ, ਜਦੋਂ ਕਿ ਤੁਸੀਂ ਇੱਕ ਦੂਜੇ ਨਾਲ ਹਮ-ਬਿਸਤਰੀ ਕਰ ਚੁੱਕੇ ਹੋ ਅਤੇ ਉਹ ਤੁਹਾਥੋਂ ਪੱਕਾ ਵਚਨ ਵੀ ਲੈ ਚੁੱਕੀਆਂ ਹਨ।(21)

ਅਤੇ ਜਿਹੜੀਆਂ ਔਰਤਾਂ ਨਾਲ ਤੁਹਾਡੇ ਪਿਤਾ ਨੇ ਨਿਕਾਹ ਕੀਤਾ ਹੋਵੇ, ਉਹਨਾਂ ਨਾਲ ਨਿਕਾਹ ਨਾ ਕਰਨਾ ਪਰ (ਪੂਰਵ ਇਸਲਾਮਿਕ ਸਮੇਂ 'ਚ) ਜੋ ਹੋ ਚੁੱਕਿਆ(ਸੋ ਹੋ ਚੁੱਕਿਆ)।ਇਹ ਅਤਿਅੰਤ ਬੇਸ਼ਰਮੀ ਅਤੇ (ਅੱਲਾਹ ਦੀ) ਨਾਰਾਜ਼ਗੀ ਵਾਲੀ ਗੱਲ ਸੀ, ਅਤੇ ਬਹੁਤ ਹੀ ਬੁਰੀ ਰੀਤ ਸੀ।(22) ਤੁਹਾਡੇ ਲਈ ਤੁਹਾਡੀਆਂ ਮਾਵਾਂ ਅਤੇ ਧੀਆਂ ਤੇ ਭੈਣਾਂ ਤੇ ਫੁੱਫੀਆਂ ਤੇ ਮਾਸੀਆਂ ਤੇ ਭਤੀਜੀਆਂ ਤੇ ਭਾਣਜੀਆਂ ਤੇ ਉਹ ਮਾਵਾਂ ਜਿਹਨਾਂ ਨੇ ਤੁਹਾਨੂੰ ਦੁੱਧ ਚੁੰਘਾਇਆ ਹੋਵੇ, ਅਤੇ ਤੁਹਾਡੀਆਂ ਦੁੱਧ ਵਿੱਚ ਸਾਂਝੀਵਾਲ ਭੈਣਾਂ ਤੇ ਸੱਸਾਂ ਹਰਾਮ ਕਰ ਦਿੱਤੀਆਂ ਗਈਆਂ ਹਨ, ਅਤੇ ਜਿਹਨਾਂ ਔਰਤਾਂ ਨਾਲ ਤੁਸੀਂ ਸੰਭੋਗ ਕਰ ਚੁੱਕੇ ਹੋ, ਉਹਨਾਂ ਦੀਆਂ ਕੁੜੀਆਂ, ਜਿਹਨਾਂ ਦਾ ਤੁਸੀਂ ਪਾਲਣ-ਪੋਸ਼ਣ ਕਰਦੇ ਹੋ (ਉਹ ਵੀ ਤੁਹਾਡੇ ਲਈ ਹਰਾਮ ਹਨ) ਹਾਂ, ਜਿਹਨਾਂ ਦੇ ਨਾਲ ਤੁਸੀਂ ਪਤੀ-ਪਤਨੀ ਵਾਲਾ ਸਰੀਰਕ ਮਿਲਾਪ ਨਾ ਕੀਤਾ ਹੋਵੇ, ਤਾਂ ਉਹਨਾਂ ਦੀਆਂ ਕੁੜੀਆਂ ਨਾਲ ਨਿਕਾਹ ਕਰ ਲੈਣ ਵਿੱਚ ਕੋਈ ਗੁਨਾਹ ਨਹੀਂ।ਤੁਹਾਡੇ ਉਹਨਾਂ ਪੁੱਤਰਾਂ ਦੀਆਂ ਪਤਨੀਆਂ, ਜਿਹੜੇ ਤੁਹਾਡੇ ਵੀਰਜ ਤੋਂ ਹੋਣ, ਅਤੇ ਦੋ ਭੈਣਾਂ ਦਾ (ਇੱਕੋ ਸਮੇਂ ਨਿਕਾਹ 'ਚ) ਇਕੱਠਾ ਕਰਨਾ ਵੀ (ਹਰਾਮ ਹੈ) ਪਰ ਜੋ ਹੋ ਚੁੱਕਿਆ (ਸੋ ਹੋ ਚੁੱਕਿਆ) ਬੇਸ਼ੱਕ ਅੱਲਾਹ ਬਖ਼ਸ਼ਣ ਵਾਲਾ (ਅਤੇ) ਰਹਿਮ ਫ਼ਰਮਾਉਣ ਵਾਲਾ ਹੈ। (23)

ਅਤੇ ਪਤੀਬਰਤਾ ਔਰਤਾਂ ਵੀ (ਤੁਹਾਡੇ ਲਈ ਹਰਾਮ ਹਨ)ਪਰੰਤੂ ਉਹ ਜਿਹੜੀਆਂ(ਕੈਦ ਹੋ ਕੇ ਸੇਵਕਾ ਦੇ ਤੌਰ 'ਤੇ)ਤੁਹਾਡੇ ਕਬਜ਼ੇ ਵਿੱਚ ਆ ਜਾਣ, (ਇਹ ਹੁਕਮ ਅੱਲਾਹ ਤਆਲਾ ਨੇ) ਤੁਹਾਨੂੰ ਲਿਖ ਦਿੱਤਾ ਹੈ।ਅਤੇ ਇਹਨਾਂ(ਔਰਤਾਂ)ਤੋਂ ਇਲਾਵਾ ਹੋਰ ਔਰਤਾਂ ਨਾਲ ਨਿਕਾਹ ਕਰਨਾ ਜਾਇਜ਼ ਹੈ, ਇਸ ਤਰ੍ਹਾਂ ਕਿ ਮਾਲ

ਖ਼ਰਚ ਕਰਕੇ, ਉਹਨਾਂ ਨਾਲ ਨਿਕਾਹ ਕਰ ਲਵੋ। ਸਰਤ ਇਹ ਹੈ ਕਿ (ਨਿਕਾਹ ਤੋਂ)ਭਾਵ ਇੱਜ਼ਤ ਕਾਇਮ ਰੱਖਣਾ ਹੋਵੇ, ਨਾਕਿ ਭੋਗ ਵਿਲਾਸ।ਤਾਂ ਜਿਹੜੀਆਂ ਔਰਤਾਂ ਤੋਂ ਤੁਸੀਂ ਫ਼ਾਇਦਾ ਪ੍ਰਾਪਤ ਕਰੋ, ਉਹਨਾਂ ਦਾ ਮਹਿਰ, ਜਿਹੜਾ ਨਿਸਚਿਤ ਕੀਤਾ ਗਿਆ ਹੋਵੇ, ਅਦਾ ਕਰ ਦੇਵੋ, ਅਤੇ ਜੇ (ਮਹਿਰ) ਨਿਸ਼ਚਿਤ ਕਰਨ ਪਿੱਛੋਂ ਆਪੋ ਵਿੱਚ ਰਜ਼ਾਮੰਦੀ ਨਾਲ 'ਮਹਿਰ' 'ਚ ਘਾਟ-ਵਾਧ ਕਰ ਲਵੋ, ਤਾਂ ਇਸ ਵਿੱਚ ਕੋਈ ਗੁਨਾਹ ਨਹੀਂ, ਬੇਸ਼ੱਕ ਅੱਲਾਹ ਸਭ ਕੁੱਝ ਜਾਣਨ ਵਾਲਾ (ਅਤੇ) ਹਿਕਮਤ (ਸਿਆਣਪ)ਵਾਲਾ ਹੈ।(24)

ਅਤੇ ਜੋ ਵਿਅਕਤੀ ਤੁਹਾਡੇ ਵਿੱਚੋਂ ਈਮਾਨ ਵਾਲੀਆਂ ਅਜ਼ਾਦ ਔਰਤਾਂ ਨਾਲ ਨਿਕਾਹ ਕਰਨ ਦੀ ਸਮਰੱਥਾ ਨਾ ਰਖਦਾ ਹੋਵੇ ਤਾਂ ਈਮਾਨ ਵਾਲੀਆਂ ਸੇਵਕਾਵਾਂ ਵਿੱਚੋਂ ਹੀ, ਜਿਹੜੀਆਂ ਤੁਹਾਡੇ ਕਬਜ਼ੇ 'ਚ ਆ ਗਈਆਂ ਹੋਣ (ਨਿਕਾਹ ਕਰ ਲਵੇ), ਅਤੇ ਅੱਲਾਹ ਤੁਹਾਡੇ ਈਮਾਨ ਨੂੰ ਭਲੀਭਾਂਤ ਜਾਣਦਾ ਹੈ। ਤੁਸੀਂ ਸਾਰੇ ਆਪਸ (ਵੰਸ਼ਜ) ਵਿਚ ਇੱਕ-ਦੂਜੇ ਦੇ ਹਮ-ਜਿਨਸ ਹੋ। (ਇਸ ਤਰ੍ਹਾਂ) ਉਹਨਾਂ ਸੇਵਕਾਵਾਂ ਨਾਲ, ਉਹਨਾਂ ਦੇ ਮਾਲਿਕਾਂ ਤੋਂ ਆਗਿਆ ਲੈ ਕੇ ਨਿਕਾਹ ਕਰ ਲਓ ਅਤੇ ਦਸਤੂਰ ਅਨੁਸਾਰ ਉਹਨਾਂ ਦਾ ਮਹਿਰ ਵੀ ਅਦਾ ਕਰ ਦੇਵੋ।ਸ਼ਰਤ ਇਹ ਹੈ ਕਿ ਉਹ ਪਾਕ-ਦਾਮਨ ਔਰਤਾਂ ਹੋਣ, ਨਾ ਕਿ ਅਜਿਹੀਆਂ ਕਿ ਖੁੱਲ੍ਹੇ ਆਮ ਬਦਕਾਰੀ ਕਰਦੀਆਂ ਫਿਰਨ ਅਤੇ ਨਾ ਚੋਰੀ ਛਿਪੇ ਯਾਰੀਆਂ ਲਾਉਣ। ਫਿਰ ਜੇ ਨਿਕਾਹ ਦੇ ਘੇਰੇ ਵਿਚ ਆ ਕੇ ਅਸ਼ਲੀਲ ਕੰਮ ਕਰ ਬੈਠਣ ਤਾਂ ਜਿਹੜੀ ਸਜ਼ਾ ਅਜ਼ਾਦ(ਖ਼ਾਨਦਾਨੀ) ਔਰਤਾਂ ਦੇ ਲਈ ਹੈ, ਉਸ ਤੋਂ ਅੱਧੀ ਉਹਨਾਂ ਨੂੰ (ਦਿੱਤੀ) ਜਾਵੇ। ਇਹ(ਸੇਵਕਾ ਦੇ ਨਾਲ ਨਿਕਾਹ ਕਰਨ ਦੀ) ਆਗਿਆ, ਉਸ ਆਦਮੀ ਦੇ ਲਈ ਹੈ, ਜਿਸ ਨੂੰ ਗੁਨਾਹ (ਹੋ ਜਾਣ) ਦਾ ਡਰ ਹੋਵੇ, ਅਤੇ ਜੇ ਸਬਰ ਕਰੋ, ਤਾਂ ਇਹ ਤੁਹਾਡੇ ਲਈ ਬਹੁਤ ਵਧੀਆ ਹੈ, ਅਤੇ ਅੱਲਾਹ ਬੜਾ ਬਖ਼ਸ਼ਣਹਾਰ ਤੇ ਰਹਿਮ ਫ਼ਰਮਾਉਣ ਵਾਲਾ ਹੈ।(25)

ਅੱਲਾਹ ਚਾਹੁੰਦਾ ਹੈ ਕਿ (ਆਪਣੀਆਂ ਆਇਤਾਂ) ਤੁਹਾਨੂੰ ਸਪੱਸ਼ਟ ਰੂਪ ਵਿਚ ਬਿਆਨ ਫ਼ਰਮਾ ਦੇਵੇ ਅਤੇ ਤੁਹਾਨੂੰ ਪੂਰਵਲੇ ਲੋਕਾਂ ਦੇ ਰੀਤੀ-ਰਿਵਾਜ ਬਾਰੇ ਦੱਸੇ ਅਤੇ ਤੁਹਾਡੇ 'ਤੇ ਰਹਿਮ ਫ਼ਰਮਾ ਦੇਵੇ ਤੇ ਅੱਲਾਹ ਜਾਣਨਹਾਰ (ਅਤੇ) ਹਿਕਮਤ ਵਾਲਾ ਹੈ।(26) ਅਤੇ ਅੱਲਾਹ ਤਾਂ ਚਾਹੁੰਦਾ ਹੈ ਕਿ ਤੁਹਾਡੇ 'ਤੇ ਮਿਹਰਬਾਨੀ ਫ਼ਰਮਾਵੇ ਤੇ ਜਿਹੜੇ ਲੋਕ ਆਪਣੀਆਂ ਮਨੋਕਾਮਨਾਵਾਂ ਦੀ ਪਾਲਣਾ ਕਰਦੇ ਹਨ, ਉਹ ਚਾਹੁੰਦੇ ਹਨ ਕਿ ਤੁਸੀਂ ਸਿੱਧੇ ਰਸਤੇ ਤੋਂ ਭਟਕ ਕੇ ਦੂਰ ਜਾ ਡਿੱਗੋਂ।(27) ਅਤੇ ਅੱਲਾਹ ਚਾਹੁੰਦਾ ਹੈ ਕਿ ਤੁਹਾਡੇ ਉਪਰੋਂ ਬੋਝ ਹਲਕਾ ਕਰ ਦੇਵੇ ਅਤੇ (ਕੁਦਰਤੀ ਰੂਪ ਵਿਚ) ਮਨੁੱਖ ਨੂੰ ਕਮਜ਼ੋਰ ਪੈਦਾ ਕੀਤਾ ਗਿਆ ਹੈ।(28)

(ਸੂਰਤ ਆਲ-ਨਿਸਾ 15-28)

ਅਤੇ ਜਿਹੜੀ ਚੀਜ਼ ਵਿੱਚ ਅੱਲਾਹ ਨੇ ਤੁਹਾਡੇ ਵਿੱਚੋਂ ਕੁੱਝ(ਬੰਦਿਆਂ) ਨੂੰ ਕੁੱਝ 'ਤੇ ਉੱਤਮਤਾ ਬਖ਼ਸ਼ੀ ਹੈ, ਉਸ ਦੀ ਲਾਲਸਾ ਨਾ ਕਰੋ।ਮਰਦਾਂ ਨੂੰ ਉਹਨਾਂ ਕਰਮਾਂ ਦਾ ਸਵਾਬ ਮਿਲੇਗਾ, ਜਿਹੜੇ ਉਹ ਕਰਨਗੇ ਅਤੇ ਔਰਤਾਂ ਨੂੰ ਉਹਨਾਂ ਅਮਲਾਂ ਦਾ ਬਦਲਾ ਮਿਲੇਗਾ, ਜਿਹੜੇ ਉਹ ਕਰਨਗੀਆਂ, ਤੇ ਅੱਲਾਹ ਤੋਂ ਉਸ ਦੇ ਫ਼ਜ਼ਲਾਂ(ਅਤੇ ਕਰਮ ਦੀ ਦੁਆ) ਮੰਗਦੇ ਰਿਹਾ ਕਰੋ।ਕੋਈ ਸ਼ੱਕ ਨਹੀਂ ਕਿ ਅੱਲਾਹ ਹਰ ਚੀਜ਼ ਤੋਂ ਵਾਕਿਫ਼ ਹੈ।(32)

ਅਤੇ ਜਿਹੜਾ ਧਨ-ਦੌਲਤ ਮਾਂ-ਪਿਉ ਅਤੇ ਸਾਕ-ਸੰਬੰਧੀ ਛੱਡ ਕੇ ਮਰ ਜਾਣ (ਤਾਂ ਹੱਕਦਾਰਾਂ ਨੂੰ ਵੰਡ ਦੇਵੋ) ਕਿਉਂਕਿ ਅਸੀਂ ਹਰੇਕ ਦੇ ਹੱਕਦਾਰ(ਵਿਰਾਸਤ ਵਾਲੇ) ਮੁਕੱਰਰ ਕਰ ਦਿੱਤੇ ਹਨ ਅਤੇ ਜਿਹੜੇ ਲੋਕਾਂ ਨਾਲ ਤੁਸੀਂ ਵਾਅਦਾ ਕਰ ਚੁੱਕੋ ਉਹਨਾਂ ਨੂੰ ਉਹਨਾਂ ਦਾ (ਬਣਦਾ) ਹਿੱਸਾ ਵੀ ਦੇਵੋ, ਬੇਸ਼ੱਕ ਅੱਲਾਹ ਹਰ ਚੀਜ਼ 'ਤੇ ਨਜ਼ਰ ਰੱਖਦਾ ਹੈ।(33) ਮਰਦ, ਔਰਤਾਂ ਦੇ ਮਾਮਲਿਆਂ ਸੰਬੰਧੀ ਜ਼ਿੰਮੇਵਾਰ ਹਨ, ਇਸ ਆਧਾਰ 'ਤੇ ਕਿਉਂਕਿ ਅੱਲਾਹ ਨੇ ਕੁੱਝ ਨੂੰ ਕੁੱਝ ਨਾਲੋਂ ਵਡਿਆਈ ਬਖ਼ਸ਼ੀ ਹੈ ਤੇ ਇਸ ਲਈ ਵੀ ਕਿ ਮਰਦ ਆਪਣਾ ਮਾਲ ਖ਼ਰਚ ਕਰਦੇ ਹਨ ਤਾਂ ਜੋ ਨੇਕ ਪਤਨੀਆਂ ਹਨ, ਉਹ ਮਰਦ ਦੇ ਹੁਕਮ ਅਨੁਸਾਰ ਚੱਲਦੀਆਂ ਅਤੇ ਉਹਨਾਂ ਦੀ ਪਿੱਠ ਪਿੱਛੇ ਅੱਲਾਹ ਦੀ ਦੇਖ-ਰੇਖ ਵਿੱਚ (ਮਾਲ ਅਤੇ ਇੱਜ਼ਤ ਆਬਰੂ) ਦੀ ਰਾਖੀ ਕਰਦੀਆਂ ਹਨ, ਅਤੇ ਜਿਹੜੀਆਂ ਔਰਤਾਂ ਬਾਰੇ ਤੁਹਾਨੂੰ ਇਹ ਪਤਾ ਚੱਲੇ ਕਿ ਅਵੱਗਿਆ ਤੇ (ਬੁਰੇ ਕੰਮ) ਕਰਨ ਲੱਗ ਜਾਣ ਤਾਂ (ਪਹਿਲਾਂ) ਉਹਨਾਂ ਨੂੰ (ਮੂੰਹ-ਜ਼ੁਬਾਨੀ) ਸਮਝਾਓ (ਜੇਕਰ ਨਾ ਸਮਝਣ ਤਾਂ) ਫਿਰ ਉਹਨਾਂ ਨਾਲ ਸੇਜਾ ਮਾਣਨੀਆਂ ਤਿਆਗ ਦੇਵੋ। ਜੇ ਇਸ 'ਤੇ ਵੀ ਬਾਜ਼ ਨਾ ਆਉਣ ਤਾਂ ਫਿਰ (ਉਹਨਾਂ ਨੂੰ) ਮਾਰੋ-ਧਮਕਾਓ ਅਤੇ ਜੇ ਉਹ ਤੁਹਾਡੀਆਂ ਆਗਿਆਕਾਰ ਬਣ ਜਾਣ ਤਾਂ ਫਿਰ ਉਹਨਾਂ ਨੂੰ (ਮੱਲੋ-ਮੱਲੀ) ਸਜ਼ਾ ਦੇਣ ਦਾ ਕੋਈ ਬਹਾਨਾ ਨਾ ਭਾਲਦੇ ਫਿਰੋ। ਬੇਸ਼ੱਕ ਅੱਲਾਹ ਸਰਵਉੱਚ (ਅਤੇ) ਸੱਭ ਤੋਂ ਵੱਡਾ ਹੈ।(34)

ਮਰਦ ਦੇ ਘਰਾਣੇ ਅਤੇ ਜੇ ਤੁਹਾਨੂੰ ਪਤਾ ਚੱਲੇ ਕਿ ਪਤੀ-ਪਤਨੀ ਵਿਚ ਅਣਬਣ ਹੈ ਤਾਂ ਇੱਕ (ਸਹੀ) ਇਨਸਾਫ਼ ਕਰਨ ਵਾਲਾ, ਵਿੱਚੋਂ ਅਤੇ ਇੱਕ ਇਨਸਾਫ਼ ਕਰਨ ਵਾਲਾ, ਔਰਤ ਦੇ ਘਰਾਣੇ ਵਿੱਚੋਂ ਨਿਯੁਕਤ ਕਰ ਲਵੋ, ਜੇ ਉਹ ਗੱਲ ਸੁਆਰਨੀ ਚਾਹੁਣਗੇ ਤਾਂ ਅੱਲਾਹ ਉਹਨਾਂ ਵਿਚਾਲੇ ਮਿਲਾਪ ਦਾ ਕੋਈ ਰਾਹ ਪੈਦਾ ਕਰ ਦੇਵੇਗਾ। ਕੋਈ ਸ਼ੱਕ ਨਹੀਂ ਕਿ ਅੱਲਾਹ ਸਭ ਕੁੱਝ ਜਾਣਨ ਵਾਲਾ ਅਤੇ ਸਭ ਗੱਲਾਂ ਤੋਂ ਬਾਖ਼ਬਰ ਹੈ,(35) ਅਤੇ ਅੱਲਾਹ ਦੀ ਹੀ ਇਬਾਦਤ ਕਰੋ ਤੇ ਉਸ ਨਾਲ ਕਿਸੇ ਨੂੰ ਸ਼ਰੀਕ ਨਾ ਬਣਾਓ ਤੇ ਮਾਪਿਆਂ ਤੇ ਨੇੜਲੇ ਰਿਸ਼ਤੇਦਾਰਾਂ ਤੇ ਯਤੀਮਾਂ ਤੇ ਮੁਥਾਜਾਂ ਤੇ ਸਾਕ-ਸਬੰਧੀਆਂ ਤੇ ਗੁਆਂਢੀਆਂ ਤੇ ਅਜਨਬੀ ਗੁਆਂਢੀਆਂ ਤੇ ਨੇੜਲੇ

ਸਾਥੀਆਂ ਤੇ ਮੁਸਾਫ਼ਿਰਾਂ ਤੇ ਜਿਹੜੇ ਲੋਕ ਤੁਹਾਡੇ ਅਧੀਨ (ਕਬਜ਼ੇ 'ਚ) ਹੋਣ ਸਾਰਿਆਂ ਨਾਲ ਚੰਗਾ ਵਰਤਾਓ ਕਰੋ, ਕਿਉਂਕਿ ਅੱਲਾਹ (ਵਧੀਆ ਵਿਹਾਰ ਕਰਨ ਵਾਲਿਆਂ ਨੂੰ ਦੋਸਤ ਰੱਖਦਾ ਹੈ) ਅਤੇ ਹੰਕਾਰ ਕਰਨ ਵਾਲਿਆਂ ਤੇ ਸ਼ੇਖ਼ੀਆਂ ਮਾਰਨ ਵਾਲਿਆਂ ਨੂੰਪਸੰਦ ਨਹੀਂ ਕਰਦਾ।(36) ਜਿਹੜੇ ਆਪ ਵੀ ਕੰਜੂਸੀ ਕਰਨ ਅਤੇ ਲੋਕਾਂ ਨੂੰ ਵੀ ਕੰਜੂਸੀ ਸਿਖਾਉਣ ਤੇ ਜਿਹੜਾ(ਮਾਲ) ਅੱਲਾਹ ਨੇ ਆਪਣੀ ਮਿਹਰ ਸਦਕਾ ਉਹਨਾਂ ਨੂੰ ਬਖ਼ਸ਼ਿਆ ਹੈ, ਉਸ ਨੂੰ ਲੁਕੋ-ਲੁਕੋ ਕੇ ਰੱਖਣ ਤੇ ਅਸੀਂ ਨਾ-ਸ਼ੁਕਰਿਆਂ ਲਈ ਜ਼ਿੱਲਤ ਭਰਿਆ ਅਜ਼ਾਬ ਤਿਆਰ ਕਰ ਰੱਖਿਆ ਹੈ ।(37)

ਅਤੇ (ਜੇ) ਖ਼ਰਚ ਵੀ ਕਰਨ ਤਾਂ (ਅੱਲਾਹ ਦੇ ਲਈ ਨਹੀਂ ਬਲਕਿ) ਲੋਕ ਦਿਖਾਵੇ ਲਈ, ਤੇ ਈਮਾਨ ਨਾ ਤਾਂ ਅੱਲਾਹ 'ਤੇ ਲਿਆਉਣ ਤੇ ਨਾ ਆਖ਼ਰੀ ਦਿਨ 'ਤੇ (ਅਜਿਹੇ ਲੋਕਾਂ ਦਾ ਮਿੱਤਰ ਸ਼ੈਤਾਨ ਹੈ) ਅਤੇ ਜਿਸ ਦਾ ਦੋਸਤ ਸ਼ੈਤਾਨ ਬਣਿਆ ਤਾਂ (ਕੋਈ ਸ਼ੱਕ ਨਹੀਂ ਕਿ) ਉਹ ਬਹੁਤ ਭੈੜਾ ਸਾਥੀ ਹੈ।(38)

(ਸੂਰਤ ਆਲ-ਨਿਸਾ 32-38)

ਐ ਈਮਾਨ ਵਾਲਿਓ! ਜਦੋਂ ਤੁਸੀਂ ਨਸ਼ੇ ਦੀ ਹਾਲਤ ਵਿੱਚ ਹੋਵੋ ਤੇ (ਉਹਨਾਂ ਸ਼ਬਦਾਂ ਨੂੰ) ਜਿਹੜੇ ਮੂੰਹੋਂ (ਕਹਿੰਦੇ) ਹੋ, ਸਮਝਣ ਨਾ ਲੱਗੋਂ ਉਦੋਂ ਤੱਕ ਨਮਾਜ਼ ਦੇ ਨੇੜੇ ਨਾ ਜਾਵੋ ਅਤੇ ਨਪਾਕੀ ਦੀ ਹਾਲਤ ਵਿੱਚ ਵੀ(ਨਮਾਜ਼ ਨਾ ਪੜ੍ਹੋ) ਜਦੋਂ ਤੱਕ ਇਸ਼ਨਾਨ (ਗ਼ੁਸਲ) ਨਾ ਕਰ ਲਵੋ। ਹਾਂ, ਜੇਕਰ ਸਫ਼ਰ ਦੀ ਹਾਲਤ 'ਚ ਹੋਵੋ (ਅਤੇ ਪਾਣੀ ਨਾ ਮਿਲਣ ਕਾਰਨ, ਇਸ਼ਨਾਨ ਨਾ ਕਰ ਸਕੋ, ਤਾਂ ਤਯੱਮੁਮ (ਸੱਕ-ਮਾਂਜ) ਕਰਕੇ ਨਮਾਜ਼ ਪੜ੍ਹ ਲਵੋ) ਅਤੇ ਜੇ ਤੁਸੀਂ ਬੀਮਾਰ ਹੋਵੋ ਜਾਂ ਤੁਹਾਡੇ 'ਚੋਂ ਕੋਈ ਜੰਗਲ ਪਾਣੀ ਜਾ ਕੇ ਆਇਆ ਹੋਵੇ, ਜਾਂ ਤੁਸੀਂ ਜ਼ਨਾਨੀਆਂ ਨਾਲ ਹਮ-ਬਿਸਤਰ ਹੋਏ ਹੋਵੋ, ਅਤੇ ਤੁਹਾਨੂੰ ਪਾਣੀ ਨਾ ਮਿਲੇ ਤਾਂ ਪਾਕ ਮਿੱਟੀ ਲਵੋ, ਅਤੇ ਮੂੰਹ ਤੇ ਹੱਥ ਦਾ ਮਸਹ ਕਰਕੇ (ਛੁਹਾ ਕੇ) ਤਯੱਮੁਮ ਕਰ ਲਵੋ। ਬੇਸ਼ੱਕ ਅੱਲਾਹ ਮੁਆਫ਼ ਕਰਨ ਵਾਲਾ (ਅਤੇ) ਬਖ਼ਸ਼ਣ ਵਾਲਾ ਹੈ।(43) (ਸੂਰਤ ਆਲ-ਨਿਸਾ 43)

ਅੱਲਾਹ ਤੁਹਾਨੂੰ ਹੁਕਮ ਦਿੰਦਾ ਹੈ ਕਿ ਅਮਾਨਤਾਂ ਵਾਲਿਆਂ ਦੀਆਂ ਅਮਾਨਤਾਂ ਉਹਨਾਂ ਦੇ ਸਪੁਰਦ ਕਰ ਦਿਆ ਕਰੋ ਅਤੇ ਜਦੋਂ ਲੋਕਾਂ ਵਿਚਕਾਰ ਫ਼ੈਸਲਾ ਕਰਨ ਲੱਗੋ ਤਾਂ ਇਨਸਾਫ਼ਨਾਲਫ਼ੈਸਲਾ ਕਰਿਆ ਕਰੋ, ਅੱਲਾਹ ਤੁਹਾਨੂੰ ਚੰਗੀਆਂ ਨਸੀਹਤਾਂ ਕਰਦਾ ਹੈ, ਬੇਸ਼ੱਕ ਅੱਲਾਹ ਸੁਣਨ ਅਤੇ ਵੇਖਣ ਵਾਲਾਹੈ।(58)

(ਸੂਰਤ ਆਲ-ਨਿਸਾ 58)

ਤਾਂ ਜਿਹੜੇ ਲੋਕ ਆਖ਼ਿਰਤ (ਨੂੰ ਖ਼ਰੀਦਣਾ ਅਤੇ ਉਸ)ਦੇ ਬਦਲੇ ਦੁਨੀਆ ਦੀ ਜ਼ਿੰਦਗੀ ਨੂੰ ਵੇਚਣਾ ਚਾਹੁੰਦੇ ਹਨ, ਉਹਨਾਂ ਨੂੰ ਚਾਹੀਦਾ ਹੈ ਕਿ ਅੱਲਾਹ ਦੇ ਰਾਹ

ਵਿੱਚ ਯੁੱਧ ਕਰਨ, ਅਤੇ ਜੋ ਵਿਅਕਤੀ ਅੱਲਾਹ ਦੀ ਰਾਹ ਵਿਚ ਲੜੇ, ਫਿਰ ਸ਼ਹੀਦ ਹੋ ਜਾਵੇ ਜਾਂ ਜੇਤੂ ਰਹੇ, ਅਸੀਂ ਜਲਦੀ ਹੀ ਉਸ ਨੂੰ ਬਹੁਤ ਵੱਡਾ ਬਦਲਾ ਅਤਾ ਕਰਾਂਗੇ।(74) ਅਤੇ ਤੁਹਾਨੂੰ ਕੀ ਹੋਇਆ ਹੈ ਕਿ ਅੱਲਾਹ ਦੇ ਰਾਹ ਵਿੱਚ ਉਹਨਾਂ ਬੇਵੱਸ ਮਰਦਾਂ ਅਤੇ ਔਰਤਾਂ ਅਤੇ ਬੱਚਿਆਂ ਵਾਸਤੇ ਨਹੀਂ ਲੜਦੇ ਜਿਹੜੇ ਦੁਆਵਾਂ ਕਰਦੇ ਰਹਿੰਦੇ ਹਨ ਕਿ ਐ ਰੱਬ! ਸਾਨੂੰ ਉਸ ਸ਼ਹਿਰ ਜਿਸ ਦੇ ਰਹਿਣ ਵਾਲੇ ਜ਼ਾਲਿਮ ਹਨ, ਵਿੱਚੋਂ ਕੱਢ ਕੇ ਕਿਸੇ ਹੋਰ ਥਾਂ ਲੈ ਜਾਵੋ ਅਤੇ ਆਪਣੇ ਵੱਲੋਂ ਸਾਡਾ ਕੋਈ ਹਿਮਾਇਤੀ ਬਣਾ ਦੇਵੋ ਅਤੇ ਆਪਣੇ ਵੱਲੋਂ ਹੀ ਕਿਸੇ ਨੂੰ ਸਾਡਾ ਸਹਾਈ ਨਿਯੁਕਤ ਕਰ ਦੇਵੋ।(75) ਜਿਹੜੇ ਈਮਾਨ ਵਾਲੇ ਹਨ, ਉਹ ਤਾਂ ਅੱਲਾਹ ਦੇ ਲਈ ਲੜਦੇ ਹਨ, ਅਤੇ ਜਿਹੜੇ ਇਨਕਾਰ ਕਰਨ ਵਾਲੇ ਹਨ, ਉਹ ਬੁੱਤਾਂ ਦੇ ਲਈ ਲੜਦੇ ਹਨ, ਤਾਂ ਤੁਸੀਂ ਸ਼ੈਤਾਨ ਦੇ ਸਹਾਇਕਾਂ ਨਾਲ ਲੜੋ (ਅਤੇ ਘਬਰਾਓ ਨਹੀਂ) ਕਿਉਂਕਿ ਸ਼ੈਤਾਨ ਦਾ ਦਾਅ ਖੋਖਲਾ ਹੁੰਦਾ ਹੈ।(76) (ਸੂਰਤ ਆਲ-ਨਿਸਾ 74-76)

ਅਤੇ ਜਦੋਂ ਤੁਹਾਨੂੰ ਕੋਈ ਦੁਆ ਦੇਵੇ ਤਾਂ(ਜਵਾਬ ਵਿੱਚ) ਤੁਸੀਂ ਵੀ ਉਸ ਨੂੰ ਉਸ ਤੋਂ ਵਧੀਆ ਦੁਆ ਦੇਵੋ ਜਾਂ ਉਹਨਾਂ ਹੀ ਸ਼ਬਦਾਂ ਨਾਲ ਦੁਆ ਦੇਵੋ, ਬੇਸ਼ੱਕ ਅੱਲਾਹ ਹਰ ਚੀਜ਼ ਦਾ ਹਿਸਾਬ ਲੈਣ ਵਾਲਾ ਹੈ।(86) ਅੱਲਾਹ (ਅਜਿਹੀ ਸੱਚੀ ਸੁੱਚੀ ਪੂਜਣਯੋਗ ਹਸਤੀ ਹੈ ਕਿ) ਉਸ ਤੋਂ ਇਲਾਵਾ ਕੋਈ ਪੂਜਣਯੋਗ ਨਹੀਂ, ਉਹ ਕਿਆਮਤ ਦੇ ਦਿਨ ਤੁਹਾਨੂੰ ਸਭ ਨੂੰ ਜ਼ਰੂਰ ਇਕੱਠਾ ਕਰੇਗਾ ਅਤੇ ਅੱਲਾਹ ਤੋਂ ਵੱਧ ਕੇ (ਗੱਲ/ਵਚਨ ਦਾ ਸੱਚਾ) ਕੌਣ ਹੈ?(87) (ਸੂਰਤ ਆਲ-ਨਿਸਾ 86-87)

ਅਤੇ ਜਦੋਂ ਤੁਸੀਂ ਸਫ਼ਰ 'ਤੇ ਜਾਓ ਤਾਂ ਤੁਹਾਡੇ 'ਤੇ ਕੋਈ ਗੁਨਾਹ ਨਹੀਂ ਕਿ ਨਮਾਜ਼ ਨੂੰ ਸੰਖੇਪ ਕਰਕੇ ਪੜ੍ਹੋ, ਸ਼ਰਤ ਇਹ ਹੈ ਕਿ ਤੁਹਾਨੂੰ ਡਰ ਹੋਵੇ ਕਿ ਕੁਫ਼ਰ ਕਰਨ ਵਾਲੇ ਲੋਕ ਤੁਹਾਨੂੰ ਤਕਲੀਫ਼ ਦੇਣਗੇ, ਬੇਸ਼ੱਕ ਕੁਫ਼ਰ ਕਰਨ ਵਾਲੇ ਲੋਕ ਤੁਹਾਡੇ ਪ੍ਰਤੱਖ ਦੁਸ਼ਮਣ ਹਨ।(101) (ਸੂਰਤ ਆਲ-ਨਿਸਾ 101)

ਅਤੇ ਜੋ ਨੇਕ ਕੰਮ ਕਰੇਗਾ, ਮਰਦ ਹੋਵੇ ਜਾਂ ਔਰਤ ਪਰ ਹੋਵੇ ਈਮਾਨ ਵਾਲਾ ਤਾਂ ਅਜਿਹੇ ਲੋਕ ਬਹਿਸ਼ਤ ਵਿੱਚ ਦਾਖ਼ਲ ਹੋਣਗੇ, ਅਤੇ ਉਹਨਾਂ ਦਾ ਰਤਾ ਵੀ ਹੱਕ ਨਹੀਂ ਮਾਰਿਆ ਜਾਵੇਗਾ।(124) (ਸੂਰਤ ਆਲ-ਨਿਸਾ 124)

(ਐ ਪੈਗ਼ੰਬਰ) ਲੋਕ ਤੁਹਾਥੋਂ (ਯਤੀਮ) ਔਰਤਾਂ ਬਾਰੇ ਫ਼ਤਵਾ ਪੁੱਛਦੇ ਹਨ, ਕਹਿ ਦੇਵੋ ਕਿ ਅੱਲਾਹ ਤੁਹਾਨੂੰ ਉਹਨਾਂ (ਨਾਲ ਨਿਕਾਹ ਕਰਨ ਦੀ) ਇਜਾਜ਼ਤ ਦਿੰਦਾ ਹੈ ਅਤੇ ਜਿਹੜਾ ਇਸ ਕਿਤਾਬ 'ਚ ਪਹਿਲਾਂ ਦਿੱਤਾ ਗਿਆ ਹੈ ਉਹ ਉਹਨਾਂ ਯਤੀਮ ਔਰਤਾਂ ਬਾਰੇ ਹੈ ਜਿਹਨਾਂ ਨੂੰ ਤੁਸੀਂ ਉਹਨਾਂ ਦਾ (ਬਣਦਾ) ਹੱਕ ਤਾਂ ਦਿੰਦੇ ਨਹੀਂ ਅਤੇ ਇੱਛਾ ਰੱਖਦੇ ਹੋ ਕਿ ਉਹਨਾਂ ਦੇ ਨਾਲ ਨਿਕਾਹ ਕਰ ਲਵੋ, ਅਤੇ ਨਿਆਸਰੇ ਬੱਚਿਆਂ ਸੰਬੰਧੀ ਵੀ (ਤੁਸੀਂ ਇਨਸਾਫ਼ ਤੋਂ ਕੰਮ ਨਹੀਂ ਲੈਂਦੇ)। ਅਤੇ ਇਹ (ਵੀ ਹੁਕਮ ਦਿੰਦਾ

ਹੈ) ਕਿ ਯਤੀਮਾਂ ਦੇ ਮਾਮਲੇ ਵਿੱਚ ਇਨਸਾਫ਼ 'ਤੇ ਕਾਇਮ ਰਹੋ ਤੇ ਜਿਹੜੀ ਭਲਾਈ ਤੁਸੀਂ ਕਰੋਗੇ, ਅੱਲਾਹ ਉਸ ਨੂੰ ਜਾਣਦਾ ਹੈ।(127) ਅਤੇ ਜੇ ਕਿਸੇ ਔਰਤ ਨੂੰ ਆਪਣੇ ਪਤੀ ਵਲੋਂ ਵਧੀਕੀ ਜਾਂ ਅਣਗੌਲਿਆਂ ਕਰਨ ਦਾ ਡਰ ਹੋਵੇ ਤਾਂ ਪਤੀ-ਪਤਨੀ 'ਤੇ ਕੋਈ ਪਾਪ ਨਹੀਂ ਕਿ ਉਹ ਆਪਸ ਵਿੱਚ ਕਿਸੇ ਸਮਝੌਤੇ 'ਤੇ ਸੁਲ੍ਹਾ ਕਰ ਲੈਣ ਤੇ ਸੁਲ੍ਹਾ ਵਧੇਰੇ ਚੰਗੀ (ਚੀਜ਼) ਹੈ ਤੇ ਮਨ ਤਾਂ ਤੰਗਦਿਲੀ ਵੱਲ ਜਲਦੀ ਉਲਾਰ ਹੋ ਜਾਂਦੇ ਹਨ, ਅਤੇ ਜੇ ਤੁਸੀਂ ਨੇਕੀ ਤੇ ਪਰਹੇਜ਼ਗਾਰੀ ਅਪਣਾਉਗੇ ਤਾਂ ਅੱਲਾਹ ਤੁਹਾਡੇ ਸਾਰੇ ਅਮਲਾਂ ਨੂੰ ਜਾਣਨ ਵਾਲਾ ਹੈ।(128) ਅਤੇ ਭਾਵੇਂ ਤੁਸੀਂ ਕਿੰਨਾ ਹੀ ਚਾਹੋ, ਔਰਤਾਂ ਨਾਲ ਬਰਾਬਰੀ ਵਾਲਾ ਵਿਹਾਰ ਹਰਗਿਜ਼ ਨਹੀਂ ਕਰ ਸਕੋਗੇ ਤਾਂ ਇਸ ਤਰ੍ਹਾਂ ਵੀ ਨਾ ਕਰਨਾ ਕਿ ਇੱਕ (ਪਤਨੀ) ਵੱਲ ਹੀ ਉੱਲਰ ਜਾਓ ਅਤੇ ਦੂਜੀ ਨੂੰ ਅੱਧ-ਵਿਚਕਾਰ ਲਟਕਦੀ ਛੱਡ ਦੇਵੋ। ਅਤੇ ਜੇ ਆਪਸ ਵਿੱਚ ਸੁਲ੍ਹਾ-ਸਫ਼ਾਈ ਕਰ ਲਵੋ ਅਤੇ ਪਰਹੇਜ਼ਗਾਰੀ ਅਪਣਾ ਲਵੋ ਤਾਂ ਅੱਲਾਹ ਬਖ਼ਸ਼ਣ ਵਾਲਾ ਤੇ ਰਹਿਮ ਫ਼ਰਮਾਉਣ ਵਾਲਾ ਹੈ।(129)

ਅਤੇ ਜੇ ਪਤੀ-ਪਤਨੀ ਵਿੱਚ(ਸੁਲ੍ਹਾ-ਸਫ਼ਾਈ) ਨਾ ਹੋ ਸਕੇ ਅਤੇ ਇੱਕ ਦੂਜੇ ਤੋਂ ਵੱਖਰੇ ਹੋ ਜਾਣ ਤਾਂ ਅੱਲਾਹ ਹਰੇਕ ਨੂੰ ਆਪਣੀ ਕਿਰਪਾਨਾਲ ਇੱਕ ਦੂਜੇ ਦੀ ਮੁਥਾਜਗੀ ਤੋਂ ਬੇਪਰਵਾਹ ਕਰ ਦੇਵੇਗਾ ਤੇ ਅੱਲਾਹ ਬਹੁਤ ਵਿਸ਼ਾਲਤਾ ਤੇ ਹਿਕਮਤ ਵਾਲਾਹੈ।(130)(ਸੂਰਤ ਆਲ-ਨਿਸਾ 127-130)

ਐ ਈਮਾਨ ਵਾਲਿਓ! ਇਨਸਾਫ਼'ਤੇ ਕਾਇਮ ਰਹੋ ਅਤੇ ਅੱਲਾਹ ਦੇ ਲਈ ਸੱਚੀ ਗਵਾਹੀ ਹੀ ਦੇਵੋ ਭਾਵੇਂ(ਇਸ ਕਾਰਨ)ਤੁਹਾਡਾ ਜਾਂ ਤੁਹਾਡੇ ਮਾਂ-ਪਿਉ ਜਾਂ ਸਾਕ-ਸਬੰਧੀਆਂ ਦਾ ਨੁਕਸਾਨ ਹੀ ਕਿਉਂ ਹੋਵੇ। ਭਾਵੇਂ ਕੋਈ ਅਮੀਰ ਹੈ ਜਾਂ ਗ਼ਰੀਬ ਪਰੰਤੂ ਅੱਲਾਹ ਉਹਨਾਂ ਦਾ ਤੁਹਾਡੇ ਨਾਲੋਂ ਵਧੇਰੇ ਸ਼ੁਭਚਿੰਤਕ ਹੈ। ਤੁਸੀਂ ਮਨੋ ਕਾਮਨਾਵਾਂ ਦੇ ਪਿੱਛੇ ਲੱਗ ਕੇ ਇਨਸਾਫ਼ ਨਾ ਛੱਡ ਦੇਣਾ। ਜੇਕਰ ਤੁਸੀਂ ਗੋਲ-ਮੋਲ ਗਵਾਹੀ ਦਿਉਗੇ ਜਾਂ (ਗਵਾਹੀ ਤੋਂ) ਬਚਣਾ ਚਾਹੋਗੇ ਤਾਂ (ਜਾਣ ਲਵੋ) ਅੱਲਾਹ ਤੁਹਾਡੇ ਸਾਰੇ ਕੰਮਾਂ ਤੋਂ ਵਾਕਿਫ਼ ਹੈ।(135) (ਸੂਰਤ ਆਲ-ਨਿਸਾ 135)

(ਐ ਪੈਗ਼ੰਬਰ!) ਲੋਕ ਤੁਹਾਥੋਂ (ਬੇ ਔਲਾਦ ਵਿਅਕਤੀ ਦੇ ਬਾਰੇ 'ਚ ਅੱਲਾਹ ਦੇ) ਹੁਕਮ ਸਬੰਧੀ ਪੁੱਛਦੇ ਹਨ। ਕਹਿ ਦੇਵੋ ਕਿ ਅੱਲਾਹ ਬੇ-ਔਲਾਦ ਵਿਅਕਤੀ ਬਾਰੇ ਇਹ ਹੁਕਮ ਦਿੰਦਾ ਹੈ ਕਿ ਜੇ ਕੋਈ ਅਜਿਹਾ ਵਿਅਕਤੀ ਮਰ ਜਾਵੇ, ਜਿਸ ਦੇ ਔਲਾਦ ਨਾ ਹੋਵੇ (ਅਤੇ ਨਾ ਮਾਂ-ਪਿਉ) ਅਤੇ (ਜੇ) ਉਸ ਦੀ ਭੈਣ ਹੋਵੇ ਤਾਂ (ਉਸ ਨੂੰ) ਉਸ ਦੇ ਭਰਾ ਦੀ ਵਿਰਾਸਤ 'ਚੋਂ ਅੱਧਾ ਹਿੱਸਾ ਮਿਲੇਗਾ, ਤੇ ਜੇਕਰ ਭੈਣ ਮਰ ਜਾਵੇ ਤੇ ਉਸ ਦੀ ਔਲਾਦ ਨਾ ਹੋਵੇ ਤਾਂ ਉਸ ਦੀ ਸਾਰੀ ਜਾਇਦਾਦ ਦਾ ਵਾਰਸ ਭਰਾ ਹੋਵੇਗਾ ਅਤੇ ਜੇਕਰ (ਮਰਨ ਵਾਲੇ ਭਰਾ ਦੀਆਂ) ਦੋ ਭੈਣਾਂ ਹੋਣ ਤਾਂ ਦੋਵਾਂ ਨੂੰ

ਭਰਾ ਦੀ ਵਿਰਾਸਤ ਵਿੱਚੋਂ ਦੋ ਤਿਆਹੀ। ਅਤੇ ਜੇ ਭਰਾ ਤੇ ਭੈਣ ਮਿਲੇ ਜੁਲੇ ਵਾਰਸ ਹੋਣ ਤਾਂ (ਇੱਕ) ਦਾ ਹਿੱਸਾ ਦੋ ਔਰਤਾਂ ਦੇ ਹਿੱਸੇ ਦੇ ਬਰਾਬਰ ਹੈ।(ਇਹ ਹੁਕਮ) ਅੱਲਾਹ ਤੁਹਾਡੇ ਵਾਸਤੇ ਇਸ ਲਈ ਬਿਆਨ ਫ਼ਰਮਾਉਂਦਾ ਹੈ ਤਾਂ ਕਿ ਤੁਸੀਂ ਭਟਕਦੇ ਨਾ ਫਿਰੋ ਅਤੇ ਅੱਲਾਹ ਹਰ ਚੀਜ਼ ਤੋਂ ਵਾਕਿਫ਼ ਹੈ।(176)

(ਸੂਰਤ ਅਨ-ਨਿਸਾ 176)

(ਐ ਪੈਗ਼ੰਬਰ! ਲੋਕ) ਤੁਹਾਥੋਂ ਪੁੱਛਦੇ ਹਨ ਕਿ ਕਿਹੜੀਆਂ-ਕਿਹੜੀਆਂ ਚੀਜ਼ਾਂ ਉਹਨਾਂ ਲਈ ਹਲਾਲ ਹਨ ਅਤੇ ਉਹਨਾਂ ਦਾ ਸ਼ਿਕਾਰ ਵੀ ਹਲਾਲ ਹੈ। ਉਹਨਾਂ ਨੂੰ ਕਹਿ ਦੇਵੋ ਕਿ ਸਾਰੀਆਂ ਪਾਕ ਚੀਜ਼ਾਂ ਤੁਹਾਡੇ ਲਈ ਹਲਾਲ ਹਨ, ਅਤੇ ਉਹ ਸ਼ਿਕਾਰ ਵੀ ਜਿਹਨਾਂ ਨੂੰ ਤੁਹਾਡੇ ਲਈ ਉਹਨਾਂ ਸ਼ਿਕਾਰੀ ਜਾਨਵਰਾਂ ਨੇ ਫੜਿਆ ਹੋਵੇ ਜਿਨ੍ਹਾਂ ਨੂੰ ਤੁਸੀਂ ਸ਼ਿਕਾਰ (ਕਰਨ ਲਈ) ਸਿਖਾਇਆ ਹੋਵੇ, ਜਿਸ ਢੰਗ ਨਾਲ ਅੱਲਾਹ ਨੇ ਤੁਹਾਨੂੰ ਸ਼ਿਕਾਰ ਕਰਨਾ ਸਿਖਾਇਆ ਹੈ।ਤਾਂ ਜਿਹੜਾ ਸ਼ਿਕਾਰ ਉਹ ਤੁਹਾਡੇ ਲਈ ਫੜ ਰੱਖਣ, ਉਸ ਨੂੰ ਖਾ ਲਿਆ ਕਰੋ ਤੇ ਸ਼ਿਕਾਰੀ ਪੂਸ਼ਆਂ ਨੂੰ (ਸ਼ਿਕਾਰ ਲਈ) ਛੱਡਦੇ (ਸਮੇਂ) ਅੱਲਾਹ ਦਾ ਨਾਂ ਲੈ ਲਿਆ ਕਰੋ।(4) (ਸੂਰਤ ਆਲ-ਮਾਇਦਾ 4)

ਐ ਈਮਾਨ ਵਾਲਿਓ! ਜਦੋਂ ਤੁਸੀਂ ਨਮਾਜ਼ ਪੜ੍ਹਨ ਦਾ ਇਰਾਦਾ ਕਰੋ ਤਾਂ ਮੂੰਹ ਅਤੇ ਕੂਹਣੀਆਂ ਤੀਕੰ ਹੱਥ ਧੋ ਲਿਆ ਕਰੋ ਅਤੇ ਸਿਰ ਦਾ ਮਸਹ ਕਰ ਲਿਆ ਕਰੋ, ਤੇ ਗਿੱਟਿਆਂ ਤੀਕ ਪੈਰ(ਧੋ ਲਿਆ ਕਰੋ) ਅਤੇ ਜੇ ਇਸ਼ਨਾਨ ਦੀ ਜ਼ਰੂਰਤ ਪੈ ਜਾਵੇ ਤਾਂ(ਇਸ਼ਨਾਨ ਕਰਕੇ)ਪਾਕ ਹੋ ਜਾਇਆ ਕਰੋ, ਅਤੇ ਜੇ ਬੀਮਾਰ ਹੋਵੋ ਜਾਂ ਸਫ਼ਰ ਵਿੱਚ ਹੋਵੋ ਜਾਂ ਤੁਹਾਡੇ ਵਿੱਚੋਂ ਕੋਈ ਟੱਟੀ-ਪਿਸ਼ਾਬ ਕਰਕੇ ਆਇਆ ਹੋਵੇ ਜਾਂ ਤੁਸੀਂ ਔਰਤਾਂ ਨਾਲ ਸਹਿਵਾਸ ਕੀਤਾ ਹੋਵੇ ਅਤੇ ਤੁਹਾਨੂੰ ਪਾਣੀ ਨਾ ਮਿਲ ਸਕੇ ਤਾਂ ਪਾਕ ਮਿੱਟੀ ਲਵੋ, ਅਤੇ ਉਸ ਨਾਲ ਮੂੰਹ ਤੇ ਹੱਥਾਂ ਦਾ 'ਮਸਹ'(ਭਾਵ ਤਯੱਮੁਮ) ਕਰ ਲਵੋ। ਅੱਲਾਹ ਤੁਹਾਨੂੰ ਕਿਸੇ ਮੁਸ਼ਕਿਲ ਵਿੱਚ ਨਹੀਂ ਪਾਉਣਾ ਚਾਹੁੰਦਾ ਬਲਕਿ ਉਹ ਚਾਹੁੰਦਾ ਹੈ ਕਿ ਤੁਹਾਨੂੰ ਪਾਕ ਕਰੇ ਅਤੇ ਆਪਣੀਆਂ ਨਿਅਮਤਾਂ ਤੁਹਾਡੇ 'ਤੇ ਪੂਰੀਆਂ ਕਰੇ ਤਾਂਕਿ ਤੁਸੀਂ ਸ਼ੁਕਰ ਕਰੋ ।(6) (ਸੂਰਤ ਅਲ-ਮਾਇਦਾ 6)

ਅਤੇ ਜੋ ਚੋਰੀ ਕਰੇ, ਆਦਮੀ ਹੋਵੇ ਜਾਂ ਤੀਵੀਂ, ਉਹਨਾਂ ਦੇ ਹੱਥ ਕੱਟ ਦਿਓ, ਇਹ ਉਸ ਦੇ ਅਮਲਾਂ ਦੀ ਸਜ਼ਾ ਹੈ ਅਤੇ ਅੱਲਾਹ ਵੱਲੋਂ ਡਾਂਟ ਹੈ, ਅਤੇ ਅੱਲਾਹ ਜ਼ੋਰਾਵਰ ਅਤੇ ਹਿਕਮਤ ਵਾਲਾ ਹੈ, (38) (ਸੂਰਤ ਆਲ-ਮਾਇਦਾ 38)

ਅੱਲਾਹ ਤੁਹਾਡੀਆਂ ਬੇਇਰਾਦਾ ਸਹੁੰਆਂ ਲਈ ਤੁਹਾਡੇ ਕੋਲੋਂ ਪੁਛ-ਪੜਤਾਲ ਨਹੀ ਕਰੇਗਾ? ਪਰੰਤੂ ਪੱਕੀਆਂ ਸਹੁੰਆਂ ਬਾਰੇ (ਜਿਹਨਾਂ ਦੇ ਵਿਰੁੱਧ ਚੱਲੋਗੇ) ਪੁੱਛ ਪੜਤਾਲ ਕਰੇਗਾ। ਤਾਂ ਸਦਾ ਉਸ ਦਾ ਕੱਫ਼ਾਰਾ (ਹਰਜਾਨਾ) ਦਸ ਮੁਥਾਜਾਂ ਨੂੰ ਦਰਮਿਆਨੇ ਪੱਧਰ ਦਾ ਭੋਜਨ ਕਰਵਾਉਣਾ ਹੈ, ਜਿਹੜਾ ਤੁਸੀਂ ਆਪਣੇ ਘਰ

ਵਾਲਿਆਂ ਅਤੇ ਬਾਲ ਬੱਚਿਆਂ ਨੂੰ ਖੁਆਉਂਦੇ ਹੋ ਜਾਂ ਉਹਨਾਂ ਨੂੰ ਕੱਪੜੇ ਪਹਿਨਾਉਣਾ, ਜਾਂ ਇੱਕ ਗ਼ੁਲਾਮ ਅਜ਼ਾਦ ਕਰਨਾ ਅਤੇ ਜਿਸ ਕੋਲ (ਇਸ ਦੀ) ਸਮਰੱਥਾ ਨਾ ਹੋਵੇ, ਉਹ ਤਿੰਨ ਰੋਜ਼ੇ ਰੱਖੇ। ਇਹ ਤੁਹਾਡੀਆਂ ਸਹੁੰਆਂ ਦਾ ਪਸ਼ਚਾਤਾਪ (ਕੱਫ਼ਾਰਾ) ਹੈ ਜਦੋਂ ਤੁਸੀਂ ਕਸਮ ਖਾ ਲਓ (ਅਤੇ ਉਸ ਨੂੰ ਤੋੜ ਦੇਵੋ) ਅਤੇ (ਤੁਹਾਨੂੰ) ਚਾਹੀਦਾ ਹੈ ਕਿ ਆਪਣੀਆਂ ਸਹੁੰਆਂ ਦੀ ਪਾਲਣਾ ਕਰੋ। ਇੰਜ ਅੱਲਾਹ ਤੁਹਾਡੇ ਸਮਝਾਓਣ ਦੇ ਲਈ ਆਪਣੀਆ ਆਇਤਾਂ ਖੋਲ੍ਹ-ਖੋਲ੍ਹ ਕੇ ਬਿਆਨ ਫ਼ਰਮਾਉਂਦਾ ਹੈ, ਤਾਂ ਜੋ ਤੁਸੀਂ ਧੰਨਵਾਦੀ ਬਣੋ। (89) (ਸੂਰਤ ਆਲ-ਮਾਇਦਾ 89)

ਕਹਿ ਦੇਵੋ ਕਿ ਆਪਣੇ ਗਵਾਹਾਂ ਨੂੰ ਲਿਆਓ, ਜਿਹੜੇ ਦੱਸਣ ਕਿ ਅੱਲਾਹ ਨੇ ਇਹ ਚੀਜ਼ਾਂ ਹਰਾਮ ਕੀਤੀਆਂ ਹਨ। ਫਿਰ ਜੇ ਉਹ ਆ ਕੇ ਸ਼ਹਾਦਤ (ਗਵਾਹੀ) ਦੇ ਦੇਣ ਤਾਂ ਤੁਸੀਂ ਉਹਨਾਂ ਦੇ ਨਾਲ ਗਵਾਹੀ ਨਾ ਦੇਣਾ ਅਤੇ ਨਾ ਉਹਨਾਂ ਲੋਕਾਂ ਦੀਆਂ ਅਕਾਂਖਿਆਵਾਂ ਦੇ ਪਿੱਛੇ ਤੁਰਨਾ, ਜਿਹੜੇ ਸਾਡੀਆਂ ਆਇਤਾਂ ਨੂੰ ਝੁਠਲਾਉਂਦੇ ਹਨ ਅਤੇ ਜਿਹੜੇ ਆਖ਼ਿਰਤ 'ਤੇ ਈਮਾਨ ਨਹੀਂ ਲਿਆਉਂਦੇ ਤੇ (ਬੁੱਤਾਂ ਨੂੰ) ਆਪਣੇ ਪਾਲਣਹਾਰ ਦੇ ਬਰਾਬਰ ਮੰਨਦੇ ਹਨ। (151)

ਕਹਿ ਦੇਵੋ ਕਿ ਲੋਕੋ ਆਓ! ਮੈਂ ਤੁਹਾਨੂੰ ਉਹ ਚੀਜ਼ਾਂ ਪੜ੍ਹਕੇ ਸੁਣਾਵਾਂ, ਜਿਹੜੀਆਂ ਤੁਹਾਡੇ ਰੱਬ ਦੁਆਰਾ ਤੁਹਾਡੇ 'ਤੇ ਹਰਾਮ ਕੀਤੀਆਂ ਗਈਆਂ ਹਨ। (ਉਹਨਾਂ ਦੇ ਸਬੰਧ ਵਿੱਚ, ਉਸ ਨੇ ਇਸ ਤਰ੍ਹਾਂ ਇਰਸ਼ਾਦ ਫ਼ਰਮਾਇਆ ਹੈ) ਕਿ ਕਿਸੇ ਚੀਜ਼ ਨੂੰ ਅੱਲਾਹ ਦਾ ਭਾਈਵਾਲ ਨਾ ਬਣਾਇਓ ਅਤੇ ਮਾਂ ਪਿਓ ਨਾਲ (ਬਦਸਲੂਕੀ ਨਾ ਕਰਿਓ ਬਲਕਿ ਸੋਹਣਾ) ਸਲੂਕ ਕਰਦੇ ਰਹਿਓ ਅਤੇ ਗ਼ਰੀਬੀ ਦੇ ਡਰੋਂ ਆਪਣੀ ਔਲਾਦ ਨੂੰ ਕਤਲ ਨਾ ਕਰਿਓ (ਕਿਉਂਕਿ) ਤੁਹਾਨੂੰ ਤੇ ਉਹਨਾਂ ਨੂੰ ਮੈਂ ਹੀ ਰਿਜ਼ਕ ਦਿੰਦਾ ਹਾਂ ਤੇ ਅਸ਼ਲੀਲ ਗੱਲਾਂ ਜ਼ਾਹਿਰ ਹੋਣ ਜਾਂ ਲੁਕੀਆਂ ਛਿਪੀਆਂ, ਉਹਨਾਂ ਦੇ ਨੇੜੇ ਨਾ ਜਾਣਾ ਤੇ ਕਿਸੇ ਜਾਨਦਾਰ ਨੂੰ ਜਿਸ ਦੇ ਕਤਲ ਨੂੰ ਅੱਲਾਹ ਨੇ ਹਰਾਮ ਕਰ ਦਿੱਤਾ ਹੈ, ਕਤਲ ਨਾ ਕਰਨਾ ਪਰ ਜਾਇਜ਼ ਤੌਰ 'ਤੇ (ਭਾਵ ਜਿਸਦਾ ਹੁਕਮ ਸ਼ਰੀਅਤ ਨੇ ਦਿੱਤਾ ਹੋਵੇ) ਇਹਨਾਂ ਗੱਲਾਂ ਦਾ ਉਹ ਤੁਹਾਨੂੰ ਹੁਕਮ ਫ਼ਰਮਾਉਂਦਾ ਹੈ ਤਾਂ ਕਿ ਤੁਸੀਂ ਸਮਝੋ। (152) ਅਤੇ ਯਤੀਮ ਦੇ ਮਾਲ ਦੇ ਕੋਲ ਵੀ ਨਾ ਜਾਣਾ ਪਰ ਅਜਿਹੇ ਢੰਗ ਨਾਲ ਜਿਹੜਾ ਬਹੁਤ ਹੀ ਵਧੀਆ ਹੋਵੇ, ਇੱਥੋ ਤੱਕ ਕਿ ਉਹ ਜਵਾਨੀ ਦੀ ਉਮਰ ਨੂੰ ਪਹੁੰਚ ਜਾਵੇ ਤੇ ਨਾਪ ਤੇ ਤੋਲ ਇਨਸਾਫ ਨਾਲ ਪੂਰਾ ਪੂਰਾ ਤੋਲਿਆ ਕਰੋ, ਅਸੀਂ ਕਿਸੇ ਨੂੰ ਤਕਲੀਫ਼ ਨਹੀਂ ਦਿੰਦੇ ਪਰ ਉਸ ਦੀ ਤਾਕਤ ਅਨੁਸਾਰ, ਤੇ ਜਦੋਂ (ਕਿਸੇ ਦੀ ਬਾਬਤ) ਕੋਈ ਗੱਲ ਕਹੋ ਤਾਂ ਇਨਸਾਫ਼ ਨਾਲ ਕਹੋ ਭਾਵੇਂ ਉਹ (ਤੁਹਾਡਾ) ਸਕਾ-ਸਬੰਧੀ ਹੀ ਹੋਵੇ ਅਤੇ ਅੱਲਾਹ ਦੇ ਅਹਿਦ (ਵਚਨ) ਨੂੰ ਪੂਰਾ

ਕਰੋ। ਇਹਨਾਂ ਗੱਲਾਂ ਦਾ ਅੱਲਾਹ ਤੁਹਾਨੂੰ ਹੁਕਮ ਦਿੰਦਾ ਹੈ, ਤਾਂ ਕਿ ਤੁਸੀਂ ਨਸੀਹਤ ਪ੍ਰਾਪਤ ਕਰੋ(153)

ਐ ਆਦਮ ਦੀ ਔਲਾਦ! ਅਸੀਂ ਤੁਹਾਡੇ ਲਈ ਪਹਿਰਾਵਾ ਭੇਜਿਆ ਕਿ ਤੁਹਾਡੇ ਗੁਪਤ ਅੰਗਾਂ ਨੂੰ ਢਕੇ ਅਤੇ ਤੁਹਾਡੇ ਸਰੀਰ ਨੂੰ ਸ਼ੋਭਾ ਦੇਵੇ ਤੇ ਜਿਹੜਾ ਪਰਹੇਜ਼ਗਾਰੀ ਦਾ ਲਿਬਾਸ ਹੈ, ਉਹ ਸਭ ਤੋਂ ਚੰਗਾ ਹੈ, ਇਹ ਅੱਲਾਹ ਦੀਆਂ ਨਿਸ਼ਾਨੀਆਂ ਹਨ ਤਾਂ ਜੋ ਲੋਕ ਨਸੀਹਤ ਲੈ ਲੈਣ।(26)ਐ ਆਦਮ ਦੀ ਔਲਾਦ! (ਵੇਖਣਾ ਕਿਤੇ) ਸ਼ੈਤਾਨ ਤੁਹਾਨੂੰ ਬਹਿਕਾ ਨਾ ਦੇਵੇ, ਜਿਵੇਂ ਤੁਹਾਡੇ ਮਾਂ ਪਿਓ ਨੂੰ (ਬਹਿਕਾ ਕੇ) ਜੰਨਤ ਚੋਂ ਕਢਵਾ ਦਿੱਤਾ ਅਤੇ ਉਹਨਾਂ ਤੋਂ ਉਹਨਾਂ ਦੇ ਕੱਪੜੇ ਲੁਹਾ ਦਿੱਤੇ ਤਾਂ ਜੋ ਉਹਨਾਂ ਦੇ ਗੁਪਤ ਅੰਗ ਖੋਲ੍ਹ ਕੇ ਵਿਖਾ ਦੇਵੇ, ਉਹ ਅਤੇ ਉਹਨਾਂ ਦੇ ਭਰਾ ਤੁਹਾਨੂੰ ਅਜਿਹੇ ਸਥਾਨ ਤੋਂ ਵੇਖਦੇ ਰਹਿੰਦੇ ਹਨ ਜਿੱਥੋਂ ਤੁਸੀਂ ਉਹਨਾਂ ਨੂੰ ਨਹੀਂ ਵੇਖ ਸਕਦੇ। ਅਸੀਂ ਸ਼ੈਤਾਨ ਨੂੰ ਉਹਨਾਂ ਹੀ ਲੋਕਾਂ ਦਾ ਮਿੱਤਰ ਬਣਾਇਆ ਹੈ, ਜਿਹੜੇ ਈਮਾਨ ਨਹੀਂ ਰੱਖਦੇ (27) (ਸੂਰਤ ਅਲ-ਆਰਾਫ਼ 26-27)

ਐ ਆਦਮ ਦੀ ਔਲਾਦ! ਹਰ ਨਮਾਜ਼ ਦੇ ਵੇਲੇ ਆਪਣੇ ਆਪ ਨੂੰ ਸਾਫ਼ ਸੁਥਰੇ ਬਣਾਇਆ ਕਰੋ, ਅਤੇ ਖਾਓ ਤੇ ਪੀਓ ਤੇ ਫ਼ਜ਼ੂਲ ਖ਼ਰਚੀ ਨਾ ਕਰੋ ਕਿ ਅੱਲਾਹ ਫ਼ਜ਼ੂਲ ਖ਼ਰਚੀ ਕਰਨ ਵਾਲਿਆਂ ਨੂੰ ਦੋਸਤ ਨਹੀਂ ਬਣਾਉਂਦਾ।(31)

(ਸੂਰਤ ਅਲ-ਆਰਾਫ਼ 31)

ਉਹ ਅੱਲਾਹ ਹੀ ਤਾਂ ਹੈ,ਜਿਸ ਨੇ ਤੁਹਾਨੂੰ ਇਕ ਆਦਮੀ ਤੋਂ ਪੈਦਾ ਕੀਤਾ ਅਤੇ ਉਸ ਤੋਂ ਉਸ ਦਾ ਜੋੜਾ ਬਣਾਇਆ ਤਾਂ ਜੋ ਉਸ ਤੋਂ ਸੁਖ-ਸ਼ਾਂਤੀ ਪ੍ਰਾਪਤ ਕਰੋ। ਸੋ ਜਦੋਂ ਉਹ ਉਸ (ਪਤਨੀ) ਕੋਲ ਜਾਂਦਾ ਹੈ, ਤਾਂ ਉਸ ਨੂੰ ਹਲਕਾ ਜਿਹਾ ਹਮਲ (ਗਰਭ) ਠਹਿਰ ਜਾਂਦਾ ਹੈ ਤੇ ਉਹ ਉਸ ਨਾਲ ਚਲਦੀ-ਫਿਰਦੀ ਹੈ, ਫਿਰ ਜਦੋਂ ਕੁਝ ਬੋਝ ਮਹਿਸੂਸ ਕਰਦੀ (ਭਾਵ ਜਦੋਂ ਬੱਚਾ ਪੇਟ ਵਿੱਚ ਵੱਡਾ ਹੁੰਦਾ) ਹੈ, ਤਾਂ ਦੋਵੇਂ ਪਤੀ ਪਤਨੀ ਆਪਣੇ ਪਾਲਣਹਾਰ ਸਿਰਜਣਹਾਰ ਅੱਲਾਹ ਅੱਗੇ ਦੁਆ ਕਰਦੇ ਹਨ ਕਿ ਜੇਕਰ ਤੂੰ ਸਾਨੂੰ ਸਹੀ ਸਾਲਮ (ਬੱਚਾ) ਦੇਵੇਂਗਾ, ਤਾਂ ਅਸੀਂ ਤੇਰੇ ਸ਼ੁਕਰਗੁਜ਼ਾਰ ਹੋਵਾਂਗੇ,(189) ਜਦੋਂ ਉਹ ਉਹਨਾਂ ਨੂੰ ਤੰਦਰੁਸਤ (ਬੱਚਾ) ਦੇ ਦਿੰਦਾ ਹੈ, ਤਾਂ ਉਸ (ਬੱਚੇ) ਵਿੱਚ ਜੋ ਉਹ ਉਹਨਾਂ ਨੂੰ ਦਿੰਦਾ ਹੈ ਉਸ ਦਾ ਸ਼ਰੀਕ ਮੁਕੱਰਰ ਕਰ ਲੈਂਦੇ ਹਨ।ਜਿਸ ਨੂੰ ਉਹ ਸ਼ਰੀਕ ਬਣਾਉਂਦੇ ਹਨ ,ਅੱਲਾਹ ਦਾ ਰੁਤਬਾ ਉਸ ਤੋਂ ਬਹੁਤ ਉੱਚਾ ਹੈ।(190) (ਸੂਰਤ ਅਲ-ਆਰਾਫ਼ 189-190)

ਅਤੇ ਮੋਮਿਨ ਮਰਦ ਤੇ ਮੋਮਿਨ ਔਰਤਾਂ ਦੋਵੇਂ ਇਕ ਦੂਜੇ ਦੇ ਸਾਥੀ ਹਨ ਕਿ ਚੰਗੇ ਕੰਮ ਕਰਨ ਲਈ ਆਖਦੇ ਤੇ ਬੁਰੀਆਂ ਗੱਲਾਂ ਤੋਂ ਰੋਕਦੇ ਤੇ ਨਮਾਜ਼ ਪੜ੍ਹਦੇ

ਤੇ ਜ਼ਕਾਤ ਦਿੰਦੇ ਤੇ ਅੱਲਾਹ ਤੇ ਉਸ ਦੇ ਰਸੂਲ ਦੀ ਫ਼ਰਮਾਂਬਰਦਾਰੀ (ਆਗਿਆਕਾਰੀ) ਕਰਦੇ ਹਨ। ਇਹੋ ਲੋਕ ਹਨ, ਜਿਹਨਾਂ 'ਤੇ ਅੱਲਾਹ ਰਹਿਮ ਕਰੇਗਾ ਬੇਸ਼ਕ ਅੱਲਾਹ ਜ਼ੋਰਾਵਰ ਸਿਆਣਪ ਵਾਲਾ ਹੈ।(71)

ਅੱਲਾਹ ਨੇ ਮੋਮਿਨ ਮਰਦਾਂ ਅਤੇ ਮੋਮਿਨ ਔਰਤਾਂ ਨਾਲ ਬਹਿਸ਼ਤਾਂ ਦਾ ਵਾਅਦਾ ਕੀਤਾ ਹੈ, ਜਿਹਨਾਂ ਦੇ ਹੇਠਾਂ ਨਹਿਰਾਂ ਵਹਿ ਰਹੀਆਂ ਹਨ, ਉਹ ਉਹਨਾਂ ਵਿੱਚ ਹਮੇਸ਼ਾ ਹਮੇਸ਼ਾ ਰਹਿਣਗੇ ਅਤੇ ਸਦਾ ਬਹਾਰ ਬਾਗ਼ਾਂ ਵਿੱਚ ਸਾਫ਼ ਸੁਥਰੇ ਨਿਵਾਸ ਸਥਾਨਾਂ ਦਾ (ਵਾਅਦਾ ਕੀਤਾ ਹੈ) ਅਤੇ ਅੱਲਾਹ ਦੀ ਰਜ਼ਾ ਹੀ ਸਭ ਤੋਂ ਵੱਡਾ ਵਰਦਾਨ (ਨਿਆਮਤ) ਹੈ ।ਇਹੋ ਵੱਡੀ ਸਫਲਤਾ ਹੈ।(72)

(ਸੂਰਤ ਅਤ-ਤੌਬਾ 71-72)

ਅਤੇ ਇਹ ਲੋਕ ਅੱਲਾਹ ਦੇ ਲਈ ਤਾਂ ਧੀਆਂ ਤਜਵੀਜ਼ਕਰਦੇ ਹਨ ਅਤੇ ਉਹ ਇਹਨਾਂ ਤੋਂ ਪਾਕ ਹੈ ਅਤੇ ਆਪਣੇ ਲਈ (ਪੁੱਤਰ), ਜਿਹੜੇ ਮਨਭਾਉਂਦੇ ਅਤੇ (ਪਸੰਦੀਦਾ) ਹਨ।(57) ਹਾਲਾਂਕਿ ਜਦੋਂ ਇਹਨਾਂ ਵਿੱਚੋਂ ਕਿਸੇ ਨੂੰ ਪੁੱਤਰੀ (ਦੇ ਪੈਦਾ ਹੋਣ) ਦੀ ਖ਼ਬਰ ਮਿਲਦੀ ਹੈ, ਤਾਂ ਉਸ ਦਾ ਮੂੰਹ(ਚਿੰਤਾ ਦੇ ਸੱਬਬ) ਸਿਆਹ ਹੋ ਜਾਂਦਾ ਹੈ ਅਤੇ (ਉਸ ਦੇ ਦਿਲ ਨੂੰ ਵੇਖੋ ਤਾਂ) ਉਹ ਸੋਗਵਾਰ (ਉਸਾਦ) ਹੋ ਜਾਂਦਾ ਹੈ(58) (ਸੂਰਤ: ਅਨ-ਨਹਲ 57-58)

ਅਤੇ ਅੱਲਾਹ ਨੇ ਹੀ ਤੁਹਾਡੇ ਵਿੱਚੋਂ ਔਰਤਾਂ ਪੈਦਾ ਕੀਤੀਆਂ ਤੇ ਔਰਤਾਂ ਤੋਂ ਤੁਹਾਡੇ ਪੁੱਤਰ ਤੇ ਪੋਤਰੇ ਪੈਦਾ ਕੀਤੇ ਤੇ ਖਾਣ ਲਈ ਤੁਹਾਨੂੰ ਪਾਕੀਜ਼ਾ/ਪਵਿੱਤਰ ਚੀਜ਼ਾਂ ਦਿੱਤੀਆਂ। ਤਾਂ ਕੀ ਇਹ ਨਿਰਮੂਲ ਚੀਜ਼ਾਂ 'ਤੇ ਵਿਸ਼ਵਾਸ ਰਖਦੇ ਅਤੇ ਅੱਲਾਹ ਦੇ ਅਹਿਸਾਨਾਂ ਦਾ ਇਨਕਾਰ ਕਰਦੇ ਹਨ?(72)(ਸੂਰਤ: ਅਨ-ਨਹਲ 72)

ਜਿਹੜਾ ਵਿਅਕਤੀ ਚੰਗੇ ਅਮਲ ਕਰੇਗਾ, ਮਰਦ ਹੋਵੇ ਜਾਂ ਔਰਤ ਅਤੇ ਉਹ ਈਮਾਨ ਵਾਲਾ ਵੀ ਹੋਵੇ ਅਤੇ ਅਸੀਂ ਉਸ ਨੂੰ (ਦੁਨੀਆਂ 'ਚ) ਪਾਕ (ਅਤੇ ਅਰਾਮ ਦੀ ਜ਼ਿੰਦਗੀ ਨਾਲ ਜਿਉਂਦੇ ਰੱਖਾਂਗੇ ਅਤੇ (ਕਿਆਮਤ ਦਿਹਾੜੇ) ਉਹਨਾਂ ਦੇ ਅਮਲਾਂ ਦਾ ਬਹੁਤ ਹੀ ਵਧੀਆ ਬਦਲਾ ਦੇਵਾਂਗੇ।(97)(ਸੂਰਤ: ਅਨ-ਨਹਲ 97)

ਅਤੇ ਤੁਹਾਡੇ ਰੱਬ ਨੇ ਇਰਸ਼ਾਦ ਫ਼ਰਮਾਇਆ ਹੈ ਕਿ ਉਸ ਤੋਂ ਇਲਾਵਾ ਕਿਸੇ ਹੋਰ ਦੀ ਬੰਦਗੀ ਨਾ ਕਰੋ ਅਤੇ ਮਾਤਾ-ਪਿਤਾ ਨਾਲ ਸੋਹਣਾ ਸਲੂਕ ਕਰਦੇ ਰਹੋ। ਜੇ ਉਹਨਾਂ ਵਿੱਚੋਂ ਇੱਕ ਜਾਂ ਦੋਵੇਂ ਤੁਹਾਡੇ ਹੁੰਦੇ ਬਿਰਧ ਹੋ ਜਾਣ ਤਾਂ ਉਹਨਾਂ ਨੂੰ 'ਉਫ਼' ਤੱਕ ਨਾ ਕਹਿਣਾ ਅਤੇ ਨਾ ਉਹਨਾਂ ਨੂੰ ਝਿੜਕਣਾ ਅਤੇ ਉਹਨਾਂ ਨਾਲ ਗੱਲ-ਬਾਤ ਅਦਬ ਨਾਲ ਕਰਨਾ ਤੇ ਨਿਮਾਣੇ ਤੇ ਨਿਤਾਣੇ ਬਣ ਕੇ ਉਹਨਾਂ ਅੱਗੇ ਝੁਕੇ ਰਹਿਣਾ,(23) ਅਤੇ ਉਹਨਾਂ ਦੇ ਹੱਕ ਵਿੱਚ ਦੁਆ ਕਰਦੇ ਰਹਿਣਾ ਕਿ ਐ ਪਾਲਣਹਾਰ! ਜਿਵੇਂ ਇਹਨਾਂ ਨੇ ਮੈਨੂੰ ਨਿੱਕੇ ਹੁੰਦਿਆਂ (ਨਰਮੀ ਨਾਲ) ਪਾਲਿਆ ਹੈ,

ਤੂੰ ਵੀ ਉਹਨਾਂ ਦੇ ਹਾਲ'ਤੇ ਰਹਿਮ ਫ਼ਰਮਾਓ।(24) ਜੋ ਕੁੱਝ ਤੁਹਾਡੇ ਹਿਰਦਿਆਂ ਵਿੱਚ ਹੈ ਉਸਨੂੰ ਤੁਹਾਡਾ ਰੱਬ ਭਲੀ-ਭਾਂਤ ਜਾਣਦਾ ਹੈ। ਜੇ ਤੁਸੀਂ ਨੇਕ ਅਮਲ ਹੋਵੋਗੇ ਤਾਂ ਉਹ ਸੰਪਰਕ ਵਿੱਚ ਆਉਣ ਵਾਲਿਆਂ ਨੂੰ ਬ਼ਖਸ਼ਣ ਵਾਲਾ ਹੈ।(25)

ਅਤੇ ਸਾਕ-ਸਬੰਧੀਆਂ ਅਤੇ ਮੁਥਾਜਾਂ ਅਤੇ ਮੁਸਾਫ਼ਿਰਾਂ ਨੂੰ ਉਹਨਾਂ ਦਾ ਹੱਕ ਅਦਾ ਕਰਿਆ ਕਰੋ ਅਤੇ ਫ਼ਜ਼ੂਲ-ਖ਼ਰਚੀ ਨਾਲ ਮਾਲ ਨਾ ਖ਼ਰਚੋ (26) ਕਿ ਫ਼ਜ਼ੂਲ ਖ਼ਰਚੀ ਕਰਨ ਵਾਲੇ ਤਾਂ ਸ਼ੈਤਾਨ ਦੇ ਭਾਈ ਹਨ, ਤੇ ਸ਼ੈਤਾਨ ਆਪਣੇ ਰੱਬ ਦੀਆਂ ਨਿਆਮਤਾਂ ਦਾ ਨਾ-ਸ਼ੁਕਰਾ ਹੈ (27) ਅਤੇ ਜੇ ਤੁਸੀਂ ਆਪਣੇ ਰੱਬ ਦੀ ਰਹਿਮਤ (ਭਾਵ ਖ਼ੁਸ਼ਦਿਲੀ) ਦੀ ਉਡੀਕ ਵਿੱਚ ਜਿਸ ਦੀ ਤੁਹਾਨੂੰ ਆਸ ਹੋਵੇ, ਉਹਨਾਂ (ਹੱਕਦਾਰਾਂ) ਵੱਲ ਧਿਆਨ ਨਾ ਕਰ ਸਕੋ ਤਾਂ ਉਹਨਾਂ ਨੂੰ ਨਰਮੀ ਨਿਮਰਤਾ ਨਾਲ ਗੱਲ-ਬਾਤ ਕਹਿ ਦਿਆ ਕਰੋ (28) ਅਤੇ ਆਪਣੇ ਹੱਥ ਨੂੰ ਨਾ ਤਾਂ ਗਰਦਨ ਨਾਲ ਬੰਨ੍ਹਿਆਂ ਕਰੋ (ਯਾਨੀ ਬਹੁਤ ਤੰਗ) ਕਰ ਲਵੋ (ਕਿ ਕਿਸੇ ਨੂੰ ਕੁੱਝ ਦੇਵੋ ਹੀ ਨਾ) ਤੇ ਨਾਂ ਬਿਲਕੁਲ ਖੁੱਲ੍ਹੇ ਰੱਸੇ ਛੱਡ ਦੇਵੋ (ਕਿ ਸਾਰਾ ਕੁੱਝ ਦੇ ਦੇਵੋ।) ਅਤੇ ਸਿੱਟਾ ਇਹ ਨਿਕਲੇ ਕਿ ਬੇ-ਬਸ ਅਤੇ ਫਿਟਕਾਰੇ ਹੋਏ ਬਣ ਕੇ ਬੈਠ ਜਾਵੋ।(29) ਬੇਸ਼ੱਕ ਤੁਹਾਡਾ ਪਾਲਣਹਾਰ ਜਿਸ ਦੀ ਰੋਜ਼ੀ ਰੋਟੀ ਚਾਹੁੰਦਾ ਹੈ, ਖੁੱਲ੍ਹੀ-ਡੁੱਲ੍ਹੀ ਕਰ ਦਿੰਦਾ ਹੈ ਅਤੇ (ਜਿਸ ਦੀ ਰੋਜ਼ੀ ਚਾਹੁੰਦਾ ਹੈ) ਗਿਣਵੀਂ-ਮਿਣਵੀਂ ਕਰ ਦਿੰਦਾ ਏ। ਉਹ ਆਪਣੇ ਬੰਦਿਆਂ ਦੀ ਖ਼ਬਰ ਰੱਖਣ ਵਾਲਾ ਅਤੇ ਉਹਨਾਂ ਨੂੰ ਵੇਖ ਰਿਹਾ ਹੈ।(30)

ਅਤੇ ਆਪਣੀ ਔਲਾਦ ਨੂੰ ਗ਼ਰੀਬੀ ਦੇ ਡਰੋਂ ਕਤਲ ਨਾ ਕਰੋ (ਕਿਉਂਕਿ) ਉਹਨਾਂ ਨੂੰ ਅਤੇ ਤੁਹਾਨੂੰ ਅਸੀਂ ਹੀ ਰਿਜ਼ਕ-ਰੋਜ਼ੀ ਦਿੰਦੇ ਹਾਂ।ਬੇਸ਼ੱਕ ਕਿ ਉਹਨਾਂ ਦੀ ਹੱਤਿਆ ਕਰਨਾ ਬਹੁਤ ਵੱਡਾ ਪਾਪ ਹੈ।(31)

ਅਤੇ ਜ਼ਿਨਾ (ਪੱਤ ਲੁੱਟਣ) ਦੇ ਕੋਲ ਵੀ ਨਾ ਢੁੱਕੀਓ ਕਿ ਉਹ ਬੇ-ਸ਼ਰਮੀ ਅਤੇ ਭੈੜੀ ਰਾਹ ਹੈ,(32) ਅਤੇ ਜਿਸ ਜਾਨਦਾਰ ਦਾ ਮਾਰਨਾ ਅੱਲਾਹ ਨੇ ਹਰਾਮ ਕੀਤਾ ਹੈ, ਉਸ ਨੂੰ ਕਤਲ ਨਾ ਕਰੋ ਪਰ ਜਾਇਜ਼ ਤੌਰ ਤੇ (ਭਾਵ ਸ਼ਰ੍ਹਾ ਦੇ ਫ਼ਤਵਾ ਅਨੁਸਾਰ) ਅਤੇ ਜਿਹੜਾ ਵਿਅਕਤੀ ਜ਼ੁਲਮ ਕਰਕੇ ਕਤਲ ਕੀਤਾ ਜਾਵੇ, ਅਸੀਂ ਉਸਦੇ ਵਾਰਿਸਾਂ ਨੂੰ ਅਖ਼ਤਿਆਰ ਦਿੱਤਾ ਹੈ (ਕਿ ਜ਼ਾਲਿਮ-ਕਾਤਿਲ ਤੋਂ ਬਦਲਾ ਲਵੇ) ਤਾਂ ਉਸ ਨੂੰ ਚਾਹੀਦਾ ਹੈ ਕਿ ਕਤਲ ਦੇ ਬਦਲੇ ਵਿੱਚ ਜ਼ਿਆਦਤੀ ਨਾ ਕਰੇ। ਉਸਦੀ ਮਦਦ ਕੀਤੀ ਜਾਵੇਗੀ ਅਤੇ ਫ਼ਤਹਿ ਨਸੀਬ ਹੋਵੇਗੀ।(33)

ਅਤੇ ਯਤੀਮ ਦੇ ਮਾਲ-ਦੌਲਤ ਦੇ ਕੋਲ ਵੀ ਨਾ ਢੁੱਕੀਓ ਪਰ ਅਜਿਹੇ ਢੰਗ ਅਨੁਸਾਰ ਕਿ ਵਧੇਰੇ ਚੰਗਾ ਹੋਵੇ, ਇੱਥੋਂ ਤੱਕ ਕਿ ਉਹ ਜਵਾਨ ਹੋ ਜਾਵੇ ਅਤੇ ਵਾਅਦੇ ਨੂੰ ਪੂਰਾ ਕਰੋ, ਕਿ ਵਾਅਦੇ ਦੇ ਬਾਰੇ 'ਚ ਜ਼ਰੂਰ ਪੁੱਛ-ਪੜਤਾਲ ਹੋਵੇਗੀ।(34)

ਅਤੇ ਜਦੋਂ (ਕੋਈ ਚੀਜ਼) ਮਾਪਕੇ ਦੇਣ ਲੱਗੋ ਤਾਂ ਮਾਪਕ ਪੂਰਾ ਭਰਲਿਆ ਕਰੋ ਅਤੇ (ਜਦੋਂ ਤੋਲਕੇ ਦਵੋ ਤਾਂ) ਤਕੜੀ ਸਿੱਧੀ ਰੱਖ ਕੇ ਤੋਲਿਆ ਕਰੋ। ਇਹ ਬਹੁਤ ਸੋਹਣੀ ਗੱਲ ਅਤੇ ਸਿੱਟੇ ਪੱਖੋਂ ਵੀ ਵਧੇਰੇ ਚੰਗਾ ਹੈ।(35)

ਅਤੇ (ਐ ਬੰਦੇ!) ਜਿਸ ਗੱਲ ਦਾ ਤੈਨੂੰ ਗਿਆਨ ਨਹੀਂ, ਉਸ ਦੇ ਪਿੱਛੇ ਨਾ ਪਈਓ ਕਿ ਕੰਨ ਅਤੇ ਅੱਖ ਤੇ ਦਿਲ, ਇਹਨਾਂ ਸਾਰਿਆਂ (ਅੰਗਾਂ) ਤੋਂ ਜ਼ਰੂਰ ਪੁੱਛ-ਗਿੱਛ ਹੋਵੇਗੀ (36) ਅਤੇ ਧਰਤੀ 'ਤੇ ਆਕੜ ਕੇ ਨਾ ਤੁਰਿਆ ਕਰੋ ਕਿ ਤੂੰ ਧਰਤੀ ਨੂੰ ਪਾੜ ਨਹੀਂ ਸਕੇਗਾ ਤੇ ਨਾ ਉੱਚਾ-ਖੰਬਾ ਬਣ ਕੇ ਪਹਾੜਾਂ ਦੀ (ਉੱਚਾਈ) ਤੱਕ ਪਹੁੰਚ ਸਕੇਗਾ।(37)

ਇਹਨਾਂ ਸਾਰੀਆਂ (ਆਦਤਾਂ) ਦੀ ਬੁਰਾਈ, ਤੇਰੇ ਪੈਦਾ ਕਰਨ ਵਾਲੇ ਦੇ ਨਜ਼ਦੀਕ ਬਹੁਤ ਨਾ ਪਸੰਦ ਹੈ।(38) (ਐ ਪੈਗ਼ੰਬਰ!) ਇਹ ਉਹਨਾਂ (ਹਿਦਾਇਤਾਂ) ਵਿੱਚੋਂ ਹਨ ਜਿਹੜੀਆਂ ਡੂੰਘੀਆਂ ਹਿਕਮਤ ਦੀਆਂ ਗੱਲਾਂ ਅੱਲਾਹ ਨੇ ਤੁਹਾਡੇ ਵੱਲ 'ਵਹੀ' ਰਾਹੀਂ ਘੱਲੀਆਂ ਹਨ। ਅਤੇ ਅੱਲਾਹ ਤਆਲਾ ਤੋਂ ਇਲਾਵਾ ਕਿਸੇ ਹੋਰ ਨੂੰ ਮਅਬੂਦ ਨਾ ਬਣਾਈਓ ਕਿ (ਅਜਿਹਾ ਕਰਨ ਨਾਲ) ਭੰਡੇ ਹੋਏ ਅਤੇ (ਅੱਲਾਹ ਪਾਕ ਦੀ ਦਰਗਾਹੋਂ) ਫਿਟਕਾਰੇ ਹੋਏ ਬਣਾ ਕੇ ਨਰਕ ਵਿੱਚ ਸੁੱਟ ਦਿੱਤੇ ਜਾਵੋਗੇ।(39)

(ਸੂਰਤ ਬਨੀ ਇਸਰਾਈਲ 23-39)

(ਐ ਮੁਹੰਮਦ ਸ.) ਸੂਰਜ ਦੇ ਢਲਣ ਤੋਂ ਰਾਤ ਦੇ ਹਨੇਰੇ ਤੱਕ (ਜ਼ੋਹਰ, ਅਸਰ, ਮਗ਼ਰਿਬ, ਇਸ਼ਾ ਦੀਆਂ) ਨਮਾਜ਼ਾਂ ਅਤੇ ਅੰਮ੍ਰਿਤ ਵੇਲੇ ਕੁਰਆਨ ਸ਼ਰੀਫ਼ ਦਾ ਪੜ੍ਹਨਾ (ਫ਼ਰਿਸ਼ਤਿਆਂ) ਦੀ ਹਾਜ਼ਰੀ ਦਾ ਸਬੱਬ ਹੈ (78) ਅਤੇ ਰਾਤ ਦੇ ਕੁੱਝ ਹਿੱਸੇ ਵਿੱਚ ਜਾਗਿਆ ਕਰੋ (ਅਤੇ ਤਹੱਜੁਦ ਦੀ ਨਮਾਜ਼ ਪੜ੍ਹਿਆ ਕਰੋ) ਰਾਤ ਨੂੰ ਜਾਗਣਾ ਤੁਹਾਡੇ ਲਈ ਵਾਧੂ ਸਵਾਬ (ਦਾ ਸਬੱਬ ਅਤੇ ਤਹੱਜੁਦ ਦੀ ਨਮਾਜ਼ ਤੁਹਾਡੇ ਲਈ ਨਫ਼ਲ) ਹੈ। ਕਰੀਬ ਹੈ ਕਿ ਅੱਲਾਹ ਤੁਹਾਨੂੰ ਤਾਰੀਫ਼ ਯੋਗ ਸਥਾਨ 'ਤੇ ਪਹੁੰਚਾ ਦੇਵੇ (79) (ਸੂਰਤ ਬਨੀ ਇਸਰਾਈਲ 78-79)

ਆਖ ਦੇਵੋ ਕਿ ਤੁਸੀਂ (ਰੱਬ ਨੂੰ) ਅੱਲਾਹ (ਦੇ ਨਾਂ ਨਾਲ) ਸੱਦੋ ਜਾਂ ਰਹਿਮਾਨ (ਦੇ ਨਾਂ ਨਾਲ) ਜਿਸ ਨਾਂ ਨਾਲ ਸੱਦੋ ਉਸ ਦੇ ਸਾਰੇ ਨਾਂ ਚੰਗੇ ਹਨ, ਅਤੇ ਨਮਾਜ਼ ਨਾ (ਬਹੁਤੀ) ਉੱਚੀ ਅਵਾਜ਼ ਨਾਲ ਪੜ੍ਹੋ ਅਤੇ ਨਾ (ਬਹੁਤੀ) ਹੌਲੀ, ਬਲਕਿ ਇਹਨਾਂ ਦੇ ਵਿਚਕਾਲੀ ਸੁਰ ਅਖ਼ਤਿਆਰ ਕਰ ਲਵੋ(110) ਅਤੇ ਕਹੋ ਕਿ ਸਾਰੀ ਤਾਰੀਫ਼ ਅੱਲਾਹ ਪਾਕ ਲਈ ਹੀ ਹੈ, ਜਿਸ ਨੇ ਨਾ ਕੋਈ ਪੁੱਤਰ ਬਣਾਇਆ ਹੈ ਅਤੇ ਨਾ ਉਸ ਦੀ ਪਾਤਸ਼ਾਹੀ 'ਚ ਕੋਈ ਸਾਂਝੀਵਾਲ ਏ ਅਤੇ ਨਾ ਇਸ ਕਰਕੇ ਕਿ ਉਹ ਬੇਵੱਸ ਤੇ ਕਮਜ਼ੋਰ ਹੈ, ਕੋਈ ਉਸਦਾ ਸਹਾਈ ਹੈ। ਅਤੇ ਉਸ ਨੂੰ ਵੱਡਾ ਸਮਝ ਕੇ ਉਸ ਦੀ ਵਡਿਆਈ ਕਰਦੇ ਰਹੋ।(111)(ਸੂਰਤ ਬਨੀ ਇਸਰਾਈਲ 110-111)

ਐ ਲੋਕੋ ! ਆਪਣੇ ਰੱਬ ਤੋਂ ਡਰੋ ਕਿ ਕਿਆਮਤ ਦਾ ਭੁਚਾਲ ਇੱਕ ਬਹੁਤ ਵੱਡੀ ਘਟਨਾ ਹੋਵੇਗੀ।(1) (ਐ ਸੰਬੋਧਨ ਕਰਨ ਵਾਲੇ) ਜਿਸ ਦਿਨ ਤੂੰ ਉਸ ਨੂੰ ਵੇਖੇਗਾ (ਉਸ ਦਿਨ ਇਹ ਹਾਲ ਹੋਵੇਗਾ ਕਿ) ਸਾਰੀਆਂ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਆਪਣੇ ਬੱਚਿਆਂ ਨੂੰ ਭੁੱਲ ਜਾਣਗੀਆਂ ਅਤੇ ਸਾਰੀਆਂ ਗਰਭਵਤੀਆਂ ਦੇ ਗਰਭਪਾਤ ਹੋ ਜਾਣਗੇ ਅਤੇ ਲੋਕ ਤੁਹਾਨੂੰ ਮਦਹੋਸ਼ ਨਜ਼ਰੀਂ ਆਉਣਗੇ, ਪਰ ਉਹ ਨਸ਼ੇ ਵਿੱਚ ਨਹੀਂ ਹੋਣਗੇ ਸਗੋਂ (ਅਜ਼ਾਬ ਵੇਖ ਕੇ) ਮਦਹੋਸ਼ ਹੋ ਰਹੇ ਹੋਣਗੇ। ਬੇਸ਼ਕ ਅੱਲਾਹ ਦਾ ਅਜ਼ਾਬ ਬਹੁਤ ਕਰੜਾ ਹੈ।(2) (ਸੂਰਤ ਅਲ-ਹੱਜ 1-2)

ਐ ਲੋਕੋ! ਜੇਕਰ ਤੁਹਾਨੂੰ ਮਰਨ ਤੋਂ ਬਾਅਦ ਮੁੜ ਜਿਊਂਦੇ ਹੋਣ ਵਿੱਚ ਕੋਈ ਸ਼ੱਕ ਹੈ ਤਾਂ ਅਸੀਂ ਤੁਹਾਨੂੰ (ਪਹਿਲੀ ਵਾਰ ਵੀ ਤਾਂ) ਪੈਦਾ ਕੀਤਾ ਸੀ। ਭਾਵ (ਸ਼ੁਰੂ 'ਚ) ਮਿੱਟੀ ਤੋਂ ਫਿਰ ਉਸ ਤੋਂ ਵੀਰਜ ਬਣਾਇਆ, ਫਿਰ ਉਸ ਤੋ ਖ਼ੂਨ ਦਾ ਲੁਥੜਾ ਬਣਾ ਕੇ, ਫਿਰ ਉਸ ਤੋਂ ਮਾਸ ਦੀ ਬੋਟੀ ਬਣਾ ਕੇ ਜਿਸ ਦੀ ਬਣਤਰ ਸੰਪੂਰਨ ਵੀ ਹੁੰਦੀ ਹੈ ਅਧੂਰੀ ਵੀ ਤਾਂਕਿ ਤੁਹਾਨੂੰ (ਆਪਦੀ ਪੈਦਾ ਕਰਨ ਦੀ ਤਾਕਤ) ਦੱਸ ਦੇਵਾਂ। ਅਤੇ ਜਿਸ ਨੂੰ ਚਾਹੁੰਦੇ ਹਾਂ, ਇਕ ਨਿਸ਼ਚਿਤ ਸਮੇਂ ਤੱਕ ਢਿੱਡ ਵਿੱਚ ਠਹਿਰਾਏ ਰੱਖਦੇ ਹਾਂ, ਫਿਰ ਤੁਹਾਨੂੰ ਬਾਲਕ ਬੱਚਾ ਬਣਾ ਕੇ ਕੱਢ ਲੈਂਦੇ ਹਾਂ। ਫਿਰ ਤੁਸੀਂ ਜਵਾਨੀ ਨੂੰ ਪਹੁੰਚਦੇ ਹੋ ਅਤੇ ਕਈ (ਬੁਢਾਪੇ ਤੋ ਪਹਿਲਾਂ) ਚਲਾਣਾ ਕਰ ਜਾਂਦੇ ਹਨ ਅਤੇ ਕੁਝ (ਬੁੱਢੇ ਹੋ ਕੇ ਮਿਟ ਜਾਂਦੇ ਅਤੇ ਬੁਢੇਪੇ ਦੀ) ਬੇਹੱਦ ਭੈੜੀ ਉਮਰ ਵੱਲ ਪਰਤਾਏ ਜਾਂਦੇ ਹਨ ਕਿ ਬਹੁਤ ਕੁੱਝ ਜਾਣਨ ਤੋਂ ਬਾਅਦ ਬਿਲਕੁਲ ਅਗਿਆਨੀ ਬਣ ਜਾਂਦੇ ਹਨ, ਅੰਤ (ਐ ਵੇਖਣ ਵਾਲੇ) ਤੂੰ ਵੇਖਦਾ ਹੈ (ਕਿ ਇੱਕ ਵੇਲੇ ਜ਼ਮੀਨ ਖੁਸ਼ਕ (ਹੋ ਜਾਂਦੀ ਹੈ) ਫਿਰ ਜਦੋਂ ਅਸੀਂ ਉਸ ਤੇ ਵਰਖਾ ਕਰਦੇ ਹਾਂ, ਤਾਂ ਉਹ ਹਰੀ ਭਰੀ ਹੋ ਜਾਂਦੀ ਹੈ, ਵਧਣ ਫੁੱਲਣ ਲਗ ਜਾਂਦੀ ਹੈ ਅਤੇ ਭਾਂਤ ਭਾਂਤ ਦੀਆਂ ਸੋਹਣੀਆਂ ਵਿਖਾਈ ਦੇਣ ਵਾਲੀਆਂ ਚੀਜ਼ਾਂ ਉਗਾਉਂਦੀ ਹੈ।(5) (ਸੂਰਤ ਅਲ-ਹੱਜ 5)

ਬੇਸ਼ੱਕ ਈਮਾਨ ਵਾਲੇ ਸੱਚ 'ਤੇ ਚੱਲਣ ਵਾਲੇ ਬਣ ਗਏ,(1) ਜਿਹੜੇ ਨਮਾਜ਼ ਵਿੱਚ ਨਿਮਰਤਾ ਅਤੇ ਹਲੀਮੀ ਧਾਰਨ ਕਰਦੇ ਹਨ (2) ਅਤੇ ਜਿਹੜੇ ਬੇਅਰਥ ਗੱਲਾਂ ਤੋਂ ਮੂੰਹ ਮੋੜਦੇ ਹਨ (3) ਅਤੇ ਜ਼ਕਾਤ ਅਦਾ ਕਰਦੇ ਹਨ (4) ਅਤੇ ਜਿਹੜੇ ਆਪਣੇ ਗੁਪਤ ਅੰਗਾਂ ਸ਼ਰਮਗਾਹਾਂ ਦੀ ਹਿਫ਼ਾਜ਼ਤ ਕਰਦੇ ਹਨ, (5) ਛੁੱਟ ਆਪਣੀਆਂ ਪਤਨੀਆਂ ਜਾਂ (ਸੇਵਕਾਵਾਂ ਤੋਂ) ਜਿਹੜੀਆਂ ਉਹਨਾਂ ਦੀ ਮਲਕੀਅਤ ਵਿੱਚ ਹੁੰਦੀਆਂ ਹਨ ਕਿ (ਉਹਨਾਂ ਨਾਲ ਸੰਭੋਗ) ਮੁਬਾਸ਼ਰਤ ਕਰਨ ਵਿੱਚ ਉਹਨਾਂ ਲਈ ਕੋਈ ਬੁਰਾਈ ਨਹੀਂ, (6) ਅਤੇ ਜਿਹੜੇ ਉਹਨਾਂ ਤੋਂ ਇਲਾਵਾ ਹੋਰਾਂ ਦੇ ਚਾਹਵਾਨ ਹੋਣ, ਉਹ (ਅੱਲਾਹ ਪਾਕ ਦੀ ਨਿਸ਼ਚਿਤ ਕੀਤੀ ਹੱਦ ਤੋਂ) ਟੱਪਣ ਵਾਲੇ ਹਨ, (7) ਅਤੇ ਜਿਹੜੇ ਅਮਾਨਤਾਂ ਤੇ ਵਚਨਾਂ ਦਾ ਧਿਆਨ ਰਖਦੇ ਹਨ,(8)ਅਤੇ

ਜਿਹੜੇ ਨਮਾਜ਼ਾਂ ਦੀ ਪਾਬੰਦੀ ਕਰਦੇ ਹਨ,(9) ਇਹੋ ਲੋਕ ਮੀਰਾਸ ਪ੍ਰਾਪਤ ਕਰਨ ਵਾਲੇ ਹਨ,(10) (ਭਾਵ) ਜੋ ਵਿਰਸੇ ਵਿਚ ਜੰਨਤ ਪ੍ਰਾਪਤ ਕਰਨਗੇ ਅਤੇ ਉਸ ਵਿੱਚ ਹਮੇਸ਼ਾਂ ਵੱਸਣਗੇ।(11)

ਅਤੇ ਅਸੀਂ ਇਨਸਾਨ ਨੂੰ ਮਿੱਟੀ ਦੇ ਖ਼ੁਲਾਸੇ ਤੋਂ ਪੈਦਾ ਕੀਤਾ,(12) ਫਿਰ ਉਸ ਨੂੰ ਮਜ਼ਬੂਤ (ਅਤੇ ਮਹਿਫ਼ੂਜ਼) ਥਾਂ 'ਚ ਵੀਰਜ ਬਣਾ ਕੇ ਰੱਖਿਆ।(13) ਫਿਰ ਵੀਰਜ ਤੋਂ ਬੁੱਥ ਬਣਾਇਆ। ਫਿਰ ਬੁੱਥ ਤੋਂ ਬੋਟੀ ਬਣਾਈ। ਫਿਰ ਬੋਟੀ ਤੋਂ ਹੱਡੀਆਂ ਬਣਾਈਆਂ ਫਿਰ ਹੱਡੀਆਂ 'ਤੇ ਮਾਸ (ਚਮੜੀ) ਚੜ੍ਹਾਈ ਫਿਰ ਉਸ ਨੂੰ ਨਵੀਂ ਸ਼ਕਲ ਵਿੱਚ ਬਣਾ ਦਿੱਤਾ। ਤਾਂ ਅੱਲਾਹ ਜਿਹੜਾ ਸਭ ਤੋਂ ਵਧੀਆ ਬਣਾਉਣ ਵਾਲਾ ਹੈ, ਵੱਡਾ ਬਰਕਤ ਵਾਲਾ ਹੈ।(14) ਫਿਰ ਉਸ ਪਿੱਛੋਂ ਤੁਸੀਂ ਮਰ ਜਾਂਦੇ ਹੋ।(15) ਫਿਰ ਕਿਆਮਤ ਵਾਲੇ ਦਿਨ ਉਠਾ ਕੇ ਖੜ੍ਹੇ ਕੀਤੇ ਜਾਵੋਗੇ।(16)

(ਸੂਰਤ ਅਲ-ਮੋਮਿਨੂਨ 1-16)

ਬਦਕਾਰੀ ਕਰਨ ਵਾਲੀ ਔਰਤ ਅਤੇ ਬਦਕਾਰੀ ਕਰਨ ਵਾਲਾ ਮਰਦ (ਜਦੋਂ ਉਹਨਾਂ ਦੀ ਬਦਕਾਰੀ ਸਿੱਧ ਹੋ ਜਾਵੇ ਤਾਂ) ਦੋਵਾਂ ਵਿੱਚੋਂ ਹਰੇਕ ਨੂੰ ਸੌ ਸੌ ਕੋੜੇ ਮਾਰੋ ਤੇ ਜੇਕਰ ਤੁਸੀਂ ਅੱਲਾਹ ਤੇ ਆਖ਼ਿਰਤ ਦੇ ਦਿਨ ਤੇ ਯਕੀਨ ਰਖਦੇ ਹੋ, ਤਾਂ ਅੱਲਾਹ ਦੀ ਸ਼ਰ੍ਹਾ ਦੇ (ਹੁਕਮ ਅਨੁਸਾਰ) ਤੁਹਾਨੂੰ ਉਹਨਾਂ 'ਤੇ ਹਰਗਿਜ਼ ਤਰਸ ਨਾ ਆਵੇ। ਅਤੇ ਚਾਹੀਦਾ ਹੈ ਕਿ ਉਹਨਾਂ ਦੀ ਸਜ਼ਾ ਦੇ ਸਮੇਂ ਮੁਸਲਮਾਨਾਂ ਦੀ ਇੱਕ ਜਮਾਤ ਵੀ ਮੌਜੂਦ ਹੋਵੇ।(2)

ਬਦਕਾਰ ਆਦਮੀ ਜਾਂ ਬਦਕਾਰ ਔਰਤ ਨੂੰ ਵੀ ਜਾਂ ਮੁਸ਼ਰਿਕ ਔਰਤ ਤੋਂ ਇਲਾਵਾ ਨਿਕਾਹ ਨਹੀਂ ਕਰਨਾ, ਅਤੇ ਬਦਕਾਰ ਔਰਤ ਨੂੰ ਵੀ ਬਦਕਾਰ ਜਾਂ ਮੁਸ਼ਰਿਕ ਆਦਮੀ ਤੋਂ ਇਲਾਵਾ ਹੋਰ ਕੋਈ ਨਿਕਾਹ ਵਿੱਚ ਨਹੀਂ ਲੈਂਦਾ ਤੇ ਇਹ (ਭਾਵ ਬਦਕਾਰ ਔਰਤ ਨਾਲ ਨਿਕਾਹ ਕਰਨਾ) ਈਮਾਨ ਵਾਲਿਆਂ ਦੇ ਲਈ ਹਰਾਮ ਹੈ।(3) ਅਤੇ ਜਿਹੜੇ ਲੋਕ ਪ੍ਰਹੇਜ਼ਗਾਰ ਔਰਤਾਂ ਨੂੰ ਬਦਕਾਰੀ ਦਾ ਇਲਜ਼ਾਮ ਲਾਉਣ ਅਤੇ ਉਸ ਤੇ ਚਾਰ ਗਵਾਹ ਨਾ ਲਿਆਉਣ ਤਾਂ ਉਹਨਾਂ ਨੂੰ ਅੱਸੀ (80) ਕੋੜੇ ਮਾਰੋ ਅਤੇ ਕਦੀ ਉਹਨਾਂ ਦੀ ਗਵਾਹੀ ਸਵੀਕਾਰ ਨਾ ਕਰੋ ਅਤੇ ਇਹੋ ਬਦਕਾਰ ਹਨ।(4) ਹਾਂ, ਜੇਕਰ ਉਸ ਪਿੱਛੋਂ ਤੌਬਾ ਕਰ ਲੈਣ ਅਤੇ (ਆਪਣੀ ਹਾਲਤ) ਸੁਆਰ ਲੈਣ, ਤਾਂ ਅੱਲਾਹ (ਵੀ) ਬਖਸ਼ਣ ਵਾਲਾ, ਰਹਿਮ ਫ਼ਰਮਾਉਣ ਵਾਲਾ ਹੈ।(5)

ਅਤੇ ਜਿਹੜੇ ਲੋਕ ਆਪਣੀਆਂ ਔਰਤਾਂ ਤੇ ਬਦਕਾਰੀ ਦੀ ਤੁਹਮਤ ਲਾਉਣ ਅਤੇ ਖ਼ੁਦ ਉਹਨਾਂ ਤੋਂ ਇਲਾਵਾ ਉਹਨਾਂ ਦੇ ਹੋਰ ਕੋਈ ਗਵਾਹ ਨਾ ਹੋਣ, ਤਾਂ ਹਰੇਕ ਦੀ ਗਵਾਹੀ ਇਹ ਹੈ ਕਿ ਪਹਿਲਾ ਤਾਂ ਚਾਰ ਵਾਰੀ ਅੱਲਾਹ ਦੀਆਂ ਸਹੁੰਆਂ ਖਾਵੇ ਕਿ

ਬੇਸ਼ੱਕ ਉਹ ਸੱਚਾਹੈ।(6) ਅਤੇ ਪੰਜਵੀ ਵਾਰ (ਇਹ ਕਹੇ ਕਿ ਜੇਕਰ ਉਹ ਝੂਠਾ ਹੋਵੇ ਤਾਂ ਉਸ ਤੇ ਅੱਲਾਹ ਤਆਲਾ ਦੀ ਫਿਟਕਾਰ।(7)

ਅਤੇ ਔਰਤ ਦੀ ਸਜ਼ਾ ਤੋਂ ਇਹ ਗੱਲ ਟਾਲੀ ਜਾ ਸਕਦੀ ਹੈ ਕਿ ਉਹ ਪਹਿਲਾਂ ਚਾਰ ਵਾਰੀ ਅੱਲਾਹ ਦੀਆਂ ਸਹੁੰਆਂ ਖਾਵੇ ਕਿ ਬੇਸ਼ੱਕ ਇਹ ਝੂਠਾ ਹੈ (8) ਅਤੇ ਪੰਜਵੀ ਵਾਰੀ ਇੰਜ (ਕਹੇ) (ਕਿ ਜੇਕਰ ਇਹ ਸੱਚਾ ਹੋਵੇ ਤੇ ਮੇਰੇ 'ਤੇ ਅੱਲਾਹ ਦਾ ਗ਼ੁੱਸਾ ਨਾਜ਼ਿਲ ਹੋਵੇ।(9) ਅਤੇ ਜੇਕਰ ਤੁਹਾਡੇ 'ਤੇ ਅੱਲਾਹ ਦੀ ਕ੍ਰਿਪਾ ਅਤੇ ਰਹਿਮ ਨਾ ਹੁੰਦਾ ਤਾਂ ਬਹੁਤ ਸਾਰੀਆਂ ਖ਼ਰਾਬੀਆਂ ਪੈਦਾ ਹੋ ਜਾਂਦੀਆਂ, ਪਰ ਉਹ ਕਰਮ ਫ਼ਰਮਾਉਣ ਵਾਲਾ ਹੈ, ਅਤੇ ਇਹ ਕਿ ਅੱਲਾਹ ਤੌਬਾ ਕਬੂਲ ਕਰਨ ਵਾਲਾ ਅਤੇ ਹਿਕਮਤਾਂ ਭਰਿਆ ਹੈ।(10) (ਸੂਰਤ ਅਲ ਨੂਰ 2-10)

ਜਿਹੜੇ ਲੋਕ ਪ੍ਰਹੇਜ਼ਗਾਰਾਂ ਅਤੇ ਬੁਰੇ ਕੰਮ ਤੋ ਅਣਭੋਲ ਅਤੇ ਈਮਾਨ ਵਾਲੀਆਂ ਸੁਆਣੀਆ ਤੇ ਬਦਕਾਰੀ ਦੀਆਂ ਤੁਹਮਤਾਂ ਇਲਜ਼ਾਮ ਲਾਉਂਦੇ ਹਨ। ਉਹਨਾਂ 'ਤੇ ਦੁਨੀਆ ਅਤੇ ਆਖਿਰਤ (ਦੋਵਾਂ) ਵਿੱਚ ਲਾਹਨਤ ਹੈ। ਅਤੇ ਉਹਨਾਂ ਨੂੰ ਸਖ਼ਤ ਅਜ਼ਾਬਹੋਵੇਗਾ। (ਭਾਵ ਕਿਆਮਤ ਦੇ ਦਿਨ)(23) ਜਿਸ ਦਿਨ ਉਹਨਾਂ ਦੇ ਮੂੰਹ, ਹੱਥ ਅਤੇ ਪੈਰ (ਸਾਰੇ) ਉਹਨਾਂ ਕੰਮਾਂ ਦੀ ਗਵਾਹੀ ਦੇਣਗੇ।(24) ਉਸ ਦਿਨ ਅੱਲਾਹ ਉਹਨਾਂ ਨੂੰ (ਉਹਨਾਂ ਦੇ ਅਮਲਾਂ ਦਾ) ਪੂਰਾ ਪੂਰਾ (ਅਤੇ) ਠੀਕ ਠੀਕ ਬਦਲਾ ਦੇਵੇਗਾ, ਅਤੇ ਉਹਨਾਂ ਨੂੰ ਪਤਾ ਚੱਲ ਜਾਵੇਗਾ ਕਿ ਅੱਲਾਹ ਸੱਚ(ਅਤੇ ਹੱਕ ਨੂੰ) ਪ੍ਰਗਟ ਕਰਨ ਵਾਲਾ ਹੈ।(25)

ਨਪਾਕ ਔਰਤਾਂ ਨਪਾਕ ਮਰਦਾਂ ਦੇ ਲਈ ਅਤੇ ਨਪਾਕ ਮਰਦ ਨਪਾਕ ਔਰਤਾਂ ਦੇ ਲਈ ਤੇ ਪਾਕ ਔਰਤਾਂ ਪਾਕ ਆਦਮੀਆਂ ਦੇ ਲਈ ਤੇ ਪਾਕ ਆਦਮੀ ਪਾਕ ਔਰਤਾਂ ਦੇ ਲਈ। ਇਹ (ਪਵਿੱਤਰ ਲੋਕ) ਉਹਨਾਂ (ਬੁਰੀਆਂ ਗੱਲਾਂ ਘੜਣ ਵਾਲਿਆਂ) ਦੀਆਂ ਗੱਲਾਂ ਤੋਂ ਬਰੀ ਹਨ ਅਤੇ ਉਹਨਾਂ ਦੇ ਲਈ ਬਖ਼ਸ਼ਿਸ਼ ਤੇ ਨੇਕ ਰੋਜ਼ੀ ਹੈ।(26)

ਐ ਈਮਾਨ ਵਾਲਿਓ! ਆਪਣੇ ਘਰਾਂ ਤੋਂ ਸਿਵਾ, ਦੂਸਰੇ (ਲੋਕਾਂ ਦੇ) ਘਰਾਂ ਵਿਚ ਘਰ ਵਾਲਿਆਂ ਤੋਂ ਆਗਿਆ ਬਗ਼ੈਰ, ਅਤੇ ਉਹਨਾਂ ਨੂੰ ਸਲਾਮ ਕੀਤੇ ਬਗ਼ੈਰ ਪ੍ਰਵੇਸ਼ ਨਾ ਕਰਿਆ ਕਰੋ। ਇਹ ਤੁਹਾਡੇ ਹੱਕ ਵਿਚ ਵਧੇਰੇ ਚੰਗਾ ਹੈ। (ਅਤੇ ਅਸੀਂ ਇਹ ਨਸੀਹਤ ਇਸ ਲਈ ਕਰਦੇ ਹਾਂ ਕਿ) ਸ਼ਾਇਦ ਤੁਸੀਂ ਯਾਦ ਰੱਖੋ।(27) ਜੇਕਰ ਤੁਸੀਂ ਘਰ ਵਿੱਚ ਕਿਸੇ ਨੂੰ ਮੌਜੂਦ ਨਾ ਪਾਵੋ ਤਾਂ ਜਦੋ ਤੱਕ ਤੁਹਾਨੂੰ ਆਗਿਆ ਨਾ ਮਿਲੇ ਉਸ ਅੰਦਰ ਦਾਖ਼ਲ ਨਾ ਹੋਵੋ। ਅਤੇ ਜੇਕਰ ਇਹ ਕਿਹਾ ਜਾਵੇ ਕਿ (ਇਸ ਸਮੇਂ) ਪਿਛਾਂਹ ਮੁੜ ਜਾਵੋ ਤਾਂ ਮੁੜ ਜਾਇਆ ਕਰੋ। ਇਹ ਤੁਹਾਡੇ ਲਈ ਪਾਕੀ ਦੀ ਗੱਲ ਹੈ।ਅਤੇ ਜਿਹੜੇ ਕੰਮ ਤੁਸੀਂ ਕਰਦੇ ਹੋ, ਅੱਲਾਹ ਸਾਰਿਆਂ ਨੂੰ ਜਾਣਦਾ ਹੈ।(28)

(ਹਾਂ) ਜੇ ਤੁਸੀਂ ਕਿਸੇ ਅਜਿਹੇ ਘਰ 'ਚ ਜਾਵੋ, ਜਿੱਥੇ ਕੋਈ ਰਹਿੰਦਾ ਬਹਿੰਦਾ ਨਾ ਹੋਵੇ ਅਤੇ ਉਸ ਵਿਚ ਤੁਹਾਡਾ (ਸਾਜ਼ੋ ਸਮਾਨ (ਰੱਖਿਆ) ਹੋਵੇ, ਤੁਹਾਡੇ 'ਤੇ ਕੋਈ ਗੁਨਾਹ ਨਹੀਂ ਅਤੇ ਜੋ ਕੁਝ ਤੁਸੀਂ ਐਲਾਨੀਆ ਕਰਦੇ ਹੋ ਅਤੇ ਜੋ ਲੁਕਵੇਂ ਕਰਦੇ ਹੋ, ਅੱਲਾਹ ਸਭ ਕੁਝ ਜਾਣਦਾ ਏ।(29)

ਮੋਮਿਨ ਪੁਰਸ਼ਾਂ ਨੂੰ ਆਖ ਦੇਵੋ ਕਿ, ਆਪਣੀਆਂ ਨਜ਼ਰਾਂ ਨੀਵੀਆਂ ਰੱਖਿਆ ਕਰਨ ਅਤੇ ਆਪਣੀਆਂ ਸ਼ਰਮਗਾਹਾਂ (ਗੁਪਤ ਅੰਗਾਂ) ਦੀ ਹਿਫ਼ਾਜ਼ਤ ਕਰਿਆ ਕਰਨ, ਇਹ ਉਹਨਾਂ ਦੇ ਲਈ ਵੱਡੀ ਪਾਕੀ ਦੀ ਗੱਲ ਹੈ।(ਅਤੇ) ਜਿਹੜੇ ਕੰਮ ਇਹ ਲੋਕ ਕਰਦੇ ਹਨ, ਅੱਲਾਹ ਉਹਨਾਂ ਤੋਂ ਜਾਣੂ ਹੈ।(30)

ਅਤੇ ਈਮਾਨ ਵਾਲੀਆਂ ਸੁਆਣੀਆਂ ਨੂੰ ਵੀ ਆਖ ਦੇਵੋ ਕਿ ਉਹ ਵੀ ਆਪਣੀਆਂ ਨਜ਼ਰਾਂ ਨੀਵੀਆਂ ਰੱਖਿਆ ਕਰਨ, ਅਤੇ ਆਪਣੀਆਂ ਸ਼ਰਮਗਾਹਾਂ (ਗੁਪਤ ਅੰਗਾਂ) ਦੀ ਹਿਫ਼ਾਜ਼ਤ ਕਰਿਆ ਕਰਨ, ਅਤੇ ਆਪਣਾ ਹਾਰ ਸ਼ਿੰਗਾਰ (ਭਾਵ ਗਹਿਣੇ ਪਾਉਣ ਵਾਲੇ ਅੰਗਾਂ) ਨੂੰ ਜ਼ਾਹਿਰ ਨਾ ਹੋਣ ਦਿਆ ਕਰਨ, ਪਰ ਜਿਹੜਾ ਇਸ ਵਿੱਚੋਂ ਖੁੱਲ੍ਹਿਆ ਰਹਿੰਦਾ ਹੋਵੇ ਅਤੇ ਆਪਣਿਆ ਸੀਨਿਆਂ 'ਤੇ ਓੜ੍ਹਨੀਆਂ ਓੜ੍ਹ ਕੇ ਰੱਖਿਆ ਕਰਨ ਅਤੇ ਆਪਣੇ ਪਤੀ ਤੇ ਪਿਤਾ ਤੇ ਸਹੁਰਾ ਤੇ ਪੁੱਤਰਾਂ ਤੇ ਪਤੀ ਦੇ ਪੁੱਤਰਾਂ ਤੇ ਭਰਾਵਾਂ ਤੇ ਭਤੀਜਿਆਂ ਤੇ ਭਾਣਜਿਆਂ ਤੇ ਆਪਣੇ (ਹੀ ਵਰਗੀਆਂ) ਔਰਤਾਂ ਤੇ ਮਹਿਲਾ ਸੇਵਕਾਵਾਂ ਤੋ ਇਲਾਵਾ ਵੀ ਉਹਨਾਂ ਸੇਵਕਾਂ ਤੋਂ, ਜਿਹੜੇ ਔਰਤਾਂ ਦੀ ਇੱਛਾ ਨਾ ਰੱਖਣ ਜਾਂ ਅਜਿਹੇ ਬਾਲਕ ਜਿਹੜੇ ਔਰਤਾਂ ਦੀਆਂ ਪਰਦੇ ਦੀਆਂ ਚੀਜ਼ਾਂ ਤੋਂ ਜਾਣੂ ਨਾ ਹੋਣ (ਸੰਖੇਪ ਉਹਨਾਂ ਲੋਕਾਂ ਤੋਂ ਇਲਾਵਾ) ਕਿਸੇ 'ਤੇ ਆਪਣੀ ਸੁੰਦਰਤਾ ਤੇ (ਹਾਰ ਸ਼ਿੰਗਾਰ ਦੇ ਸਥਾਨਾਂ) ਨੂੰ ਪ੍ਰਗਟ ਨਾ ਹੋਣ ਦੇਣ ਤੇ ਆਪਣੇ ਪੈਰਾਂ ਨੂੰ (ਧਰਤੀ ਤੇ ਇਸ ਢੰਗ ਨਾਲ ਨਾ) ਮਾਰਨ ਕਿ (ਛਣਕਾਰ ਦੀ ਅਵਾਜ਼ ਕੰਨਾਂ ਵਿੱਚ ਪਹੁੰਚੇ ਅਤੇ) ਉਹਨਾਂ ਦਾ ਛੁਪਿਆ ਗਹਿਣਾ ਪਤਾ ਲੱਗ ਜਾਵੇ ਭਾਵ ਪ੍ਰਗਟ ਹੋ ਜਾਵੇ। ਅਤੇ (ਐ ਈਮਾਨ ਵਾਲਿਓ!) ਸਾਰੇ ਅੱਲਾਹ ਅੱਗੇ ਤੌਬਾ ਕਰੋ ਤਾਂ ਜੋ ਤੁਸੀਂ ਸਫਲਤਾ ਪ੍ਰਾਪਤ ਕਰ ਸਕੋ।(31)

ਅਤੇ ਆਪਣੀ ਕੌਮ ਦੀਆਂ ਵਿਧਵਾ ਔਰਤਾਂ ਦੇ ਨਿਕਾਹ ਕਰ ਦਿਆ ਕਰੋ ਅਤੇ ਆਪਣੇ ਗ਼ੁਲਾਮਾਂ ਅਤੇ ਲੌਂਡੀਆਂ ਦੇ ਵੀ ਜੋ ਨੇਕ ਹੋਣ, (ਨਿਕਾਹ ਕਰ ਦਿਆ ਕਰੋ) ਜੇਕਰ ਉਹ ਗ਼ਰੀਬ ਹੋਣ ਤਾਂ ਅੱਲਾਹ ਉਹਨਾਂ ਨੂੰ ਆਪਣੀ ਮਿਹਰੋਂ ਖ਼ੁਸ਼ਹਾਲ ਕਰ ਦੇਵੇਗਾ ਅਤੇ ਅੱਲਾਹ ਬਹੁਤ ਵਿਸ਼ਾਲਤਾ ਵਾਲਾ ਅਤੇ ਸਭ ਕੁੱਝ ਜਾਣਨ ਵਾਲਾ ਹੈ।(32)

ਅਤੇ ਜਿਹਨਾਂ ਨੂੰ ਵਿਆਹ ਦਾ ਅਵਸਰ ਨਾ ਮਿਲੇ, ਉਹ (ਪਾਕ-ਦਾਮਨੀ) ਨੂੰ ਅਖ਼ਤਿਆਰ ਕਰੀ ਰੱਖਣ। ਇੱਥੋਂ ਤੱਕ ਕਿ ਅੱਲਾਹ ਉਹਨਾਂ ਨੂੰ ਆਪਣੀ ਮਿਹਰੋਂ

ਧਨਵਾਨ ਬਣਾ ਦੇਵੇਗਾ, ਅਤੇ ਜਿਹੜੇ ਗ਼ੁਲਾਮ ਤੁਹਾਥੋਂ ਲਿਖਤ ਕਰਨੀ ਚਾਹੁਣ, ਜੇਕਰ ਤੁਸੀਂ ਉਹਨਾਂ ਵਿੱਚ (ਕਾਬਲੀਅਤ ਅਤੇ) (ਭਲਾਈ ਵੇਖੋਂ ਤਾਂ ਉਹਨਾਂ ਨਾਲ ਲਿਖਤ ਪੜ੍ਹਤ ਕਰ ਲਵੋ ਅਤੇ ਅੱਲਾਹ ਨੇ ਜਿਹੜੀ ਧਨ-ਦੌਲਤ ਤੁਹਾਨੂੰ ਬਖ਼ਸ਼ੀ ਹੈ। ਉਸ ਵਿੱਚੋਂ ਉਹਨਾਂ ਨੂੰ ਵੀ ਦੇ ਦੇਵੋ ਅਤੇ ਆਪਣੀਆਂ ਲੌਂਡੀਆਂ (ਸੇਵਕਾਵਾਂ-ਗੋਲੀਆਂ) ਨੂੰ, ਜੇਕਰ ਉਹ ਪਾਕ-ਦਾਮਨ ਰਹਿਣਾ ਚਾਹੁਣ ਤਾਂ (ਬੇਸ਼ਰਮੀ ਤੋਂ) ਸੰਸਾਰਿਕ ਜੀਵਨ ਦੇ ਲਾਭ ਪ੍ਰਾਪਤ ਕਰਨ ਦੇ ਲਈ ਬਦਕਾਰੀ (ਵੇਸ਼ਿਆ-ਬਿਰਤੀ) 'ਤੇ ਮਜਬੂਰ ਨਾ ਕਰਨਾ ਅਤੇ ਜੋ ਉਹਨਾਂ ਨੂੰ ਮਜਬੂਰ ਕਰੇਗਾ ਤਾਂ ਉਹਨਾਂ (ਬੇਚਾਰੀਆਂ) ਦੇ ਮਜਬੂਰ ਕੀਤੇ ਜਾਣ ਤੋਂ ਬਾਅਦ ਅੱਲਾਹ ਬਖਸ਼ਣ ਵਾਲਾ ਅਤੇ ਰਹਿਮ ਫ਼ਰਮਾਉਣ ਵਾਲਾ ਏ ।(33) (ਸੂਰਤ ਅਲ ਨੂਰ 23-33)

ਐ ਈਮਾਨ ਵਾਲਿਓ! ਤੁਹਾਡੇ ਗ਼ੁਲਾਮ ਲੌਂਡੀਆਂ ਅਤੇ ਜਿਹੜੇ ਬੱਚੇ ਤੁਹਾਡੇ ਵਿੱਚੋਂ ਬਾਲਿਗ਼ ਦੀ ਹੱਦ ਨੂੰ ਨਹੀਂ ਪਹੁੰਚੇ ਤਿੰਨ ਵਾਰੀ (ਭਾਵ ਤਿੰਨ ਸਮਿਆਂ ਵਿੱਚ) ਤੁਹਾਥੋਂ ਇਜਾਜ਼ਤ ਲਿਆ ਕਰਨ (ਇੱਕ ਤਾਂ) ਸਵੇਰ (ਫ਼ਜਰ) ਦੀ ਨਮਾਜ਼ ਤੋਂ ਪਹਿਲਾਂ, ਅਤੇ (ਦੂਜੇ ਗਰਮੀਆਂ 'ਚ ਦੁਪਹਿਰ ਨੂੰ) ਜਦੋਂ ਤੁਸੀਂ ਕੱਪੜੇ ਉਤਾਰ ਦਿੰਦੇ ਹੋ, ਅਤੇ (ਤੀਜੇ ਇਸ਼ਾ ਦੀ ਨਮਾਜ਼ ਤੋ ਬਾਅਦ। (ਇਹ) ਤਿੰਨੋਂ (ਸਮੇਂ) ਤੁਹਾਡੇ ਪਰਦੇ (ਦੇ) ਹਨ। ਉਹਨਾਂ ਦੇ ਅੱਗੇ ਪਿੱਛੇ (ਭਾਵ ਦੂਜਿਆਂ ਸਮਿਆਂ 'ਚ) ਨਾ ਤੁਹਾਡੇ 'ਤੇ ਕੋਈ ਪਾਪ ਹੈ ਨਾ ਉਹਨਾਂ 'ਤੇ, ਕਿ ਕੰਮ ਕਾਜ ਦੇ ਲਈ ਘੜੀ ਮੁੜੀ ਇੱਕ ਦੂਜੇ ਦੇ ਕੋਲ ਆਉਂਦੇ ਰਹਿੰਦੇ ਹੋ। ਇਸ ਤਰ੍ਹਾਂ ਅੱਲਾਹ ਆਪਣੀਆਂ ਆਇਤਾਂ ਤੁਹਾਨੂੰ ਸਪੱਸ਼ਟ ਤੌਰ ਤੇ ਬਿਆਨ ਫ਼ਰਮਾਉਂਦਾ ਹੈ, ਅਤੇ ਅੱਲਾਹ ਬਹੁਤ ਗਿਆਨ ਵਾਲਾ ਡੂੰਘੀ ਸਿਆਣਪ ਵਾਲਾ ਹੈ।(58)

ਅਤੇ ਜਦੋਂ ਤੁਹਾਡੇ ਪੁੱਤਰ ਬਾਲਿਗ਼ ਹੋ ਜਾਣ ਤਾਂ ਉਹਨਾਂ ਨੂੰ ਵੀ ਇੰਜ ਹੀ ਇਜਾਜ਼ਤ ਲੈਣੀ ਚਾਹੀਦੀ ਹੈ, ਜਿਸ ਤਰ੍ਹਾਂ ਉਹਨਾਂ ਤੋਂ ਅਗਲੇ (ਭਾਵ ਵੱਡੇ ਆਦਮੀ) ਇਜਾਜ਼ਤ ਪ੍ਰਾਪਤ ਕਰਦੇ ਰਹੇ ਹਨ। ਇਸੇ ਤਰ੍ਹਾਂ ਅੱਲਾਹ ਤੁਹਾਨੂੰ ਆਪਣੀਆਂ ਆਇਤਾਂ ਖੋਲ੍ਹ ਖੋਲ੍ਹ ਕੇ ਸੁਣਾਉਂਦਾ ਹੈ। ਅਤੇ ਅੱਲਾਹ ਤਆਲਾ ਜਾਣਨਹਾਰ (ਅਤੇ) ਹਿਕਮਤ ਵਾਲਾ ਹੈ।(59)

ਅਤੇ ਵੱਡੀ ਉਮਰ ਦੀਆਂ ਔਰਤਾਂ ਜਿਹਨਾਂ ਨੂੰ ਵਿਆਹ ਨਿਕਾਹ ਦੀ ਆਸ ਨਹੀਂ ਰਹੀ ਅਤੇ ਉਹ ਚੱਦਰ ਕੱਪੜੇ ਉਤਾਰ ਕੇ ਸਿਰ ਨੰਗਾ ਕਰ ਲੈਣ ਤਾਂ ਉਹਨਾਂ ਤੇ ਕੋਈ ਪਾਪ ਨਹੀਂ। ਸ਼ਰਤ ਇਹ ਹੈ ਕਿ ਆਪਣੇ ਹਾਰ ਸ਼ਿੰਗਾਰ ਦੀਆਂ ਚੀਜ਼ਾਂ ਜ਼ਾਹਰ ਨਾ ਕਰਨ ਅਤੇ ਜੇਕਰ ਉਸ ਤੋਂ ਵੀ ਬਚਣ ਤਾਂ ਇਹ ਉਹਨਾਂ ਦੇ ਹੱਕ ਵਿੱਚ ਵਧੇਰੇ ਚੰਗਾ ਹੈ। ਅਤੇ ਅੱਲਾਹ ਸੁਣਦਾ ਜਾਣਦਾ ਏ।(60)

(ਸੂਰਤ ਅਲ ਨੂਰ 58-60)

ਈਮਾਨ ਵਾਲੇ ਤਾਂ ਉਹੀ ਹਨ, ਜਿਹੜੇ ਅੱਲਾਹ ਪਾਕ ਤੇ ਅਤੇ ਉਸ ਦੇ ਰਸੂਲ ਤੇ ਈਮਾਨ ਲਿਆਏ ਅਤੇ ਜਦੋਂ ਕਦੀ ਅਜਿਹੇ ਕੰਮ ਲਈ, ਜਿਹੜਾ ਇਕੱਠੇ ਹੋ ਕੇ ਕਰਨ ਦਾ ਹੋਵੇ, ਅੱਲਾਹ ਦੇ ਪੈਗ਼ੰਬਰ ਕੋਲ ਇਕੱਠੇ ਹੋਣ, ਤਾਂ ਉਹਨਾਂ ਤੋਂ ਆਗਿਆ ਮੰਗੇ ਬਗ਼ੈਰ ਨਹੀਂ ਜਾਂਦੇ। ਐ ਪੈਗ਼ੰਬਰ! ਜਿਹੜੇ ਲੋਕ ਤੁਹਾਥੋਂ ਇਜਾਜ਼ਤ ਮੰਗਦੇ ਹਨ, ਉਹੀ ਅੱਲਾਹ ’ਤੇ ਅਤੇ ਉਸ ਦੇ ਰਸੂਲ ’ਤੇ ਈਮਾਨ ਰਖਦੇ ਹਨ। ਸੋ ਜਦੋਂ ਇਹ ਲੋਕ ਤੁਹਾਥੋਂ ਕਿਸੇ ਕੰਮ ਦੇ ਲਈ ਆਗਿਆ ਮੰਗਿਆ ਕਰਨ, ਤਾਂ ਉਹਨਾਂ ਵਿੱਚੋਂ ਜਿਸ ਨੂੰ ਚਾਹੋ, ਆਗਿਆ ਦੇ ਦਿਆ ਕਰੋ, ਅਤੇ ਉਹਨਾਂ ਦੇ ਲਈ ਅੱਲਾਹ ਤਆਲਾ ਤੋਂ ਬਖ਼ਸ਼ਿਸ਼ ਮੰਗਿਆ ਕਰੋ। ਕੋਈ ਸ਼ੱਕ ਨਹੀਂ ਕਿ ਅੱਲਾਹ ਬਖਸ਼ਣ ਵਾਲਾ ਅਤੇ ਰਹਿਮ ਫ਼ਰਮਾਉਣ ਵਾਲਾ ਏ।(62)

ਐ ਈਮਾਨ ਵਾਲਿਓ! ਪੈਗ਼ੰਬਰ ਦੇ ਬੁਲਾਉਣ ਨੂੰ ਇਸ ਤਰ੍ਹਾਂ ਖ਼ਿਆਲ ਨਾ ਕਰਨਾ ਜਿਵੇਂ ਤੁਸੀਂ ਆਪਸ ਵਿਚ ਇੱਕ ਦੂਜੇ ਨੂੰ ਸੱਦਦੇ ਹੋ। ਬੇਸ਼ੱਕ ਅੱਲਾਹ ਨੂੰ ਇਹਨਾਂ ਲੋਕਾਂ ਬਾਰੇ ਪਤਾ ਹੈ। ਜਿਹੜੇ ਤੁਹਾਡੇ ਵਿੱਚੋਂ ਕੰਨੀ ਕਤਰਾ ਕੇ ਚਲੇ ਜਾਂਦੇ ਹਨ ਤਾਂ ਜਿਹੜੇ ਲੋਕ ਉਹਨਾਂ ਦੇ ਹੁਕਮ ਦੀ ਵਿਰੋਧਤਾ ਕਰਦੇ ਹਨ, ਉਹਨਾਂ ਨੂੰ ਡਰਨਾ ਚਾਹੀਦਾ ਹੈ ਕਿ (ਅਜਿਹਾ ਨਾ ਹੋਵੇ ਕਿ) ਉਹਨਾਂ ਤੇ ਕੋਈ ਭੀੜੀ ਪੈ ਜਾਵੇ, ਜਾਂ ਕਸ਼ਟ ਦੇਣ ਵਾਲਾ ਅਜ਼ਾਬ ਆ ਜਾਵੇ।(63) ਵੇਖੋ ਜੋ ਕੁਝ ਅਸਮਾਨਾਂ ਅਤੇ ਜ਼ਮੀਨ ਵਿੱਚ ਹੈ, ਸਾਰਾ ਅੱਲਾਹ ਦਾ ਹੀ ਹੈ। ਜਿਸ (ਢੰਗ) ’ਤੇ ਤੁਸੀਂ ਹੋ, ਉਹ ਉਸ ਨੂੰ ਜਾਣਦਾ ਹੈ। ਅਤੇ ਜਿਸ ਦਿਹਾੜੇ ਲੋਕ ਉਸ ਦੇ ਵੱਲ ਵਾਪਸ ਪਰਤਾਏ ਜਾਣਗੇ ਤਾਂ ਜੋ ਕਰਮ ਉਹ (ਲੋਕ ਕਰਦੇ ਰਹੇ, ਉਹ ਉਹਨਾਂ ਨੂੰ ਦੱਸ ਦੇਵੇਗਾ, ਅਤੇ ਅੱਲਾਹ ਹਰ ਸ਼ੈਅ ਨੂੰ ਜਾਨਣਵਾਲਾ ਹੈ।(64)(ਸੂਰਤ ਅਲ ਨੂਰ 62-64)

ਅਤੇ ਉਹੀ ਤਾਂ ਹੈ, ਜਿਸ ਨੇ ਪਾਣੀ ਤੋਂ ਮਨੁੱਖ ਨੂੰ ਪੈਦਾ ਕੀਤਾ, ਫਿਰ ਉਸਨੂੰ ਔਲਾਦ ਵਾਲਾ ਅਤੇ ਸਹੁਰੇ ਸਾਕ ਸਬੰਧੀਆਂ ਵਾਲਾ ਬਣਾਇਆ ਤੇ ਤੁਹਾਡਾ ਪਾਲਣਹਾਰ (ਹਰ ਪ੍ਰਕਾਰ ਦੀ) ਕੁਦਰਤ ਰਖਦਾ ਹੈ।(54)

(ਸੂਰਤ ਅਲ-ਫ਼ੁਰਕਾਨ 54)

ਅਤੇ ਅੱਲਾਹ ਦੇ ਬੰਦੇ ਤਾਂ ਉਹ ਹਨ, ਜਿਹੜੇ ਧਰਤੀ ਤੇ ਧੀਮੇ-ਧੀਮੇ ਚੱਲਦੇ ਹਨ ਅਤੇ ਜਦੋਂ ਅਨਪੜ੍ਹ ਲੋਕ ਉਹਨਾਂ ਨਾਲ (ਅਨਪੜ੍ਹਤਾ ਦੀ) ਗੱਲਬਾਤ ਕਰਦੇ ਹਨ ਤਾਂ ਸਲਾਮ ਆਖਦੇ ਹਨ (63) ਅਤੇ ਜਿਹੜੇ ਆਪਣੇ ਪਾਲਣਹਾਰ ਦੇ ਅੱਗੇ ਸੀਸ ਨਿਵਾ ਕੇ ਅਤੇ (ਨਿਮਰਤਾ ਅਤੇ ਸਤਿਕਾਰ ਨਾਲ) ਖੜ੍ਹੇ ਹੋ ਕੇ ਰਾਤਾਂ ਗੁਜ਼ਾਰ ਦਿੰਦੇ ਹਨ (64) ਅਤੇ ਉਹ ਜੋ ਦੁਆ ਮੰਗਦੇ ਹਨ ਕਿ, 'ਐ ਸਾਡੇ ਰੱਬ! ਦੋਜ਼ਖ਼ ਦੇ ਅਜ਼ਾਬ ਤੋਂ ਸਾਨੂੰ ਦੂਰ ਰਖਣਾ, ਕਿ ਉਸ ਦਾ ਅਜ਼ਾਬ ਬਹੁਤ ਦੁਖਦਾਇਕ ਚੀਜ਼ ਹੈ (65) (ਅਤੇ) ਦੋਜ਼ਖ਼ ਠਹਿਰਨ ਅਤੇ ਟਿਕਣ ਵਾਲੀ ਬਹੁਤ ਭੈੜੀ ਥਾਂ ਹੈ

(66) ਅਤੇ ਉਹ ਜਦੋਂ ਖ਼ਰਚ ਕਰਦੇ ਹਨ, ਨਾ ਤਾਂ ਅਜਾਈਂ ਉੜਾਉਂਦੇ ਹਨ ਅਤੇ ਨਾ ਉਹ ਕੰਜੂਸੀ ਵਿਖਾਉਂਦੇ ਹਨ ਸਗੋਂ ਦਰਮਿਆਨੇ ਪਣਨਾਲ। ਲੋੜ ਤੋ ਵੱਧ, ਨਾ ਘੱਟ।(67) (ਸੂਰਤ ਅਲ-ਫ਼ੁਰਕਾਨ 63-67)

ਅਤੇ ਉਸੇ ਦੀਆਂ ਨਿਸ਼ਾਨੀਆਂ ਵਿੱਚੋਂ ਹੈ ਕਿ ਉਸ ਨੇ ਤੁਹਾਨੂੰ ਮਿੱਟੀ ਤੋਂ ਪੈਦਾ ਕੀਤਾ, ਫਿਰ ਹੁਣ ਤੁਸੀਂ ਮਨੁੱਖ ਬਣ ਕੇ ਥਾਂ-ਕੁ-ਥਾਂ ਖਿੱਲਰਦੇ ਚਲੇ ਜਾ ਰਹੇ ਹੋ(20)ਅਤੇ ਇਹ ਉਸੇ ਦੀਆਂ ਨਿਸ਼ਾਨੀਆਂ ਵਿੱਚੋਂ ਹੈ।ਉਸੇ ਨੇ ਤੁਹਾਡੇ ਲ਼ਈ ਤੁਹਾਡੀ ਹੀ ਜਿਨਸ (ਨਸਲ) ਦੀਆਂ ਔਰਤਾਂ ਬਣਾਈਆਂ ਤਾਂ ਜੋ ਉਹਨਾਂ ਵੱਲ (ਆਕਰਸ਼ਤ ਹੋ ਕੇ) ਸੁੱਖ-ਸ਼ਾਂਤੀ ਪ੍ਰਾਪਤ ਕਰੋ ਅਤੇ ਤੁਹਾਡੇ ਵਿੱਚ ਮੁਹੱਬਤ ਅਤੇ ਮਿਹਰਬਾਨੀ ਪੈਦਾ ਕਰ ਦਿੱਤੀ। ਜਿਹੜੇ ਲੋਕ ਸੋਚ-ਵਿਚਾਰ ਕਰਦੇ ਹਨ, ਉਹਨਾਂ ਦੇ ਲਈ ਇਹਨਾਂ ਗੱਲਾਂ ਵਿੱਚ (ਬਹੁਤ ਸਾਰੀਆਂ) ਨਿਸ਼ਾਨੀਆਂ ਹਨ। (21)

(ਅਰ-ਰੂਮ 20-21)

ਅਤੇ ਉਸ ਵੇਲੇ ਨੂੰ ਚੇਤੇ ਕਰੋ ਜਦੋਂ ਲੁਕਮਾਨ ਨੇ ਆਪਣੇ ਪੁੱਤਰ ਨੂੰ ਨਸੀਹਤ ਕਰਦੇ ਹੋਏ ਕਿਹਾ ਕਿ ਐ ਬੇਟਾ! ਅੱਲਾਹ ਦੇ ਨਾਲ ਸਾਂਝੀਵਾਲ ਨਾ ਬਣਾਉਣਾ, ਸ਼ਿਰਕ ਤਾਂ ਬੜਾ (ਭਾਰੀ) ਜ਼ੁਲਮ ਹੈ (13) ਅਤੇ ਅਸੀਂ ਮਨੁੱਖ ਨੂੰ ਜਿਸ ਨੂੰ ਉਸ ਦੀ ਮਾਂ ਦੁੱਖ 'ਤੇ ਦੁੱਖ ਬਰਦਾਸ਼ਤ ਕਰਕੇ ਪੇਟ 'ਚ ਚੁੱਕੀ ਫਿਰਦੀ ਹੈ ਫਿਰ ਉਸ ਨੂੰ ਦੁੱਧ ਚੁੰਘਾਉਂਦੀ ਹੈ ਅਤੇ ਦੋ ਸਾਲਾਂ ਵਿੱਚ ਉਸ ਦਾ ਦੁੱਧ ਚੁੰਘਣਾ ਛੁਡਾਉਣਾ ਹੁੰਦਾ ਹੈ। ਅਸੀਂ ਆਪਣੇ ਅਤੇ ਉਸ ਦੇ ਮਾਪਿਆਂ ਦੇ ਬਾਰੇ ਹੋਰ ਤਾਕੀਦ ਕੀਤੀ ਹੈ ਕਿ ਮੇਰਾ ਵੀ ਸ਼ੁਕਰ ਅਦਾ ਕਰਦੇ ਰਹੋ ਅਤੇ ਆਪਣੇ ਮਾਪਿਆਂ ਦਾ ਵੀ ਅਤੇ (ਤੁਸੀਂ) ਮੇਰੀ ਤਰਫ਼ ਹੀ ਵਾਪਸ ਪਰਤ ਕੇ ਆਉਣਾ ਹੈ।(14) ਅਤੇ ਜੇ ਉਹ ਤੁਹਾਨੂੰ ਮਜਬੂਰ ਕਰਨ ਕਿ ਤੂੰ ਮੇਰੇ ਨਾਲ ਕਿਸੇ ਅਜਿਹੀ ਚੀਜ਼ ਨੂੰ ਸ਼ਰੀਕ ਕਰੋ, ਜਿਸ ਦਾ ਤੁਹਾਨੂੰ ਕੁੱਝ ਵੀ ਗਿਆਨ ਨਹੀਂ ਤਾਂ ਉਹਨਾਂ ਦਾ ਕਿਹਾ ਨਾ ਮੰਨਣਾ। ਹਾਂ, ਦੁਨੀਆਂ ਦੇ (ਕੰਮਾਂ) ਵਿੱਚ ਉਹਨਾਂ ਦਾ ਚੰਗੀ ਤਰ੍ਹਾਂ ਸਾਥ ਦੇਣਾ ਜਿਹੜਾ ਆਦਮੀ ਮੇਰੇ ਵੱਲ ਮੁੜੇ, ਉਸੇ ਦੇ ਰਸਤੇ 'ਤੇ ਚੱਲਣਾ, ਫਿਰ ਤੁਸੀਂ ਮੇਰੀ ਤਰਫ਼ ਵਾਪਸ ਮੁੜ ਕੇ ਆਉਣਾ ਹੈ ਤਾਂ ਜਿਹੜੇ ਕੰਮ ਤੁਸੀਂ ਕਰ ਰਹੇ ਹੋ, ਮੈਂ ਸਾਰਿਆਂ ਤੋਂ ਤੁਹਾਨੂੰ ਸਚੇਤ ਕਰ ਦਿਆਂਗਾ। (15)

(ਲੁਕਮਾਨ ਨੇ ਇਹ ਵੀ ਕਿਹਾ ਕਿ) ਐ ਬੇਟਾ! ਜੇ ਕੋਈ ਕੰਮ (ਮਿਸਾਲ ਵਜੋਂ) ਰਾਈ ਦੇ ਦਾਣੇ ਦੇ ਬਰਾਬਰ (ਛੋਟਾ) ਵੀ ਹੋਵੇ ਅਤੇ ਕਿਸੇ ਪੱਥਰ ਦੇ ਅੰਦਰ ਜਾਂ ਅਸਮਾਨਾਂ ਵਿੱਚ ਲੁਕਿਆ ਹੋਵੇ ਜਾਂ ਜ਼ਮੀਨ ਵਿੱਚ। ਅੱਲਾਹ ਤਆਲਾ ਉਸ ਨੂੰ (ਕਿਆਮਤ ਦੇ ਦਿਹਾੜੇ) ਲਿਆ ਕੇ ਹਾਜ਼ਿਰ ਕਰ ਦੇਵੇਗਾ। ਕੋਈ ਸ਼ੱਕ ਨਹੀਂ ਕਿ ਅੱਲਾਹ ਸੂਖ਼ਮਦਰਸ਼ੀ ਅਤੇ ਖ਼ਬਰਦਾਰ ਹੈ।(16) ਪੁੱਤਰ! ਨਮਾਜ਼ ਦੀ ਪਾਬੰਦੀ

ਰੱਖਣਾ ਅਤੇ (ਲੋਕਾਂ) ਨੂੰ ਭਲੇ ਕਰਮ ਕਮਾਉਣ ਦਾ ਹੁਕਮ ਦੇਣਾ ਤੇ ਭੈੜੀਆਂ ਗੱਲਾਂ ਤੋਂ ਵਰਜਦੇ ਰਹਿਣਾ ਤੇ ਜੇ ਤੁਹਾਡੇ 'ਤੇ ਮੁਸੀਬਤ ਆ ਜਾਵੇ, ਤਾਂ ਸਬਰ ਕਰਨਾ। ਬੇਸ਼ੱਕ ਇਹ ਵੱਡੀ ਹਿੰਮਤ ਦੇ ਕੰਮ ਹਨ। (17)

ਅਤੇ ਹੰਕਾਰ ਨਾਲ ਲੋਕਾਂ 'ਤੇ ਰੋਅਬ ਨਾ ਜਮਾਓ ਅਤੇ ਧਰਤੀ 'ਤੇ ਆਕੜ ਕੇ ਨਾ ਚੱਲੋ ਕਿ ਅੱਲਾਹ ਸ਼ੇਖ਼ੀ ਖ਼ੋਰਿਆਂ ਨੂੰ ਪਸੰਦ ਨਹੀਂ ਫ਼ਰਮਾਉਂਦ।(18) ਅਤੇ ਆਪਣੀ ਚਾਲ-ਢਾਲ ਵਿੱਚ ਦਰਮਿਆਨਾਪਣ ਅਖ਼ਤਿਆਰ ਕਰੋ ਅਤੇ (ਬੋਲਦੇ ਸਮੇਂ) ਰਤਾ ਅਵਾਜ਼ ਘੱਟ ਰੱਖੋ ਕਿਉਂ ਕਿ ਉੱਚੀ ਆਵਾਜ਼ ਗਧਿਆਂ ਦੀ ਹੈ ਅਤੇ ਕੋਈ ਸ਼ੱਕ ਨਹੀਂ ਕਿ ਸਾਰੀਆਂ ਆਵਾਜ਼ਾਂ ਨਾਲੋਂ ਭੈੜੀ ਆਵਾਜ਼ ਗਧੇ ਦੀ ਹੈ।(19) (ਲੁਕਮਾਨ 13-19)

ਐ ਲੋਕੋ! ਆਪਣੇ ਪੈਦਾ ਕਰਨ ਵਾਲ਼ੇ ਤੋਂ ਡਰੋ ਅਤੇ ਉਸ ਦਿਨ ਤੋਂ ਸਹਿਮ ਖਾਓ ਜਿਸ ਦਿਨ ਨਾ ਤਾਂ ਪਿਉ ਆਪਣੇ ਪੁੱਤਰ ਦੇ ਕੁੱਝ ਕੰਮ ਆਵੇ ਅਤੇ ਨਾ ਪੁੱਤਰ ਆਪਣੇ ਪਿਉ ਦੇ ਕੁੱਝ ਕੰਮ ਆ ਸਕੇ। ਬੇਸ਼ੱਕ ਅੱਲਾਹ ਦਾ ਵਾਅਦਾ ਸੱਚਾ ਹੈ, ਬੱਸ ਦੁਨੀਆਂ ਦੀ ਜ਼ਿੰਦਗੀ ਤੁਹਾਨੂੰ ਧੋਖੇ ਵਿੱਚ ਨਾ ਪਾ ਦੇਵੇ ਅਤੇ ਨਾ ਧੋਖੇਬਾਜ਼ (ਸ਼ੈਤਾਨ) ਤੁਹਾਨੂੰ ਅੱਲਾਹ ਦੇ ਬਾਰੇ 'ਚ ਕਿਸੇ ਤਰ੍ਹਾਂ ਦਾ ਧੋਖਾ ਦੇਵੇ। (33)(ਲੁਕਮਾਨ 33)

ਅੱਲਾਹ ਨੇ ਕਿਸੇ ਆਦਮੀ ਦੇ ਸੀਨੇ ਵਿੱਚ ਦੋ ਦਿਲ ਨਹੀਂ ਬਣਾਏਤੇ ਨਾ ਤੁਹਾਡੀਆਂ ਔਰਤਾਂ ਨੂੰ, ਜਿਹਨਾਂ ਨੂੰ ਤੁਸੀਂ ਮਾਂ ਕਹਿ ਬੈਠਦੇ ਹੋ ਤੁਹਾਡੀਆਂ ਮਾਵਾਂ ਬਣਾਇਆ, ਅਤੇ ਨਾ ਤੁਹਾਡੇ ਪਾਲਕ (ਪੁੱਤਰਾਂ) ਨੂੰ ਸਕੇ (ਪੁੱਤਰ) ਬਣਾਇਆ। ਇਹ ਸਾਰੀਆਂ ਤੁਹਾਡੇ ਮੂੰਹੋਂ ਕੱਢੀਆਂ (ਹੋਈਆਂ) ਗੱਲਾਂ ਹਨ ਅਤੇ ਅੱਲਾਹ ਤਾਂ ਸੱਚੀ ਗੱਲ ਫ਼ਰਮਾਉਂਦਾ ਹੈ, ਅਤੇ ਉਹੀ ਸਿੱਧਾ ਰਸਤਾ ਵਿਖਾਉਣ ਵਾਲਾ ਹੈ।(4)

(ਅਲ-ਅਹਜ਼ਾਬ 4)

ਪੈਗ਼ੰਬਰ ਈਮਾਨ ਵਾਲਿਆਂ ਦੇ ਲਈ ਉਹਨਾਂ ਦੀਆਂ ਜਾਨਾਂ ਤੋਂ ਵੀ ਜ਼ਿਆਦਾ ਨਜ਼ਦੀਕੀ ਹਨ ਅਤੇ ਪੈਗ਼ੰਬਰ ਦੀਆਂ ਸੁਪਤਨੀਆਂ ਉਹਨਾਂ ਦੀਆਂ ਮਾਵਾਂ ਹਨ, ਅਤੇ ਸਾਕ-ਸਬੰਧੀ ਆਪਸ ਵਿੱਚ ਅੱਲਾਹ ਤਆਲਾ ਦੀ ਕਿਤਾਬ ਅਨੁਸਾਰ ਮੁਸਲਮਾਨਾਂ ਅਤੇ ਮੁਹਾਜਿਰਾਂ ਨਾਲੋਂ ਇੱਕ ਦੂਜੇ ਦੀ (ਵਿਰਾਸਤ) ਦੇ ਜ਼ਿਆਦਾ ਹੱਕਦਾਰ ਹਨ। ਪਰ ਇਹ ਕਿ ਤੁਸੀਂ ਆਪਣੇ ਦੋਸਤਾਂ ਨਾਲ ਅਹਿਸਾਨ ਕਰਨਾ ਚਾਹੋ ਤਾਂ ਹੋਰ ਗੱਲ ਹੈ।ਇਹ ਹੁਕਮ ਕਿਤਾਬ (ਕੁਰਆਨ ਮਜੀਦ) ਵਿੱਚ ਲਿਖ ਦਿੱਤਾ ਗਿਆ ਹੈ। (6)

(ਅਲ-ਅਹਜ਼ਾਬ 6)

ਐ ਪੈਗ਼ੰਬਰ! ਆਪਣੀਆਂ ਸੁਪਤਨੀਆਂ ਨੂੰ ਆਖ ਦੇਵੋ ਕਿ ਜੇਕਰ ਤੁਸੀਂ ਸੰਸਾਰਿਕ ਜੀਵਨ, ਉਸ ਦੀ ਖ਼ੂਬਸੂਰਤੀ ਅਤੇ ਸਜਾਵਟ ਦੇ ਚਾਹਵਾਨ ਹੋ, ਤਾਂ ਆਓ,

ਮੈਂ ਤੁਹਾਨੂੰ ਕੁੱਝ ਦੌਲਤ ਦੇ ਦੇਵਾਂ ਅਤੇ ਸੋਹਣੇ ਢੰਗ ਨਾਲ ਤੁਹਾਨੂੰ ਤੋਰ ਦਿਆਂ,(28) (ਅਲ-ਅਹਜ਼ਾਬ 28)

ਐ ਪੈਗ਼ੰਬਰ ਦੀ ਸੁਪਤਨੀਓ! ਤੁਸੀਂ ਹੋਰ ਮਹਿਲਾਵਾਂ ਵਾਂਗ ਨਹੀ ਹੋ, ਜੇਕਰ ਤੁਸੀਂ ਪ੍ਰਹੇਜ਼ਗਾਰ ਰਹਿਣਾ ਚਾਹੁੰਦੇ ਹੋ ਤਾਂ ਕਿਸੇ ਓਪਰੇ ਵਿਅਕਤੀ ਨਾਲ ਮਿੱਠੀਆਂ ਮਿੱਠੀਆਂ ਗੱਲਾਂ ਨਾ ਕਰਿਓ ਤਾਂ ਜੋ ਜਿਹੜਾ ਉਹ ਆਦਮੀ ਜਿਸ ਦੇ ਦਿਲ ਵਿੱਚ ਕਿਸੇ ਤਰ੍ਹਾਂ ਦੀ ਖੋਟ ਹੋਵੇ, ਕੋਈ ਉਮੀਦ ਨਾ ਬੱਝ ਲਵੇ ਅਤੇ ਦਸਤੂਰ ਅਨੁਸਾਰ ਗੱਲਬਾਤ ਕਰਿਆ ਕਰੋ(32) ਅਤੇ ਆਪਣੇ ਘਰਾਂ 'ਚ ਟਿਕੀਆਂ ਬੈਠੀਆਂ (ਰਿਹਾ) ਕਰੋ ਅਤੇ ਜਿਸ ਪ੍ਰਕਾਰ ਪਹਿਲਾਂ ਅਗਿਆਨਤਾ ਦੇ ਦਿਨਾਂ ਵਿੱਚ ਹਾਰ-ਸ਼ਿੰਗਾਰ ਕਰਦੀਆਂ ਸੀ, ਉਸ ਤਰ੍ਹਾਂ ਬਣ-ਠਣ ਕੇ ਨਾ ਫਿਰਿਆ ਕਰੋ ਅਤੇ ਨਮਾਜ਼ ਪੜ੍ਹਦੀਆਂ (ਰਿਹਾ) ਕਰੋ ਅਤੇ ਜ਼ਕਾਤ ਦਿੰਦੀਆਂ (ਰਿਹਾ) ਕਰੋ ਅਤੇ ਅੱਲਾਹ ਤੇ ਉਸ ਦੇ ਰਸੂਲ ਦੀ ਆਗਿਆਕਾਰੀ ਵਿੱਚ ਰਹੋ। (ਐ ਪੈਗ਼ੰਬਰ) ਦੇ ਘਰਾਣੇ ਵਾਲਿਓ! ਅੱਲਾਹ ਚਾਹੁੰਦਾ ਹੈ ਕਿ ਤੁਹਾਥੋਂ ਨਾਪਾਕੀ ਦੀ ਮੈਲ-ਕੁਚੈਲ ਦੂਰ ਕਰ ਦੇਵੇ ਅਤੇ ਤੁਹਾਨੂੰ ਬਿਲਕੁਲ ਪਾਕ ਸਾਫ਼ ਕਰ ਦੇਵੇ।(33) (ਅਲ-ਅਹਜ਼ਾਬ 32-33)

ਜਿਹੜੇ ਲੋਕ ਰੱਬ ਅੱਗੇ ਉਸ ਦੀ ਆਗਿਆਕਾਰੀ ਵਿੱਚ ਆਪਣਾ ਸੀਸ ਨਿਵਾਉਣ ਵਾਲੇ ਹਨ ਭਾਵ ਮੁਸਲਮਾਨ ਮਰਦ ਅਤੇ ਮੁਸਲਮਾਨ ਔਰਤਾਂ ਤੇ ਮੋਮਿਨ ਆਦਮੀ ਤੇ ਮੋਮਿਨ ਔਰਤਾਂ ਤੇ ਆਗਿਆਕਾਰ ਪੁਰਖ ਤੇ ਆਗਿਆਕਾਰ ਮਹਿਲਾਵਾਂ ਤੇ ਸਚਿਆਰੇ ਆਦਮੀ ਤੇ ਸਚਿਆਰੀਆਂ ਤੀਵੀਆਂ ਤੇ ਸਬਰ-ਸੰਤੋਖ ਕਰਨ ਵਾਲੇ ਮਰਦ ਤੇ ਸਬਰ-ਸੰਤੋਖ ਕਰਨ ਵਾਲੀਆਂ ਤੀਵੀਆਂ ਤੇ ਅੱਲਾਹ ਅੱਗੇ ਝੁਕਣ ਵਾਲੇ ਮਰਦ ਤੇ ਅੱਲਾਹ ਅੱਗੇ ਝੁਕਣ ਵਾਲੀਆਂ ਔਰਤਾਂ ਤੇ ਪੁੰਨ-ਦਾਨ ਕਰਨ ਵਾਲੇ ਆਦਮੀ ਤੇ ਪੁੰਨ-ਦਾਨ ਕਰਨ ਵਾਲੀਆਂ ਤੀਵੀਆਂ ਤੇ ਰੋਜ਼ਾ ਰੱਖਣ ਵਾਲੇ ਪੁਰਸ਼ ਤੇ ਰੋਜ਼ਾ ਰੱਖਣ ਵਾਲੀਆਂ ਮਹਿਲਾਵਾਂ ਤੇ ਆਪਣੇ ਗੁਪਤ ਅੰਗਾਂ ਦੀ ਰੱਖਿਆ ਕਰਨ ਵਾਲੇ ਪੁਰਖ ਤੇ ਗੁਪਤ ਅੰਗਾਂ ਦੀ ਰੱਖਿਆ ਕਰਨ ਵਾਲੀਆਂ ਮਹਿਲਾਵਾਂ ਤੇ ਅੱਲਾਹ ਨੂੰ ਬਹੁਤ ਜ਼ਿਆਦਾ ਯਾਦ ਕਰਨ ਵਾਲੇ ਪੁਰਖ ਤੇ ਬਹੁਤ ਜ਼ਿਆਦਾ ਯਾਦ ਕਰਨ ਵਾਲੀਆਂ ਮਹਿਲਾਵਾਂ, ਕੋਈ ਸ਼ੱਕ ਨਹੀਂ ਕਿ ਉਹਨਾਂ ਦੇ ਲਈ ਅੱਲਾਹ ਤਆਲਾ ਨੇ ਬਖ਼ਸ਼ਿਸ਼ ਤੇ ਬਹੁਤ ਵੱਡਾ ਬਦਲਾ ਤਿਆਰ ਕਰ ਰੱਖਿਆ ਹੈ। (35)

(ਅਲ-ਅਹਜ਼ਾਬ 35)

'ਤੇ ਭਰੋਸਾ ਰੱਖੀਓ ਅਤੇ ਅੱਲਾਹ ਹੀ ਕੰਮ ਬਣਾਉਣ ਲਈ ਕਾਫ਼ੀ ਹੈ।(48) ਐ ਈਮਾਨ ਵਾਲਿਓ! ਜਦੋਂ ਤੁਸੀਂ ਈਮਾਨ ਲਿਆਉਣ ਵਾਲੀਆਂ ਔਰਤਾ ਨਾਲ ਨਿਕਾਹ ਕਰਕੇ ਉਹਨਾਂ ਨੂੰ ਹੱਥ ਲਾਏ ਬਗ਼ੈਰ (ਭਾਵ ਉਹਨਾਂ ਕੋਲ ਜਾਣ) ਤੋਂ ਪਹਿਲਾਂ ਤਲਾਕ ਦੇ ਦੇਵੋ ਤਾਂ ਤੁਹਾਨੂੰ ਕੋਈ ਅਖ਼ਤਿਆਰ ਨਹੀਂ ਕਿ ਉਹਨਾਂ ਤੋਂ

ਇੱਦਤ ਪੂਰੀ ਕਰਵਾਓ। ਉਹਨਾਂ ਨੂੰ ਕੁਝ ਫ਼ਾਇਦਾ (ਭਾਵ ਖ਼ਰਚਾ) ਦੇ ਕੇ ਸੋਹਣੇ ਢੰਗ ਨਾਲ ਵਿਦਾਅ ਕਰ ਦੇਵੋ। (49)

ਐ ਪੈਗ਼ੰਬਰ! ਅਸੀਂ ਤੁਹਾਡੇ ਲਈ ਤੁਹਾਡੀਆਂ ਔਰਤਾਂ, ਜਿਹਨਾਂ ਨੂੰ ਤੁਸੀਂ ਉਹਨਾਂ ਦੇ ਮਹਿਰ ਦੇ ਦਿੱਤੇ ਹਨ, ਜਾਇਜ਼ ਕਰ ਦਿੱਤੀਆਂ ਹਨ ਅਤੇ ਤੁਹਾਡੀਆਂ ਲੌਂਡੀਆਂ (ਦਾਸੀਆਂ) ਜਿਹੜੀਆਂ ਅੱਲਾਹ ਨੇ ਤੁਹਾਨੂੰ ਕੁਫ਼ਰ ਕਰਨ ਵਾਲ਼ਿਆਂ ਤੋਂ ਗ਼ਨੀਮਤ ਦੇ ਮਾਲ ਦੇ ਤੌਰ 'ਤੇ ਦਿੱਤੀਆਂ ਹਨ, ਅਤੇ ਤੁਹਾਡੇ ਚਾਚੇ ਦੀਆਂ ਕੁੜੀਆਂ ਅਤੇ ਤੁਹਾਡੀਆਂ ਫੂਫੀਆਂ ਦੀਆਂ ਪੁੱਤਰੀਆਂ ਅਤੇ ਤੁਹਾਡੇ ਮਾਮਿਆਂ ਦੀਆਂ ਕੁੜੀਆਂ ਅਤੇ ਤੁਹਾਡੀਆਂ ਮਾਸੀਆਂ ਦੀਆਂ ਲੜਕੀਆਂ, ਜਿਹੜੇ ਤੁਹਾਡੇ ਨਾਲ ਦੇਸ਼ ਛੱਡ ਕੇ ਆਈਆਂ ਹੋਣ (ਸਾਰੀਆਂ ਜਾਇਜ਼ ਹਨ) ਅਤੇ ਕੋਈ ਈਮਾਨ ਵਾਲੀ ਔਰਤ, ਜੇ ਆਪਣੇ ਆਪ ਪੈਗ਼ੰਬਰ ਨੂੰ ਮੁਆਫ਼ ਕਰ ਦੇਵੇ (ਭਾਵ ਮਹਿਰ ਲਏ ਬਗ਼ੈਰ ਨਿਕਾਹ ਵਿੱਚ ਆਉਣਾ ਚਾਹੇ) ਸ਼ਰਤ ਇਹ ਹੈ ਕਿ ਪੈਗ਼ੰਬਰ ਵੀ ਉਹਨਾਂ ਨਾਲ ਨਿਕਾਹ ਕਰਨਾ ਚਾਹੁਣ (ਉਹ ਵੀ ਜਾਇਜ਼ ਹਨ, ਲੇਕਿਨ) ਇਹ ਆਗਿਆ (ਐ ਮੁਹੰਮਦ ਸ.) ਵਿਸ਼ੇਸ ਤੌਰ 'ਤੇ ਤੁਹਾਨੂੰ ਹੀ ਹੈ, ਸਾਰੇ ਮੁਸਲਮਾਨਾਂ ਨੂੰ ਨਹੀਂ। ਅਸੀਂ ਉਹਨਾਂ ਦੀਆਂ ਪਤਨੀਆਂ ਅਤੇ ਦਾਸੀਆਂ ਦੇ ਬਾਰੇ 'ਚ ਜੋ (ਮਹਿਰ ਅਦਾ ਕਰਨਯੋਗ) ਨਿਸ਼ਚਿਤ ਕਰ ਦਿੱਤਾ ਹੈ, ਸਾਨੂੰ ਪਤਾ ਹੈ। ਇਹ ਇਸ ਲਈ (ਕੀਤਾ ਗਿਆ ਹੈ) ਕਿ ਤੁਹਾਡੇ 'ਤੇ ਕਿਸੇ ਤਰ੍ਹਾਂ ਦੀ ਤੰਗੀ ਨਾ ਆਵੇ ਅਤੇ ਅੱਲਾਹ ਬਖ਼ਸ਼ਣ ਵਾਲਾ ਅਤੇ ਰਹਿਮ ਫ਼ਰਮਾਉਣ ਵਾਲਾ ਹੈ। (50)

(ਅਤੇ ਤੁਹਾਨੂੰ ਇਹ ਵੀ ਅਧਿਕਾਰ ਹੈ ਕਿ) ਜਿਸ ਪਤਨੀ ਨੂੰ ਚਾਹੋ, ਆਪਣੇ ਕੋਲ ਰੱਖੋ ਅਤੇ ਜਿਸ ਨੂੰ ਤੁਸੀਂ ਵੱਖ ਕਰ ਦਿੱਤਾ ਹੋਵੇ, ਜੇਕਰ ਉਸ ਨੂੰ ਫਿਰ ਆਪਣੇ ਕੋਲ ਬੁਲਾ ਲਵੋ ਤਾਂ ਵੀ ਤੁਹਾਡੇ 'ਤੇ ਕੋਈ ਪਾਪ ਨਹੀਂ। ਇਹ (ਆਗਿਆ) ਇਸ ਲਈ ਹੈ ਕਿ ਉਹਨਾਂ ਦੀਆਂ ਅੱਖਾਂ ਠੰਡੀਆਂ ਰਹਿਣ। ਅਤੇ ਉਹ ਚਿੰਤਾ ਨਾ ਕਰਨ, ਅਤੇ ਜੋ ਕੁੱਝ ਤੁਸੀਂ ਉਹਨਾਂ ਨੂੰ ਦੇ ਦੇਵੋ, ਉਸ ਨੂੰ ਲੈ ਕੇ ਸਾਰੀਆਂ ਖ਼ੁਸ਼ ਰਹਿਣ ਅਤੇ ਜੋ ਕੁੱਝ ਤੁਹਾਡੇ ਦਿਲਾਂ ਵਿੱਚ ਹੈ, ਅੱਲਾਹ ਉਸ ਨੂੰ ਜਾਣਦਾ ਹੈ ਅਤੇ ਅੱਲਾਹ ਜਾਣਨਹਾਰ ਅਤੇ ਸਹਿਣਸ਼ੀਲ ਹੈ। (51)

ਐ ਪੈਗ਼ੰਬਰ! ਉਹਨਾਂ ਤੋਂ ਇਲਾਵਾ ਹੋਰ ਔਰਤਾਂ ਉਹਨਾਂ ਨੂੰ ਜਾਇਜ਼ ਨਹੀਂ ਅਤੇ ਨਾ ਇਹ ਕਿ ਉਹਨਾਂ ਪਤਨੀਆਂ ਨੂੰ ਛੱਡ ਕੇ ਹੋਰ ਪਤਨੀਆਂ ਕਰ ਲਵੋ, ਭਾਵੇਂ ਉਹਨਾਂ ਦੀ ਸੁਹੱਪਣਤਾ ਤੁਹਾਨੂੰ (ਕਿੰਨੀ ਹੀ) ਚੰਗੀ ਲੱਗੇ। ਪਰ ਉਹ ਜਿਹੜੀਆਂ ਤੁਹਾਡੇ ਅਧੀਨ ਹਨ (ਭਾਵ ਲੌਂਡੀਆਂ-ਦਾਸੀਆਂ ਦੇ ਬਾਰੇ 'ਚ ਤੁਹਾਨੂੰ ਅਖ਼ਤਿਆਰ ਹੈ) ਅਤੇ ਅੱਲਾਹ ਹਰ ਸ਼ੈਅ ਤੇ ਨਜ਼ਰ ਰੱਖਦਾ ਹੈ। (52)

ਐ ਈਮਾਨ ਵਾਲਿਓ! ਪੈਗ਼ੰਬਰ ਦੇ ਘਰਾਂ 'ਚ ਨਾ ਜਾਇਆ ਕਰੋ ਪਰ ਇਸ ਸੂਰਤ 'ਚ ਕਿ ਜਦੋਂ ਤੁਹਾਨੂੰ ਖਾਣੇ ਦੇ ਲਈ ਆਗਿਆ ਦੇ ਦਿੱਤੀ ਹੋਵੇ ਅਤੇ ਉਸ ਦੇ ਪੱਕਣ ਦੀ ਉਡੀਕ ਵੀ ਨਾ ਕਰਨੀ ਪਏ, ਪ੍ਰੰਤੂ ਜਦੋਂ ਤੁਹਾਨੂੰ ਦਾਅਵਤ ਦਿੱਤੀ ਜਾਵੇ, ਤਾਂ ਜਾਵੋ, ਤਾਂ ਜਦੋਂ ਖਾਣਾ ਖਾ ਚੁੱਕੋਂ, ਤਾਂ ਚੱਲ ਆਓ ਅਤੇ ਗੱਲਾਂ ਵਿੱਚ ਜੀਅ ਲਾ ਕੇ ਨਾ ਬੈਠੇ ਰਹੋ, ਇਹ ਗੱਲ ਪੈਗ਼ੰਬਰ ਨੂੰ ਤਕਲੀਫ਼ ਦਿੰਦੀ ਹੈ ਅਤੇ ਉਹ ਤੁਹਾਥੋਂ ਸ਼ਰਮ ਕਰਦੇ ਹਨ (ਅਤੇ ਕਹਿੰਦੇ ਨਹੀਂ ਹਨ) ਪ੍ਰੰਤੂ ਅੱਲਾਹ ਸੱਚੀ ਗੱਲ ਦੇ ਕਹਿਣ ਵਿੱਚ ਸ਼ਰਮ ਨਹੀਂ ਕਰਦਾ ਤੇ ਜਦੋਂ ਪੈਗ਼ੰਬਰ ਦੀਆਂ ਪਤਨੀਆਂ ਤੋਂ ਕੋਈ ਚੀਜ਼ ਮੰਗੋ ਤਾਂ ਪਰਦੇ ਦੇ ਬਾਹਰੋਂ ਮੰਗੋ, ਇਹ ਤੁਹਾਡੇ ਅਤੇ ਉਹਨਾਂ ਦੋਵਾਂ ਦੇ ਮਨਾਂ ਦੇ ਲਈ ਬਹੁਤ ਪਾਕ ਸਾਫ਼ ਰੱਖਣ ਵਾਲ਼ੀ ਗੱਲ ਹੈ। ਅਤੇ ਤੁਹਾਨੂੰ ਇਹ ਸ਼ੋਭਾ ਨਹੀਂ ਦਿੰਦਾ ਕਿ ਅੱਲਾਹ ਦੇ ਪੈਗ਼ੰਬਰ ਨੂੰ ਤਕਲੀਫ਼ ਦੇਵੋ ਅਤੇ ਨਾ ਇਹ ਕਿ ਉਹਨਾਂ ਦੀਆਂ ਪਤਨੀਆਂ ਨਾਲ ਕਦੀ ਵੀ ਉਹਨਾਂ ਪਿੱਛੋਂ ਨਿਕਾਹ ਕਰੀਓ। ਬੇਸ਼ੱਕ ਇਹ ਅੱਲਾਹ ਦੇ ਨਜ਼ਦੀਕ ਬਹੁਤ ਵੱਡੇ ਗੁਨਾਹ ਦਾ ਕੰਮ ਹੈ। (53)(ਅਲ-ਅਹਜ਼ਾਬ 49-53)

ਔਰਤਾਂ ਨੂੰ ਆਪਣੇ ਪਿਉਆਂ ਤੋਂ (ਪਰਦਾ ਨਾ ਕਰਨ 'ਚ) ਕੋਈ ਪਾਪ ਨਹੀਂ ਅਤੇ ਨਾ ਆਪਣੇ ਪੁੱਤਰਾਂ ਤੋਂ, ਅਤੇ ਨਾ ਆਪਣੇ ਭਰਾਵਾਂ ਤੋਂ, ਨਾ ਆਪਣੇ ਭਤੀਜਿਆਂ ਤੋਂ, ਅਤੇ ਨਾ ਆਪਣੇ ਭਾਣਜਿਆਂ ਤੋਂ, ਅਤੇ ਨਾ ਆਪਣੀ (ਕਿਸਮ ਦੀਆਂ) ਔਰਤਾਂ ਤੋਂ, ਅਤੇ ਨਾ ਲੌਂਡੀਆਂ ਤੋਂ, ਅਤੇ (ਐ ਮਹਿਲਾਓ!) ਅੱਲਾਹ ਤੋਂ ਡਰਦੀਆਂ ਰਹੋ, ਬੇਸ਼ੱਕ ਅੱਲਾਹ ਤਆਲਾ ਹਰ ਚੀਜ਼ ਤੋਂ ਵਾਕਿਫ਼ ਹੈ। (55)

(ਅਲ-ਅਹਜ਼ਾਬ 55)

ਐ ਪੈਗ਼ੰਬਰ! ਆਪਣੀਆਂ ਸੁਪਤਨੀਆਂ ਅਤੇ ਸਪੁੱਤਰੀਆਂ ਅਤੇ ਮੁਸਲਮਾਨਾਂ ਦੀਆਂ ਜ਼ਨਾਨੀਆਂ ਨੂੰ ਆਖ ਦੇਵੋ ਕਿ ( ਜਦੋਂ ਬਾਹਰ ਨਿਕਲਿਆ ਕਰਨ ਤਾਂ) ਆਪਣੇ (ਮੂੰਹਾਂ) 'ਤੇ ਚੱਦਰ ਲਟਕਾ ਕੇ (ਘੁੰਢ) ਕੱਢ ਲਿਆ ਕਰਨ। ਇਹ ਹੁਕਮ ਉਹਨਾਂ ਦੇ ਲਈ ਪਛਾਣ ਦਾ ਸਬੱਬ (ਅਤੇ ਉੱਚਿਤ) ਹੋਵੇਗਾ, ਤਾਂ ਕੋਈ ਉਹਨਾਂ ਨੂੰ ਤਕਲੀਫ਼ ਨਹੀਂ ਦੇਵੇਗਾ ਅਤੇ ਅੱਲਾਹ ਬਖ਼ਸ਼ਣ ਵਾਲਾ ਅਤੇ ਰਹਿਮ ਫ਼ਰਮਾਉਣ ਵਾਲਾ ਹੈ। (59)(ਅਲ-ਅਹਜ਼ਾਬ 59)

ਅਤੇ ਅੱਲਾਹ ਨੇ ਹੀ ਤੁਹਾਨੂੰ ਮਿੱਟੀ ਤੋਂ ਸਿਰਜਿਆ, ਫਿਰ ਵੀਰਜ ਤੋਂ, ਫਿਰ ਤੁਹਾਨੂੰ ਜੋੜਾ-ਜੋੜਾ ਬਣਾ ਦਿੱਤਾ। ਅਤੇ ਕੋਈ ਔਰਤ ਨਾ ਤਾਂ ਗਰਭਵਤੀ ਹੁੰਦੀ ਹੈ ਅਤੇ ਨਾ ਜਾਣਦੀ ਹੈ ਪ੍ਰੰਤੂ ਉਸ ਦੇ ਗਿਆਨ ਨਾਲ ਅਤੇ ਨਾ ਕਿਸੇ ਵੱਡੀ ਉਮਰ ਵਾਲ਼ੇ ਨੂੰ ਉਮਰ ਜ਼ਿਆਦਾ ਦਿੱਤੀ ਜਾਂਦੀ ਹੈ, ਅਤੇ ਨਾ ਉਸ ਦੀ ਉਮਰ ਘਟਾਈ ਜਾਂਦੀ ਹੈ, ਪਰੰਤੂ (ਸਭ ਕੁੱਝ) ਕਿਤਾਬ ਵਿੱਚ (ਲਿਖਿਆ ਹੋਇਆ) ਹੈ। ਬੇਸ਼ੱਕ ਇਹ ਅੱਲਾਹ ਲਈ ਅਸਾਨ ਏ। (11)

(ਸੂਰਤ ਫ਼ਾਤਿਰ 11)

ਤਾਂ ਉਹਨਾਂ ਤੋਂ ਪੁੱਛੋ ਕਿ ਉਹਨਾਂ ਦਾ ਬਨਾਉਣਾ ਕਠਿਨ ਹੈ ਜਾਂ ਜਿੰਨੀ ਰਚਨਾ ਅਸੀਂ ਰਚਾਈ ਹੈ? ਉਹਨਾਂ ਨੂੰ ਅਸੀਂ ਚੀਕਣੇ ਗਾਰੇ ਤੋਂ ਬਣਾਇਆ ਹੈ। (11) ਹਾਂ, ਤੁਸੀਂ ਤਾਂ ਹੈਰਾਨੀ ਪ੍ਰਗਟਾਉਂਦੇ ਹੋ ਅਤੇ ਇਹ ਮਖ਼ੌਲਾਂ ਉਡਾਉਂਦੇ ਹਨ(12) ਤੇ ਜਦੋਂ ਉਹਨਾਂ ਨੂੰ ਨਸੀਹਤ ਕੀਤੀ ਜਾਂਦੀ ਹੈ, (13) ਤਾਂ ਨਸੀਹਤ ਨੂੰ ਕਬੂਲ ਨਹੀਂ ਕਰਦੇ ਤੇ ਜਦੋਂ ਕੋਈ ਨਿਸ਼ਾਨੀ ਵੇਖਦੇ ਹਨ, ਤਾਂ ਠੱਠੇ ਮਜ਼ਾਕ ਕਰਦੇ ਹਨ (14) ਅਤੇ ਆਖਦੇ ਹਨ ਕਿ ਇਹ ਤਾਂ ਸਪੱਸ਼ਟ ਜਾਦੂ ਹੈ। (15) ਭਲਾ ਜਦੋਂ ਅਸੀਂ ਮਰ ਖਪ ਜਾਵਾਂਗੇ ਅਤੇ ਮਿੱਟੀ ਅਤੇ ਹੱਡੀਆਂ ਦਾ ਕਰੰਗ ਬਣ ਗਏ, ਤਾਂ ਕੀ ਫਿਰ ਉਠਾਏ ਜਾਵਾਂਗੇ? (16) ਤੇ ਕੀ ਸਾਡੇ ਪਿਉ-ਦਾਦੇ ਵੀ (ਜਿਹੜੇ) ਪਹਿਲਾਂ (ਬੀਤ ਚੁੱਕੇ ਹਨ?) (17) ਆਖ ਦੇਵੋ ਕਿ ਹਾਂ, ਅਤੇ ਤੁਸੀਂ ਜ਼ਲੀਲ-ਰੁਸਵਾ ਹੋਵੋਂਗੇ। (18)

(ਸੂਰਤ ਅਸ-ਸੱਫ਼ਾਤ 11-18)

ਉਸ ਨੇ ਤੁਹਾਨੂੰ ਇੱਕ ਆਦਮੀ ਤੋਂ ਪੈਦਾ ਕੀਤਾ, ਫਿਰ ਉਸ ਤੋਂ ਉਸ ਦਾ ਜੋੜਾ ਬਣਾਇਆ ਅਤੇ ਉਸੇ ਨੇ ਤੁਹਾਡੇ ਲਈ ਚਹੁੰ-ਖੁਰਿਆਂ ਵਿੱਚੋਂ ਅੱਠ ਜੋੜੇ ਬਣਾਏ। ਉਹੀ ਤੁਹਾਨੂੰ ਤੁਹਾਡੀਆਂ ਮਾਵਾਂ ਦੇ ਢਿੱਡਾਂ 'ਚੋਂ (ਪਹਿਲਾਂ) ਇੱਕ ਤਰ੍ਹਾਂ, ਫਿਰ ਦੂਜੀ ਤਰ੍ਹਾਂ, ਤਿੰਨ ਹਨੇਰਿਆਂ ਵਿੱਚ ਬਣਾਉਂਦਾ ਹੈ। ਇਹੋ ਅੱਲਾਹ ਤਆਲਾ ਤੁਹਾਡਾ ਪੈਦਾ ਕਰਨ ਵਾਲਾ ਹੈ। ਉਸੇ ਦੀ ਪਾਤਸ਼ਾਹੀ ਹੈ। ਉਸ ਦੇ ਸਿਵਾ ਕੋਈ ਪੂਜਣਯੋਗ ਨਹੀਂ। ਫਿਰ ਤੁਸੀਂ ਕਿਧਰ ਤੁਰੇ ਫਿਰਦੇ ਹੋ?(6)

(ਸੂਰਤ ਅਜ਼-ਜ਼ੁਮਰ 6)

ਉਹੀ ਤਾਂ ਹੈ, ਜਿਸ ਨੇ ਤੁਹਾਨੂੰ (ਪਹਿਲਾਂ) ਮਿੱਟੀ ਤੋਂ ਪੈਦਾ ਕੀਤਾ। ਫਿਰ ਵੀਰਜ ਬਣਾ ਕੇ ਫਿਰ ਲੁਥੜਾ ਬਣਾ ਕੇ। ਫਿਰ ਤੁਹਾਨੂੰ ਪੈਦਾ ਕਰਦਾ ਏ (ਕਿ ਤੁਸੀਂ) ਬਾਲਕ (ਹੁੰਦੇ ਹੋ) ਫਿਰ ਤੁਸੀਂ ਆਪਣੀ ਜਵਾਨੀ ਨੂੰ ਪਹੁੰਚਦੇ ਹੋ। ਫਿਰ ਬਿਰਧ ਹੋ ਜਾਂਦੇ ਹੋ ਅਤੇ ਕੋਈ ਤਾਂ ਤੁਹਾਡੇ ਵਿੱਚੋਂ ਪਹਿਲਾਂ ਹੀ ਮਰ ਜਾਂਦਾ ਹੈ ਅਤੇ ਤੁਸੀਂ ਮੌਤ (ਦੇ) ਨਿਸ਼ਚਿਤ ਸਮੇਂ ਤੱਕ ਅੱਪੜ ਜਾਂਦੇ ਹੋ, ਤਾਂ ਜੋ ਤੁਸੀਂ ਸਮਝੋ।(67) ਉਹੀ ਤਾਂ ਹੈ ਜਿਹੜਾ ਜਿਉਂਦੇ ਕਰਦਾ ਅਤੇ ਮਾਰਦਾ ਹੈ ਅਤੇ ਫਿਰ ਜਦੋਂ ਕੋਈ ਕੰਮ ਕਰਨਾ (ਅਤੇ ਕਿਸੇ ਨੂੰ ਪੈਦਾ ਕਰਨਾ) ਚਾਹੁੰਦਾ ਹੈ, ਤਾਂ ਉਸ ਨੂੰ ਕਹਿ ਦਿੰਦਾ ਹੈ 'ਹੋ ਜਾਓ' ਤਾਂ ਉਹ ਹੋ ਜਾਂਦਾ ਹੈ। (68)

(ਅਲ ਮੋਮਿਨ 67-68)

(ਸਾਰੀ) ਬਾਦਸ਼ਾਹੀ ਅੱਲਾਹ ਦੀ ਹੀ ਏ, ਅਸਮਾਨਾਂ ਦੀ ਵੀ ਅਤੇ ਜ਼ਮੀਨ ਦੀ ਵੀ। ਉਹ ਜੋ ਚਾਹੁੰਦਾ ਏ, ਪੈਦਾ ਕਰਦਾ ਹੈ ਜਿਸ ਨੂੰ ਚਾਹੁੰਦਾ ਹੈ, ਪੁੱਤਰੀਆਂ ਬਖ਼ਸ਼ਦਾ ਹੈ(49) ਅਤੇ ਜਿਸ ਨੂੰ ਚਾਹੁੰਦਾ ਹੈ ਪੁੱਤਰ ਬਖ਼ਸ਼ਦਾ ਹੈ ਜਾਂ ਉਹਨਾਂ ਨੂੰ ਪੁੱਤਰ ਅਤੇ ਪੁੱਤਰੀਆਂ ਦੋਵੇਂ ਦੇ ਦਿੰਦਾ ਹੈਤੇ ਜਿਸ ਨੂੰ ਚਾਹੁੰਦਾ ਹੈ ਬੇ-ਔਲਾਦ ਰੱਖਦਾ ਹੈ। ਉਹ ਤਾਂ ਜਾਣਨ ਵਾਲਾ (ਅਤੇ) ਕੁਦਰਤ ਵਾਲਾ ਹੈ। (50)

(ਸੂਰਤ ਅਸ਼-ਸ਼ੂਰਾ 49-50)

ਅਤੇ ਅਸੀਂ ਮਨੁੱਖ ਨੂੰ ਆਪਣੇ ਨਾਲ ਭਲਾ ਵਿਵਹਾਰ ਕਰਨ ਦਾ ਹੁਕਮ ਦਿੱਤਾ। ਉਸ ਦੀ ਮਾਂ ਨੇ ਤਕਲੀਫ਼ਨਾਲ ਉਸ ਨੂੰ ਪੇਟ ਵਿੱਚ ਰੱਖਿਆ ਅਤੇ ਕਸ਼ਟ ਨਾਲ ਜੰਮਿਆ ਅਤੇ ਉਸ ਦਾ ਪੇਟ ਵਿੱਚ ਰਹਿਣਾ ਤੇ ਦੁੱਧ ਛੁਡਵਾਉਣ ਨੂੰ ਢਾਈ ਵਰ੍ਹੇ ਲੱਗ ਜਾਂਦੇ ਹਨ, ਇੱਥੋਂ ਤੱਕ ਕਿ ਗੱਭਰੂ ਬਣ ਜਾਂਦਾ ਹੈਤੇ ਚਾਲ੍ਹੀ ਵਰਿਆਂ ਦਾ ਹੋ ਜਾਂਦਾ ਹੈ, ਤਾਂ ਆਖਦਾ ਹੈ ਕਿ ਐ ਮੇਰਿਆ ਰੱਬਾ! ਮੈਨੂੰ ਤੌਫ਼ੀਕ ਦੇਵੀਂ ਕਿ ਜਿਹੜੇ ਅਹਿਸਾਨ ਤੂੰ ਮੇਰੇ ਮਾਤਾ-ਪਿਤਾ 'ਤੇ ਕੀਤੇ ਹਨ ਉਹਨਾਂ ਦਾ ਧੰਨਵਾਦੀ ਬਣਾ ਤੇ ਇਹ ਕਿ ਨੇਕ ਅਮਲ ਕਮਾਵਾਂ, ਜਿਹਨਾਂ ਨੂੰ ਤੂੰ ਪਸੰਦ ਕਰੇਂ ਤੇ ਮੇਰੀ ਸੰਤਾਨ ਨੂੰ ਵੀ ਨੇਕ ਬਣਾ। ਮੈਂ ਤੇਰੇ ਹਜ਼ੂਰ ਤੌਬਾ ਕਰਦਾ ਹਾਂ (ਕਿ) ਮੈਂ ਆਗਿਆਕਾਰਾਂ ਵਿੱਚੋਂ ਹੋਵਾਂ। (15)

ਇਹੋ ਲੋਕ ਹਨ ਜਿਹਨਾਂ ਦੇ ਚੰਗੇ ਅਮਲ ਅਸੀਂ ਕਬੂਲ ਕਰਾਂਗੇ ਅਤੇ ਉਹਨਾਂ ਦੇ ਗੁਨਾਹਾਂ ਨੂੰ ਮੁਆਫ਼ ਕਰ ਦੇਵਾਂਗੇ ਅਤੇ (ਇਹੋ) ਜੰਨਤ ਵਿੱਚ ਜਾਣ ਵਾਲੇ (ਹੋਣਗੇ)।ਇਹ ਸੱਚਾ ਵਾਅਦਾ (ਹੈ)। ਜਿਹੜਾ ਉਹਨਾਂ ਨਾਲ ਕੀਤਾ ਜਾਂਦਾ ਹੈ। (16)

ਅਤੇ ਜਿਹੜੇ ਇਨਸਾਨ ਨੇ ਆਪਣੇ ਮਾਂ-ਬਾਪ ਨੂੰ ਕਿਹਾ ਕਿ ਉਹੋ! ਉਹੋ! ਤੁਸੀਂ ਮੈਨੂੰ ਇਹ ਦੱਸਦੇ ਹੋ ਕਿ ਮੈਂ ਜ਼ਮੀਨ 'ਚੋਂ ਕੱਢਿਆ ਜਾਵਾਂਗਾ ਹਾਲਾਂਕਿ ਬਹੁਤ ਸਾਰੇ ਲੋਕ ਮੈਥੋਂ ਪਹਿਲਾਂ ਬੀਤ ਚੁੱਕੇ ਹਨ ਤੇ ਦੋਵੇਂ ਅੱਲਾਹ ਦੀ ਦਰਗਾਹ ਵਿੱਚ ਫ਼ਰਿਆਦ ਕਰਦੇ (ਹੋਏ ਆਖਦੇ) ਸਨ ਕਿ ਓ-ਬੇਭਾਗ! ਈਮਾਨ ਲੈ ਆ। ਅੱਲਾਹ ਦਾ ਵਾਅਦਾ ਤਾਂ ਸੱਚਾ ਹੈ। ਤਾਂ ਕਹਿਣ ਲੱਗਿਆ ਇਹ ਤਾਂ ਪਹਿਲੇ ਲੋਕਾਂ ਦੀਆਂ ਕਹਾਣੀਆਂ ਹਨ। (17)

ਇਹੋ ਉਹ ਲੋਕ ਹਨ ਜਿਹਨਾਂ ਦੇ ਬਾਰੇ 'ਚ ਜਿੰਨਾਂ ਅਤੇ ਇਨਸਾਨਾਂ ਦੇ ਉਹ ਟੋਲੇ ਜੋ ਅਜਿਹੇ ਹੀ ਅਮਲਾਂ ਵਾਲੇ ਸਨ, ਉਹਨਾਂ ਵਿੱਚ ਹੀ ਇਹ ਸ਼ਾਮਿਲ ਹੋਣਗੇ। ਇਹਨਾਂ ਤੋਂ ਪਹਿਲਾਂ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਘਾਟੇ ਵਿੱਚ ਰਹਿਣ ਵਾਲੇ ਸਨ (18)

(ਸੂਰਤ ਅਲ-ਅਹਕਾਫ਼ 15-18)

ਐ ਈਮਾਨ ਵਾਲਿਓ! ਕੋਈ ਕੌਮ ਕਿਸੇ ਕੌਮ ਨਾਲ ਹਾਸਾ-ਮਜ਼ਾਕ ਨਾ ਕਰੇ, ਹੋ ਸਕਦਾ ਹੈ ਕਿ ਉਹ (ਲੋਕ) ਉਹਨਾਂ ਨਾਲੋਂ ਚੰਗੇ ਹੋਣ ਅਤੇ ਨਾ ਜ਼ਨਾਨੀਆਂ ਜ਼ਨਾਨੀਆਂ ਨਾਲ (ਮਖ਼ੌਲਾਂ ਕਰਨ)। ਹੋ ਸਕਦਾ ਹੈ ਕਿ ਉਹ ਉਹਨਾਂ ਨਾਲੋਂ ਚੰਗੀਆਂ ਹੋਣ ਤੇ ਆਪਣੇ ਮੋਮਿਨ ਭਰਾ 'ਚ ਐਬ (ਨੁਕਸ) ਨਾ ਕੱਢਿਆ ਕਰੋ ਤੇ ਨਾ ਇੱਕ ਦੂਜੇ ਦੀਆਂ ਖਿੜਾਂ ਪਕਾਇਆ ਕਰੋ। ਈਮਾਨ ਲਿਆਉਣ ਪਿੱਛੋਂ ਖਿੜਾਂ ਪਕਾ ਕੇ (ਛੇੜ ਛਾੜ ਕਰਨਾ) ਗੁਨਾਹ ਹੈਤੇ ਜਿਹੜੇ ਲੋਕ ਤੌਬਾ ਨਾ ਕਰਨ, ਉਹ ਜ਼ਾਲਮ ਹਨ। (11)

ਐ ਈਮਾਨ ਵਾਲਿਓ! ਬਹੁਤ ਜ਼ਿਆਦਾ ਗੁਮਾਨ ਕਰਨ ਤੋਂ ਪਰਹੇਜ਼ ਕਰਿਆ ਕਰੋ ਕਿ ਗੁਮਾਨ (ਕਰਨੇ) ਗੁਨਾਹ ਹਨ ਅਤੇ ਇੱਕ-ਦੂਜੇ ਦे ਹਾਲ ਦੀਆਂ ਟੋਹਾਂ ਨਾ ਲਾਇਆ ਕਰੋ ਤੇ ਨਾ ਕੋਈ ਕਿਸੇ ਦੀ ਚੁਗ਼ਲੀ/ਨਿੰਦਿਆ ਕਰਿਆ ਕਰੇ। ਕੀ ਤੁਹਾਡੇ ਵਿੱਚੋਂ ਕੋਈ ਇਸ ਗੱਲ ਨੂੰ ਪਸੰਦ ਕਰੇਗਾ ਕਿ ਆਪਣੇ ਮਰੇ ਹੋਏ ਭਾਈ ਦਾ ਮਾਸ ਖਾਵੇ। ਉਸ ਤੋਂ ਤੁਸੀਂ ਜ਼ਰੂਰ ਘਿਰਣਾ ਕਰੋਗੇ। (ਤਾਂ ਚੁਗ਼ਲੀ/ਨਿੰਦਿਆ ਨਾ ਕਰਿਆ ਕਰੋ) ਅਤੇ ਅੱਲਾਹ ਤੋਂ ਡਰਦੇ ਰਹੋ। ਬੇਸ਼ੱਕ ਅੱਲਾਹ ਤੌਬਾ ਕਬੂਲ ਫ਼ਰਮਾਉਣਵਾਲਾ ਮਿਹਰਬਾਨ ਹੈ। (12)

ਐ ਲੋਕੋ! ਅਸੀਂ ਤੁਹਾਨੂੰ ਇੱਕ ਆਦਮੀ ਅਤੇ ਇੱਕ ਤੀਵੀਂ ਤੋਂ ਪੈਦਾ ਕੀਤਾ ਤੇ ਤੁਹਾਡੀ ਕੌਮ ਤੇ ਕਬੀਲੇ-ਬਰਾਦਰੀਆਂ ਬਣਾ ਦਿੱਤੀਆਂ ਤਾਂਕਿ ਇੱਕ-ਦੂਜੇ ਦੀ ਪਛਾਣ ਕਰ ਸਕੋ ਤੇ ਅੱਲਾਹ ਦੇ ਨਜ਼ਦੀਕ ਤੁਹਾਡੇ ਵਿੱਚੋਂ ਜ਼ਿਆਦਾ ਇੱਜ਼ਤ ਵਾਲਾ ਉਹ ਹੈ, ਜਿਹੜਾ ਜ਼ਿਆਦਾ ਪਰਹੇਜ਼ਗਾਰ ਹੋਵੇ। ਬੇਸ਼ੱਕ ਅੱਲਾਹ ਸਭ ਕੁੱਝ ਜਾਣਨ ਵਾਲਾ ਅਤੇ ਖ਼ਬਰਦਾਰ ਹੈ। (13) (ਅਲ-ਹੁਜੁਰਾਤ 11-13)

ਅਸੀਂ ਤੁਹਾਨੂੰ (ਪਹਿਲੀ ਬਾਰੀ ਵੀ ਤਾਂ) ਪੈਦਾ ਕੀਤਾ ਹੈ। ਤਾਂ ਤੁਸੀਂ (ਦੋਬਾਰਾ ਉੱਠਣ ਨੂੰ) ਕਿਉਂ ਸੱਚ ਨਹੀਂ ਸਮਝਦੇ?(57) ਵੇਖੋ ਸਹੀ ਕਿ ਜਿਸ (ਵੀਰਜ) ਨੂੰ ਤੁਸੀਂ (ਜ਼ਨਾਨੀਆਂ ਦੇ ਗਰਭ ਵਿੱਚ)ਟਪਕਾਉਂਦੇ ਹੋ?(58) ਕੀ ਤੁਸੀਂ (ਉਸ ਤੋਂ ਇਨਸਾਨ) ਬਣਾਉਂਦੇ ਹੋ ?ਜਾਂ ਅਸੀਂ ਬਣਾਉਂਦੇ ਹਾਂ।(59) ਅਸੀਂ ਤੁਹਾਨੂੰ ਮਰਨਾ ਠਹਿਰਾ ਦਿੱਤਾ ਹੈ ਤੇ ਅਸੀਂ ਇਸ ਗੱਲੋਂ ਬੇਬਸ ਨਹੀਂ।(60) ਹਾਂ, ਕਿ ਤੁਹਾਡੇ ਵਰਗੇ ਹੋਰ ਲੋਕ ਤੁਹਾਡੀ ਥਾਂ ਮੱਲ ਲੈਣ ਤੇ ਤੁਹਾਨੂੰ ਅਜਿਹੇ ਜਹਾਨ ਵਿੱਚ ਜਿਸ ਨੂੰ ਤੁਸੀਂ ਨਹੀਂ ਜਾਣਦੇ, ਪੈਦਾ ਕਰ ਦੇਈਏ (61) ਅਤੇ ਤੁਸੀਂ ਪਹਿਲੀ ਬਾਰੀ ਜੰਮਣਾ ਤਾਂ ਮੰਨ ਹੀ ਲਿਆ ਹੈ। ਫਿਰ ਤੁਸੀਂ ਸੋਚਦੇ ਕਿਉਂ ਨਹੀਂ? (62) ਭਲਾ ਵੇਖੋ ਤਾਂ ਜੋ ਕੁੱਝ ਤੁਸੀਂ ਬੀਜਦੇ ਹੋ,(63) (ਸੂਰਤ ਅਲ-ਵਾਕਿਆ 57-63)

ਜਿਸ ਦਿਨ ਤੁਸੀਂ ਮੋਮਿਨ ਮਰਦਾਂ ਅਤੇ ਮੋਮਿਨ ਔਰਤਾਂ ਨੂੰ ਵੇਖੋਗੇ ਕਿ ਉਹਨਾਂ (ਦੇ ਈਮਾਨ) ਦੀ ਰੋਸ਼ਨੀ (ਉਹਨਾਂ ਦੇ ਅੱਗੇ-ਅੱਗੇ ਤੇ ਸੱਜੇ ਪਾਸੇ ਚੱਲ ਰਹੀ ਹੈ (ਤਾਂ ਉਹਨਾਂ ਨੂੰ ਆਖਿਆ ਜਾਵੇਗਾ ਕਿ) ਤੁਹਾਨੂੰ ਖ਼ੁਸ਼ਖ਼ਬਰੀ ਹੋਵੇ (ਕਿ ਅੱਜ ਤੁਹਾਡੇ ਲਈ) ਬਾਗ਼/ਬਗ਼ੀਚੇ ਹਨ ,ਜਿਹਨਾਂ ਦੇ ਹੇਠਾਂ ਨਹਿਰਾਂ ਵਹਿ ਰਹੀਆਂ ਹਨ, ਉਹਨਾਂ ਵਿੱਚ ਹਮੇਸ਼ਾਂ ਰਹੋਂਗੇ, ਇਹੋ ਵੱਡੀ ਕਾਮਯਾਬੀ ਹੈ।(12)

ਉਸ ਦਿਨ (ਦੋਗਲੇ ਲੋਕਾਂ) ਮੁਨਾਫ਼ਿਕ ਮਰਦ ਅਤੇ ਮੁਨਾਫ਼ਿਕ ਔਰਤਾਂ ਈਮਾਨ ਵਾਲਿਆਂ ਨੂੰ ਕਹਿਣਗੇ ਕਿ ਸਾਡੇ ਵੱਲ ਨਰਮੀ ਵਾਲੀ ਨਜ਼ਰ ਕਰੋ ਕਿ ਅਸੀਂ ਵੀ ਤੁਹਾਡੇ ਚਾਨਣੇ ਦੀ ਰੋਸ਼ਨੀ ਪ੍ਰਾਪਤ ਕਰੀਏ। ਫਿਰ ਉਹਨਾਂ ਦੇ ਵਿਚਕਾਰ ਇੱਕ ਕੰਧ ਬਣਾ ਦਿੱਤੀ ਜਾਵੇਗੀ ਜਿਸ ਵਿੱਚ ਇੱਕ ਦਰਵਾਜ਼ਾ ਹੋਵੇਗਾ ਜਿਹੜਾ ਉਹਨਾਂ ਦੇ

ਅੰਦਰਲੇ ਪਾਸੇ ਹੋਵੇਗਾ, ਉਸ ਵਿਚ ਤਾਂ ਰਹਿਮਤ ਹੈ ਤੇ ਜਿਹੜਾ ਬਾਹਰਲੇ ਪਾਸੇ ਹੈ, ਉਸ ਤਰਫ਼ ਅਜ਼ਾਬ (ਅਤੇ ਤਕਲੀਫ਼)।(13) (ਸੂਰਤ ਅਲ-ਹਦੀਦ 12-13)

ਜਿਹੜੇ ਲੋਕ ਮਰਦ ਵੀ ਅਤੇ ਔਰਤਾਂ ਵੀ ਪੁੰਨ/ਦਾਨ ਕਰਨ ਵਾਲੀਆਂ ਹਨ ਤੇ ਅੱਲਾਹ ਨੂੰ ਨੇਕ (ਨੀਯਤ) ਅਤੇ ਨਿਸ਼ਕਾਮ ਸੇਵਾ ਸਹਿਤ ਕਰਜ਼ਾ ਦਿੰਦੇ ਹਨ, ਉਹਨਾਂ ਨੂੰ ਦੁੱਗਣਾ (ਬਦਲਾ) ਦਿੱਤਾ ਜਾਵੇਗਾ ਤੇ ਉਹਨਾਂ ਦੇ ਲਈ ਇੱਜ਼ਤ/ਆਬਰੂ ਵਾਲਾ ਬਦਲਾ ਹੈ।(18)

ਅਤੇ ਜਿਹੜੇ ਲੋਕ ਅੱਲਾਹ ਅਤੇ ਉਸ ਦੇ ਪੈਗ਼ੰਬਰ 'ਤੇ ਈਮਾਨ ਲੈ ਆਏ, ਇਹੋ ਆਪਣੇ ਮਾਲਿਕ ਦੇ ਨਜ਼ਦੀਕ ਸਚਿਆਰੇ ਅਤੇ ਸ਼ਹੀਦ ਹਨ। ਉਹਨਾਂ ਦੇ ਲਈ ਉਹਨਾਂ ਦੇ (ਅਮਲਾਂ) ਦਾ ਬਦਲਾ ਦਿੱਤਾ ਜਾਵੇਗਾ ਤੇ ਉਹਨਾਂ ਦੇ ਈਮਾਨ ਦੀ ਰੌਸ਼ਨੀ। ਅਤੇ ਜਿਹੜੇ ਲੋਕਾਂ ਨੇ ਕੁਫ਼ਰ ਕੀਤਾ ਤੇ ਸਾਡੀਆਂ ਆਇਤਾਂ ਨੂੰ ਝੁਠਲਾਇਆ, ਉਹੀ ਦੋਜ਼ਖ਼ ਵਾਲੇ ਹਨ।(19) (ਸੂਰਤ ਅਲ-ਹਦੀਦ 18-19)

ਤਾਂ ਜਿਹੜਾ (ਮਤਲਬ) ਤੁਹਾਥੋਂ ਫ਼ੌਤ ਹੋ ਗਿਆ, ਉਸ ਦੀ ਚਿੰਤਾ ਨਾ ਕਰਿਆ ਕਰੋ ਅਤੇ ਜੋ ਤੁਹਾਨੂੰ ਉਸੇ ਨੇ ਨਿਵਾਜ਼ਿਆ ਹੈ, ਉਸ 'ਤੇ ਸ਼ੇਖ਼ੀਆਂ ਨਾ ਮਾਰਿਆ ਕਰੋ ਤੇ ਅੱਲਾਹ ਘੁਮੰਡ ਕਰਨ ਵਾਲੇ ਤੇ ਸ਼ੇਖ਼ੀ ਖ਼ੋਰਿਆਂ ਨੂੰ ਦੋਸਤ ਨਹੀਂ ਬਣਾਉਂਦਾ,(23) ਜਿਹੜੇ ਖ਼ੁਦ ਵੀ ਕੰਜੂਸੀ ਕਰਨ ਤੇ ਹੋਰ ਲੋਕਾਂ ਨੂੰ ਵੀ ਕੰਜੂਸੀ ਸਿਖਾਉਣ ਅਤੇ ਜਿਹੜਾ ਆਦਮੀ (ਨੇਕੀ ਤੋਂ) ਮੂੰਹ ਮੋੜੇਗਾ ਤਾਂ ਅੱਲਾਹ ਤਆਲਾ ਵੀ ਬੇਪਰਵਾਹ ਅਤੇ ਸਲਾਹੁਣਯੋਗ ਹੈ।(24) (ਸੂਰਤ ਅਲ-ਹਦੀਦ 23-24)

(ਐ ਪੈਗ਼ੰਬਰ!) ਜਿਹੜੀ ਔਰਤ ਤੁਹਾਥੋਂ ਆਪਣੇ ਪਤੀ ਦੇ ਬਾਰੇ ਬਹਿਸ-ਓ-ਤਕਰਾਰ ਅਤੇ ਝਗੜਾ ਕਰਦੀ ਤੇ ਅੱਲਾਹ ਅੱਗੇ ਸ਼ਿਕਾਇਤ ਕਰਦੀ ਸੀ। ਅੱਲਾਹ ਨੇ ਉਸ ਦੀ ਫ਼ਰਿਆਦ ਸੁਣ ਲਈ ਤੇ ਅੱਲਾਹ ਤੁਹਾਡੇ ਦੋਵਾਂ ਦੀ ਗੱਲਬਾਤ ਸੁਣ ਰਿਹਾ ਸੀ। ਕੋਈ ਸ਼ੱਕ ਨਹੀਂ ਕਿ ਅੱਲਾਹ ਸੁਣਦਾ ਵੇਖਦਾ ਹੈ।(1)

ਜਿਹੜੇ ਲੋਕ ਤੁਹਾਡੇ ਵਿੱਚੋਂ ਆਪਣੀਆ ਔਰਤਾਂ ਨੂੰ ਮਾਂ ਕਹਿ ਦਿੰਦੇ ਹਨ ।ਉਹ ਉਹਨਾਂ ਦੀਆ ਮਾਵਾਂ ਨਹੀਂ ਬਣ ਜਾਂਦੀਆ। ਉਹਨਾਂ ਦੀਆ ਮਾਵਾਂ ਤਾਂ ਉਹੀ ਹਨ ਜਿਹਨਾਂ ਦੇ ਪੇਟੋਂ ਉਹ ਜੰਮੇ ਹਨ। ਬੇਸ਼ੱਕ ਉਹ ਭੈੜੀ ਅਤੇ ਝੂਠੀ ਗੱਲ ਆਖਦੇ ਹਨ ਤੇ ਅੱਲਾਹ ਵੱਡਾ ਮੁਆਫ਼ ਕਰਨ ਵਾਲਾ (ਅਤੇ) ਬਖ਼ਸ਼ਣ ਵਾਲਾ ਹੈ।(2)

ਜਿਹੜੇ ਲੋਕ (ਤੁਹਾਡੇ ਵਿੱਚੋਂ)ਆਪਣੀਆ ਔਰਤਾਂ ਨੂੰ ਮਾਂ ਕਹਿ ਦੇਣ ਫਿਰ ਆਪਣੇ ਕੌਲ ਤੋਂ ਮੁੜ ਆਉਣ ਤਾਂ (ਉਹਨਾਂ ਨੂੰ) ਹੱਥ ਲਾਉਣ ਤੋਂ ਪਹਿਲਾਂ ਇੱਕ ਗ਼ੁਲਾਮ ਅਜ਼ਾਦ ਕਰਨਾ (ਜ਼ਰੂਰੀ) ਹੈ। (ਐ ਈਮਾਨ ਵਾਲਿਓ!) ਇਸ ਆਦੇਸ਼ ਨਾਲ ਨਸੀਹਤ ਕੀਤੀ ਜਾਂਦੀ ਹੈ ਅਤੇ ਜੋ ਕੁਝ ਤੁਸੀਂ ਕਰਦੇ ਹੋ, ਅੱਲਾਹ ਉਸ ਦੀ ਖ਼ਬਰ ਰੱਖਣ ਵਾਲਾ ਹੈ।(3)

ਜਿਸ ਨੂੰ ਗ਼ੁਲਾਮ ਨਾ ਮਿਲੇ ਉਹ ਸੰਭੋਗ ਕਰਨ ਤੋਂ ਪਹਿਲਾਂ ਉਪਰੋਥਲੀ ਦੋ ਮਹੀਨਿਆਂ ਦੇ ਰੋਜ਼ੇ (ਰੱਖੇ) ਜਿਹੜਾ ਇਸ ਦੀ ਸਮਰੱਥਾ ਨਾ ਰੱਖਦਾ ਹੋਵੇ (ਉਸ ਨੂੰ) ਸੱਠ ਮੁਥਾਜਾਂ ਨੂੰ ਭੋਜਨ ਕਰਵਾਉਣਾ ਚਾਹੀਦਾ ਹੈ। ਇਹ ਹੁਕਮ ਇਸ ਗੱਲ ਲਈ (ਹੈ) ਕਿ ਤੁਸੀਂ ਅੱਲਾਹ ਅਤੇ ਉਸ ਦੇ ਰਸੂਲ ਦੇ ਆਗਿਆਕਾਰ ਬਣ ਜਾਓ ਅਤੇ ਇਹ ਅੱਲਾਹ ਦੀਆ ਹੱਦਾਂ ਹਨ ਅਤੇ ਨਾ ਮੰਨਣ ਵਾਲਿਆਂ ਦੇ ਲਈ ਦਰਦ ਦੇਣ ਵਾਲਾ ਅਜ਼ਾਬ ਹੈ।(4) (ਸੂਰਤ ਅਲ-ਮੁਜਾਦਲਾ 1-4)

ਐ ਪੈਗ਼ੰਬਰ! ਜਦੋਂ ਤੁਹਾਡੇ ਕੋਲ ਕੋਈ ਮੋਮਿਨ ਔਰਤਾਂ ਇਸ ਗੱਲੋਂ 'ਬੈਅਤ' ਕਰਨ ਲਈ ਆਉਣ (ਅਤੇ ਵਾਅਦਾ ਕਰਨ) ਕਿ ਅੱਲਾਹ ਦੇ ਨਾਲ ਨਾ ਤਾਂ ਸ਼ਿਰਕ ਕਰਨਗੀਆਂ ਤੇ ਨਾ ਚੋਰੀ ਕਰਨਗੀਆਂ ਤੇ ਨਾ ਬਦਕਾਰੀ ਕਰਨਗੀਆਂ ਤੇ ਨਾ ਆਪਣੀ ਆਲ-ਔਲਾਦ ਨੂੰ ਕਤਲ ਕਰਨਗੀਆਂ ਤੇ ਨਾ ਆਪਣੇ ਹੱਥੀਂ ਪੈਰੀਂ ਕੋਈ ਊਜਾਂ ਘੜਨਗੀਆਂ ਤੇ ਨਾ ਨੇਕ ਕੰਮਾਂ ਵਿੱਚ ਤੁਹਾਡੀ ਨਾਫ਼ਰਮਾਨੀ ਕਰਨਗੀਆਂ ਤਾਂ ਉਹਨਾਂ ਨਾਲ 'ਬੈਅਤ' ਕਰ ਲਓ ਤੇ ਉਹਨਾਂ ਦੇ ਲਈ ਅੱਲਾਹਤੋਂ ਮੁਆਫ਼ੀ ਮੰਗੋ। ਬੇਸ਼ੱਕ ਅੱਲਾਹ ਬਖ਼ਸ਼ਣਹਾਰ ਤੇ ਮਿਹਰਬਾਨ ਹੈ।(12)

(ਸੂਰਤ ਅਲ-ਮੁਮਤਹਿਨਾ 12)

ਐ ਈਮਾਨ ਵਾਲਿਓ! ਤੁਹਾਡੀਆਂ ਔਰਤਾਂ ਅਤੇ ਆਲ/ਔਲਾਦ ਵਿੱਚੋਂ ਕਈ ਤੁਹਾਡੇ ਦੁਸ਼ਮਣ (ਵੀ) ਹਨ। ਸੋ ਉਹਨਾਂ ਤੋਂ ਬਚਦੇ ਰਹੋ ਅਤੇ ਜੇਕਰ ਮੁਆਫ਼ ਕਰ ਦੇਵੋ (ਅਤੇ) ਖਿਮਾ ਬਖ਼ਸ਼ੋ ਤਾਂ ਅੱਲਾਹ ਵੀ ਬਖ਼ਸ਼ਣ ਵਾਲਾ ਮਿਹਰਬਾਨ ਹੈ।(14) ਤੁਹਾਡਾ ਮਾਲ/ਮਤਾ ਅਤੇ ਤੁਹਾਡੀ ਆਲ/ਔਲਾਦ ਤਾਂ ਅਜ਼ਮਾਇਸ਼ ਹੈ ਤੇ ਅੱਲਾਹ ਦੇ ਕੋਲ ਵੱਡਾ ਬਦਲਾ ਹੈ।(15) (ਸੂਰਤ ਅਤ-ਤਗ਼ਾਬੁਨ 14-15)

ਐ ਪੈਗ਼ੰਬਰ!(ਮੁਸਲਮਾਨਾਂ ਨੂੰ ਆਖ ਦੇਵੋ ਕਿ) ਜਦੋਂ ਤੁਸੀਂ ਔਰਤਾਂ ਨੂੰ ਤਲਾਕ ਦੇਣ ਲੱਗੋਂ ਤਾਂ ਉਹਨਾਂ ਦੀ ਇੱਦਤ ਦੇ ਸ਼ੁਰੂ ਵਿੱਚ ਤਲਾਕ ਦੇਵੋ ਅਤੇ ਇੱਦਤ ਦੀ ਗਿਣਤੀ ਰੱਖੋ ਤੇ ਅੱਲਾਹ ਤੋਂ ਡਰੋ, ਜਿਹੜਾ ਤੁਹਾਡਾ ਪਾਲਣਹਾਰ ਹੈ।(ਨਾ ਤਾਂ ਤੁਸੀਂ ਹੀ) ਉਹਨਾਂ ਨੂੰ (ਇੱਦਤ ਦੇ ਦਿਨਾਂ ਵਿੱਚ) ਉਹਨਾਂ ਨੂੰ ਘਰੋਂ ਕੱਢੋ ਅਤੇ ਨਾ ਉਹ (ਆਪ ਹੀ) ਨਿੱਕਲਣ।ਹਾਂ, ਜੇਕਰ ਉਹ ਪ੍ਰਤੱਖ ਅਸ਼ਲੀਲ ਕਾਰਾ ਕਰ ਬੈਠਣ (ਤਾਂ ਕੱਢ ਦੇਣਾ ਚਾਹੀਦਾ ਹੈ) ਅਤੇ ਇਹ ਅੱਲਾਹ ਦੀਆਂ ਹੱਦਾਂ ਹਨ ਜਿਹੜਾ ਅੱਲਾਹ ਦੀਆਂ ਹੱਦਾਂ ਤੋਂ ਅੱਗੇ ਵਧੇਗਾ, ਉਹ ਆਪਣੇ ਆਪ 'ਤੇ ਜ਼ੁਲਮ ਕਰੇਗਾ।(ਐ ਤਲਾਕ ਦੇਣ ਵਾਲੇ) ਤੈਨੂੰ ਕੀ ਪਤਾ ਹੈ? ਸ਼ਾਇਦ ਅੱਲਾਹ ਉਸ ਦੇ ਪਿੱਛੋਂ ਕੋਈ (ਮੇਲ-ਮਿਲਾਪ ਦੀ) ਹੋਰ ਸ਼ਕਲ ਪੈਦਾ ਕਰ ਦੇਵੇ।(1) ਫਿਰ ਜਦੋਂ ਉਹ ਆਪਣੀ ਨਿਸ਼ਚਿਤ ਇੱਦਤ 'ਚ) ਮਿਆਦ ਦੇ ਨੇੜੇ ਪੁੱਜ ਜਾਣ, ਜਾਂ ਉਹਨਾਂ ਨੂੰ ਵਧੀਆ ਤਰੀਕੇ ਨਾਲ (ਆਪਣੇ ਨਿਕਾਹ 'ਚ) ਰਹਿਣ ਦੇਵੋ ਜਾਂ ਚੰਗੀ ਤਰ੍ਹਾਂ ਨਾਲ

ਵੱਖਰੇ ਕਰ ਦੇਵੋ ਅਤੇ ਆਪਣੇ ਵਿੱਚੋਂ ਦੋ ਇਨਸਾਫ਼ ਕਰਨ ਵਾਲੇ ਆਦਮੀਆਂ ਨੂੰ ਗਵਾਹ ਬਣਾ ਲਓ ਅਤੇ (ਗਵਾਹੋ!) ਅੱਲਾਹ ਦੇ ਲਈ ਗਵਾਹੀ ਠੀਕ-ਠੀਕ ਦੇਵੋ। ਇਹਨਾਂ ਗੱਲਾਂ ਰਾਹੀਂ ਉਸ ਆਦਮੀ ਨੂੰ ਨਸੀਹਤ ਕੀਤੀ ਜਾਂਦੀ ਹੈ ਜਿਹੜਾ ਅੱਲਾਹ ਅਤੇ ਆਖ਼ਿਰਤ ਦੇ ਦਿਨ 'ਤੇ ਈਮਾਨ ਰੱਖਦਾ ਹੈ ਤੇ ਜੇਕਰ ਕੋਈ ਅੱਲਾਹ ਤੋਂ ਡਰੇਗਾ, ਉਹ ਉਸ ਦੇ ਲਈ (ਦੁੱਖ ਤਕਲੀਫ਼ ਤੋਂ) ਛੁਟਕਾਰੇ (ਦੀ ਸੂਰਤ ਪੈਦਾ ਕਰ ਦੇਵੇਗਾ) (2) ਅਤੇ ਉਸ ਨੂੰ ਅਜਿਹੀ ਥਾਂ ਤੋਂ ਰੋਜ਼ੀ/ਰੋਟੀ ਦੇਵੇਗਾ, ਜਿੱਥੋਂ ਉਸ ਨੂੰ ਵਹਿਮ/ਭਰਮ ਵੀ ਨਹੀਂ ਹੋਵੇਗਾ ਤੇ ਜਿਹੜਾ ਅੱਲਾਹ'ਤੇ ਭਰੋਸਾ ਰੱਖੇਗਾ ਤਾਂ ਉਹ ਉਸ ਨੂੰ ਖੁੱਲ੍ਹ-ਡੁੱਲ੍ਹ ਦੇਵੇਗਾ। ਅੱਲਾਹ ਆਪਣੇ ਕੰਮ ਨੂੰ (ਜਿਹੜਾ ਉਹ ਕਰਨਾ ਚਾਹੁੰਦਾ ਹੈ) ਪੂਰਾ ਕਰ ਦਿੰਦਾ ਹੈ, ਅੱਲਾਹ ਨੇ ਹਰ ਸ਼ੈਅ ਦਾ ਅੰਦਾਜ਼ਾ ਨਿਯਤ ਕਰ ਰੱਖਿਆ ਹੈ।(3)

ਅਤੇ ਤੁਹਾਡੀਆਂ (ਤਲਾਕ ਸ਼ੁਦਾ) ਜ਼ਨਾਨੀਆਂ ਜਿਹੜੀਆਂ ਮਾਹਵਾਰੀ ਤੋਂ ਬੇਆਸ ਹੋ ਚੁੱਕੀਆਂ ਹੋਣ, ਜੇਕਰ ਤੁਹਾਨੂੰ (ਉਹਨਾਂ ਦੀ ਇੱਦਤ ਦੇ ਬਾਰੇ 'ਚ) ਸ਼ੱਕ-ਸ਼ੁਬ੍ਹਾ ਹੋਵੇ ਤਾਂ ਉਹਨਾਂ ਦੀ ਇੱਦਤ ਤਿੰਨ ਮਹੀਨੇ ਹੈ, ਅਤੇ ਜਿਹਨਾਂ ਨੂੰ ਹਾਲੀਂ ਮਾਹਵਾਰੀ ਨਹੀਂ ਆਉਣ ਲੱਗੀ (ਉਹਨਾਂ ਦੀ ਇੱਦਤ ਵੀ ਇਹੋ ਹੈ) ਤੇ ਗਰਭਵਤੀ ਇਸਤਰੀਆਂ ਦੀ ਇੱਦਤ ਦੀ ਹੱਦ ਬੱਚਾ ਜੰਮਣ ਤੱਕ ਹੈ ਤੇ ਜਿਹੜਾ ਅੱਲਾਹ ਤੋਂ ਡਰੇਗਾ, ਅੱਲਾਹ ਉਸ ਦੇ ਕੰਮ ਵਿੱਚ ਸੌਖ ਪੈਦਾ ਕਰ ਦੇਵੇਗਾ।(4)

(ਸੂਰਤ ਅਤ-ਤਲਾਕ 1-4)

(ਤਲਾਕ ਸ਼ੁਦਾ) ਔਰਤਾਂ ਨੂੰ (ਇੱਦਤ ਦੇ ਦਿਨਾਂ ਵਿੱਚ) ਆਪਣੀ ਹੈਸੀਅਤ ਮੁਤਾਬਿਕ ਉੱਥੇ ਹੀ ਰੱਖੋ ਜਿੱਥੇ ਖ਼ੁਦ ਰਹਿੰਦੇ ਹੋ ਅਤੇ ਉਹਨਾਂ ਨੂੰ ਤੰਗ ਕਰਨ ਦੇ ਲਈ ਤਕਲੀਫ਼ ਨਾ ਦੇਵੋਤੇ ਜੇਕਰ ਉਹ ਗਰਭਵਤੀ ਹੋਣ ਤਾਂ ਬੱਚਾ ਜੰਮਣ ਤੱਕ ਉਹਨਾਂ ਦਾ ਖ਼ਰਚ ਦਿੰਦੇ ਰਹੋ। ਫਿਰ ਜੇਕਰ ਉਹ ਬਾਲਕ ਨੂੰ ਤੁਹਾਡੇ ਕਹਿਣ ਅਨੁਸਾਰ ਦੁੱਧ ਚੁੰਘਾਉਣ ਤਾਂ ਉਹਨਾਂ ਨੂੰ ਉਹਨਾਂ ਦੀ ਉਜਰਤ ਦੇ ਦੇਵੋ ਤੇ (ਬਾਲਕ ਦੇ ਬਾਰੇ'ਚ) ਵਧੀਆ ਢੰਗ ਅਨੁਸਾਰ ਆਪਸ ਵਿੱਚ ਗੱਲੀਂ ਬਾਤੀਂ ਨਿਬੇੜ ਦੇਵੋਤੇ ਜੇਕਰ ਆਪਸ ਵਿੱਚ ਜ਼ਿੱਦ ਅਤੇ (ਨਾਚਾਕੀ) ਹੋ ਜਾਵੇ ਤਾਂ (ਬਾਲਕ ਨੂੰ) ਉਸ ਦੇ ਪਿਉ ਦੇ ਕਹਿਣ 'ਤੇ ਕੋਈ ਹੋਰ ਔਰਤ ਦੁੱਧ ਚੁੰਘਾਵੇਗੀ।(6) ਸਰਦੇ ਪੁਜਦੇ ਆਦਮੀ ਨੂੰ ਆਪਣੀ ਹੈਸੀਅਤ ਅਨੁਸਾਰ ਖ਼ਰਚ ਕਰਨਾ ਚਾਹੀਦਾ ਤੇ ਜਿਸ ਨੂੰ ਰਿਜ਼ਕ-ਰੋਜ਼ੀ ਵਿੱਚ ਤੰਗੀ ਤੁਰਸ਼ੀ ਹੋਵੇ ਜਿੰਨਾ ਉਸ ਨੂੰ ਉਸ ਦੇ ਰੱਬ ਨੇ ਦਿੱਤਾ ਹੈ ਉਸ ਅਨੁਸਾਰ ਖ਼ਰਚ ਕਰੇ।ਅੱਲਾਹ ਕਿਸੇ ਨੂੰ ਕਸ਼ਟ ਵਿੱਚ ਨਹੀਂ ਪਾਉਂਦਾ ਪਰ ਉਸੇ ਮੁਤਾਬਿਕ ਜਿਹੜਾ ਉਸ ਨੂੰ ਦਿੱਤਾ ਹੈ। ਅੱਲਾਹ ਛੇਤੀ ਹੀ ਤੰਗੀ (ਗ਼ਰੀਬੀ) ਪਿੱਛੋਂ ਖੁੱਲ੍ਹ-ਡੁੱਲ੍ਹ (ਅਮੀਰੀ) ਦੇਵੇਗਾ।(7) (ਸੂਰਤ ਅਤ-ਤਲਾਕ 6-7)ਕੀ ਇਨਸਾਨ

ਸਮਝੀਂ ਬੈਠਾ ਹੈ ਕਿ ਐਵੇਂ ਹੀ ਛੱਡ ਦਿੱਤਾ ਜਾਵੇਗਾ।(36) ਕੀ (ਇਹ) ਵੀਰਜ ਦਾ ਇੱਕ ਤੁਬਕਾ ਨਹੀਂ ਸੀ (37) ਜਿਹੜਾ ਗਰਭ 'ਚ ਟਪਕਾਇਆ ਜਾਂਦਾ ਹੈ? ਫਿਰ ਬੁੱਥ ਬਣਿਆ ਫਿਰ ਅੱਲਾਹ ਨੇ ਉਸ ਨੂੰ ਸਿਰਜਿਆ, ਫਿਰ ਉਸ ਦੇ ਅੰਗਾਂ ਨੂੰ ਠੀਕ-ਠਾਕ ਬਣਾਇਆ।(38) ਫਿਰ ਉਸ ਦੀਆਂ ਦੋ ਕਿਸਮਾਂ ਬਣਾਈਆਂ,(ਇੱਕ) ਆਦਮੀ ਅਤੇ (ਇੱਕ) ਔਰਤ।(39) ਕੀ ਉਸ ਰੱਬ ਨੂੰ ਇਸ ਗੱਲ 'ਤੇ ਕੁਦਰਤ ਨਹੀਂ ਕਿ ਮਰਿਆਂ ਨੂੰ ਮੁੜ ਜੀਵਤ ਕਰ ਦੇਵੇ?(40)

(ਸੂਰਤ ਅਲ-ਕਿਆਮਾ 36-40)

ਅਸੀਂ ਮਨੁੱਖ ਨੂੰ ਰਲੇ-ਮਿਲੇ ਵੀਰਜ ਤੋਂ ਸਿਰਜਿਆ ਤਾਂ ਕਿ ਉਸ ਦੀ ਪਰਖ ਕੀਤੀ ਜਾਵੇ।ਤਾਂ ਅਸੀਂ ਉਸ ਨੂੰ ਸੁਣਨਹਾਰ ਅਤੇ ਵੇਖਣਹਾਰ ਬਣਾਇਆ (2) ਅਤੇ ਉਸ ਨੂੰ ਰਾਹ ਵੀ ਦਰਸਾ ਦਿੱਤਾ। ਹੁਣ ਭਾਵੇਂ ਸ਼ੁਕਰ ਕਰਨ ਵਾਲਾ ਬਣੇ ਭਾਵੇਂ ਨਾ-ਸ਼ੁਕਰਾ।(3) (ਸੂਰਤ ਅਦ-ਦਹਰ 2-3)

ਇਨਸਾਨ ਹਲਾਕ ਹੋ ਜਾਵੇ ਕਿਹੋ ਜਿਹਾ ਨਾ-ਸ਼ੁਕਰਾ ਹੈ।(17) ਉਸ ਨੂੰ (ਰੱਬ ਨੇ) ਕਿਸ ਚੀਜ਼ ਤੋਂ ਬਣਾਇਆ? (18) ਵੀਰਜ ਤੋਂ ਬਣਾਇਆ।ਫਿਰ ਉਸ ਦਾ ਅੰਦਾਜ਼ਾ ਨਿਯੁਕਤ ਕੀਤਾ, (19) ਫਿਰ ਉਸ ਲਈ ਰਸਤਾ ਅਸਾਨ ਕਰ ਦਿੱਤਾ।(20)ਫਿਰ ਉਸ ਨੂੰ ਮੌਤ ਦਿੱਤੀਫਿਰ ਕਬਰ ਵਿੱਚ ਦਫ਼ਨ ਕਰਵਾਇਆ(21) ਫਿਰ ਜਦੋਂ ਚਾਹੇਗਾ ਉਸ ਨੂੰ ਉੱਠ ਖੜ੍ਹਾ ਕਰ ਦੇਵੇਗਾ। (22) ਕੋਈ ਸ਼ੱਕ ਨਹੀਂ ਕਿ ਰੱਬ ਨੇ ਉਸ ਨੂੰ ਜਿਹੜਾ ਹੁਕਮ ਦਿੱਤਾ ਉਸ ਨੇ ਉਸ 'ਤੇ ਅਮਲ ਨਹੀਂ ਕੀਤਾ।(23)

ਤਾਂ ਇਨਸਾਨ ਨੂੰ ਚਾਹੀਦਾ (ਹੈ) ਕਿ ਆਪਣੇ ਖਾਣ ਵੱਲ ਨਜ਼ਰ ਕਰੇ। (24) ਬੇਸ਼ੱਕ ਅਸੀਂ ਹੀ ਪਾਣੀ ਬਰਸਾਇਆ। (25) ਫਿਰ ਅਸੀਂ ਹੀ ਜ਼ਮੀਨ ਨੂੰ ਚੀਰਿਆ-ਫਾੜਿਆ।(26) ਫਿਰ ਅਸੀਂ ਹੀ ਉਸ ਵਿੱਚੋਂ ਅਨਾਜ ਉਗਾਇਆ (27) ਅਤੇ ਅੰਗੂਰ ਤੇ ਤਰਕਾਰੀ (28) ਤੇ ਜ਼ੈਤੂਨ ਤੇ ਖੰਜੂਰਾਂ (29) ਤੇ ਸੰਘਣੇ-ਸੰਘਣੇ ਬਾਗ਼ (30) ਤੇ ਮੇਵੇ ਤੇ ਘਾਹ-ਚਾਰਾ। (31) ਇਹ ਸਾਰਾ ਤੁਹਾਡੇ ਲਈ ਅਤੇ ਤੁਹਾਡੇ ਜਾਨਵਰਾਂ ਲਈ ਬਣਾਇਆ।(32) ਤਾਂ ਜਦੋਂ (ਕਿਆਮਤ ਦਾ) ਸ਼ੋਰ-ਸ਼ਰਾਬਾ ਹੋਵੇਗਾ, (33) ਉਸ ਦਿਨ ਭਰਾ ਆਪਣੇ ਭਰਾ ਤੋਂ ਦੂਰ ਭੱਜੇਗਾ (34) ਅਤੇ ਆਪਣੀ ਮਾਤਾ ਤੇ ਆਪਣੇ ਪਿਉ ਤੋਂ (35) ਤੇ ਆਪਣੀ ਧਰਮ ਪਤਨੀ ਤੇ ਪੁੱਤਰਾਂ ਤੋਂ। (36) ਹਰ ਆਦਮੀ ਉਸ ਦਿਨ ਇੱਕੋ ਚਿੰਤਾ ਵਿੱਚ ਹੋਵੇਗਾ ਜਿਹੜਾ ਉਸ ਨੂੰ (ਰੁਝੇਵਿਆਂ ਲਈ) ਕਾਫ਼ੀ ਹੋਵੇਗਾ।(37)

ਅਤੇ ਕਿੰਨੇ ਚਿਹਰੇ ਉਸ ਦਿਨ ਚਮਕ ਰਹੇ ਹੋਣਗੇ (38) ਹੱਸਦੇ ਅਤੇ ਖ਼ੁਸ਼ ਹੋ ਰਹੇ ਹੋਣਗੇ, (ਇਹ ਨੇਕ ਈਮਾਨਦਾਰ ਲੋਕ ਹਨ) (39) ਤੇ ਕੁਝ ਚਿਹਰੇ ਅਜਿਹੇ ਹੋਣਗੇ ਜਿਹਨਾਂ 'ਤੇ ਧੂੜ ਪੈ ਰਹੀ ਹੋਵੇਗੀ (40) (ਅਤੇ) ਸਿਆਹੀ ਚੜ੍ਹ ਰਹੀ

ਹੋਵੇਗੀ, (41) ਇਹ ਰੱਬ ਦਾ ਇਨਕਾਰ ਕਰਨ ਵਾਲੇ ਬਦ-ਕਿਰਦਾਰ ਹਨ।(42)
(ਸੂਰਤ ਅ ਵ ਸ 17-42)

ਇਸ ਲਈ ਆਦਮੀ ਨੂੰ ਵੇਖਣਾ ਚਾਹੀਦਾ ਹੈ ਕਿ ਉਹ ਕਿਸ ਚੀਜ਼ ਤੋਂ ਪੈਦਾ ਹੋਇਆ ਹੈ। (5) ਉਹ ਉੱਛਲਦੇ ਹੋਏ ਪਾਣੀ ਤੋਂ ਪੈਦਾ ਹੋਇਆ ਹੈ (6) ਜਿਹੜਾ ਪਿੱਠ ਅਤੇ ਸੀਨੇ ਦੇ ਵਿਚਕਾਰੋਂ ਨਿਕਲਦਾ ਹੈ।(7)

(ਸੂਰਤ ਅਤ-ਤਾਰਿਕ 5-7)

ਕਿ ਅਸੀਂ ਇਨਸਾਨ ਨੂੰ ਬਹੁਤ ਸੋਹਣੀ ਸੂਰਤ ਵਿੱਚ ਪੈਦਾ ਕੀਤਾ ਹੈ।(4) ਫਿਰ (ਹੌਲੇ-ਹੌਲੇ) ਉਸ (ਦੀ ਹਾਲਤ) ਨੂੰ (ਬਦਲ ਕੇ) ਨੀਚਾਂ ਤੋਂ ਨੀਚ ਕਰ ਦਿੱਤਾ।(5)

ਪਰ ਜਿਹੜੇ ਲੋਕ ਈਮਾਨ ਲੈ ਆਏ ਅਤੇ ਨੇਕ ਕੰਮ ਕਰਦੇ ਰਹੇ। ਉਹਨਾਂ ਦੇ ਲਈ ਅਮੁੱਕ ਇਨਾਮ ਹੈ।(6) (ਸੂਰਤ ਅਲ-ਤੀਨ 4-6)

# ਔਰਤ ਸਬੰਧੀ ਹਜ਼ਰਤ ਮੁਹੰਮਦ (ਸ.) ਦੇ ਕਥਨ

ਹਜ਼ਰਤ ਸਹਿਲ ਬਿਨ ਸਅਦ (ਰਜ਼ੀ) ਹਜ਼ਰਤ ਮੁਹੰਮਦ (ਸ.) ਤੋਂ ਰਵਾਇਤ ਕਰਦੇ ਹਨ ਕਿ ਆਪ ਨੇ ਇਰਸ਼ਾਦ ਫ਼ਰਮਾਇਆ ਜਿਹੜਾ ਆਦਮੀ ਆਪਣੀ ਜ਼ੁਬਾਨ ਅਤੇ ਸ਼ਰਮਗਾਹ ਦੀ ਹਿਫ਼ਾਜ਼ਤ ਕਰਕੇ ਮੈਨੂੰ ਜ਼ਮਾਨਤ ਦੇਵੇ ਮੈਂ ਉਸ ਨੂੰ ਜੰਨਤ ਦੀ ਜ਼ਮਾਨਤ ਦਿੰਦਾ ਹਾਂ। (ਬੁਖ਼ਾਰੀ ਅਤੇ ਤਿਰਮਜ਼ੀ)

ਜਿਸ ਬੰਦੇ ਨੂੰ ਰੱਬ (ਉਸ ਦੀ) ਜ਼ੁਬਾਨ ਅਤੇ ਸ਼ਰਮਗਾਹ (ਗੁਪਤ ਅੰਗ) ਦੀ ਸ਼ਰਾਰਤ ਤੋਂ ਸੁਰੱਖਿਅਤ ਰੱਖੇ, ਉਹ ਜੰਨਤ ਵਿਚ ਦਾਖ਼ਲ ਹੋ ਜਾਵੇਗਾ।

(ਤਿਰਮਜ਼ੀ)

ਹਜ਼ਰਤ ਆਇਸ਼ਾ (ਰਜ਼ੀ.) ਫ਼ਰਮਾਉਂਦੀਆਂ ਹਨ ਕਿ ਮੈਂ ਹਜ਼ਰਤ ਮੁਹੰਮਦ (ਸ.) ਨੂੰ ਫ਼ਰਮਾਉਂਦੇ ਹੋਏ ਸੁਣਿਆ ਹੈ ਕਿ ਜਿਹੜੀ ਔਰਤ ਆਪਣੇ ਪਤੀ ਦੇ ਮਕਾਨ ਤੋਂ ਇਲਾਵਾ ਕਿਸੇ ਹੋਰ ਥਾਂ ਆਪਣੇ ਕਪੜਿਆਂ ਨੂੰ ਉਤਾਰਦੀ ਹੈ ਉਹ ਆਪਣੇ ਅਤੇ ਆਪਣੇ ਰੱਬ ਦੇ ਨਾਤੇ ਨੂੰ ਤੋੜਦੀ ਹੈ। (ਮਸਨਦ ਅਹਿਮਦ)

ਹਜ਼ਰਤ ਜਾਬਿਰ (ਰਜ਼ੀ.) ਨਬੀ-ਏ-ਕਰੀਮ (ਸ.) ਤੋਂ ਰਵਾਇਤ ਕਰਦੇ ਹਨ ਕਿ ਆਪ (ਸ.) ਨੇ ਇਰਸ਼ਾਦ ਫ਼ਰਮਾਇਆ ਕਿ ਜਿਹੜੀਆਂ ਔਰਤਾਂ ਦੇ ਨਾਲ ਮਹਿਰਮ (ਜਿਹਨਾਂ ਨਾਲ ਸ਼ਰ੍ਹਾ ਅਨੁਸਾਰ ਨਿਕਾਹ ਸੰਭਵ ਨਹੀਂ) ਮਰਦ ਨਾ ਹੋਣ, ਉਹਨਾਂ ਦੇ ਕੋਲ ਨਾ ਜਾਵੋ ਕਿਉਂਕਿ ਸ਼ੈਤਾਨ ਆਦਮੀ ਦੇ ਅੰਦਰ ਲਹੂ ਵਾਂਗ ਚੱਲਦਾ ਫਿਰਦਾ ਰਹਿੰਦਾ ਹੈ।(ਪਤਾ ਨਹੀਂ ਕਦੋਂ ਉਹ ਮਨੁੱਖ ਨੂੰ ਪਾਪਾਂ ਦੀ ਦਲਦਲ ਵਿਚ ਫਸਾ ਦੇਵੇ)। (ਮੁਸਲਿਮ)

ਜਿਵੇਂ ਹਜ਼ਰਤ ਮੁਹੰਮਦ (ਸ.) ਨੇ ਔਰਤਾਂ ਤੋਂ ਵਾਅਦਾ ਕਰਵਾਇਆ ਸੀ, ਇਸੇ ਤਰ੍ਹਾਂ ਸਾਥੋਂ ਵੀ ਵਚਨ ਲਿਆ ਸੀ ਕਿ ਅਸੀਂ ਅੱਲਾਹ ਦੇ ਨਾਲ ਕਿਸੇ ਨੂੰ ਸਾਂਝੀਵਾਲ ਨਾ ਬਣਾਈਏ, ਚੋਰੀ ਨਾ ਕਰੀਏ, ਜ਼ਿਨ੍ਹਾ ਨਾ ਕਰੀਏ, ਆਪਣੀ ਔਲਾਦ ਨੂੰ ਕਤਲ ਨਾ ਕਰੀਏ ਅਤੇ ਇਹ ਕਿ ਇਕ ਦੂਜੇ 'ਤੇ ਊਝਾਂ ਨਾ ਘੜ੍ਹੀਏ।(ਮੁਸਲਿਮ)

ਜਿਹੜੀ ਔਹਤ ਬਗ਼ੈਰ ਕਿਸੇ ਠੋਸ ਕਾਰਨ ਦੇ ਆਪਣੇ ਪਤੀ ਤੋਂ ਤਲਾਕ ਦੀ ਮੰਗ ਕਰੇ, ਉਸ ਤੇ ਜੰਨਤ ਦੀ ਖ਼ੁਸ਼ਬੂ ਤੱਕ ਹਰਾਮ ਹੈ।

(ਤਿਰਮਜ਼ੀ, ਇਬਨ-ਏ-ਮਾਜਾ)

ਰੱਬ ਦੇ ਨਜ਼ਦੀਕ ਸਭ ਤੋਂ ਵੱਡਾ ਪਾਪ ਇਹ ਹੈ ਕਿ ਇਕ ਆਦਮੀ ਕਿਸੇ ਜ਼ਨਾਨੀ ਨਾਲ ਨਿਕਾਹ ਕਰੇ ਅਤੇ ਜਦੋਂ ਉਹ ਆਪਣੀ ਇੱਛਾ ਪੂਰੀ ਕਰ ਲਏ ਤਾਂ

ਉਸ ਨੂੰ ਤਲਾਕ ਦੇ ਦੇਵੇ ਅਤੇ ਨਾਲੋਂ ਨਾਲ ਉਸ ਦਾ ਮਹਿਰ (ਨਿਕਾਹ ਵੇਲੇ ਪਤੀ ਵਲੋਂ ਨਿਰਧਾਰਤ ਤੋਹਫ਼ਾ) ਵੀ ਨਾ ਦੇਵੇ। (ਮੁਸਤਦਰਕ ਹਾਕਿਮ)

ਸੁਣ ਲਓ ਤੁਹਾਡੇ ਵਿਚੋਂ ਹਰੇਕ ਇਨਸਾਨ ਨਿਗਰਾਨ ਹੈ।ਤੁਹਾਡੇ ਵਿਚੋਂ ਹਰੇਕ ਦੇ ਅਧੀਨ ਲੋਕਾਂ ਬਾਰੇ ਸਵਾਲ ਕੀਤਾ ਜਾਵੇਗਾ।ਇਮਾਮ ਜਿਹੜਾ ਲੋਕਾਂ ਦਾ ਹਾਕਮ ਹੁੰਦਾ ਹੈ, ਉਹ ਨਿਗਰਾਨ ਹੈ ਉਸ ਤੋਂ ਉਸ ਦੇ ਅਧੀਨ ਲੋਕਾਂ ਬਾਰੇ ਪੁੱਛਿਆ ਜਾਵੇਗਾ।ਆਦਮੀ ਆਪਣੇ ਘਰ ਵਾਲਿਆਂ ਦਾ ਨਿਗਰਾਨ ਹੈ ਅਤੇ ਉਸ ਦੇ ਅਧੀਨ ਲੋਕਾਂ ਬਾਰੇ ਪੁੱਛਿਆ ਜਾਵੇਗਾ।ਸੇਵਕ ਆਪਣੇ ਮਾਲਕ ਦੇ ਮਾਲ ਦਾ ਨਿਗਰਾਨ ਹੈ, ਉਸ ਤੋਂ ਉਸ ਦੇ ਮਾਲ ਬਾਰੇ ਪੁੱਛਿਆ ਜਾਵੇਗਾ।ਦੁਬਾਰਾ ਸੁਣ ਲਓ :

ਤੁਹਾਡੇ ਵਿਚੋਂ ਹਰੇਕ ਆਦਮੀ ਨਿਗਰਾਨ ਹੈ ਅਤੇ ਹਰੇਕ ਤੋਂ ਉਸ ਦੇ ਅਧੀਨ ਲੋਕਾਂ ਬਾਰੇ ਪੁੱਛਿਆ ਜਾਵੇਗਾ। (ਬੁਖ਼ਾਰੀ)

ਜ਼ਨਾਕਾਰ ਔਰਤ ਦੀ ਕਮਾਈ ਗੰਦੀ ਅਤੇ ਨਪਾਕ ਹੈ। (ਅਬੂ ਦਾਊਦ)

ਕੋਈ ਆਦਮੀ ਦੋ ਔਰਤਾਂ ਦੇ ਵਿਚਕਾਰ ਨਾ ਚੱਲੇ। (ਅਬੂ ਦਾਊਦ)

ਪਤੀ-ਪਤਨੀ ਦੇ ਆਪਸੀ ਸਬੰਧਾਂ ਦੀ ਗੱਲਬਾਤ ਨੂੰ ਲੋਕਾਂ ਦੇ ਸਾਹਮਣੇ ਬਿਆਨ ਕਰਨ ਨੂੰ ਵੀ ਆਪ (ਸ.) ਨੇ ਮਨ੍ਹਾਂ ਫ਼ਰਮਾਇਆ ਹੈ।

ਆਪ ਦਾ ਫ਼ਰਮਾਨ ਹੈ ਕਿ ਜਿਵੇਂ ਰੱਬ ਦੇ ਹੱਕਾਂ ਨੂੰ ਅੱਖੋਂ ਪਰੋਖੇ ਕਰਨ ਵਾਲਾ ਮੁਜਰਿਮ ਅਤੇ ਪਾਪੀ ਹੈ ਇਸੇ ਤਰ੍ਹਾਂ ਪਤੀ ਪਤਨੀ ਦੇ ਆਪਸੀ ਹੱਕਾਂ ਤੋਂ ਲਾਪਰਵਾਹੀ ਅਤੇ ਕੋਤਾਹੀ ਕਰਨਾ ਵੀ ਅਜਿਹਾ ਜੁਰਮ ਹੈ ਜਿਸ ਸਬੰਧੀ ਰੱਬ ਦੇ ਦਰਬਾਰ ਵਿਚ ਪੁੱਛ-ਗਿੱਛ ਕੀਤੀ ਜਾਵੇਗੀ।

ਤੁਸੀਂ ਜੋ ਵੀ ਰੱਬ ਦੀ ਰਜ਼ਾ ਲਈ ਕਰਦੇ ਹੋ ਉਸ ਦਾ ਤੁਹਾਨੂੰ ਜ਼ਰੂਰ ਬਦਲਾ ਦਿੱਤਾ ਜਾਵੇਗਾ।ਇੱਥੋਂ ਤੱਕ ਕਿ ਤੁਸੀਂ ਉਹ ਬੁਰਕੀ ਜਿਹੜੀ ਆਪਣੀ ਪਤਨੀ ਦੇ ਮੂੰਹ ਵਿਚ ਪਾਉਂਦੇ ਹੋ ਉਸ ਦਾ ਵੀ ਬਦਲਾ ਦਿੱਤਾ ਜਾਵੇਗਾ।

(ਬੁਖ਼ਾਰੀ, ਮੁਸਲਿਮ)

ਜਿਹੜਾ ਦੀਨਾਰ ਤੁਸੀਂ ਰੱਬ ਦੇ ਰਾਹ ਵਿਚ ਖ਼ਰਚ ਕਰਦੇ ਹੋ ਅਤੇ ਜਿਹੜਾ ਕਿਸੇ ਗ਼ੁਲਾਮ ਨੂੰ ਰਿਹਾ ਕਰਵਾਉਣ ਵਿਚ ਖ਼ਰਚ ਕਰਦੇ ਹੋ, ਜਿਹੜਾ ਕਿਸੇ ਜ਼ਰੂਰਤਮੰਦ 'ਤੇ ਖ਼ਰਚ ਕੀਤਾ ਅਤੇ ਜਿਹੜਾ ਆਪਣੀ ਪਤਨੀ ਅਤੇ ਬਾਲ ਬੱਚਿਆਂ 'ਤੇ ਖ਼ਰਚ ਕੀਤਾ।ਇਹਨਾਂ ਸਾਰਿਆਂ ਵਿਚੋਂ ਉਸ ਦੀਨਾਰ ਦਾ ਖ਼ਰਚ ਕਰਨਾ ਵਧੀਆ ਹੈ ਜਿਸ ਨੂੰ ਤੁਸੀਂ ਆਪਣੀ ਪਤਨੀ ਜਾਂ ਬਾਲ-ਬੱਚਿਆਂ 'ਤੇ ਖ਼ਰਚ ਕੀਤਾ।

ਹਜ਼ਰਤ ਮੁਹੰਮਦ (ਸ.) ਜਦੋਂ ਕਿਸੇ ਸਫ਼ਰ ਲਈ ਰਵਾਨਾ ਹੁੰਦੇ ਤਾਂ ਆਪ ਆਪਣੀਆਂ ਪਤਨੀਆਂ ਦੀਆਂ ਪਰਚੀਆਂ ਪਾ ਕੇ ਲੱਕੀ ਡਰਾਅ ਕੱਢਦੇ ਜਿਸ ਦੇ ਨਾਂ ਦੀ ਪਰਚੀ ਨਿਕਲਦੀ ਉਸ ਨੂੰ ਆਪਣੇ ਨਾਲ ਲੈ ਜਾਂਦੇ। (ਬੁਖ਼ਾਰੀ)

ਆਪ (ਸ.) ਨੇ ਫ਼ਰਮਾਇਆ ਕਿ ਮੈਂ ਔਰਤਾਂ ਨਾਲ ਹੱਥ ਨਹੀਂ ਮਿਲਾਉਂਦਾ, ਮੇਰਾ ਸੌ ਔਰਤਾਂ ਨੂੰ ਸੰਬੋਧਨ ਕਰਨਾ ਇੰਜ ਹੀ ਹੈ ਜਿਵੇਂ ਕਿਸੇ ਇਕ ਔਰਤ ਨੂੰ ਸੰਬੋਧਨ ਕਰਨਾ (ਇਸ ਲਈ ਹਰੇਕ ਔਰਤ ਨੂੰ ਵੱਖਰੇ ਤੌਰ 'ਤੇ ਸੰਬੋਧਨ ਕਰਨ ਦੀ ਜ਼ਰੂਰਤ ਨਹੀਂ।

ਹਜ਼ਰਤ ਅਬਦੁੱਲਾਹ ਬਿਨ ਉਮਰ ਹਜ਼ਰਤ ਮੁਹੰਮਦ (ਸ.) ਤੋਂ ਅਜਿਹੀ ਔਰਤ ਸਬੰਧੀ ਇਹ ਹੁਕਮ ਰਵਾਇਤ ਕਰਦੇ ਹਨ ਕਿ ਜਿਸ ਦਾ ਪਤੀ ਹੋਵੇ ਅਤੇ ਉਸ ਦੇ ਕੋਲ (ਏਨਾ) ਮਾਲ ਵੀ ਹੋਵੇ ਕਿ ਉਸ ਲਈ ਹੱਜ ਕਰਨਾ ਜ਼ਰੂਰੀ ਹੋਵੇ ਪਰੰਤੂ ਉਸ ਦਾ ਪਤੀ ਉਸ ਨੂੰ ਹੱਜ ਕਰਨ ਦੀ ਆਗਿਆ ਨਾ ਦੇਵੇ। ਤਾਂ ਉਹ ਆਪਣੇ ਪਤੀ ਦੀ ਇਜਾਜ਼ਤ ਤੋਂ ਬ਼ਗੈਰ ਹੱਜ ਲਈ ਨਹੀਂ ਜਾ ਸਕਦੀ।

(ਦਰ-ਏ-ਕਤਨੀ ਪੰਨਾ 487)

ਆਦਮੀ ਹਲਾਕ ਹੋਏ ਜਦੋਂ ਉਹ ਔਰਤਾਂ ਦੀ ਆਗਿਆਕਾਰੀ ਕਰਨ ਲੱਗੇ।

(ਮੁਸਤਦਰਕ ਹਾਕਿਮ)

ਉਹ ਕੌਮ ਕਦੀ ਵੀ ਕਾਮਯਾਬ ਨਹੀਂ ਹੋ ਸਕਦੀ ਜਿਸ ਨੇ ਸੱਤਾ ਦੀ ਬਾਗਡੋਰ ਔਰਤ ਦੇ ਹਵਾਲੇ ਕਰ ਦਿੱਤੀ ਹੋਵੇ।

(ਬੁਖ਼ਾਰੀ, ਤਿਰਮਜ਼ੀ ਅਤੇ ਅਬੂ ਦਾਊਦ)

ਇਕ ਸਹਾਬੀ ਨੇ ਆਪਣੀ ਪਤਨੀ ਨੂੰ ਤਲਾਕ ਦੇ ਦਿੱਤੀ। ਉਸ ਔਰਤ ਕੋਲ ਇੱਕ ਬੱਚਾ ਵੀ ਸੀ ਪਰ ਉਸ ਦਾ ਪਤੀ ਉਸ ਬੱਚੇ ਨੂੰ ਆਪਣੇ ਕੋਲ ਰੱਖਣਾ ਚਾਹੁੰਦਾ ਸੀ ਪਰੰਤੂ ਬੱਚੇ ਦੀ ਮਾਂ ਨੇ ਆਪ (ਸ.) ਕੋਲ ਉਸ ਦੇ ਵਿਰੁੱਧ ਸ਼ਿਕਾਇਤ ਕੀਤੀ। ਤਾਂ ਆਪ ਨੇ ਫ਼ਰਮਾਇਆ ਕਿ ਤੂੰ ਇਸ ਦੀ ਜ਼ਿਆਦਾ ਹੱਕਦਾਰ ਹੈ। ਜਦੋਂ ਤੱਕ ਤੂੰ ਦੂਸਰਾ ਨਿਕਾਹ ਨਹੀਂ ਕਰ ਲੈਂਦੀ। (ਅਬੂ ਦਾਊਦ)

ਗਰਭਵਤੀ ਅਤੇ ਦੁੱਧ ਪਿਲਾਉਣ ਵਾਲੀਆਂ ਦੇ ਲਈ ਰਮਜ਼ਾਨ ਦੇ ਰੋਜ਼ੇ ਰੱਖਣਾ ਜ਼ਰੂਰੀ ਨਹੀਂ(ਦੂਸਰੇ ਮਹੀਨਿਆਂ ਵਿਚ ਇਸ ਦੀ ਅਦਾਇਗੀ ਕੀਤੀ ਜਾ ਸਕਦੀ ਹੈ)। (ਇਬਨ-ਏ-ਮਾਜਾ)

ਹਜ਼ਰਤ ਅਬਦੁੱਲਾਹ ਬਿਨ ਮਸਊਦ (ਰਜ਼ੀ.) ਦੀ ਪਤਨੀ ਹਜ਼ੂਰ (ਸ.) ਦੀ ਸੇਵਾ ਵਿਚ ਹਾਜ਼ਰ ਹੋ ਕੇ ਅਰਜ਼ ਕੀਤੀ ਕਿ ਮੈਂ ਇਕ ਕਾਰੀਗਰ ਔਰਤ ਹਾਂ, ਚੀਜ਼ਾਂ ਤਿਆਰ ਕਰਕੇ ਵੇਚਦੀ ਹਾਂ, ਇਸ ਤਰ੍ਹਾਂ ਮੈਂ ਤਾਂ ਕਮਾ ਸਕਦੀ ਹਾਂ ਪਰੰਤੂ ਮੇਰੇ ਪਤੀ

ਅਤੇ ਬੱਚਿਆਂ (ਲਈ ਕੋਈ ਆਮਦਨੀ ਦਾ ਸਾਧਨ ਨਹੀਂ ਇਸ ਲਈ) ਉਹਨਾਂ ਕੋਲ ਕੁਝ ਵੀ ਨਹੀਂ ਹੈ ਅਤੇ ਪੁੱਛਿਆ ਕੀ ਉਹ ਉਹਨਾਂ 'ਤੇ ਖ਼ਰਚ ਕਰ ਸਕਦੀ ਹੈ ?

ਆਪ (ਸ.) ਨੇ ਜਵਾਬ ਦਿੱਤਾ, ਤੁਹਾਨੂੰ ਇਸ ਦਾ ਬਦਲਾ ਮਿਲੇਗਾ।

ਉਹ ਔਰਤਾਂ ਜਿਹੜੀਆਂ ਲਿਬਾਸ ਪਹਿਨਣ ਦੇ ਬਾਵਜੂਦ ਨੰਗੀਆਂ ਰਹਿੰਦੀਆਂ, ਮਟਕ ਮਟਕ ਕੇ ਚੱਲਦੀਆਂ ਅਤੇ ਜਿਹੜੀਆਂ ਊਠ ਦੇ ਕੁਹਾਨ ਵਾਂਗ ਆਪਣੇ ਮੋਢਿਆਂ ਨੂੰ ਹਿਲਾ ਹਿਲਾ ਕੇ ਨਾਜ਼ ਨਖ਼ਰਿਆਂ ਦਾ ਇਜ਼ਹਾਰ ਕਰਦੀਆਂ ਹਨ, ਉਹ ਜੰਨਤ ਵਿਚ ਦਾਖ਼ਲ ਨਹੀਂ ਹੋ ਸਕਣਗੀਆਂ ਬਲਕਿ ਉਸ ਦੀ ਖ਼ੁਸ਼ਬੂ ਵੀ ਨਹੀਂ ਸੁੰਘ ਸਕਣਗੀਆਂ ਜੋ ਜੰਨਤ ਵਿਚ ਚਾਰ ਚੁਫੇਰੇ ਫੈਲੀ ਹੋਈ ਹੋਵੇਗੀ।

(ਮੁਸਲਿਮ)

ਹਜ਼ਰਤ ਆਇਸ਼ਾ ਪਰਦੇ ਦੇ ਹੁਕਮ ਆਉਣ ਤੋਂ ਬਾਅਦ ਦਾ ਜ਼ਿਕਰ ਕਰਦੀਆਂ ਹਨ ਕਿ ਹਜ਼ਰਤ ਉਮਰ (ਹਜ਼ੀ.) ਨੇ ਹਜ਼ਰਤ ਸੌਦਾ ਨੂੰ ਬਾਹਰ ਵੇਖਦਿਆਂ ਕਿੰਤੂ ਕੀਤੀ ਤਾਂ ਉਹ (ਖ਼ਾਮੋਸ਼ ਹੋ ਕੇ) ਘਰ ਵਾਪਸ ਆ ਗਈ ਤਾਂ ਹਜ਼ੂਰ (ਸ.) ਨੇ ਇਸ ਦਾ ਜ਼ਿਕਰ ਕੀਤਾ। ਇਸ ਉਪਰੰਤ ਆਪ 'ਤੇ ਵਹੀ ਨਾਜ਼ਿਲ ਹੋਈ ਤਾਂ ਜਦੋਂ ਇਹ ਕੈਫ਼ੀਅਤ ਖ਼ਤਮ ਹੋਈ ਤਾਂ ਆਪ ਨੇ ਫ਼ਰਮਾਇਆ, ਬੇਸ਼ੱਕ ਅੱਲਾਹ ਤਆਲਾ ਨੇ ਤੁਹਾਨੂੰ ਆਪਣੀਆਂ ਜ਼ਰੂਰਤਾਂ ਲਈ ਘਰੋਂ ਬਾਹਰ ਨਿਕਲਣ ਦੀ ਇਜਾਜ਼ਤ ਦਿੱਤੀ ਹੈ।

(ਬੁਖ਼ਾਰੀ)

ਫ਼ਰਮਾਇਆ ਹਜ਼ੂਰ (ਸ.) ਨੇ ਜਿਸ ਔਰਤ ਦੇ ਤਿੰਨ ਨਾਬਾਲਿਗ ਬੱਚੇ ਮਰ ਜਾਣ ਅਤੇ ਉਹ ਸਬਰ ਕਰ ਲਏ ਅਤੇ ਬਦਲੇ ਦੀ ਨੀਯਤ ਰੱਖੇ ਤਾਂ ਅਜਿਹੀ ਔਰਤ ਜੰਨਤ ਵਿਚ ਜ਼ਰੂਰ ਦਾਖ਼ਲ ਹੋਵੇਗੀ।

(ਵੈਲਮੀ)

ਫ਼ਰਮਾਇਆ ਹਜ਼ਰਤ ਮੁਹੰਮਦ (ਸ.) ਨੇ ਕਿ ਪਰਦਾ ਕਰੋ ਅੰਨ੍ਹੇ ਤੋਂ।

ਹਜ਼ਰਤ ਉੱਮੇ ਸਲਮਾ (ਰਜ਼ੀ.) ਫ਼ਰਮਾਉਂਦੀਆਂ ਹਨ ਕਿ ਮੈਂ ਹਜ਼ੂਰ (ਸ.) ਦੀ ਸੇਵਾ ਵਿਚ ਅਰਜ਼ ਕੀਤੀ ਕਿ ਐ ਰੱਬ ਦੇ ਪੈਗ਼ੰਬਰ! ਇਹ ਤਾਂ ਅੰਨ੍ਹਾ ਹੈ, ਸਾਨੂੰ ਤਾਂ ਵੇਖਦਾ ਨਹੀਂ ?

ਇਸ 'ਤੇ ਆਪ ਨੇ ਫ਼ਰਮਾਇਆ, ਜੇਕਰ ਉਹ ਅੰਨ੍ਹਾ ਹੈ ਤੁਸੀਂ ਤਾਂ ਅੰਨ੍ਹੀਆਂ ਨਹੀਂ ਹੋ।

(ਤਿਰਮਜ਼ੀ)

ਆਪ ਨੇ ਫ਼ਰਮਾਇਆ, ਜਦੋਂ ਤੁਸੀਂ ਖਾਓ ਤਾਂ ਉਸ ਨੂੰ ਵੀ ਖੁਲਾਓ, ਜਦੋਂ ਪਹਿਨੋ ਤਾਂ ਉਸ ਨੂੰ ਵੀ ਪਹਿਨਾਓ। ਉਸ ਦੇ ਮੂੰਹ 'ਤੇ ਨਾ ਮਾਰੋ, ਨਾ ਉਸ ਨੂੰ ਗਾਲ੍ਹਾਂ ਕੱਢੋ ਨਾ ਉਸ ਨੂੰ ਘਰੋਂ ਕੱਢੋ ਭਾਵ ਕਿ ਰਤਾ ਕੁ ਗੱਲ 'ਤੇ ਨਰਾਜ਼ ਹੋ ਕੇ ਉਸ ਨੂੰ ਉਸ ਦੇ ਪਿਉ ਦੇ ਘਰ ਭੇਜ ਦੇਵੋ।

(ਅਹਿਮਦ, ਅਬੂ ਦਾਊਦ)

ਆਪ (ਸ.) ਨੇ ਫ਼ਰਮਾਇਆ ਕਿ ਜਿਹੜੀਆਂ ਔਰਤਾਂ ਦੇ ਮਰਦ ਬਾਹਰ ਗਏ ਹੋਏ ਹੋਣ, ਉਹਨਾਂ ਔਰਤਾਂ ਦੇ ਕੋਲ ਇਕਾਂਤ ਵਿਚ ਨਾ ਜਾਓ ਕਿਉਂਕਿ ਸ਼ੈਤਾਨ ਤੁਹਾਡੀ ਰਗ ਰਗ ਵਿਚ ਆਪਣੇ ਅਸਰ ਛੱਡੇ ਬਗ਼ੈਰ ਨਹੀਂ ਰਹਿ ਸਕਦਾ। ਸਹਾਬਾ ਨੇ ਪੁੱਛਿਆ ਕਿ ਕੀ ਤੁਹਾਡੇ 'ਤੇ ਵੀ ਸ਼ੈਤਾਨ ਦਾ ਅਸਰ ਹੁੰਦਾ ਹੈ ?

ਆਪ (ਸ.) ਨੇ ਫ਼ਰਮਾਇਆ, ਹਾਂ ਦਾਅ ਤਾਂ ਮੇਰੇ 'ਤੇ ਵੀ ਚਲਾਉਂਦਾ ਹੈ ਪਰੰਤੂ ਰੱਬ ਨੇ ਮੈਨੂੰ ਇਸ ਤੇ ਭਾਰੂ ਕਰ ਛੱਡਿਆ ਹੈ। ਮੈਂ ਇਸ ਦੇ ਅਸਰ ਤੋਂ ਸੁਰੱਖਿਅਤ ਰਹਿੰਦਾ ਹਾਂ। ਉਹ ਮੇਰਾ ਕੁਝ ਵੀ ਵਿਗਾੜ ਨਹੀਂ ਸਕਦਾ।

ਆਪ (ਸ.) ਨੇ ਫ਼ਰਮਾਇਆ ਕਿ ਰਿਸ਼ਤਾ ਤੈਅ ਕਰਨ ਤੋਂ ਪਹਿਲਾਂ ਜੇਕਰ ਸੰਭਵ ਹੋ ਸਕੇ ਤਾਂ ਉਸ ਲੜਕੀ ਨੂੰ ਵੇਖ ਲਿਆ ਕਰੋ। (ਅਬੂ ਦਾਊਦ)

ਆਪ (ਸ.) ਨੇ ਫ਼ਰਮਾਇਆ ਕਿ ਜਿਸ ਆਦਮੀ ਦੇ ਲੜਕਾ ਪੈਦਾ ਹੋਵੇ ਤਾਂ ਉਸ ਦੇ ਤਿੰਨ ਫ਼ਰਜ਼ ਹਨ :-

ਵਧੀਆ ਨਾਂ ਰੱਖੇ।

ਦੀਨ ਅਤੇ ਦੁਨੀਆ ਦੀ ਵਧੀਆ ਤਾਲੀਮ ਦੇਵੇ।

ਜਦੋਂ ਬਾਲਿਗ਼ ਹੋ ਜਾਵੇ ਤਾਂ ਉਸ ਦਾ ਨਿਕਾਹ ਕਰ ਦੇਵੇ। ਜੇਕਰ ਬਾਲਿਗ਼ ਹੋਣ 'ਤੇ ਉਸ ਦਾ ਨਿਕਾਹ ਨਹੀਂ ਕੀਤਾ, ਉਸ ਲੜਕੇ ਜਾਂ ਲੜਕੀ ਨੇ ਕੋਈ ਬੁਰਾ ਕੰਮ ਕਰ ਲਿਆ ਤਾਂ ਉਸ ਬਦਕਾਰੀ ਦਾ ਪਾਪ ਉਸ ਦੇ ਪਿਤਾ 'ਤੇ ਹੋਵੇਗਾ।

ਹਜ਼ਰਤ ਆਇਸ਼ਾ (ਰਜ਼ੀ.) ਫ਼ਰਮਾਉਂਦੀਆਂ ਹਨ ਕਿ ਇਕ ਅਨਸਾਰੀ ਔਰਤ ਦੀ ਸ਼ਾਦੀ ਹੋਈ। ਉਹ ਸ਼ਾਦੀ ਬਹੁਤ ਸਾਦਾ ਸੀ।। ਇਸ ਤੇ ਹਜ਼ੂਰ (ਸ.) ਨੇ ਫ਼ਰਮਾਇਆ ਕਿ ਤੁਹਾਡੇ ਕੋਲ ਦਫ਼ ਆਦਿ ਸਮਾਨ ਨਹੀਂ ਹੈ ਕਿਉਂਕਿ ਅਨਸਾਰ (ਮਦੀਨਾ ਵਾਲੇ) ਅਜਿਹੇ ਮੌਕਿਆਂ ਤੇ ਗਾਉਣ ਵਜਾਉਣ ਨੂੰ ਪਸੰਦ ਕਰਦੇ ਹਨ।

(ਬੁਖ਼ਾਰੀ)

ਆਪ (ਸ.) ਨੇ ਫ਼ਰਮਾਇਆ ਕਿ ਨਿਕਾਹ ਦਾ ਐਲਾਨ ਕਰੋ ਭਾਵ ਸ਼ੋਹਰਤ ਕਰੋ ਅਤੇ ਇਸ ਨੂੰ ਮਸਜਿਦ ਵਿਚ ਅਦਾ ਕਰੋ ਅਤੇ ਨਿਕਾਹ ਦੇ ਸਮੇਂ ਦਫ਼ ਵਜਾਓ। (ਤਿਰਮਜ਼ੀ)

ਹਜ਼ਰਤ ਅਨਸ (ਰਜ਼ੀ.) ਫ਼ਰਮਾਉਂਦੇ ਹਨ ਕਿ ਹਜ਼ੂਰ (ਸ.) ਨੇ ਹਜ਼ਰਤ ਅਬਦੁਰ ਰਹਿਮਾਨ ਬਿਨ ਔਫ਼ ਦੇ ਕਪੜਿਆਂ 'ਤੇ ਜ਼ਾਫ਼ਰਾਨ ਦਾ ਰੰਗ ਲੱਗਿਆ ਵੇਖਿਆ। ਇਸ ਉਪਰੰਤ ਆਪ (ਸ.) ਨੇ ਫ਼ਰਮਾਇਆ, ਇਹ ਕੀ ਹੈ ? ਹਜ਼ਰਤ ਅਬਦੁਰ ਰਹਿਮਾਨ (ਰਜ਼ੀ.) ਨੇ ਜਵਾਬ ਦਿੱਤਾ ਕਿ ਹਜ਼ੂਰ ਮੈਂ ਸ਼ਾਦੀ ਕਰ ਲਈ ਹੈ ਅਤੇ ਉਸ ਦਾ ਮਹਿਰ (ਪਤੀ ਵਲੋਂ ਪਤਨੀ ਨੂੰ ਦਿੱਤਾ ਜਾਣ ਵਾਲਾ ਤੋਹਫ਼ਾ) ਪੌਣੇ ਸੋਲਾਂ ਮਾਸ਼ੇ ਸੋਨਾ ਤੈਅ ਕੀਤਾ ਹੈ। ਇਸ 'ਤੇ ਆਪ ਨੇ ਫ਼ਰਮਾਇਆ, ਅੱਲਾਹ ਇਸ

ਵਿਚ ਬਰਕਤ ਫ਼ਰਮਾਏ, ਤੁਸੀਂ ਵਲੀਮਾ (ਸ਼ਾਦੀ ਉਪਰੰਤ ਸਾਕ ਸਬੰਧੀਆਂ ਅਤੇ ਦੋਸਤਾਂ ਨੂੰਬਗ਼ੈਰ ਕਿਸੇ ਸ਼ਗਨ ਅਤੇ ਲਾਲਚ ਦੇ ਦਿੱਤਾ ਜਾਣ ਵਾਲਾ ਭੋਜਨ) ਕਰੋ ਭਾਵੇਂ ਇਕ ਬਕਰੀ ਦੇ ਨਾਲ ਹੋਵੇ। (ਮੁਤਫ਼ਿਕ ਅਲੈਹਿ)

ਹਜ਼ਰਤ ਅਨਸ (ਰਜ਼ੀ.) ਫ਼ਰਮਾਉਂਦੇ ਹਨ ਕਿ ਮਦੀਨਾ ਅਤੇ ਖ਼ੈਬਰ ਦੇ ਵਿਚਕਾਰ ਹਜ਼ੂਰ (ਸ.) ਤਿੰਨ ਰਾਤਾਂ ਠਹਿਰੇ। ਉਸ ਥਾਂ ਮੋਮਿਨਾਂ ਦੀ ਮਾਂ ਹਜ਼ਰਤ ਸਫ਼ੀਆ ਨਾਲ ਸ਼ਾਦੀ ਹੋਈ। ਫਿਰ ਮੈਂ ਮੁਸਲਮਾਨਾਂ ਨੂੰ ਉਸ ਦੇ ਵਲੀਮਾ ਦੀ ਦਾਅਵਤ ਦਿੱਤੀ। ਦੋਵੇਂ ਜਹਾਨਾਂ ਦੇ ਬਾਦਸ਼ਾਹ ਨੇ ਆਪਣੇ ਇਸ ਵਲੀਮੇ 'ਚ ਨਾ ਰੋਟੀ ਦਾ ਇੰਤਜ਼ਾਮ ਫ਼ਰਮਾਇਆ ਅਤੇ ਨਾ ਗੋਸ਼ਤ ਖਾਣ ਨੂੰ ਦਿੱਤਾ ਬਲਕਿ ਚਮੜੇ ਦਾ ਇਕ ਦਸਤਰਖ਼ਾਨ ਵਿਛਾਉਣ ਦਾ ਹੁਕਮ ਫ਼ਰਮਾਇਆ। ਇਰਸ਼ਾਦ ਅਨੁਸਾਰ ਦਸਤਰਖ਼ਾਨ ਵਿਛਾਇਆ ਗਿਆ, ਇਸ 'ਤੇ ਕੁਝ ਖਜੂਰਾਂ, ਕੁਝ ਪਨੀਰ ਦੇ ਟੁਕੜੇ ਅਤੇ ਘੀ ਰੱਖ ਦਿਤਾ ਗਿਆ, ਇਸ ਤੋਂ ਇਲਾਵਾ ਹੋਰ ਕੁਝ ਨਹੀਂ ਸੀ।

ਹਜ਼ੂਰ (ਸ.) ਆਪਣੀਆਂ ਪਤਨੀਆਂ ਨੂੰ ਹਰੇਕ ਤਰ੍ਹਾਂ ਦੀ ਚੀਜ਼ ਬਰਾਬਰ ਵੰਡਦੇ ਸਨ ਅਤੇ ਇਸ ਵਿਚ ਹਰੇਕ ਪ੍ਰਕਾਰ ਦੀ ਬਰਾਬਰੀ ਫ਼ਰਮਾਉਂਦੇ। ਰਤਾ ਭਰ ਘਾਟ-ਵਾਧ ਨਹੀਂ ਫ਼ਰਮਾਉਂਦੇ ਸਨ। ਇਸ ਦੇ ਬਾਵਜੂਦ ਇਹ ਫ਼ਰਮਾਉਂਦੇ, ਐ ਅੱਲਾਹ ! ਜਿੰਨੀ ਮੇਰੇ ਅੰਦਰ ਤਾਕਤ ਸੀ ਮੈਂ ਆਪਣੀਆਂ ਪਤਨੀਆਂ ਵਿਚਕਾਰ ਬਰਾਬਰ ਵੰਡੀ ਅਤੇ ਜਿਹੜੀ ਮੇਰੇ ਕਬਜ਼ੇ ਵਿਚ ਨਹੀਂ ਉਸ ਦਾ ਤੂੰ ਮਾਲਿਕ ਹੈ। (ਤਿਰਮਜ਼ੀ, ਨਿਸਾਈ ਅਤੇ ਇਬਨ-ਏ-ਮਾਜਾ)

ਹਜ਼ੂਰ (ਸ.) ਨੇ ਫ਼ਰਮਾਇਆ ਕਿ ਜਿਸ ਦੀਆਂ ਦੋ ਜ਼ਨਾਨੀਆਂ ਹੋਣ ਅਤੇ ਉਹਨਾਂ ਦੇ ਵਿਚਕਾਰ ਇਨਸਾਫ਼ ਨਾ ਕਰੇ ਤਾਂ ਉਹ ਕਿਆਮਤ ਵਾਲੇ ਦਿਨ ਇਸ ਹਾਲਤ ਵਿਚ ਆਵੇਗਾ ਕਿ ਉਸ ਦੀ ਅੱਧੀ ਧੜ ਡਿਗੀ ਹੋਈ ਹੋਵੇਗੀ ਭਾਵ ਅਧਰੰਗ ਹੋਇਆ ਹੋਵੇਗਾ।

ਹਜ਼ਰਤ ਆਇਸ਼ਾ (ਰਜ਼ੀ.) ਫ਼ਰਮਾਉਂਦੀਆਂ ਹਨ ਕਿ ਆਪ (ਸ.) ਨੇ ਇਰਸ਼ਾਦ ਫ਼ਰਮਾਇਆ ਕਿ ਈਮਾਨ ਵਿਚ ਸਭ ਤੋਂ ਮੁਕੰਮਲ ਉਹ ਆਦਮੀ ਹੈ ਜਿਸ ਦੀਆਂ ਆਦਤਾਂ ਸਭ ਤੋਂ ਚੰਗੀਆਂ ਹੋਣ ਅਤੇ ਉਹ ਆਪਣੀ ਪਤਨੀ ਨਾਲ(ਸਭ ਤੋਂ ਜ਼ਿਆਦਾ) ਚੰਗਾ ਸਲੂਕ ਕਰਨ ਵਾਲਾ ਹੋਵੇ।

ਹਜ਼ਰਤ ਮੁਆਜ਼ ਬਿਨ ਜਬਲ ਫ਼ਰਮਾਉਂਦੇ ਹਨ ਕਿ ਮੈਨੂੰ ਹਜ਼ੂਰ (ਸ.) ਨੇ ਇਰਸ਼ਾਦ ਫ਼ਰਮਾਇਆ, ਐ ਮੁਆਜ਼ ! ਰੱਬ ਦੇ ਨਜ਼ਦੀਕ ਕੁੱਲ ਦੁਨੀਆ ਵਿਚ ਗ਼ੁਲਾਮ ਨੂੰ ਆਜ਼ਾਦ ਕਰਨ ਤੋਂ ਜ਼ਿਆਦਾ ਕੋਈ ਚੀਜ਼ ਪਿਆਰੀ ਨਹੀਂ ਅਤੇ ਰੱਬ ਦੇ ਨਜ਼ਦੀਕ ਪੂਰੀ ਦੁਨੀਆ ਵਿਚ ਸਭ ਤੋਂ ਜ਼ਿਆਦਾ ਗੰਦੀ ਅਤੇ ਭੈੜੀ ਚੀਜ਼ ਤਲਾਕ ਹੈ।

(ਮਿਸ਼ਕਾਤ)

## ਨਿਗਾਹ ਦੀ ਹਿਫ਼ਾਜ਼ਤ

ਕਿਸੇ ਵੀ ਮਨੁੱਖ ਲਈ ਜਾਇਜ਼ ਨਹੀਂ ਕਿ ਉਹ ਆਪਣੀ ਪਤਨੀ ਅਤੇ ਆਪਣੀਆਂ ਮਹਿਰਮ ਔਰਤਾਂ ਤੋਂ ਸਿਵਾ ਕਿਸੇ ਹੋਰ ਔਰਤ ਨੂੰ ਨਿਗਾਹ ਮਾਰ ਕੇ ਵੇਖੇ। ਜੇਕਰ ਇਕ ਬਾਰੀ ਨਜ਼ਰ ਪੈ ਜਾਵੇ ਤਾਂ ਮੁਆਫ਼ ਹੈ ਪਰੰਤੂ ਇਹ ਮੁਆਫ਼ ਨਹੀਂ ਕਿ ਆਦਮੀ ਆਪਣੀ ਨਿਗਾਹ ਜਿੱਥੇ ਕੋਈ ਖਿੱਚ ਵਾਲੀ ਚੀਜ਼ ਹੋਵੇ, ਉੱਥੇ ਨਿਗਾਹਾਂ ਮਾਰਦਾ ਫਿਰੇ।

ਹਜ਼ਰਤ ਜਰੀਰ ਬਿਨ ਅਬਦੁੱਲਾਹ (ਰਜ਼ੀ.) ਕਹਿੰਦੇ ਹਨ ਕਿ ਮੈਂ ਹਜ਼ੂਰ (ਸ.) ਤੋਂ ਪੁੱਛਿਆ ਕਿ ਜੇਕਰ ਅਚਾਨਕ ਨਿਗਾਹ ਮਾਰੀ ਜਾਵੇ ਤਾਂ ਕੀ ਕਰੀਏ ?

ਫ਼ਰਮਾਇਆ, ਤੁਰੰਤ ਨਿਗਾਹ ਨੂੰ ਮੋੜ ਲਓ।(ਮੁਸਲਿਮ, ਅਹਿਮਦ, ਤਿਰਮਜ਼ੀ, ਅਬੂ ਦਾਊਦ ਅਤੇ ਨਿਸਾਈ)

## ਸ਼ਰਮ ਅਤੇ ਹਯਾ

ਹਜ਼ਰਤ ਉ ਮੇ ਖ਼ੁੱਲਾਦ ਦਾ ਲੜਕਾ ਇਕ ਜੰਗ ਵਿਚ ਸ਼ਹੀਦ ਹੋ ਗਿਆ ਸੀ ਅਤੇ ਉਸ ਦੇ ਸਬੰਧ ਵਿਚ ਪਤਾ ਕਰਨ ਲਈ ਹਜ਼ੂਰ (ਸ.) ਕੋਲ ਤਸ਼ਰੀਫ਼ ਲੈ ਆਈ ਪਰੰਤੂ ਇਸ ਹਾਲ ਵਿਚ ਵੀ ਚਿਹਰੇ 'ਤੇ ਨਕਾਬ ਲਿਆ ਹੋਇਆ ਸੀ। ਕੁਝ ਸਹਾਬੀਆਂ ਨੇ (ਰਜ਼ੀ.) ਹੈਰਾਨੀ ਨਾਲ ਕਿਹਾ ਕਿ ਇਸ ਵੇਲੇ ਵੀ ਤੁਹਾਡੇ ਚਿਹਰੇ 'ਤੇ ਨਕਾਬ ਲਿਆ ਹੋਇਆ ਹੈ ? (ਬੇਟੇ ਦੀ ਸ਼ਹਾਦਤ ਦੀ ਖ਼ਬਰ ਸੁਣ ਕੇ ਤਾਂ ਮਾਂ ਨੂੰ ਤਨ ਮਨ ਦੀ ਖ਼ਬਰ ਨਹੀਂ ਰਹਿੰਦੀ ਅਤੇ ਤੁਸੀਂ ਸ਼ਾਂਤੀ ਨਾਲ ਪਰਦੇ ਨਾਲ ਆਈ ਹੋ)।

ਜਵਾਬ ਵਿਚ ਕਹਿਣ ਲੱਗੀ ਕਿ ਮੈਂ ਆਪਣੇ ਬੇਟੇ ਨੂੰ ਖੋਇਆ ਹੈ ਆਪਣੀ ਸ਼ਰਮ ਹਯਾ ਨਹੀਂ ਖੋਈ ਹੈ।

ਹਜ਼ਰਤ ਆਇਸ਼ਾ (ਰਜ਼ੀ.) ਰਵਾਇਤ ਕਰਦੀਆਂ ਹਨ ਕਿ ਆਖ਼ਰੀ ਹੱਜ ਦੇ ਮੌਕੇ 'ਤੇ ਸਫ਼ਰ ਦੌਰਾਨ ਅਸੀਂ ਅਹਿਰਾਮ ਦੀ ਹਾਲਤ ਵਿਚ ਮੱਕੇ ਵੱਲ ਜਾ ਰਹੀਆਂ ਸੀ, ਜਦੋਂ ਮੁਸਾਫ਼ਿਰ ਸਾਡੇ ਅੱਗਿਓਂ ਲੰਘਦੇ ਤਾਂ ਅਸੀਂ ਔਰਤਾਂ ਆਪਣੇ ਸਿਰ ਤੋਂ ਚੱਦਰਾਂ ਖਿੱਚ ਕੇ ਮੂੰਹ 'ਤੇ ਲੈ ਲੈਂਦੀਆਂ ਅਤੇ ਜਦੋਂ ਉਹ ਲੰਘ ਜਾਂਦੇ ਤਾਂ ਅਸੀਂ ਮੂੰਹ ਖੋਲ੍ਹ ਲੈਂਦੀਆਂ। (ਅਬੂ ਦਾਊਦ)

## ਲੜਕੀ ਨੂੰ ਵੇਖਣ ਦੀ ਇਜਾਜ਼ਤ

ਕਿਸੇ ਜ਼ਰੂਰੀ ਅਤੇ ਜਾਇਜ਼ ਕੰਮ ਦੀ ਸੂਰਤ ਵਿਚ ਔਰਤ ਨੂੰ ਵੇਖਣ ਦੀ ਇਜਾਜ਼ਤ ਹੈ ਜਿਵੇਂ ਕੋਈ ਆਦਮੀ ਕਿਸੇ ਔਰਤ ਨਾਲ ਨਿਕਾਹ ਕਰਨਾ ਚਾਹੁੰਦਾ ਹੈ ਤਾਂ ਇਸ ਮੰਤਵ ਨਾਲ ਔਰਤ ਨੂੰ ਨਾ ਸਿਰਫ਼ ਵੇਖਣ ਦੀ ਆਗਿਆ ਹੀ ਨਹੀਂ ਬਲਕਿ ਮੁਸਤਹਬ (ਜਿਸ ਆਪ (ਸ.) ਨੇ ਪਸੰਦ ਫ਼ਰਮਾਇਆ ਹੋਵੇ) ਹੈ।

ਹਜ਼ਰਤ ਮੁਗ਼ੀਰਾ ਬਿਨ ਸ਼ਅਬਾ (ਰਜ਼ੀ.) ਦੀ ਰਵਾਇਤ ਹੈ ਕਿ ਮੈਂ ਇਕ ਥਾਂ ਨਿਕਾਹ ਦਾ ਪੈਗ਼ਾਮ ਭੇਜਿਆ।ਹਜ਼ੂਰ (ਸ.) ਨੇ ਪੁੱਛਿਆ ਕਿ ਕੀ ਤੂੰ ਲੜਕੀ ਨੂੰ ਵੇਖ ਲਿਆ ਹੈ ? ਮੈਂ ਅਰਜ਼ ਕੀਤੀ ਕਿ ਨਹੀਂ ।ਫ਼ਰਮਾਇਆ ਕਿ ਉਸ ਨੂੰ ਵੇਖ ਲਓ।ਇਸ ਨਾਲ ਜ਼ਿਆਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਤੁਹਾਡੇ ਵਿਚਕਾਰ ਪਿਆਰ ਵਧੇਗਾ।(ਅਹਿਮਦ, ਤਿਰਮਜ਼ੀ, ਨਿਸਾਈ, ਇਬਨ-ਏ-ਮਾਜਾ, ਦਾਰੀ)

ਔਰਤ ਨੂੰ ਕਿਸੇ ਵਿਸ਼ੇਸ਼ ਜ਼ਰੂਰਤ ਦੇ ਮੌਕੇ ਵੇਖਿਆ ਜਾ ਸਕਦਾ ਹੈ ਜਿਵੇਂ ਕਿਸੇ ਜੁਰਮ ਦੇ ਸਿਲਸਿਲੇ ਵਿਚ ਕਿਸੇ ਔਰਤ ਤੋਂ ਪੁੱਛ ਗਿੱਛ ਕਰਨਾ, ਅਦਾਲਤ ਵਿਚ ਕਿਸੇ ਗਵਾਹੀ ਦੇ ਮੌਕੇ ਕਾਜ਼ੀ ਦਾ ਜਾਂ ਕਿਸੇ ਗਵਾਹ ਔਰਤ ਨੂੰ ਜਾਂ ਇਲਾਜ ਦੇ ਲਈ ਕਿਸੇ ਡਾਕਟਰ ਕੋਲ ਲੈ ਕੇ ਜਾਣਾ।

ਆਪ ਨੇ ਫ਼ਰਮਾਇਆ ਕਿ ਕੋਈ ਆਦਮੀ ਕਿਸੇ ਆਦਮੀ ਦੀ ਸਤਰ (ਧੁੰਨ ਤੋਂ ਲੈ ਕੇ ਗੋਡਿਆਂ ਤੱਕ) ਨੂੰ ਨਾ ਵੇਖੇ ਅਤੇ ਨਾ ਕੋਈ ਔਰਤ ਕਿਸੇ ਔਰਤ ਦੀ ਸਤਰ ਵੇਖੇ। (ਅਹਿਮਦ, ਮੁਸਲਿਮ, ਤਿਰਮਜ਼ੀ)

ਹਜ਼ਰਤ ਉੱਮੇ ਸਲਮਾ (ਰਜ਼ੀ.) ਅਤੇ ਹਜ਼ਰਤ ਮੈਮੂਨਾ (ਰਜ਼ੀ.) ਹਜ਼ੂਰ (ਸ.) ਕੋਲ ਬੈਠੀਆਂ ਹੋਈਆਂ ਸਨ।ਕੁਝ ਚਿਰ ਬਾਅਦ ਹਜ਼ਰਤ ਇਬਨ-ਏ-ਮਕਤੂਮ ਆ ਗਏ।ਹਜ਼ੂਰ (ਸ.) ਨੇ ਆਪਣੀਆ ਪਤਨੀਆਂ ਨੂੰ ਫ਼ਰਮਾਇਆ ਕਿ ਤੁਸੀਂ ਇਹਨਾਂ ਤੋਂ ਪਰਦਾ ਕਰੋ।ਪਤਨੀਆਂ ਨੇ ਅਰਜ਼ ਕੀਤੀ ਕਿ ਹਜ਼ੂਰ ਕੀ ਇਹ ਅੰਨ੍ਹੇ ਨਹੀਂ ਹਨ ? ਨਾ ਇਹ ਸਾਨੂੰ ਵੇਖ ਸਕਣਗੇ ਅਤੇ ਨਾ ਪਛਾਣ ਸਕਣਗੇ। ਫ਼ਰਮਾਇਆ ਕੀ ਤੁਸੀਂ ਦੋਵੇਂ ਅੰਨ੍ਹੀਆਂ ਹੋ ?ਕੀ ਤੁਸੀਂ ਇਹਨਾਂ ਨੂੰ ਨਹੀਂ ਵੇਖਦੀਆਂ ?ਹਜ਼ਰਤ ਉੱਮੇ ਸਲਮਾ ਵਿਆਖਿਆ ਕਰਦੀਆਂ ਹਨ ਕਿ ਇਹ ਵਾਕਿਆਂ ਉਸ ਸਮੇਂ ਦਾ ਹੈ ਜਦੋਂ ਪਰਦੇ ਦਾ ਹੁਕਮ ਆ ਚੁੱਕਿਆ ਸੀ।

(ਅਹਿਮਦ, ਅਬੂ ਦਾਊਦ ਅਤੇ ਤਿਰਮਜ਼ੀ)

ਔਰਤਾਂ ਨੂੰ ਮਰਦਾਂ ਦੇ ਵੇਖਣ ਦੇ ਮਾਮਲੇ ਸਬੰਧੀ ਐਨੀ ਸਖ਼ਤੀ ਨਹੀਂ ਜਿੰਨੀ ਮਰਦਾਂ ਨੂੰ ਔਰਤਾਂ ਦੇ ਮਾਮਲੇ ਵਿਚ ਹੈ।ਇਕ ਮਜਲਿਸ ਵਿਚ ਆਹਮਣੇ ਸਾਹਮਣੇ ਵੇਖਣਾ ਮਨ੍ਹਾਂ ਹੈ।ਰਸਤਾ ਚਲਦਿਆਂ ਜਾਂ ਦੂਰ ਕੋਈ ਤਮਾਸ਼ਾ ਹੁੰਦਿਆਂ ਆਦਮੀਆਂ 'ਤੇ ਨਜ਼ਰ ਪੈ ਜਾਵੇ ਤਾਂ ਮਨ੍ਹਾਂ ਨਹੀਂ।ਜੇਕਰ ਕੋਈ ਸਖ਼ਤ ਜ਼ਰੂਰਤ ਪੇਸ਼

ਆ ਆਵੇ ਅਤੇ ਇਕੋ ਘਰ ਵਿਚ ਰਹਿੰਦੇ ਹੋ ਤਾਂ ਕੋਈ ਬੁਰਾਈ ਨਹੀਂ। ਇਹ ਗੱਲ ਵੀ ਧਿਆਨਯੋਗ ਹੈ ਕਿ ਇਹ ਜਾਇਜ਼ ਨਹੀਂ ਕਿ ਔਰਤਾਂ ਆਰਾਮ ਨਾਲ ਮਰਦਾਂ ਨੂੰ ਘੂਰਨ ਅਤੇ ਉਹਨਾਂ ਦੇ ਹੁਸਨ ਨਾਲ ਆਪਣੀਆਂ ਅੱਖਾਂ ਸੇਕਣ।

ਮਰਦਾਂ ਲਈ ਔਰਤਾਂ ਦਾ ਸਤਰ (ਹੱਥ ਅਤੇ ਮੂੰਹ ਤੋਂ ਇਲਾਵਾ) ਪੂਰਾ ਸਰੀਰ ਹੈ। ਜਿਸ ਨੂੰ ਆਪਣੀ ਪਤੀ ਤੋਂ ਇਲਾਵਾ ਕਿਸੇ ਦੂਸਰੇ ਮਰਦ ਇਥੋਂ ਤੱਕ ਕਿ ਬਾਪ ਅਤੇ ਭਾਈ ਦੇ ਸਾਹਮਣੇ ਵੀ ਖੋਲ੍ਹਣਾ ਜਾਇਜ਼ ਨਹੀਂ। ਔਰਤ ਲਈ ਅਜਿਹਾ ਚੁਸਤ ਅਤੇ ਬਰੀਕ ਕੱਪੜਾ ਪਹਿਨਣਾ ਵੀ ਠੀਕ ਨਹੀਂ ਜਿਸ ਨਾਲ ਸਰੀਰ ਅੰਦਰੋਂ ਝਲਕੇ ਜਾਂ ਸਰੀਰ ਦੀ ਬਣਾਵਟ ਵਿਖਾਈ ਦੇਵੇ।

ਹਜ਼ਰਤ ਆਇਸ਼ਾ (ਰਜ਼ੀ.) ਰਵਾਰਿਤ ਕਰਦੀਆਂ ਹਨ ਕਿ ਉਹਨਾਂ ਦੇ ਕੋਲ ਉਹਨਾਂ ਦੇ ਭਾਈ ਅਬਦੁੱਲਾਹ ਬਿਨ ਤੁਫ਼ੈਲ ਦੀ ਬੇਟੀ ਆਈ ਹੋਈ ਸੀ। ਹਜ਼ੂਰ (ਸ.) ਘਰ ਤਸ਼ਰੀਫ਼ ਲੈ ਆਏ ਤਾਂ ਉਹਨਾਂ ਨੂੰ ਵੇਖ ਕੇ ਮੂੰਹ ਫੇਰ ਲਿਆ। ਹਜ਼ਰਤ ਆਇਸ਼ਾ (ਰਜ਼ੀ.) ਨੇ ਅਰਜ਼ ਕੀਤੀ ਕਿ ਇਹ ਮੇਰੀ ਭਤੀਜੀ ਹੈ। ਆਪ ਨੇ ਫ਼ਰਮਾਇਆ, ਜਦੋਂ ਔਰਤ ਬਾਲਿਗ਼ ਹੋ ਜਾਵੇ ਤਾਂ ਉਸ ਲਈ ਜਾਇਜ਼ ਨਹੀਂ ਕਿ ਆਪਣੇ ਚਿਹਰੇ ਅਤੇ ਹੱਥਾਂ ਦੇ ਸਵਾਏ ਆਪ (ਸ.) ਨੇ ਹੱਥ ਦੀ ਹੱਦ ਆਪਣੀ ਕਲਾਈ (ਗੁੱਟ) ਤੇ ਹੱਥ ਰੱਖ ਕੇ ਦਰਸਾਈ ਕਿ ਆਪ ਦੀ ਮੁੱਠੀ ਅਤੇ ਹਥੇਲੀ ਦੇ ਵਿਚਕਾਰ ਸਿਰਫ਼ ਇੱਕ ਮੁਠੀ ਦੀ ਥਾਂ ਬਾਕੀ ਸੀ।

ਇਸ ਮਾਮਲੇ ਸਬੰਧੀ ਆਪਣੇ ਮਹਿਰਮ ਰਿਸ਼ਤੇਦਾਰਾਂ ਜਿਵੇਂ ਬਾਪ ਅਤੇ ਭਾਈ ਆਦਿ ਦੇ ਸਾਹਮਣੇ ਔਰਤ ਆਪਣਾ ਸਰੀਰ ਖੋਲ੍ਹ ਸਕਦੀ ਹੈ ਜਿਵੇਂ ਘਰ ਦੇ ਕੰਮ-ਕਾਜ ਕਰਦਿਆਂ ਖੋਲ੍ਹਣ ਦੀ ਆਗਿਆ ਹੈ। ਆਟਾ ਗੁੰਨਣ ਵੇਲੇ ਆਪਣੀਆਂ ਬਾਹਵਾਂ ਦਾ ਚੜ੍ਹਾਉਣਾ ਜਾਂ ਘਰ ਦਾ ਫ਼ਰਸ਼ ਧੋਂਦੇ ਸਮੇਂ ਸ਼ਲਵਾਰ ਨੂੰ ਉੱਚਾ ਚੁੱਕ ਲੈਣਾ।

## ਦੁਪੱਟਾ

ਇਸਲਾਮ ਆਉਣ ਤੋਂ ਪਹਿਲਾਂ ਔਰਤਾਂ ਅਰਬ ਵਿਚ ਆਪਣੇ ਸਿਰਾਂ ਤੇ ਕਪੜਾ ਬੰਨ੍ਹਿਆ ਕਰਦੀਆਂ ਸਨ ਜਿਸ ਦੀ ਗੱਠ ਜੂੜੇ ਵਾਂਗ ਗੁੱਤ ਦੇ ਪਿੱਛੇ ਕੀਤੀ ਹੁੰਦੀ ਸੀ। ਸਾਹਮਣੇ ਕੁਰਤੇ ਦਾ ਇਕ ਹਿੱਸਾ ਖੁੱਲ੍ਹਾ ਰਹਿੰਦਾ ਸੀ। ਜਿਸ ਨਾਲ ਗਲਾ ਅਤੇ ਸੀਨਾ ਸਪਸ਼ਟ ਤੌਰ 'ਤੇ ਵਿਖਾਈ ਦਿੰਦਾ ਸੀ। ਪਿੱਛੇ ਦੋ-ਦੋ ਤਿੰਨ-ਤਿੰਨ ਗੁੱਤਾਂ ਲਟਕਦੀਆਂ ਰਹਿੰਦੀਆਂ ਸਨ।

ਇਸ ਪਿੱਛੋਂ ਜਦੋਂ ਕੁਰਆਨ ਦੀ ਸੂਰਤ ਅਨ-ਨੂਰ ਆਇਤ ਨਾਜ਼ਿਲ ਹੋਈ ਜਿਸ ਦਾ ਅਨੁਵਾਦ ਇਸ ਪ੍ਰਕਾਰ ਹੈ :

'ਅਤੇ ਆਪਣਿਆਂ ਸੀਨਿਆਂ 'ਤੇ ਆਪਣੀਆਂ ਓੜ੍ਹਨੀਆਂ ਦੇ ਪੱਲੇ ਪਾਈਂ ਰੱਖਿਆ ਕਰੋ।' ਤਾਂ ਇਸ ਨਾਲ ਮੁਸਲਮਾਨ ਔਰਤਾਂ ਵਿਚ ਪਰਦੇ ਦਾ ਰਿਵਾਜ ਪੈ ਗਿਆ। ਇਸ ਦਾ ਮਕਸਦ ਇਹ ਨਹੀਂ ਸੀ ਜੋ ਅੱਜਕਲ ਦੁਪੱਟੇ ਦੇ ਵਟੇ ਦੇ ਕੇ ਗਲੇ ਦਾ ਹਾਰ ਬਣਾ ਲਿਆ ਜਾਂਦਾ ਹੈ।

ਇਤਿਹਾਸ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਜਦੋਂ ਸੂਰਤ ਅਨ-ਨੂਰ ਨਾਜ਼ਿਲ ਹੋਈ ਤਾਂ ਸਹਾਬੀ ਹਜ਼ੂਰ (ਸ.) ਤੋਂ ਇਹ ਸੁਣ ਕੇ ਆਪਣੇ ਆਪਣੇ ਘਰਾਂ 'ਚ ਗਏ ਅਤੇ ਆਪਣੀਆਂ ਆਪਣੀਆਂ ਪਤਨੀਆਂ, ਪੁੱਤਰੀਆਂ ਅਤੇ ਭੈਣਾਂ ਨੂੰ ਇਹ ਆਇਤਾਂ ਸੁਣਾਈਆਂ, ਅਨਸਾਰ ਦੀਆਂ ਔਰਤਾਂ ਵਿਚੋਂ ਕੋਈ ਵੀ ਅਜਿਹੀ ਔਰਤ ਨਹੀਂ ਸੀ ਜੋ ਕੁਰਆਨ ਦੀਆਂ ਆਇਤਾਂ ਸੁਣ ਕੇ ਆਪਣੀ ਥਾਂ ਬੈਠੀ ਰਹਿ ਗਈ ਹੋਵੇ, ਹਰੇਕ ਉੱਠੀ ਕਿਸੇ ਨੇ ਆਪਣੀ ਕਮਰ ਪੱਟੀ ਖੋਲ੍ਹੀ, ਕਿਸੇ ਨੇ ਚਾਦਰ ਲੈ ਕੇ ਉਸ ਦਾ ਦੁਪੱਟਾ ਬਣਾਇਆ ਅਤੇ ਸਿਰ ਤੇ ਲੈ ਲਿਆ। ਦੂਸਰੇ ਦਿਨ ਸਵੇਰ ਦੀ ਨਮਾਜ਼ ਵੇਲੇ ਜਿੰਨੀਆਂ ਔਰਤਾਂ ਮਸਜਿਦ-ਏ-ਨਬਵੀ ਵਿਚ ਹਾਜ਼ਰ ਹੋਈਆਂ ਸਭ ਦੇ ਦੁਪੱਟੇ ਲਏ ਹੋਏ ਸਨ।

ਨਬੀ-ਏ-ਕਰੀਮ (ਸ.) ਕੋਲ ਮਿਸਰ ਦੀ ਬਣੀ ਹੋਈ ਬਰੀਕ ਮਲਮਲ ਆਈ, ਆਪ ਨੇ ਇਸ ਵਿਚੋਂ ਇਕ ਟੁਕੜਾ ਮੈਨੂੰ ਦੇ ਦਿੱਤਾ ਅਤੇ ਫ਼ਰਮਾਇਆ ਇਕ ਹਿੱਸਾ ਪਾਟ ਕੇ ਕੁਰਤਾ ਬਣਾ ਲਓ ਅਤੇ ਦੂਸਰੇ ਹਿੱਸੇ ਦਾ ਆਪਣੀ ਪਤਨੀ ਨੂੰ ਦੁਪੱਟਾ ਬਣਾਉਣ ਲਈ ਦੇ ਦੇਵੋ ਪਰੰਤੂ ਉਹਨਾਂ ਨੂੰ ਇਹ ਕਹਿ ਦੇਵੋ ਕਿ ਇਸ ਦੇ ਹੇਠਾਂ ਇਕ ਹੋਰ ਕਪੜਾ ਲਗਾ ਲੈਣ ਤਾਂ ਜੋ ਸਰੀਰ ਦੀ ਬਣਾਵਟ ਅੰਦਰੋਂ ਵਿਖਾਈ ਨਾ ਦੇਵੇ।

ਇਸਲਾਮ ਨੇ ਔਰਤ ਨੂੰ ਆਪਣੇ ਦਾਇਰੇ ਵਿਚ ਖ਼ੂਬਸੂਰਤੀ ਨਾਲ ਜ਼ਿੰਦਗੀ ਗੁਜ਼ਾਰਨ ਅਤੇ ਪਾਕ-ਦਾਮਨੀ ਦਾ ਦਰਸ ਦਿੱਤਾ ਹੈ ਅਜਿਹਾ ਹੋਰ ਕਿਧਰੇ ਨਜ਼ਰੀਂ ਨਹੀਂ ਆਉਂਦਾ। ਰਿਸ਼ਤੇਦਾਰਾਂ ਅਤੇ ਅਜਨਬੀਆਂ ਦੇ ਸਾਹਮਣੇ ਬਣਾਓ-ਸ਼ਿੰਗਾਰ ਕਰਕੇ ਆਉਣ ਨੂੰ ਮਨ੍ਹਾਂ ਫ਼ਰਮਾਇਆ ਹੈ। ਕੁਰਆਨ ਮਜੀਦ ਵਿਚ ਸਪਸ਼ਟ ਤੌਰ 'ਤੇ ਔਰਤ ਨੂੰ ਪਰਦੇ ਦੀ ਆਜ਼ਾਦੀ ਦਿੰਦੇ ਹੋਏ ਫ਼ਰਮਾਇਆ ਗਿਆ ਹੈ ਕਿ ਉਹ ਆਪਣਾ ਹਾਰ-ਸ਼ਿੰਗਾਰ ਜ਼ਾਹਰ ਨਾ ਕਰਨ, ਛੁੱਟ ਉਹਨਾਂ ਲੋਕਾਂ ਦੇ ਸਾਹਮਣੇ ਜਿਵੇਂ ਪਤੀ, ਬਾਪ, ਪਤੀ ਦੇ ਬਾਪ, ਆਪਣੇ ਬੇਟੇ, ਪਤੀਆਂ ਦੇ ਬੇਟੇ, ਭਾਈ, ਭਾਈਆਂ ਦੇ ਬੇਟੇ, ਭੈਣਾਂ ਦੇ ਬੇਟੇ, ਆਪਣੇ ਮੇਲ-ਜੋਲ ਵਾਲੀਆਂ ਔਰਤਾਂ, ਆਪਣੀ ਅਧੀਨ ਰਹਿੰਦੇ ਮਰਦ ਜਿਹੜੇ ਕਿਸੇ ਪ੍ਰਕਾਰ ਦੀ ਚਾਹਣਾ ਨਾ ਰੱਖਦੇ ਹੋਣ ਅਤੇ ਉਹ ਬੱਚੇ ਜਿਹੜੇ ਔਰਤਾਂ ਦੀਆਂ ਪੋਸ਼ੀਦਾ ਗੱਲਾ ਤੋਂ ਜਾਣੂੰ ਨਾ ਹੋਣ।

ਹਜ਼ਰਤ ਅਸਮਾ (ਰਜ਼ੀ.) ਬਿਨ ਅਬੀ ਬਕਰ (ਰਜ਼ੀ.) ਜੋ ਨਬੀ-ਏ-ਕਰੀਮ (ਸ.) ਦੀ ਰਿਸ਼ਤੇ 'ਚ ਸਾਲੀ ਲਗਦੀ ਸੀ ਅਖ਼ੀਰ ਸਮੇਂ ਤੱਕ ਆਪ (ਸ.) ਦੇ ਅਤੇ ਉਹਨਾਂ ਦੇ ਵਿਚਕਾਰ ਚਿਹਰੇ ਅਤੇ ਹੱਥਾਂ ਤੱਕ ਦਾ ਪਰਦਾ ਨਹੀਂ ਸੀ।

ਹਜ਼ਰਤ ਅੱਬਾਸ ਆਪਣੇ ਬੇਟੇ ਹਜ਼ਰਤ ਫ਼ਜ਼ਲ (ਰਜ਼ੀ.) ਅਤੇ ਰਬੀਆ ਬਿਨ ਹਾਰਿਸ (ਹਜ਼ੂਰ ਸ. ਦੇ ਚਚੇਰੇ ਭਰਾ) ਆਪਣੇ ਪੁੱਤਰ ਅਬਦੁਲ ਮੁਤਲਿਬ ਨੂੰ ਨਬੀ (ਸ.) ਦੇ ਕੋਲ ਇਹ ਕਹਿ ਕੇ ਭੇਜਦੇ ਹਨ ਕਿ ਹੁਣ ਤੁਸੀਂ ਜਵਾਨ ਹੋ ਗਏ ਹੋ, ਤੁਹਾਨੂੰ ਜਦੋਂ ਤੱਕ ਰੋਜ਼ਗਾਰ ਨਾ ਮਿਲੇ ਤੁਹਾਡੀਆਂ ਸ਼ਾਦੀਆਂ ਨਹੀਂ ਹੋ ਸਕਦੀਆਂ।। ਇਸ ਕਰਕੇ ਤੁਸੀਂ ਅੱਲਾਹ ਦੇ ਰਸੂਲ ਦੇ ਕੋਲ ਜਾ ਕੇ ਨੌਕਰੀ ਲਈ ਬੇਨਤੀ ਕਰੋ।ਇਹ ਦੋਵੇਂ ਹਜ਼ਰਤ ਜ਼ੈਨਬ (ਰਜ਼ੀ.) ਦੇ ਮਕਾਨ ਤੇ ਪੁਹੰਚ ਕੇ ਹਜ਼ੂਰ (ਸ.) ਦੀ ਸੇਵਾ ਵਿਚ ਹਾਜ਼ਰ ਹੁੰਦੇ ਹਨ।

ਹਜ਼ਰਤ ਆਇਸ਼ਾ ਅਤੇ ਹਜ਼ਰਤ ਉੱਮੇ ਸਲਮਾ (ਰਜ਼ੀ.) ਤੋਂ ਰਵਾਇਤ ਕੀਤਾ ਜਾਂਦਾ ਹੈ ਕਿ ਮਦੀਨਾ ਵਿਖੇ ਇਕ ਹੀਜੜਾ ਸੀ ਜਿਸ ਨੂੰ ਆਪ (ਸ.) ਦੀਆਂ ਪਤਨੀਆਂ ਅਤੇ ਹੋਰ ਦੂਜੀਆਂ ਔਰਤਾਂ ਹੀਜੜਾ ਸਮਝ ਕੇ ਆਪਣੇ ਕੋਲ ਬੁਲਾ ਲੈਂਦੀਆਂ ਸਨ।ਇਕ ਦਿਨ ਜਦੋਂ ਹਜ਼ੂਰ (ਸ.) ਮੋਮਿਨਾਂ ਦੀ ਮਾਂ ਹਜ਼ਰਤ ਉੱਮੇ ਸਲਮਾਂ (ਰਜ਼ੀ.) ਕੋਲ ਤਸ਼ਰੀਫ਼ ਲੈ ਗਏ ਤਾਂ ਆਪ ਨੇ ਉਸ ਨੂੰ ਹਜ਼ਰਤ ਉੱਮੇ ਸਲਮਾ (ਰਜ਼ੀ.) ਦੇ ਭਾਈ ਦੇ ਨਾਲ ਗੱਲਾਂ ਕਰਦੇ ਸੁਣ ਲਿਆ।ਉਹ ਕਹਿ ਰਿਹਾ ਸੀ ਕਿ ਕੱਲ ਜੇਕਰ ਤਾਇਫ਼ਫ਼ਤਹਿ ਹੋ ਜਾਵੇ ਤਾਂ ਗ਼ੀਲਾਨ ਸਕਫ਼ੀ ਦੀ ਬੇਟੀ ਬਾਦੀਆ ਨੂੰ ਹਾਸਲ ਕੀਤੇ ਬਗ਼ੈਰ ਨਾ ਰਹਿਣਾ, ਫਿਰ ਉਸ ਨੇ ਬਾਦੀਆ ਦੇ ਹੁਸਨ ਅਤੇ ਉਸ ਦੇ ਸਾਰੇ ਸਰੀਰ ਦੀ ਤਾਰੀਫ਼ ਸ਼ੁਰੂ ਕਰ ਦਿੱਤੀ ਅਤੇ ਉਸ ਦੇ ਖ਼ੁਫ਼ੀਆ ਅੰਗਾਂ ਦੀ ਵੀ ਤਾਰੀਫ਼ ਕੀਤੀ।ਨਬੀ (ਸ.) ਨੇ ਇਹ ਗੱਲਾਂ ਸੁਣੀਆਂ ਅਤੇ ਫ਼ਰਮਾਇਆ, 'ਅੱਲਾਹ ਦੇ ਦੁਸ਼ਮਣ ਤੂੰ ਤਾਂ ਉਸ ਵਿਚ ਅੱਖਾਂ ਗੱਡ ਲਈਆਂ।'

ਮੁਸਲਮਾਨ ਔਰਤਾਂ ਅਜਿਹੇ ਬੱਚਿਆਂ ਦੇ ਸਾਹਮਣੇ ਜਿਹਨਾਂ ਵਿਚ ਹਾਲੀਂ ਮਰਦਾਨਾ ਹਿਸ ਬੇਦਾਰ ਨਾ ਹੋਈ ਹੋਵੇ(ਇਹ ਹੱਦ ਦਸ ਸਾਲ ਦੀ ਉਮਰ ਤੱਕ ਦੇ ਬੱਚਿਆਂ ਲਈ ਢੁਕਦੀ ਹੈ ਇਸ ਤੋਂ ਵੱਧ ਉਮਰ ਦੇ ਬੱਚੇ ਭਾਵੇਂ ਬਾਲਿਗ ਨਾ ਹੋਣ ਪਰੰਤੂ ਉਹਨਾਂ ਵਿਚ ਮਰਦਾਨਾ ਹਿਸ ਜਾਗਣ ਲਗ ਜਾਂਦੀ ਹੈ, ਦੇ ਬਾਰੇ ਫ਼ਰਮਾਇਆ ਹੈ ਕਿ ਉਹ ਬੱਚੇ ਜਿਹੜੇ ਔਰਤਾਂ ਦੀਆਂ ਪੋਸ਼ੀਦਾ ਗੱਲਾਂ ਤੋਂ ਹਾਲੀਂ ਵਾਕਿਫ਼ ਨਾ ਹੋਣ' ਨੂੰ ਕੋਲ ਬਿਠਾਇਆ ਜਾ ਸਕਦਾ ਹੈ।

ਜ਼ੇਵਰ ਪਹਿਨਣ ਸਬੰਧੀ ਆਪ ਦਾ ਫ਼ਰਮਾਨ ਹੈ ਕਿ ਉਹ ਆਪਣੇ ਪੈਰਾਂ ਨੂੰ ਜ਼ਮੀਨ 'ਤੇ ਮਾਰਦੀਆਂ ਹੋਈਆਂ ਨਾ ਚੱਲਿਆ ਕਰਨ ਕਿ ਉਹ ਜ਼ੀਨਤ ਜਿਹੜੀ ਉਹਨਾਂ ਨੇ ਛੁਪਾ ਰਖੀ ਹੈ ਉਸ ਦਾ ਲੋਕਾਂ ਨੂੰ ਇਲਮ ਨਾ ਹੋ ਜਾਵੇ।

ਆਪ ਦਾ ਫ਼ਰਮਾਨ ਹੈ ਕਿ ਖ਼ੁਸ਼ਬੂ ਲਗਾ ਕੇ ਬਾਹਰ ਨਾ ਨਿਕਲਿਆ ਕਰੋ।ਆਪ ਨੇ ਫ਼ਰਮਾਇਆ ਕਿ ਜਿੱਥੇ ਉਸ ਦੇ ਦਿਉਰ, ਜੇਠ, ਭਣੋਈਆ, ਚਚੇਰਾ ਭਰਾ, ਮਾਮੇ ਦਾ ਪੁੱਤਰ, ਭੂਆ ਦਾ ਪੁੱਤਰ, ਮਾਸੀ ਦਾ ਪੁੱਤਰ ਆਉਂਦੇ ਜਾਂਦੇ ਹੋਣ (ਅਜਿਹੇ ਮੌਕਿਆਂ 'ਤੇ) ਇਤਰ ਲਾਉਣਾ ਅਤੇ ਮੇਕਅਪ ਕਰਨਾ ਮਨ੍ਹਾਂ ਹੈ।ਆਪ ਦਾ ਫ਼ਰਮਾਨ ਹੈ ਕਿ ਜਿੱਥੇ ਇਕਾਂਤ ਵਿਚ ਦੋ ਨਾ-ਮਹਿਰਮ ਮਰਦ ਔਰਤ ਇਕੱਠੇ ਹੋਣ ਉੱਥੇ ਤੀਜਾ ਸ਼ੈਤਾਨ ਹੁੰਦਾ ਹੈ।ਇਕ ਥਾਂ ਆਪ ਦਾ ਇਹ ਵੀ ਫ਼ਰਮਾਨ ਹੈ ਕਿ ਪਤੀ ਦੇ ਰਿਸ਼ਤੇਦਾਰਾਂ ਤੋਂ ਏਨਾ ਸਖ਼ਤ ਪਰਦਾ ਕਰੋ ਅਤੇ ਏਨਾ ਡਰੋ ਜਿਵੇਂ ਮੌਤ ਤੋਂ ਡਰਦੇ ਹੋ।

ਇਸ ਦਾ ਵੱਡਾ ਕਾਰਨ ਇਹ ਹੈ ਕਿ ਅਜਿਹੇ ਰਿਸ਼ਤਿਆਂ ਵਿਚ ਇਨਸਾਨ ਅਣਗੌਲਿਆਂ ਕਰ ਦਿੰਦਾ ਹੈ ਕਿ ਇਹ ਆਮ ਰਿਸ਼ਤੇਦਾਰ ਹਨ, ਦਿਲ ਵਿਚ ਰਤਾ ਕੁ ਵੀ ਸ਼ੰਕਾ ਨਹੀਂ ਆਉਂਦਾ।ਅਕਸਰ ਵੇਖਦੇ ਹਾਂ ਕਿ ਫ਼ਲਾਣਾ ਆਇਆ ਤੇ ਗਿਆ। ਇਹ ਆਪਣਾ ਰਿਸ਼ਤੇਦਾਰ ਹੈ।ਇਸ ਸਬੰਧੀ ਖ਼ਤਰੇ ਦੀ ਕਿਹੜੀ ਗੱਲ ਹੈ ? ਇਹ ਤਾਂ ਦਿਉਰ, ਮਾਮੇ ਦਾ ਪੁੱਤਰ, ਚਾਚੇ ਦਾ ਪੁੱਤਰ, ਭੂਆ ਦਾ ਪੁੱਤਰ ਹੈ।ਕਈ ਬਾਰੀ ਇਹ ਹੱਦਾਂ ਏਨੀਆਂ ਟੱਪ ਜਾਂਦੇ ਹਨ ਕਿ ਪਾਪਾਂ ਦੇ ਘੇਰੇ ਵਿਚ ਘਿਰ ਜਾਂਦੇ ਹਨ ਜਿਸ ਨਾਲ ਸਮਾਜ ਵਿਚ ਬੁਰਾਈ ਫੈਲਦੀ ਹੈ।ਘਰ ਬਰਬਾਦ ਹੋ ਜਾਂਦੇ ਹਨ।ਲੜਾਈ ਝਗੜਿਆਂ ਦੀ ਨੌਬਤ ਆ ਜਾਂਦੀ ਹੈ।ਅਜੋਕੇ ਦੌਰ ਵਿਚ ਮਾਪਿਆਂ ਲਈ ਜ਼ਰੂਰੀ ਹੈ ਕਿ ਉਹ ਆਜ਼ਾਦ ਸਮਾਜ 'ਚ ਇਹਨਾਂ ਪਾਬੰਦੀਆਂ 'ਤੇ ਅਮਲ ਕਰਨ।

ਹਜ਼ਰਤ ਜਾਬਿਰ ਬਿਨ ਅਬਦੁੱਲਾਹ (ਰਜ਼ੀ.) ਦੀ ਰਵਾਇਤ ਹੈ ਕਿ ਆਪ (ਸ.) ਨੇਫ਼ਰਮਾਇਆ ਕਿ ਜਿਹੜੀਆਂ ਔਰਤਾਂ ਦੇ ਪਤੀ ਬਾਹਰ ਗਏ ਹੋਏ ਹੋਣ ਉਹਨਾਂ ਦੇ ਕੋਲ ਨਾ ਜਾਓ ਕਿਉਂਕਿ ਸ਼ੈਤਾਨ ਤੁਹਾਡੇ ਹਰੇਕ 'ਚ ਲਹੂ ਵਾਂਗ ਗਰਦਿਸ਼ ਕਰ ਰਿਹਾ ਹੈ।

(ਤਿਰਮਜ਼ੀ)

ਆਪ (ਸ.) ਨੇ ਇਸ ਗੱਲ ਨੂੰ ਵੀ ਜਾਇਜ਼ ਨਹੀਂ ਠਹਿਰਾਇਆ ਕਿ ਕਿਸੇ ਮਰਦ ਦਾ ਹੱਥ ਕਿਸੇ ਗ਼ੈਰ ਮਹਿਰਮ ਔਰਤ ਦੇ ਸਰੀਰ ਨੂੰ ਲੱਗੇ।।ਇਸੇ ਕਰਕੇ ਆਪ (ਸ.) ਮਰਦਾਂ ਨੂੰ ਬੈਅਤ (ਕਿਸੇ ਦੇ ਹੱਥ ਵਿਕ ਜਾਣਾ) ਕਰਦੇ ਸਮੇਂ ਹੱਥ ਵਿਚ ਹੱਥ ਲੈ ਕੇ ਕਰਦੇ ਸਨ ਪਰੰਤੂ ਔਰਤਾਂ ਨੂੰ ਬੈਅਤ ਕਰਨ ਦਾ ਇਹ ਤਰੀਕਾ ਆਪ (ਸ.) ਨੇ ਕਦੀ ਅਖ਼ਤਿਆਰ ਨਹੀਂ ਫ਼ਰਮਾਇਆ।

ਹਜ਼ਰਤ ਆਇਸ਼ਾ (ਰਜ਼ੀ.) ਫ਼ਰਮਾਉਂਦੀਆਂ ਹਨ ਨਬੀ (ਸ.) ਦਾ ਹੱਥ ਕਦੀ ਵੀ ਕਿਸੇ ਗ਼ੈਰ ਔਰਤ ਦੇ ਸਰੀਰ ਨੂੰ ਨਹੀਂ ਲੱਗਿਆ।ਆਪ ਔਰਤ ਤੋਂ ਸਿਰਫ਼

ਜ਼ੁਬਾਨੀ ਵਾਅਦਾ ਕਰਵਾਇਆ ਕਰਦੇ ਸਨ। ਜਦੋਂ ਉਹ ਵਾਅਦਾ ਕਰ ਲੈਂਦੀਆ ਸਨ ਤਾਂ ਆਪ ਫ਼ਰਮਾਉਂਦੇ ਜਾਓ ਤੁਹਾਡੀ ਬੈਅਤ ਹੋ ਗਈ ਹੈ।(ਅਬੂ ਦਾਊਦ)

ਆਪ (ਸ.) ਨੇ ਔਰਤ ਨੂੰ ਮਹਿਰਮ ਤੋਂ ਬਗ਼ੈਰ ਇਕੱਲਿਆਂ ਜਾਂ ਗ਼ੈਰ ਮਹਿਰਮ ਨਾਲ ਸਫ਼ਰ ਕਰਨ ਨੂੰ ਸਖ਼ਤੀ ਨਾਲ ਮਨ੍ਹਾਂ ਫ਼ਰਮਾਇਆ ਹੈ।ਬੁਖ਼ਾਰੀ ਅਤੇ ਮਸਲਿਮ ਸ਼ਰੀਫ਼ ਵਿਚ ਇਬਨ-ਏ-ਅੱਬਾਸ ਤੋਂ ਰਵਾਇਤ ਹੈ ਕਿ ਹਜ਼ੂਰ (ਸ.) ਨੇ ਸੰਬੋਧਨ ਕਰਦਿਆਂ ਫ਼ਰਮਾਇਆ ਕਿ ਕੋਈ ਮਰਦ ਕਿਸੇ ਔਰਤ ਨੂੰ ਇਕਾਂਤ ਵਿਚ ਨਾ ਮਿਲੇ।ਜਦੋਂ ਤੱਕ ਉਸ ਦੇ ਨਾਲ ਉਸ ਦਾ ਮਹਿਰਮ ਨਾ ਹੋਵੇ ਅਤੇ ਕੋਈ ਔਰਤ ਸਫ਼ਰ ਨਾ ਕਰੇ।ਇਕ ਆਦਮੀ ਉੱਠਿਆ ਅਤੇ ਅਰਜ਼ ਕੀਤੀ, ਮੇਰੀ ਪਤਨੀ ਹੱਜ ਨੂੰ ਜਾ ਰਹੀ ਹੈ ਅਤੇ ਮੇਰਾ ਨਾਂ ਫ਼ੁਲਾਣੀ ਲੜਾਈ ਵਿਚ ਜਾਣ ਲਈ ਲਿਖਿਆ ਜਾ ਚੁੱਕਿਆ ਹੈ।ਆਪ ਨੇ ਫ਼ਰਮਾਇਆ, ਚੰਗਾ ਤੁਸੀਂ ਆਪਣੀ ਪਤਨੀ ਨਾਲ ਹੱਜ ਲਈ ਚਲੇ ਜਾਓ।

ਇਸਲਾਮ ਨੇ ਜਦੋਂ ਹੱਜ ਵਰਗਾ ਅਹਿਮ ਫ਼ਰੀਜ਼ਾ ਅਦਾ ਕਰਨ ਲਈ ਵੀ ਮਹਿਰਮ ਦਾ ਹੋਣਾ ਸ਼ਰਤ ਦੱਸਿਆ ਹੈ ਅਤੇ ਇਕੱਲਿਆਂ ਸਫ਼ਰ ਕਰਨ ਨੂੰ ਮਨ੍ਹਾਂ ਫ਼ਰਮਾਇਆ ਹੈ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਸਮਾਜ ਨੂੰ ਸਾਫ਼-ਸੁਥਰਾ ਰੱਖਣ ਅਤੇ ਪਾਕੀਜ਼ਾ ਮਾਹੌਲ ਬਨਾਉਣ ਲਈ ਔਰਤ ਦਾ ਅਹਿਮ ਰੋਲ ਹੈ।

ਉੱਮੇ ਹਮੀਦ ਸਾਅਦੀਆ ਕਹਿੰਦੀਆਂ ਹਨ ਕਿ ਮੈਂ ਅਰਜ਼ ਕੀਤੀ ਕਿ ਐ ਅੱਲਾਹ ਦੇ ਰਸੂਲ (ਸ.) ਮੇਰਾ ਦਿਲ ਤੁਹਾਡੇ ਪਿੱਛੇ ਨਮਾਜ਼ ਪੜ੍ਹਨ ਲਈ ਕਰਦਾ ਹੈ।ਫ਼ਰਮਾਇਆ, ਤੁਹਾਡਾ ਆਪਣੇ ਕਮਰੇ ਵਿਚ ਨਮਾਜ਼ ਪੜ੍ਹਨਾ ਬ੍ਰਾਂਡੇ ਨਾਲੋਂ ਚੰਗਾ ਹੈ, ਤੁਹਾਡਾ ਆਪਣੇ ਘਰ ਵਿਚ ਨਮਾਜ਼ ਪੜ੍ਹਨਾ ਆਪਣੇ ਮੁਹੱਲੇ ਦੀ ਮਸਜਿਦ ਵਿਚ ਨਮਾਜ਼ ਪੜ੍ਹਨ ਨਾਲੋਂ ਵਧੀਆ ਹੈ।(ਅਹਿਮਦ, ਤਿਬਰਾਨੀ)

ਇਸਲਾਮ ਵਿਚ ਮਰਦ ਔਰਤਾਂ ਦੇ ਨਾ ਕਿਸੇ ਮਿਲੇ-ਜੁਲੇ ਪ੍ਰੋਗਰਾਮ ਦੀ ਗੁੰਜਾਇਸ਼ ਹੈ ਅਤੇ ਨਾ ਮਿਲੀ-ਜੁਲੀ ਵਿਦਿਆ ਦੀ।ਇਸੇ ਤਰ੍ਹਾਂ ਇਕ ਮੁਸਲਮਾਨ ਔਰਤ ਕਿਸੇ ਅਜਨਬੀ ਆਦਮੀ ਦੇ ਨਾਲ ਨਾ ਕੋਈ ਫ਼ੌਜੀ ਟਰੇਨਿੰਗ ਅਤੇ ਨਾ ਫ਼ੌਜੀ ਮਸ਼ਕ ਕਰਨ, ਖੇਡਣ, ਭੱਜਣ, ਸੈਰ-ਸਪਾਟਾ, ਮੰਡੀ ਬਜ਼ਾਰ ਤੋਂ ਲੈ ਕੇ ਐਸੰਬਲੀ ਹਾਲ ਤੱਕ ਕਿਸੇ ਵੀ ਸਥਾਨ ਤੇ ਦੋਵਾਂ ਦਾ ਮਿਲਣਾ-ਜੁਲਣਾ, ਆਉਣਾ-ਜਾਣਾ ਖ਼ਤਰੇ ਦੀ ਘੰਟੀ ਹੈ।

ਇਸਲਾਮ ਮੀਆਂ-ਬੀਵੀ ਦੇ ਸਬੰਧਾਂ ਨੂੰ ਬਹੁਤ ਮਜ਼ਬੂਤ ਵੇਖਣਾ ਚਾਹੁੰਦਾ ਹੈ ਪਰੰਤੂ ਇਹ ਰਿਸ਼ਤਾ ਏਨਾ ਨਾਜ਼ੁਕ ਹੈ ਕਿ ਰਤਾ ਕੁ ਧੱਕੇ ਨਾਲ ਟੁੱਟ ਵੀ ਜਾਂਦਾ ਹੈ। ਸ਼ਰੀਫ਼ ਅਤੇ ਗ਼ੈਰਤਮੰਦ ਆਦਮੀ ਇਸ ਗੱਲ ਨੂੰ ਪਸੰਦ ਨਹੀਂ ਕਰਦਾ ਕਿ ਉਸ

ਦੀ ਪਤਨੀ ਜਾਂ ਬੇਟੀ ਕੋਲ ਕੋਈ ਗ਼ੈਰ ਮਰਦ ਆਵੇ ਕਿਉਂਕਿ ਇਸ ਨਾਲ ਬਹੁਤ ਸਾਰਿਆਂ ਫ਼ਿਤਨਿਆਂ ਨੂੰ ਜਨਮ ਮਿਲਦਾ ਹੈ।

ਹਜ਼ਰਤ ਉਮਰ (ਰਜ਼ੀ.) ਫ਼ਰਮਾਉਂਦੇ ਹਨ ਕਿ ਔਰਤ ਪੋਸ਼ੀਦਾ (ਛੁਪਾ ਕੇ) ਰੱਖਣ ਵਾਲੀ ਚੀਜ਼ ਹੈ, ਇਸ ਲਈ ਤੁਸੀਂ ਇਸ ਨੂੰ ਘਰਾਂ ਵਿਚ ਛੁਪਾਓ।

(ਉਯੂਨ-ਨੁਲ-ਅਖ਼ਬਾਰ ਜਿਲਦ ਪੰਜਵੀਂ ਪੰਨਾ 78)

ਔਰਤਾਂ ਲਈ ਦਰਮਿਆਨੇ ਪਣ ਦਾ ਬਣਾਓ-ਸ਼ਿੰਗਾਰ ਕਰਨਾ ਜਾਇਜ਼ ਕਰਾਰ ਦਿੱਤਾ ਗਿਆ ਪਰੰਤੂ ਆਪਣੇ ਵਾਲਾਂ ਨੂੰ ਲੰਬਾ ਕਰਨ ਲਈ ਬਣਾਉਟੀ ਵਾਲ ਲਗਾਉਣਾ, ਆਪਣੇ ਸਰੀਰ ਦੇ ਹਿੱਸਿਆਂ 'ਤੇ ਗੋਦਨਾ, ਬਣਾਉਟੀ ਤਿਲ ਬਣਾਉਣਾ, ਅੱਖਾਂ ਦੇ ਭਰਵੱਟਿਆ ਤੋਂ ਵਾਲ ਪੁੱਟਣਾ ਆਦਿ ਮਨ੍ਹਾਂ ਹੈ।

ਅਜਿਹਾ ਕਰਨ ਲਈ ਆਪ (ਸ.) ਦਾ ਫ਼ਰਮਾਨ ਨਾ ਕਿਸੇ ਆਪ (ਸ.) ਦੀ ਪਤਨੀ ਤੋਂ ਸਾਬਤ ਹੁੰਦਾ ਹੈ ਅਤੇ ਨਾ ਹੀ ਕਿਸੇ ਸਹਾਬੀਆ ਦੀ ਜ਼ਿੰਦਗੀ ਤੋਂ ਮਿਲਦਾ ਹੈ।ਚਾਹੀਦਾ ਹੈ ਕਿ ਆਪਣੇ ਘਰ ਅਤੇ ਮਾਹੌਲ ਨੂੰ ਪਾਕ-ਸਾਫ਼ ਬਣਾਇਆ ਜਾਵੇ।ਲੋਕਾਂ ਦੀ ਦੇਖਾ-ਦੇਖੀ ਆਪਣੀ ਆਖ਼ਿਰਤ ਬਰਬਾਦ ਨਾ ਕੀਤੀ ਜਾਵੇ। ਦਿਲੋਂ ਇਸ ਨੂੰ ਬੁਰਾ ਸਮਝਿਆ ਜਾਵੇ।ਨਾ ਇਹ ਕਿ ਆਪਣੀਆਂ ਅਕਲੀ ਦਲੀਲਾਂ ਦੇ ਘੋੜੇ ਭਜਾਏ ਜਾਣ।ਅਸੀਂ ਨਬੀ ਦਾ ਕਲਮਾ ਪੜ੍ਹਨ ਵਾਲੇ ਹਾਂ, ਇਹਨਾਂ ਦਾ ਨਾਂ ਲੈਣ ਵਾਲੇ ਹਾਂ।ਇਹਨਾਂ ਨਾਲ ਅਸੀਂ ਆਪਣੀ ਨਿਸਬਤ ਜੋੜ ਰੱਖੀ ਹੈ।ਚਾਹੀਦਾ ਹੈ ਕਿ ਇਹਨਾਂ ਨਾਲ ਤਨੋ-ਮਨੋ ਮੁਹੱਬਤ ਦਾ ਇਜ਼ਹਾਰ ਕੀਤਾ ਜਾਵੇ।

# ਔਰਤ ਦੁਨੀਆ ਦੇ ਵੱਖ ਵੱਖ ਧਰਮਾਂ ਦੀ ਨਜ਼ਰ 'ਚ

ਯੂਨਾਨ ਹੋਵੇ ਰੂਮ, ਅਰਬ ਹੋਵੇ ਜਾਂ ਇਸ ਤੋਂ ਬਾਹਰਲਾ ਇਲਾਕਾ, ਯੂਰਪ ਹੋਵੇ ਜਾਂ ਏਸ਼ੀਆ ਔਰਤ ਦਾ ਮਕਾਮ ਹਰੇਕ ਥਾਂ ਤਰਸਯੋਗ ਰਿਹਾ ਹੈ। ਇਸ ਦਾ ਪੂਰਾ ਇਤਿਹਾਸ ਮੁਸੀਬਤਾਂ ਭਰੀ ਅਜਿਹੀ ਦਾਸਤਾਨ ਹੈ ਜਿਸ ਨੂੰ ਕਦੀ ਭੁਲਾਇਆ ਨਹੀਂ ਜਾ ਸਕਦਾ।ਇਸ ਦੀ ਬਦਕਿਸਮਤੀ ਦੀ ਹੱਦ ਇਹ ਹੈ ਕਿ ਵੱਖ-ਵੱਖ ਜ਼ਮਾਨਿਆਂ ਵਿਚ ਰੱਬ ਦੀ ਤਰਫ਼ੋਂ ਨੇਕੀ-ਸ਼ਰਾਫ਼ਤ, ਸੀਰਤ-ਕਿਰਦਾਰ, ਪਾਕੀਜ਼ਗੀ-ਪਾਕਦਾਮਨੀ ਦੀ ਜਿਹੜੀ ਸਿੱਖਿਆ ਆਉਂਦੀ ਰਹੀ ਹੈ ਲੋਕਾਂ ਨੇ ਇਸ ਦਾ ਮਤਲਬ ਇਹ ਸਮਝ ਲਿਆ ਕਿ ਔਰਤ ਅਜਿਹੀ ਸ਼ੈਅ ਹੈ ਜਿਸ ਤੋਂ ਦੂਰ ਭੱਜਿਆ ਜਾਵੇ, ਇਸ ਨਾਲ ਸਬੰਧ ਨਾ ਰੱਖਿਆ ਜਾਵੇ, ਇਸ ਨਾਲ ਮੇਲ ਮਿਲਾਪ ਰੱਖਣਾ ਗੁਨਾਹਾਂ ਦਾ ਕਾਰਨ ਬਣਦਾ ਹੈ।

ਜ਼ਮਾਨੇ ਦੀ ਰਫ਼ਤਾਰ ਦੇ ਨਾਲ ਨਾਲ ਜਦੋਂ ਇਹ ਸੋਚ ਵਧਦੀ ਗਈ ਔਰਤ ਨਾਲ ਨਫ਼ਰਤ, ਬੇਜ਼ਾਰੀ ਵੀ ਵਧਦੀ ਰਹੀ। ਅੰਤ 'ਚ ਇਸ ਨੂੰ ਸ਼ੈਤਾਨ ਦੀ ਏਜੰਟ ਅਤੇ ਪਾਪਾਂ ਦਾ ਦਰਵਾਜ਼ਾ ਕਹਿ ਕੇ ਇਸ ਤੋਂ ਦੂਰੀ ਅਖ਼ਤਿਆਰ ਕੀਤੀ ਗਈ।ਜਿਸ ਦਾ ਅਸਰ ਔਰਤ ਦੀ ਸਮਾਜੀ ਜ਼ਿੰਦਗੀ 'ਤੇ ਏਨਾ ਪਿਆ ਕਿ ਜੋ ਮਰਦ ਨੂੰ ਇੱਜ਼ਤ ਅਤੇ ਸਰਬੁਲੰਦੀ ਦਾ ਦਰਜਾ ਮਿਲਿਆ ਪਰੰਤੂ ਔਰਤ ਨੂੰ ਨਹੀਂ ਮਿਲਿਆ।ਨਾ ਹੀ ਇਸ ਨੂੰ ਉਹ ਹੱਕ ਮਿਲੇ ਜਿਸ ਦੀ ਇਹ ਹੱਕਦਾਰ ਸੀ ਬਲਕਿ ਇਸ ਦੀ ਹੈਸੀਅਤ ਉਸ ਪਾਪੀ ਅਤੇ ਮੁਜਰਿਮ ਵਰਗੀ ਬਣਾ ਦਿੱਤੀ ਗਈ ਜਿਸ ਨੂੰ ਘਿਰਣਾ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ।

## ਔਰਤ ਯਹੂਦੀਆਂ ਦੀ ਨਜ਼ਰ 'ਚ

ਯਹੂਦੀਆਂ ਦੀ ਗਿਣਤੀ ਉਹਨਾਂ ਧਰਮਾਂ ਵਿਚ ਹੁੰਦੀ ਹੈ ਜਿਹਨਾਂ ਨੇ ਨਾ ਸਿਰਫ਼ ਕੁਝ ਨੁਕਤਿਆਂ ਅਤੇ ਅਕੀਦਿਆਂ ਨੂੰ ਪੇਸ਼ ਕੀਤਾ ਹੈ ਬਲਕਿ ਉਸ ਦੀ ਨੀਂਹ ਜ਼ਿੰਦਗੀ ਦੇ ਕੁਝ ਮਸਲਿਆਂ ਸਬੰਧੀ ਵੀ ਹੈ।ਯਹੂਦੀਆਂ ਅਨੁਸਾਰ ਔਰਤ ਦੀ ਨਿਮਨਲਿਖਤ ਅਨੁਸਾਰ ਤਸਵੀਰ ਪੇਸ਼ ਕੀਤੀ ਹੈ।

ਮਰਦ ਇਕ ਸਾਫ਼-ਸੁਥਰੇ ਕਿਰਦਾਰ ਵਾਲਾ ਅਤੇ ਔਰਤ ਬਦ-ਕਿਰਦਾਰ ਅਤੇ ਮੱਕਾਰ ਹੈ।ਇਹਨਾਂ ਦੇ ਨਜ਼ਦੀਕ ਵਾਰਿਸ ਦੀ ਮੌਜੂਦਗੀ ਵਿਚ ਔਰਤ ਵਰਾਸਤ

ਤੋਂ ਵਾਂਝੀ ਹੋ ਜਾਂਦੀ ਸੀ। ਵਿਧਵਾ ਔਰਤ ਨੂੰ ਦੂਜੀ ਸ਼ਾਦੀ ਕਰਨ ਦਾ ਕੋਈ ਅਧਿਕਾਰ ਨਹੀਂ ਸੀ। (ਇਨਸਾਈਕਲੋਪੀਡੀਆ ਆਫ਼ ਬਰਟੈਨੀਕਾ)

## ਔਰਤ ਈਸਾਈਆਂ ਦੀ ਨਜ਼ਰ 'ਚ

ਤਰਤੌਲੀਆਨ ਮੁਢਲੇ ਦੌਰ ਦੇ ਈਸਾਈ ਧਰਮ ਦੇ ਗਿਆਨੀਆਂ ਵਿਚੋਂ ਗਿਣੇ ਜਾਂਦੇ ਸਨ। ਇਹ ਔਰਤ ਦੀ ਪਰਿਭਾਸ਼ਾ ਇਹਨਾਂ ਸ਼ਬਦਾਂ ਵਿਚ ਕਰਦੇ ਹਨ :

'ਇਹ ਸ਼ੈਤਾਨ ਦੇ ਆਉਣ ਦਾ ਦਰਵਾਜ਼ਾ ਹੈ, ਇਹ ਮਨ੍ਹਾਂ ਕੀਤੇ ਹੋਏ ਦਰੱਖ਼ਤ ਵੱਲ ਲੈ ਜਾਣ ਵਾਲੀ ਅਤੇ ਰੱਬ ਦੇ ਕਾਨੂੰਨ ਨੂੰ ਤੋੜਨ ਵਾਲੀ ਅਤੇ ਰੱਬ ਦੀ ਤਸਵੀਰ ਭਾਵ ਆਦਮੀ ਨੂੰ ਬਰਬਾਦ ਕਰਨ ਵਾਲੀ ਹੈ।'

ਕਰਾਈ ਸੋਸਟਮ ਵੀ ਈਸਾਈਆਂ ਦੇ ਸਿਰ ਕੱਢ ਧਰਮ-ਗਿਆਨੀਆਂ ਵਿਚ ਗਿਣੇ ਜਾਂਦੇ ਹਨ ਔਰਤ ਸਬੰਧੀ ਲਿਖਦੇ ਹਨ :

'ਇਹ ਇੱਕ ਨਾ ਵਰਣਨਯੋਗ ਬੁਰਾਈ, ਇਕ ਪੈਦਾਇਸ਼ੀ ਖ਼ਿਆਲ, ਇਕ ਚਹੇਤੀ ਮੁਸੀਬਤ, ਘਰੇਲੂ ਖ਼ਤਰਾ, ਖ਼ਤਰਨਾਕ ਚੀਜ਼, ਦਿਲਾਂ ਨੂੰ ਖਿੱਚਣ ਵਾਲੀ ਅਤੇ ਇਕ ਸਜੀ-ਸਜਾਈ ਮੁਸੀਬਤ ਹੈ।'

## ਔਰਤ ਯੂਨਾਨੀਆਂ ਦੀ ਨਜ਼ਰ 'ਚ

ਯੂਨਾਨ ਵਾਲਿਆਂ ਦਾ ਕਹਿਣਾ ਸੀ :

'ਅੱਗ ਨਾਲ ਜਲਣ ਅਤੇ ਸੱਪ ਦੇ ਕੱਟਣ ਦਾ ਇਲਾਜ ਸੰਭਵ ਹੈ ਪਰੰਤੂ ਔਰਤ ਦੀ ਬੁਰਾਈ ਦੀ ਬਿਮਾਰੀ ਦਾ ਕੋਈ ਇਲਾਜ ਨਹੀਂ।'

ਯੂਨਾਨੀ ਪਨਡੋਰਾ ਨਾਂ ਦੇ ਮਨੁੱਖ ਔਰਤ ਬਾਰੇ ਲਿਖਦੇ ਹਨ :

'ਇਹੋ ਸਾਰੀਆਂ ਸੰਸਾਰਿਕ ਆਫ਼ਤਾਂ ਅਤੇ ਮੁਸੀਬਤਾਂ ਦੀ ਜੜ੍ਹ ਹੈ।'

ਇਹੋ ਨਹੀਂ ਬਲਕਿ ਯੂਨਾਨੀ ਲੇਖਕ ਲਿਖਦੇ ਹਨ ਕਿ ਔਰਤ ਸਿਰਫ਼ ਦੋ ਮੌਕਿਆਂ 'ਤੇ ਆਦਮੀ ਲਈ ਖ਼ੁਸ਼ੀ ਦਾ ਸਬੱਬ ਬਣਦੀ ਹੈ। ਇੱਕ ਸ਼ਾਦੀ ਦੇ ਸਮੇਂ ਦੂਜੇ ਇਸ ਜਹਾਨ ਤੋਂ ਜਾਣ ਦੇ ਸਮੇਂ।

ਲੇਕੀ ਆਪਣੀ ਕਿਤਾਬ 'ਤਾਰੀਖ਼-ਏ-ਅਖ਼ਲਾਕ-ਏ-ਯੂਰਪ' ਵਿਚ ਲਿਖਦੇ ਹਨ ਕਿ ਸਮੁੱਚੇ ਤੌਰ 'ਤੇਇੱਜ਼ਤ ਦੇ ਲਿਹਾਜ਼ ਨਾਲ ਔਰਤ ਦਾ ਦਰਜਾ ਬਹੁਤ ਘੱਟ ਸੀ, ਇਸ ਦੀ ਜ਼ਿੰਦਗੀ ਸਾਰੀ ਉਮਰ ਗ਼ੁਲਾਮੀ ਵਿਚ ਲੰਘਦੀ ਸੀ। ਤਲਾਕ ਦਾ ਹੱਕ ਕਾਨੂੰਨੀ ਲਿਹਾਜ਼ ਨਾਲ ਮਿਲਿਆ ਹੋਇਆ ਸੀ। ਇਸ ਦੇ ਬਾਵਜੂਦ ਇਸ ਦਾ ਲਾਭ ਨਹੀਂ ਲੈ ਸਕਦੀ ਸੀ। ਅਦਾਲਤਾਂ ਵਿਚ ਇਸ ਦਾ ਇਜ਼ਹਾਰ ਯੂਨਾਨੀ ਸ਼ਰਮ-ਓ-

ਹਯਾ ਦੇ ਖ਼ਿਲਾਫ਼ ਸੀ। ਇਸਪਾਰਟਾ ਦੇ ਕਾਨੂੰਨ ਵਿਚ ਇਸ ਗੱਲ ਦਾ ਜ਼ਿਕਰ ਸੀ ਕਿ ਕਮਜ਼ੋਰ ਆਦਮੀਆਂ ਨੂੰ ਚਾਹੀਦਾ ਹੈ ਕਿ ਘੱਟ ਉਮਰ ਦੀਆਂ ਪਤਨੀਆਂ, ਤਾਕਤਵਰ ਨੌਜਵਾਨਾਂ ਦੇ ਹਵਾਲੇ ਕਰ ਦੇਣੀਆਂ ਚਾਹੀਦੀਆਂ ਹਨ ਤਾਂ ਜੋ ਉਹਨਾਂ ਦੀ ਤਾਕਤਵਰ ਆਲ-ਔਲਾਦ ਤੋਂਫ਼ੌਜ ਵਿਚ ਤਾਕਤਵਰ ਸਿਪਾਹੀਆਂ ਦਾ ਇਜ਼ਾਫ਼ਾ ਹੋ ਸਕੇ।

## ਔਰਤ ਰੋਮੀਆਂ ਦੀ ਨਜ਼ਰ 'ਚ

ਤਾਰੀਖ਼-ਏ-ਅਖ਼ਲਾਕ-ਏ-ਯੂਰਪ ਵਿਚ ਲੇਕੀ ਰੂਮੀ ਔਰਤ ਦੇ ਬਾਰੇ ਲਿਖਦੇ ਹਨ ਕਿ :-

'ਔਰਤ ਦਾ ਮਰਤਬਾ ਰੂਮੀ ਕਾਨੂੰਨ ਅਨੁਸਾਰ ਲੰਬੇ ਸਮੇਂ ਤੋਂ ਤਰਸਯੋਗ ਰਿਹਾ,ਇੱਥੋਂ ਤੱਕ ਕਿ ਪਤੀ ਆਪਣੀ ਪਤਨੀ ਨੂੰ ਕਤਲ ਕਰ ਸਕਦਾ ਸੀ ਅਤੇ ਉਥੇ 520 ਸਾਲਾਂ ਤੱਕ ਕਿਸੇ ਨੇ ਤਲਾਕ ਦਾ ਨਾਂ ਵੀ ਨਹੀਂ ਸੁਣਿਆ ਸੀ। ਗ਼ੁਲਾਮਾਂ ਵਾਂਗ ਔਰਤ ਦਾ ਮੰਤਵ ਸੇਵਾ ਲੈਣੀ ਅਤੇ ਕੰਮ-ਕਾਰ ਕਰਵਾਉਣਾ ਸਮਝਿਆ ਜਾਂਦਾ ਸੀ। ਰੂਮੀ ਸਰਕਾਰ ਵਿਚ ਇਸ ਨੂੰ ਕਾਨੂੰਨੀ ਤੌਰ 'ਤੇ ਕਈ ਹੱਕ ਹਾਸਲ ਨਹੀਂ ਸੀ।'

## ਔਰਤ ਯੂਰਪ ਵਾਲਿਆਂ ਦੀ ਨਜ਼ਰ 'ਚ

ਯੂਰਪ ਜਿਹੜਾ ਇਸ ਵੇਲੇ ਆਪਸੀ ਭਾਈਚਾਰਾ ਅਤੇ ਮਰਦ ਔਰਤ ਦੇ ਸਾਂਝੇ ਹੱਕਾਂ ਦਾ ਢੰਡੋਰਾ ਪਿੱਟਣ ਦਾ ਦਾਅਵੇਦਾਰ ਹੈ। ਇਸੇ ਯੂਰਪ ਵਿਚ ਇਕ ਸਦੀ ਤੋਂ ਕੁਝ ਪਹਿਲਾਂ ਔਰਤ ਮਰਦ ਦੇ ਜ਼ੁਲਮਾਂ ਦਾ ਸ਼ਿਕਾਰ ਬਣੀ ਹੋਈ ਸੀ। ਕੋਈ ਅਜਿਹਾ ਠੋਸ ਕਾਨੂੰਨ ਨਹੀਂ ਸੀ ਅਤੇ ਨਾ ਹੀ ਔਰਤ ਨੂੰ ਮਰਦ ਦੇ ਖ਼ਿਲਾਫ਼ ਕਿਸੇ ਤਰ੍ਹਾਂ ਦਾ ਮੁਕੱਦਮਾ ਕਰਨ ਦਾ ਹੱਕ ਹਾਸਲ ਸੀ। ਮਰਦ ਚਾਹੁੰਦਾ ਤਾਂ ਔਰਤ ਨੂੰ ਵਰਾਸਤ ਤੋਂ ਵਾਂਝੇ ਕਰ ਸਕਦਾ ਸੀ ਪਰੰਤੂ ਆਪ ਪਤਨੀ ਨੂੰਜਾਇਦਾਦ ਦਾ ਦੁਗਣਾ ਹੱਕਦਾਰ ਸਮਝਿਆ ਜਾਂਦਾ ਸੀ।

## ਔਰਤ ਹਿੰਦੋਸਤਾਨੀਆਂ ਦੀ ਨਜ਼ਰ 'ਚ

ਹਿੰਦੋਸਤਾਨ ਦੇ ਮਸ਼ਹੂਰ ਕਾਨੂੰਨ ਦਾਨ ਮਨੂੰਰਾਜ ਨੇ ਔਰਤ ਦੇ ਬਾਰੇ ਆਖਿਆ ਹੈ ਕਿ :-

'ਔਰਤ ਬਚਪਨ ਵਿਚ ਆਪਣੇ ਬਾਪ ਦੇ ਅਖ਼ਤਿਆਰ ਵਿਚ ਰਹੇ, ਜਵਾਨੀ ਵਿਚ ਆਪਣੇ ਪਤੀ ਦੇ ਅਖ਼ਤਿਆਰ ਵਿਚ ਅਤੇ ਵਿਧਵਾ ਹੋਣ 'ਤੇ ਆਪਣੇ ਪੁੱਤਰਾਂ ਦੇ ਅਖ਼ਤਿਆਰ ਵਿਚ, ਖ਼ੁਦ-ਮੁਖ਼ਤਿਆਰ ਬਣ ਕੇ ਕਦੀ ਨਾ ਰਹੇ।'

(ਮਨੂੰ ਸਮਰਿਤੀ 5/145)

'ਔਰਤ ਭਾਵੇਂ ਨਬਾਲਿਗ ਹੋਵੇ ਜਾਂ ਜਵਾਨ ਹੋਵੇ ਜਾਂ ਬੁੱਢੀ, ਘਰ ਵਿਚ ਕੋਈ ਕੰਮ ਆਪਣੀ ਖ਼ੁਦ-ਮੁਖ਼ਤਿਆਰੀ ਨਾਲ ਨਾ ਕਰੇ।' (ਮਨੂੰ ਸਮਰਿਤੀ)

'ਔਰਤ ਦੇ ਲਈ ਕੁਰਬਾਨੀ ਕਰਨਾ ਅਤੇ ਬਰਤ ਰੱਖਣਾ ਪਾਪ ਹੈ ਇਸ ਨੂੰ ਸਿਰਫ਼ ਪਤੀ ਦੀ ਸੇਵਾ ਕਰਨੀ ਚਾਹੀਦੀ ਹੈ।ਔਰਤ ਨੂੰ ਚਾਹੀਦਾ ਹੈ ਕਿ ਉਸ ਦੇ ਪਤੀ ਦੇ ਮਰ ਜਾਣ ਪਿੱਛੋਂ ਦੂਸਰੇ ਪਤਨੀ ਦਾ ਨਾਂ ਵੀ ਨਾ ਲਏ।ਘੱਟ ਖਾਣਾ ਖਾ ਕੇ ਆਪਣੀ ਜ਼ਿੰਦਗੀ ਦੇ ਜਿੰਨੇ ਦਿਨ ਹਨ ਪੂਰਾ ਕਰੇ।(ਨਿਜ਼ਾਮ-ਏ-ਸਲਤਨਤ ਪੰਨਾ 155-157 ਮੌਲਾਨਾ ਅਕਬਰ ਸ਼ਾਹ ਨਜੀਬ ਆਬਾਦੀ)

## ਔਰਤ ਅਰਬ ਵਾਲਿਆਂ ਦੀਂ ਨਜ਼ਰ 'ਚ

ਅਰਬ ਵਿਚ ਔਰਤ ਦੀ ਹੋਂਦ ਨੂੰ ਆਪਣੀ ਬਦਨਾਮੀ ਅਤੇ ਬਦ-ਕਿਸਮਤੀ ਸਮਝਦੇ ਸਨ।ਲੜਕੀ ਦਾ ਜਨਮ ਉਹਨਾਂ ਦੇ ਲਈ ਦੁੱਖ ਅਤੇ ਤਕਲੀਫ਼ ਦਾ ਪੈਗ਼ਾਮ ਸੀ।ਲੜਕਿਆਂ ਦੇ ਜਨਮ ਨੂੰ ਸੁਭਾਗਾ ਸਮਝਦੇ ਸਨ ਪਰੰਤੂ ਲੜਕੀਆਂ ਦਾ ਜਨਮ ਉਹਨਾਂ ਦੀ ਇੱਜ਼ਤ 'ਤੇ ਧੱਬਾ ਸਮਝਦੇ ਸਨ।

## ਕੁਰਆਨ ਮਜੀਦ ਵਿਚ ਰੱਬ ਫ਼ਰਮਾਉਂਦਾ ਹੈ

'ਜਦੋਂ ਉਹਨਾਂ ਵਿਚੋਂ ਕਿਸੇ ਨੂੰ ਲੜਕੀ ਦੀ ਖ਼ਬਰ ਦਿੱਤੀ ਜਾਂਦੀ ਸੀ ਤਾਂ ਉਹਨਾਂ ਦਾ ਚਿਹਰਾ ਸਿਆਹ ਹੋ ਜਾਂਦਾ ਅਤੇ ਗ਼ਮ ਨਾਲ (ਸਾਹ) ਘੁੱਟਣ ਲਗ ਜਾਂਦਾ।ਇਸ ਖ਼ਬਰ ਨੂੰ ਉਹ ਇੱਥੋਂ ਤੱਕ ਬੁਰਾ ਸਮਝਦੇ ਸਨ ਕਿ ਆਪਣੇ ਆਪ ਨੂੰ ਆਪਣੀ ਕੌਮ ਤੋਂ ਛਿਪਦੇ ਫਿਰਦਾ ਅਤੇ ਸੋਚ ਵਿਚ ਪੈ ਜਾਂਦਾ ਸੀ ਕਿ ਕੀ ਜ਼ਿੱਲਤ ਬਰਦਾਸ਼ਤ ਕਰਦਿਆਂ ਇਸ ਨੂੰ ਜਿਊਂਦੀ ਰੱਖੇ ਜਾਂ ਜ਼ਮੀਨ ਵਿਚ ਦੱਬ ਦੇਵੇ।'

ਇੱਕ ਥਾਂ ਹਜ਼ਰਤ ਉਮਰ (ਰਜ਼ੀ.) ਫ਼ਰਮਾਉਂਦੇ ਹਨ ਕਿ ਰੱਬ ਦੀ ਸਹੁੰ ! ਅਸੀਂ ਅਨਪੜ੍ਹਤਾ ਦੇ ਦੌਰ ਵਿਚ ਔਰਤਾਂ ਨੂੰ ਕੋਈ ਮਹੱਤਤਾ ਨਹੀਂ ਦਿੰਦੇ ਸੀ।ਇੱਥੋਂ ਤੱਕ ਕਿ ਅੱਲਾਹ ਨੇ ਉਹਨਾਂ ਬਾਰੇ ਆਪਣੀਆਂ ਹਿਦਾਇਤਾਂ ਨਾਜ਼ਿਲ ਫ਼ਰਮਾਈਆਂ ਅਤੇ ਉਹਨਾਂ ਦੇ ਲਈ ਜੋ ਕੁਝ ਹਿੱਸਾ ਨਿਯੁਕਤ ਕਰਨਾ ਸੀ ਮੁਕੱਰਰ ਕੀਤਾ।' (ਮੁਸਲਿਮ ਸ਼ਰੀਫ਼)

## ਔਰਤ ਇਸਲਾਮ ਦੀ ਨਜ਼ਰ 'ਚ

ਇਸਲਾਮ ਨੇ ਔਰਤ ਨੂੰ ਜ਼ਿੱਲਤ-ਰੁਸਵਾਈ ਦੀਆਂ ਡੂੰਘਾਈਆਂ ਤੋਂ ਕੱਢ ਕੇ ਇੱਜ਼ਤ ਅਤੇ ਕਾਮਯਾਬੀ ਦੀਆਂ ਚੋਟੀਆਂ ਤੱਕ ਪਹੁੰਚਾਇਆ।ਇਸਨੂੰ ਬਣਦੇ

ਹੱਕਾਂ ਅਤੇ ਸਹੂਲਤਾਂ ਨਾਲ ਨਵਾਜ਼ਿਆ ਗਿਆ। ਹਜ਼ਰਤ ਅਬਦੁੱਲਾਹ ਇਬਨ-ਏ-ਉਮਰ ਰਜ਼ੀ. ਫ਼ਰਮਾਉਂਦੇ ਹਨ ਕਿ ਨਬੀ-ਏ-ਕਰੀਮ (ਸ.) ਦੇ ਜ਼ਮਾਨੇ ਵਿਚ ਅਸੀਂ ਆਪਣੀਆਂ ਔਰਤਾਂ ਨਾਲ ਗੱਲਬਾਤ ਕਰਦੇ ਬਗ਼ੈਰ ਸੋਚੇ-ਸਮਝੇ ਬੋਲਦਿਆਂ ਡਰਿਆ ਕਰਦੇ ਸੀ ਕਿ ਕਿਤੇ ਸਾਡੇ ਸਬੰਧੀ ਕੋਈ ਹੁਕਮ ਨਾ ਨਾਜ਼ਿਲ ਹੋ ਜਾਵੇ। ਜਦੋਂ ਆਪ (ਸ.) ਇਸ ਦੁਨੀਆ ਤੋਂ ਪਰਦਾ ਫ਼ਰਮਾ ਗਏ ਤਾਂ ਅਸੀਂ ਉਹਨਾਂ ਨਾਲ ਬਗ਼ੈਰ ਝਿਜਕ ਬੋਲਣ ਲੱਗੇ।'

## ਔਰਤ ਦੀ ਮਰਜ਼ੀ ਇਸਲਾਮ ਦੀ ਨਜ਼ਰ 'ਚ

ਹਜ਼ਰਤ ਖ਼ਨਸਾ ਬਿਨਤ ਜਜ਼ਾਮ ਤੋਂ ਰਵਾਇਤ ਹੈ ਕਿ ਉਹਨਾਂ ਦੇ ਪਿਤਾ ਜੀ ਨੇ ਉਹਨਾਂ ਦਾ ਨਿਕਾਹ ਉਹਨਾਂ ਦੀ ਮਰਜ਼ੀ ਦੇ ਖ਼ਿਲਾਫ਼ ਇੱਕ ਅਜਿਹੇ ਆਦਮੀ ਨਾਲ ਕਰ ਦਿੱਤਾ ਸੀ ਜਿਸ ਨੂੰ ਉਹ ਪਹਿਲਾਂ ਤੋਂ ਜਾਣਦੀ ਅਤੇ ਨਾ-ਪਸੰਦ ਕਰਦੀ ਸੀ। ਉਹ ਹਜ਼ੂਰ (ਸ.) ਦੀ ਸੇਵਾ ਵਿਚ ਹਾਜ਼ਰ ਹੋਈ ਅਤੇ ਅਰਜ਼ ਕੀਤੀ, 'ਐ ਅੱਲਾਹ ਦੇ ਨਬੀ ਮੇਰਾ ਨਿਕਾਹ ਤੋੜ ਦਿੱਤਾ ਜਾਵੇ।' ਹਜ਼ੂਰ (ਸ.) ਨੇ ਉਸ ਦੀ ਇਹ ਬੇਨਤੀ ਸੁਣੀ ਅਤੇ ਉਸ ਦਾ ਨਿਕਾਹ ਤੋੜ ਦਿੱਤਾ।

(ਸਹੀ ਬੁਖ਼ਾਰੀ,ਸਹੀ ਮੁਸਲਿਮ ਅਤੇ ਨਿਸਾਈ)

ਹਜ਼ਰਤ ਮੁਹਾਜਿਰ ਬਿਨ ਅਕਰਮਾ (ਰਜ਼ੀ.) ਦੀ ਜ਼ੁਬਾਨੀ ਇਹ ਰਵਾਇਤ ਹੈ ਕਿ ਇਕ ਕੁਆਰੀ ਕੁੜੀ ਦਾ ਨਿਕਾਹ ਉਸ ਦੇ ਪਿਤਾ ਜੀ ਨੇ ਅਜਿਹੀ ਹਾਲਤ ਵਿਚ ਕਰ ਦਿੱਤਾ ਕਿ ਉਹਇਸ ਨਿਕਾਹ ਕਰਨ ਲਈ ਰਾਜ਼ੀ ਨਹੀਂ ਸੀ। ਉਸ ਨੇ ਹਜ਼ੂਰ (ਸ.) ਦੀ ਖ਼ਿਦਮਤ ਵਿਚ ਅਰਜ਼ ਕੀਤੀ ਤਾਂ ਹਜ਼ੂਰ (ਸ.) ਨੇ ਇਸ ਸਬੰਧੀ (ਉਸ ਨੂੰ) ਆਪਣੀ ਮਰਜ਼ੀ ਦਾ ਅਖ਼ਤਿਆਰ ਦੇ ਦਿੱਤਾ।

ਇਕ ਕੁਆਰੀ ਔਰਤ ਹਜ਼ੂਰ (ਸ.) ਦੀ ਖ਼ਿਦਮਤ 'ਚ ਹਾਜ਼ਰ ਹੋਈ ਅਤੇ ਅਰਜ਼ ਕੀਤੀ 'ਐ ਅੱਲਾਹ ਦੇ ਰਸੂਲ ! ਮੇਰੇ ਮਾਤਾ-ਪਿਤਾ ਨੇ ਆਪਣੀ ਆਰਥਿਕ ਹਾਲਤ ਨੂੰ ਦਰੁਸਤ ਕਰਨ ਦੇ ਲਈ ਮੇਰਾ ਨਿਕਾਹ ਮੇਰੀ ਮਰਜ਼ੀ ਦੇ ਬਗ਼ੈਰ ਆਪਣੇ ਭਤੀਜੇ ਦੇ ਨਾਲ ਕਰ ਦਿੱਤਾ ਹੈ। ਕੀ ਇਸ ਸੰਬੰਧੀ ਮੈਨੂੰ ਕੁੱਝ ਅਰਜ਼ ਕਰਨ ਦਾ ਇਖਤਿਆਰ ਹੈ ?

ਹਜ਼ੂਰ (ਸ.) ਨੇ ਫ਼ਰਮਾਇਆ, ਹਾਂ।

ਉਸ ਨੇ ਅਰਜ਼ ਕੀਤੀ ਕਿ ਅੱਲਾਹ ਦੇ ਨਬੀ! ਮੈਂ ਨਹੀਂ ਚਾਹੁੰਦੀ ਕਿ ਮੇਰੇ ਮਾਤਾ-ਪਿਤਾ ਜੀ ਦੇ ਕੀਤੇ ਹੋਏ ਕੰਮ ਨੂੰ ਨਾ-ਮਨਜ਼ੂਰ ਕਰਾਂ ਪਰੰਤੂ ਮੇਰੀ ਤਾਂ ਸਿਰਫ਼ ਇਹ ਇੱਛਾ ਸੀ ਕਿ ਮੈਨੂੰ ਪਤਾ ਚੱਲ ਜਾਵੇ ਕਿ ਕੀ ਔਰਤਾਂ ਨੂੰ ਵੀ ਇਸ ਸੰਬੰਧੀ ਕੋਈ ਇਖ਼ਤਿਆਰ ਹੈ ਜਾਂ ਨਹੀਂ ?'

## ਔਰਤ ਹਜ਼ਰਤ ਮੁਹੰਮਦ (ਸ.) ਦੀ ਨਜ਼ਰ 'ਚ

ਦੁਨੀਆਂ ਦੀਆਂ ਚੀਜ਼ਾਂ 'ਚੋਂ ਮੈਨੂੰ ਔਰਤ ਅਤੇ ਖ਼ੁਸ਼ਬੂ ਪਸੰਦ ਹੈ ਪਰੰਤੂ ਮੇਰੀਆਂ ਅੱਖਾਂ ਦੀ ਠੰਡਕ ਨਮਾਜ਼ ਵਿਚ ਰੱਖੀ ਗਈ ਹੈ। (ਨਿਸਾਈ)

ਅਜੋਕੇ ਦੌਰ 'ਚ ਜਿਹੜੇ ਲੋਕ ਔਰਤਾਂ ਦੇ ਹੱਕਾਂ ਲਈ ਸ਼ੋਰ-ਸ਼ਰਾਬਾ ਕਰ ਰਹੇ ਹਨ ਉਹਨਾਂ ਨੂੰ ਚਾਹੀਦਾ ਹੈ ਕਿ ਇਸਲਾਮ 'ਚ ਔਰਤ ਦੇ ਸਥਾਨ ਅਤੇ ਹੱਕਾਂ ਸੰਬੰਧੀ ਸਾਰੇ ਆਦੇਸ਼ਾਂ ਅਤੇ ਇਸਲਾਮੀ ਤਾਰੀਖ਼ ਦਾ ਅਧਿਐਨ ਕਰਨ ਤਾਂ ਜੋ ਉਹਨਾਂ ਨੂੰ ਇਸਲਾਮੀ ਅਤੇ ਗ਼ੈਰ ਇਸਲਾਮੀ ਨਜ਼ਰੀਆਤ ਦੇ ਫ਼ਰਕ ਦਾ ਪਤਾ ਚੱਲ ਜਾਵੇ। ਇਸਲਾਮ ਨੇ ਔਰਤ ਨੂੰ ਇਸਦੇ ਬਣਦੇ ਹੱਕਾਂ ਦੇ ਨਾਲ-ਨਾਲ ਫ਼ਰਜ਼ਾਂ ਸਬੰਧੀ ਵੀ ਜ਼ਿੰਮੇਦਾਰੀਆਂ ਦਾ ਅਹਿਸਾਸ ਕਰਵਾਇਆ ਗਿਆ ਹੈ। ਅਜਿਹਾ ਕਰਨ ਨਾਲ ਘਰੇਲੂ ਜ਼ਿੰਦਗੀ 'ਚ ਅਮਨ-ਚੈਨ ਅਤੇ ਸੁੱਖ-ਸ਼ਾਂਤੀ ਆਵੇਗੀ ਅਤੇ ਘਰੇਲੂ ਲੜਾਈ ਝਗੜਿਆਂ ਦਾ ਖ਼ਾਤਮਾ ਹੋ ਜਾਵੇਗਾ।

## ਇਸਲਾਮ ਦੀ ਨਜ਼ਰ 'ਚ ਔਰਤ ਨਾਲ ਸਲਾਹ-ਮਸ਼ਵਰਾ ਕਰਨਾ

ਆਪ (ਸ.) ਦਾ ਫ਼ਰਮਾਨ ਹੈ ਕਿ ਔਰਤਾਂ ਨਾਲ ਉਹਨਾਂ ਦੀਆਂ ਲੜਕੀਆਂ ਦੇ ਮਾਮਲੇ 'ਚ ਮਸ਼ਵਰਾ ਲਵੋ। ਯਤੀਮ ਕੁੜੀਆਂ ਦਾ ਨਿਕਾਹ ਉਹਨਾਂ ਦੀ ਰਾਇ ਅਤੇ ਮਸ਼ਵਰਾ ਕਰਨ ਤੋਂ ਪਹਿਲਾਂ ਨਾ ਕਰੋ ਸ਼ਾਦੀ-ਸ਼ੁਦਾ ਔਰਤ ਦਾ ਨਿਕਾਹ (ਵਿਧਵਾ ਜਾਂ ਤਲਾਕ ਤੋਂ ਬਾਅਦ) ਉਸ ਸਮੇਂ ਤੱਕ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਉਸ ਨਾਲ ਸਲਾਹ-ਮਸ਼ਵਰਾ ਨਾ ਕਰ ਲਿਆ ਜਾਵੇ। ਜਵਾਨ ਕੁੜੀ ਦਾ ਨਿਕਾਹ ਵੀ ਉਸ ਦੀ ਮਰਜ਼ੀ ਦੇ ਖ਼ਿਲਾਫ ਨਹੀਂ ਕੀਤਾ ਜਾਵੇਗਾ। (ਬੁਖ਼ਾਰੀ)

## ਇਸਲਾਮ ਦੀ ਨਜ਼ਰ 'ਚ ਔਰਤ ਦਾ ਸਥਾਨ

ਰੱਬ ਨੇ ਤੁਹਾਡੀਆਂ ਮਾਵਾਂ ਦੀ ਨਾਫ਼ਰਮਾਨੀ ਤੁਹਾਡੇ ਲਈ ਹਰਾਮ ਕੀਤੀ ਹੈ। ਹੱਕਾਂ ਦੀ ਅਦਾਇਗੀ ਤੋਂ ਹੱਥ ਰੋਕਣਾ ਹਰ ਪਾਸਿਓਂ ਮਾਲ ਇਕੱਠਾ ਕਰਨਾ ਕੁੜੀਆਂ ਨੂੰ ਜਿਊਂਦੇ ਦਫ਼ਨ ਕਰ ਦੇਣਾ ਵੀ ਹਰਾਮ ਹੈ। (ਬੁਖ਼ਾਰੀ)

ਜਿਸ ਆਦਮੀ ਦੇ ਕੁੜੀ ਪੈਦਾ ਹੋਵੇ ਉਸਨੂੰ ਉਹ ਜਿਊਂਦਿਆਂ ਨਾ ਦੱਬੇ, ਨਾ ਉਸ ਨਾਲ ਘਟੀਆ ਸਲੂਕ ਕਰੇ ਨਾ ਕੁੜੀ ਨਾਲੋਂ ਮੁੰਡੇ ਨੂੰ ਤਰਜੀਹ ਦੇਵੇ ਤਾਂ ਅੱਲਾਹ ਅਜਿਹੇ ਵਿਅਕਤੀ ਨੂੰ ਜੰਨਤ 'ਚ ਦਾਖ਼ਲ ਫ਼ਰਮਾਏਗਾ। (ਅਬੂ ਦਾਊਦ)

ਜਿਸ ਦੇ ਤਿੰਨ ਲੜਕੀਆਂ ਪੈਦਾ ਹੋਣ ਅਤੇ ਉਹਨਾਂ ਨਾਲ ਵਧੀਆਂ ਸਲੂਕ ਕਰੇ ਤਾਂ ਉਸ ਦੇ ਲਈ ਜੰਨਤ ਹੈ। (ਬੁਖ਼ਾਰੀ)

ਅੱਲਾਹ ਤਆਲਾ ਜਿਸ ਆਦਮੀ ਨੂੰ ਕੁੜੀਆਂ ਦੇ ਕੇ ਇਮਤਿਹਾਨ ਵਿਚ ਪਾਵੇ ਅਤੇ ਉਹ ਉਹਨਾਂ ਨਾਲ ਵਧੀਆਂ ਸਲੂਕ ਕਰੇ ਤਾਂ ਉਹ ਉਸ ਦੇ ਲਈ ਨਰਕ ਤੋਂ ਬਚਾਓ ਦਾ ਜ਼ਰੀਆ ਬਣਨਗੀਆਂ।

ਆਪ (ਸ.) ਦਾ ਫ਼ਰਮਾਨ ਹੈ ਕਿ ਜਿਸ ਔਰਤ ਨੇ ਪੰਜੇ ਵੇਲਿਆਂ ਦੀ ਨਮਾਜ਼ ਪੜ੍ਹੀ, ਰਮਜ਼ਾਨ ਸ਼ਰੀਫ਼ ਦੇ ਰੋਜ਼ੇ ਰੱਖੇ ਅਤੇ ਆਪਣੇ ਆਪ ਨੂੰ ਬੁਰੇ ਕੰਮਾਂ ਤੋਂ ਬਚਾਇਆ ਭਾਵ ਅਸ਼ਲੀਲਤਾ ਨਹੀਂ ਕੀਤੀ ਅਤੇ ਆਪਣੇ ਪਤੀ ਦੀ ਆਗਿਆਕਾਰੀ ਰਹੀ ਅਤੇ ਉਹਨਾਂ ਦਾ ਕਿਹਾ ਮੰਨਿਆ ਅਜਿਹੀ ਔਰਤ ਨੂੰ ਅਖ਼ਤਿਆਰ ਹੈ (ਕਿ ਉਹ) ਜੰਨਤ ਵਿਚ ਜਿਸ ਦਰਵਾਜ਼ੇ ਤੋਂ ਚਾਹੇ ਦਾਖ਼ਲ ਹੋ ਜਾਵੇ। (ਤਿਬਰਾਨੀ)

ਔਰਤ ਦੇ ਦੋ ਪਰਦੇ ਹਨ ਪਹਿਲਾ ਪਤੀ ਦੂਜਾ ਕਬਰ ਦੋਵਾਂ 'ਚੋਂ ਜ਼ਿਆਦਾ ਪਰਦੇ ਵਾਲੀ ਚੀਜ਼ ਕਬਰ ਹੈ। (ਬਿਹਕੀ)

ਜਿਹੜੀ ਔਰਤ ਮਰ ਗਈ ਉਸਦਾ ਪਤੀ ਉਸਦੇ ਜੀਵਨ 'ਚ ਉਸ ਨਾਲ ਖ਼ੁਸ਼ ਰਿਹਾ ਉਹ ਨਿਸੰਦੇਹ ਜੰਨਤ 'ਚ ਦਾਖ਼ਲ ਹੋਵੇਗੀ। (ਇਬਨ-ਏ-ਮਾਜਾ)

ਇਕ ਕਾਲੀ ਅਤੇ ਨਿਕੰਮੀ ਪਰੰਤੂ ਦੀਨਦਾਰ ਔਰਤ ਬੇ-ਦੀਨ ਅਤੇ ਖ਼ੂਬਸੂਰਤ ਔਰਤ ਨਾਲੋਂ ਵਧੀਆ ਹੈ। (ਇਬਨ-ਏ-ਮਾਜਾ)

ਆਪ ਦਾ ਫ਼ਰਮਾਨ ਹੈ ਕਿ ਜਿਸ ਆਦਮੀ ਨੂੰ ਚਾਰ ਚੀਜ਼ਾਂ ਮਿਲ ਗਈਆਂ ਸਮਝੋ ਉਸਨੂੰ ਦੀਨ-ਦੁਨੀਆ ਦੀ ਭਲਾਈ ਮਿਲ ਗਈ, ਸ਼ੁਕਰ ਕਰਨ ਵਾਲਾ ਦਿਲ, ਰੱਬ ਦਾ ਜ਼ਿਕਰ ਕਰਨ ਵਾਲੀ ਜ਼ੁਬਾਨ, ਸਬਰ ਕਰਨ ਵਾਲਾ ਸਰੀਰ ਅਤੇ ਨੇਕ ਪਤਨੀ ਜਿਹੜੀ ਆਪਣੇ ਮਾਲ ਅਤੇ ਨਫ਼ਸ ਵਿਚ ਪਤੀ ਲਈ ਕੋਈ ਪਾਪ ਨਹੀਂ ਕਰਦੀ। (ਤਿਬਰਾਨੀ)

## ਸ਼ਾਦੀ/ ਵਿਆਹ ਦਾ ਧਾਰਮਿਕ ਮਕਸਦ

ਇਸਲਾਮੀ ਕਾਨੂੰਨ ਅਨੁਸਾਰ ਸ਼ਾਦੀ ਦਾ ਪਹਿਲਾ ਮੰਤਵ ਅਖ਼ਲਾਕ ਦੀ ਹਿਫ਼ਾਜ਼ਤ ਕਰਨਾ ਹੈ ਕਿਉਂਕਿ ਇਸਲਾਮ ਜ਼ਿਨ੍ਹਾ (ਫ਼ੋਰਨੀਕੇਸ਼ਨ) ਨੂੰ ਹਰਾਮ ਦੱਸਦਾ ਹੈ।ਮਰਦ ਅਤੇ ਔਰਤ ਦੇ ਅਜਿਹੇ ਪਾਕ-ਸਾਫ਼ ਰਿਸ਼ਤਿਆਂ ਨੂੰ ਕਾਇਮ ਕਰਨ ਲਈ ਮਜਬੂਰ ਕਰਦਾ ਹੈ ਜਿਸ ਨਾਲ ਅਖ਼ਲਾਕ ਅਤੇ ਕਿਰਦਾਰ ਨੂੰ ਬੇਕਾਰ ਅਤੇ ਅਸ਼ਲੀਲਤਾ ਦੇ ਕੰਮਾਂ ਤੋਂ ਬਚਾਇਆ ਜਾਵੇ, ਤਹਿਜ਼ੀਬ ਯਾਫ਼ਤਾ ਅਤੇ ਸਾਫ਼-ਸੁਥਰਾ ਮਾਹੌਲ ਬਣਾਇਆ ਜਾਵੇ, ਹਰ ਕਿਸਮ ਦੀ ਬੁਰਾਈ ਅਤੇ ਸ਼ਰਾਰਤ ਤੋਂ ਬਚਿਆ ਜਾਵੇ, ਇਹੋ ਇਸਲਾਮ ਦਾ ਸੁਨਹਿਰਾ ਅਸੂਲ ਹੈ।ਇਸ ਚੀਜ਼ ਨੂੰ ਮੁੱਖ ਰਖਦਿਆਂ ਕੁਰਆਨ ਮਜੀਦ ਵਿਚ ਨਿਕਾਹ ਲਈ ਸ਼ਬਦ 'ਅਹਿਸਾਨ' (ਕਿਲ੍ਹਾਬੰਦੀ) ਆਇਆ

ਹੈ ਜਿਸ ਤੋਂ ਭਾਵ ਮਰਦ-ਔਰਤ ਅਜਿਹੇ ਕਿਲ੍ਹੇ ਵਿਚ ਦਾਖ਼ਲ ਹੋ ਜਾਂਦੇ ਹਨ ਜਿਸ ਵਿਚ ਹਰ ਲਿਹਾਜ਼ ਨਾਲ ਹਿਫ਼ਾਜ਼ਤ ਹੀ ਹਿਫ਼ਾਜ਼ਤ ਹੈ। ਨਿਕਾਹ ਨਾਲ ਆਪਣੇ ਨਫ਼ਸ ਤੇ ਕੰਟਰੋਲ ਅਤੇ ਅਖ਼ਲਾਕ ਦੀ ਸੁਰੱਖਿਆ ਹੈ।

## ਸ਼ਾਦੀ-ਵਿਆਹ ਦਾ ਸਮਾਜਿਕ ਮਕਸਦ

ਮਨੁੱਖੀ ਜੀਵਨ ਵਿਚ ਮਰਦ ਔਰਤ ਨੂੰ ਅਜਿਹੇ ਸ਼ਾਦੀ-ਵਿਆਹ ਰੂਪੀ ਪਾਕ-ਸਾਫ਼ ਰਿਸ਼ਤੇ ਵਿਚ ਬੰਨਣ ਨਾਲ ਚੰਗੇ ਸਮਾਜ ਦੀ ਉਸਾਰੀ ਤੋਂ ਇਲਾਵਾ ਤਹਿਜ਼ੀਬੀ ਅਮਲ ਦੀ ਸ਼ੁਰੂਆਤ ਹੈ। ਇਸ ਤਰ੍ਹਾਂ ਦੀ ਘਰੇਲੂ ਜ਼ਿੰਦਗੀ ਨਾਲ ਆਉਣ ਵਾਲੀ ਪੀੜ੍ਹੀ 'ਤੇ ਚੰਗਾ ਪ੍ਰਭਾਵ ਪੈਂਦਾ ਹੈ। ਨਿਕਾਹ ਤੋਂ ਬਾਅਦ ਮਰਦ ਔਰਤ ਆਪਸ ਵਿਚ ਸੁਲਾਹ-ਸਫ਼ਾਈ, ਪਿਆਰ-ਮੁਹੱਬਤ, ਆਪਸੀ ਮਿਲਵਰਤਨ ਨਾਲ ਰਹਿਣ। ਆਪਸੀ ਹੱਕਾਂ ਦੀ ਅਦਾਇਗੀ ਨਾਲ ਵਿਗਾੜ ਦਾ ਸਵਾਲ ਪੈਦਾ ਨਹੀਂ ਹੋ ਸਕਦਾ।

## ਗ਼ੈਰ-ਮੁਸਲਿਮ ਨਾਲ ਸ਼ਾਦੀ/ਵਿਆਹ

ਇਸਲਾਮ ਨੇ ਮੁਸਲਿਮ ਸਮਾਜ ਵਿਚ ਮਰਦ ਔਰਤਾਂ ਦੇ ਲਈ ਗ਼ੈਰ-ਮੁਸਲਿਮਾਂ ਨਾਲ ਸ਼ਾਦੀ-ਵਿਆਹ ਦੇ ਸਬੰਧ ਕਾਇਮ ਨੂੰ ਮਨ੍ਹਾਂ ਕੀਤਾ ਹੈ। ਹਾਂ, ਜੇਕਰ ਅਹਿਲ-ਏ-ਕਿਤਾਬ ਹੋਣ ਤਾਂ ਕੋਈ ਹਰਜ ਨਹੀਂ। ਕਿਉਂਕਿ ਗ਼ੈਰ-ਮੁਸਲਿਮ ਦੇ ਖ਼ਿਆਲਾਤ, ਜਜ਼ਬਾਤ, ਤਹਿਜ਼ੀਬ ਅਤੇ ਸਮਾਜ ਦੇ ਤੌਰ-ਤਰੀਕੇ ਵੱਖਰੇ ਹੋਣ ਕਰਕੇ ਆਪਸੀ ਮੇਲ-ਮਿਲਾਪ, ਪਿਆਰ ਮੁਹੱਬਤ ਵਿਚ ਕਿਸੇ ਵੇਲੇ ਵੀ ਤਰੇੜ ਆ ਸਕਦੀ ਹੈ।

## ਇਸਲਾਮ ਅਨੁਸਾਰ ਸ਼ਾਦੀ/ਵਿਆਹ ਤੋਂ ਬਾਅਦ ਮਰਦ ਦੇ ਫ਼ਰਜ਼

ਇਸਲਾਮੀ ਕਨੂੰਨ ਅਨੁਸਾਰ ਸ਼ਾਦੀ/ ਵਿਆਹ ਤੋਂ ਬਾਅਦ ਜਿਹੜਾ ਕਾਨੂੰਨੀ ਜ਼ਾਬਤਾ ਕਾਇਮ ਕੀਤਾ ਗਿਆ ਹੈ ਉਸ ਵਿਚ ਮਰਦ ਦੀ ਹੈਸੀਅਤ ਸੁਰੱਖਿਅਕ ਅਤੇ ਖ਼ਬਰ-ਗੀਰੀ ਕਰਨ ਵਾਲੇ ਦੀ ਹੈ। ਭਾਵੇਂ ਮੀਆਂ-ਬੀਵੀ ਦੇ ਹੱਕ ਲਗਭਗ ਬਰਾਬਰ ਹਨ ਪਰੰਤੂ ਮਰਦ ਲਈ ਉਸ ਦੀ ਹਿਫ਼ਾਜ਼ਤ ਅਤੇ ਨਿਗਰਾਨੀ ਇਸ ਦੀ (ਸੁਭਾਅ) ਨੇਚਰ ਅਨੁਸਾਰ ਸੌਂਪੀ ਗਈ ਹੈ ਇਸ ਫ਼ਰਜ਼ ਨੂੰ ਚੰਗੀ ਤਰ੍ਹਾਂ ਔਰਤ ਨਹੀਂ ਨਿਭਾ ਸਕਦੀ ਜਿਵੇਂ ਮਰਦ ਅੰਜਾਮ ਦੇ ਸਕਦਾ ਹੈ।

ਕੁਰਆਨ ਮਜੀਦ ਵਿਚ ਅੱਲਾਹ ਤਆਲਾ ਦਾ ਫ਼ਰਮਾਨ ਹੈ ਕਿ ਔਰਤਾਂ ਦਾ ਹੱਕ ਮਰਦਾਂ 'ਤੇ ਇਸ ਤਰ੍ਹਾਂ ਹੈ ਕਿ ਜਿਵੇਂ ਉਹਨਾਂ ਦਾ ਹੱਕ ਔਰਤਾਂ 'ਤੇ ਅਤੇ ਮਰਦਾਂ ਨੂੰ ਤਰਜੀਹ ਦਿੱਤੀ ਗਈ ਹੈ।(ਸੂਰਤ ਅਲ-ਬਕਰਹ ਆਇਤ ਨੰ 228)

ਮਰਦ ਨੂੰ ਮਿਲਣ ਵਾਲੇ ਇਸ ਉੱਚੇ ਦਰਜੇ ਦੇ ਹੇਠ ਲਿਖੇ ਕਾਰਨ ਹਨ।

ਉਹ ਔਰਤ ਦਾ ਮਹਿਰ (ਸ਼ਾਦੀ ਸਮੇਂ ਮਰਦ ਵਲੋਂ ਦਿੱਤਾ ਜਾਣ ਵਾਲਾ ਤੋਹਫ਼ਾ) ਅਦਾ ਕਰੇ।ਕਿਉਂਕਿ ਮਰਦ ਨੂੰ ਪਤਨੀ ਦੇ ਜਿਹੜੇ ਹੱਕ ਮਿਲਦੇ ਹਨ ਉਹ ਮਹਿਰ ਅਦਾ ਕਰਨ ਨਾਲ ਮਿਲਦੇ ਹਨ।

ਮਰਦ ਔਰਤ ਲਈ ਰੋਟੀ-ਪਾਣੀ ਅਤੇ ਕੱਪੜਾ ਆਦਿ ਦਾ ਇੰਤਜ਼ਾਮ ਕਰੇਗਾ। ਕਿਉਂਕਿ ਇਸਲਾਮੀ ਕਾਨੂੰਨ ਅਨੁਸਾਰ ਔਰਤਾਂ ਦੇ ਹੱਕਾਂ ਦੀ ਨਿਸ਼ਾਨਦੇਹੀ ਕਰਦਿਆਂ ਸਪੱਸ਼ਟ ਤੌਰ 'ਤੇ ਔਰਤ ਨੂੰ ਘਰ ਦੀ ਮਾਲਿਕਾ ਦਾ ਦਰਜਾ ਦਿੱਤਾ ਗਿਆ ਹੈ ਅਤੇ ਘਰੇਲੂ ਕੰਮ-ਕਾਜ ਵਿਚ ਆਪਣੇ ਫ਼ਰਜ਼ਾਂ ਦੀ ਅਦਾਇਗੀ ਲਈ ਪ੍ਰੇਰਿਆ ਗਿਆ ਹੈ। ਮਰਦ ਲਈ ਰੋਜ਼ੀ-ਰੋਟੀ ਦਾ ਪ੍ਰਬੰਧ ਅਤੇ ਜ਼ਿੰਦਗੀ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਆਖਿਆ ਗਿਆ ਹੈ। ਜੇਕਰ ਪਤੀ ਇਹਨਾਂ ਫ਼ਰਜ਼ਾਂ ਨੂੰ ਅਦਾ ਨਹੀਂ ਕਰੇਗਾ ਤਾਂ ਕਾਨੂੰਨ ਉਸਨੂੰ ਅਦਾ ਕਰਨ ਲਈ ਮਜਬੂਰ ਕਰੇਗਾ। ਰੋਜ਼ੀ-ਰੋਟੀ ਦਾ ਇੰਤਜ਼ਾਮ ਔਰਤ ਦੀਆਂ ਇੱਛਾਵਾਂ ਅਨੁਸਾਰ ਨਹੀਂ ਬਲਕਿ ਮਰਦ ਦੀ ਹੈਸੀਅਤ ਅਨੁਸਾਰ ਹੋਵੇਗਾ।ਮਰਦ ਲਈ ਵੀ ਚਾਹੀਦਾ ਹੈ ਕਿ ਉਹ ਮਿਲੇ ਹੱਕਾਂ ਨੂੰ ਜ਼ੁਲਮ ਕਰਨ ਲਈ ਇਸਤੇਮਾਲ ਨਾ ਕਰੇ। ਔਰਤ ਦੀ ਦੀਨੀ ਅਤੇ ਅਖ਼ਲਾਕੀ ਤਰਬੀਅਤ ਵੀ ਕਰਦਾ ਰਹੇ।

## ਪਤਨੀ ਨਾਲ ਬੇ-ਇਨਸਾਫ਼ੀ ਕਰਨਾ

ਜੇਕਰ ਕਈ ਪਤਨੀਆਂ ਹੋਣ ਤਾਂ ਕਿਸੇ ਇੱਕ ਪਤਨੀ ਵੱਲ ਵਿਸ਼ੇਸ਼ ਧਿਆਨ ਦੇਣਾ, ਦੂਜੀਆਂ ਨੂੰ ਅਣਗੌਲੇ ਕਰ ਦੇਣਾ ਜਾਂ ਉਹਨਾਂ ਨਾਲ ਚੰਗਾ ਵਿਵਹਾਰ ਨਾ ਕਰਨਾ ਜਾਂ ਤੰਗ ਕਰਨਾ ਮੁਨਾਸਿਬ ਨਹੀਂ ਹੈ। ਕੁਰਆਨ ਸ਼ਰੀਫ਼ ਅਨੁਸਾਰ ਜੇਕਰ ਸਾਰੀਆਂ ਨਾਲ ਇੱਕੋ ਜਿਹਾ ਸਲੂਕ ਕਰ ਸਕੋ ਤਾਂ ਵਧੇਰੇ ਚੰਗਾ ਹੈ, ਨਹੀਂ ਤਾਂ ਇੱਕੋ ਪਤਨੀ ਕਾਫ਼ੀ ਹੈ।

## ਇਸਲਾਮੀ ਕਾਨੂੰਨ ਅਨੁਸਾਰ ਮਰਦ ਦੇ ਹੱਕ

ਇਸਲਾਮੀ ਕਾਨੂੰਨ ਅਨੁਸਾਰ ਮਰਦ ਨੂੰ ਜੋ ਤਰਜੀਹ ਦਿੱਤੀ ਗਈ ਹੈ ਉਸਦਾ ਕਾਰਨ ਇਹ ਹੈ ਕਿ ਇਸਨੂੰ ਵਿਸ਼ੇਸ਼ ਜ਼ਿੰਮੇਦਾਰੀਆਂ ਨਾਲ ਨਵਾਜ਼ਿਆ ਗਿਆ ਹੈ। ਇਸ ਤੋਂ ਪਹਿਲਾਂ ਵੀ ਮਰਦ ਨੂੰ ਕੁੱਝ ਹਕੂਕ ਦਿੱਤੇ ਗਏ ਸਨ। ਜਿਵੇਂ ਕੁਰਆਨ

ਮਜੀਦ ਵਿਚ ਮਰਦ ਦਾ ਔਰਤ ਲਈ ਜੋ ਹੱਕ ਬਿਆਨ ਕੀਤਾ ਗਿਆ ਹੈ ਇਸ ਦੀ ਮਿਸਾਲ ਕਿਸੇ ਹੋਰ ਜ਼ੁਬਾਨ ਵਿਚ ਨਹੀਂ ਮਿਲ ਸਕਦੀ।

ਭਾਵ ਔਰਤ ਮਰਦ ਦੀ ਆਲ-ਔਲਾਦ, ਰੋਜ਼ੀ-ਰੋਟੀ, ਇੱਜ਼ਤ-ਆਬਰੂ, ਮਾਲ-ਦੌਲਤ ਅਤੇ ਰਾਜ਼-ਨਿਆਜ਼ ਦੀ ਅਮਾਨਤਦਾਰ ਹੈ।

ਔਰਤ ਉਸ ਦੀ ਆਗਿਆਕਾਰੀ ਕਰੇ।

ਜਿਹੜੀਆਂ ਨੇਕ ਔਰਤਾਂ ਹਨ ਉਹ ਪਤੀ ਦੀ ਆਗਿਆਕਾਰੀ ਕਰਨ ਵਾਲੀਆਂ ਹੁੰਦੀਆਂ ਹਨ। (ਸੂਰਤ ਅਨ-ਨਿਸਾ-6)

ਕੁਰਆਨ ਮਜੀਦ ਦੇ ਇਹਨਾਂ ਹੁਕਮਾਂ ਤੋਂ ਇਲਾਵਾ ਹਜ਼ਰਤ ਮੁਹੰਮਦ (ਸ.) ਨੇ ਔਰਤ ਲਈ ਮਰਦ ਦੇ ਹੱਕਾਂ ਸਬੰਧੀ ਬਹੁਤ ਹੁਕਮ ਫ਼ਰਮਾਏ ਹਨ ਜਿਹਨਾਂ ਵਿਚੋਂ ਕੁੱਝ ਇਸ ਪ੍ਰਕਾਰ ਹਨ :

(1) ਉਹ ਤੁਹਾਡੇ ਕੋਲ ਅਜਿਹੇ ਵਿਅਕਤੀ ਨੂੰ ਨਾ ਆਉਣ ਦੇਵੇ ਜਿਸਨੂੰ ਤੁਸੀਂ ਨਾ-ਪਸੰਦ ਕਰਦੇ ਹੋਵੋ।

(2) ਉਹ ਤੁਹਾਡੇ ਘਰੋਂ ਤੁਹਾਡੀ ਆਗਿਆ ਤੋਂ ਬਗ਼ੈਰ ਪੁੰਨ-ਦਾਨ ਨਾ ਕਰੇ ਕਿਉਂਕਿ ਜੇਕਰ ਉਹ ਅਜਿਹਾ ਕਰੇਗੀ ਤਾਂ ਬਦਲਾ ਪਤੀ ਨੂੰ ਮਿਲ ਜਾਵੇਗਾ ਅਤੇ ਪਾਪ ਔਰਤ ਨੂੰ ਹੋਵੇਗਾ।

(3) ਉਹ ਤੁਹਾਡੀ ਆਗਿਆ ਤੋਂ ਬਗ਼ੈਰ ਘਰੋਂ ਬਾਹਰ ਨਾ ਨਿਕਲੇ।

(4) ਪਤੀ ਦੀ ਮੌਜੂਦਗੀ 'ਚ ਰਮਜ਼ਾਨ ਦੇ ਰੋਜ਼ਿਆ ਤੋਂ ਇਲਾਵਾ ਨਫ਼ਲੀ ਰੋਜ਼ੇ ਪਤੀ ਦੀ ਆਗਿਆ ਤੋਂ ਬਗ਼ੈਰ ਨਾ ਰੱਖੇ।

(5) ਸਭ ਤੋਂ ਵਧੀਆ ਔਰਤ ਉਹ ਹੈ ਜਦੋਂ ਤੁਸੀਂ ਉਸਨੂੰ ਵੇਖੋ ਤਾਂ ਤੁਹਾਡਾ ਦਿਲ ਖ਼ੁਸ਼ ਹੋ ਜਾਵੇ।ਜਦੋਂ ਤੁਸੀਂ ਉਸਨੂੰ ਕੋਈ ਆਦੇਸ਼ ਦੇਵੋਂ ਤਾਂ ਉਹ ਤੁਹਾਡੀ ਆਗਿਆਕਾਰੀ ਕਰੇ। ਜਦੋਂ ਤੁਸੀਂ ਉਸਦੇ ਕੋਲ ਨਾ ਹੋਵੋ ਤਾਂ ਉਹ ਤੁਹਾਡੇ ਮਾਲ ਅਤੇ ਆਪਣੇ ਨਫ਼ਸ ਸਬੰਧੀ ਹਿਫ਼ਾਜ਼ਤ ਕਰੇ।

(6) ਜਿਸਦੀ ਮੌਤ ਅਜਿਹੀ ਹਾਲਤ 'ਚ ਆਵੇ ਕਿ ਉਸਦਾ ਪਤੀ ਉਸਤੋਂ ਰਾਜ਼ੀ ਹੋਵੇ ਤਾਂ ਉਹ ਜੰਨਤੀ ਹੈ।

(7) ਜੇਕਰ ਮੈਂ ਰੱਬ ਤੋਂ ਇਲਾਵਾ ਕਿਸੇ ਨੂੰ ਸਜਦਾ ਕਰਨ ਲਈ ਆਖਦਾ ਤਾਂ ਔਰਤ ਲਈ ਇਹ ਹੁਕਮ ਦਿੰਦਾ ਕਿ ਉਹ ਆਪਣੇ ਪਤੀ ਨੂੰ ਸਜਦਾ ਕਰੇ।

(8) ਜੇਕਰ ਕੋਈ ਪਤੀ ਆਪਣੀ ਪਤਨੀ ਨੂੰ ਇਸ ਗੱਲ ਦਾ ਹੁਕਮ ਦੇਵੇ ਕਿ ਇਸ ਪਹਾੜ ਤੋਂ ਪੱਥਰ ਚੁੱਕ ਕੇ ਉਸ ਪਹਾੜ ਤੇ ਲੈ ਜਾਵੋਂ ਅਤੇ ਉਸ

ਪਹਾੜ ਤੋਂ ਪੱਥਰ ਚੁੱਕ ਕੇ ਤੀਸਰੇ ਪਹਾੜ ਤੇ ਲੈ ਜਾਵੋ ਤਾਂ ਉਸਨੂੰ ਅਜਿਹਾ ਹੀ ਕਰਨਾ ਚਾਹੀਦਾ ਹੈ।

(9) ਜਦੋਂ ਕੋਈ ਮਰਦ ਆਪਣੀ ਔਰਤ ਨੂੰ ਆਪਣੇ ਕੰਮ ਸਬੰਧੀ ਬੁਲਾਵੇ ਤਾਂ ਉਸਨੂੰ ਚਾਹੀਦਾ ਹੈ ਕਿ ਉਹ ਉਸਦੇ ਕੋਲ ਜ਼ਰੂਰ ਜਾਵੇ ਭਾਵੇਂ ਉਹ ਚੁੱਲੇ-ਚੌਂਕਾ ਦਾ ਕੰਮ ਹੀ ਕਿਉਂ ਨਾ ਕਰਦੀ ਹੋਵੇ।

(10) ਜਦੋਂ ਕਿਸੇ ਆਦਮੀ ਨੇ ਆਪਣੀ ਔਰਤ ਨੂੰ ਸੌਣ ਲਈ ਬੁਲਾਇਆ ਪਰ ਉਹ ਨਾ ਆਈ। ਇਸੇ ਤਰ੍ਹਾਂ ਗ਼ੁੱਸੇ 'ਚ ਉਹ ਸਾਰੀ ਰਾਤ ਸਵੇਰ ਤੱਕ ਸੌਂਦਾ ਰਿਹਾ ਤਾਂ ਉਸ ਔਰਤ 'ਤੇ ਸਾਰੇ ਫ਼ਰਿਸ਼ਤੇ ਫਿਟਕਾਰ ਭੇਜਦੇ ਰਹਿੰਦੇ ਹਨ।

(11) ਦੁਨੀਆਂ 'ਚ ਜਦੋਂ ਕੋਈ ਔਰਤ ਆਪਣੇ ਪਤੀ ਨੂੰ ਸਤਾਉਂਦੀ ਹੈ ਤਾਂ ਕਿਆਮਤ ਵਾਲੇ ਦਿਨ ਜਿਹੜੀ ਹੂਰ ਉਸਦੀ ਪਤਨੀ ਬਣੇਗੀ, ਉਹ ਇਸ ਤਰ੍ਹਾਂ ਕਹਿੰਦੀ ਹੈ ਕਿ ਰੱਬ ਤੈਨੂੰ ਬਰਬਾਦ ਕਰੇ, ਤੂੰ ਇਸਨੂੰ ਨਾ ਸਤਾ, ਇਹ ਤਾਂ ਤੇਰੇ ਕੋਲ ਮਹਿਮਾਨ ਹੈ। ਕੁੱਝ ਦਿਨਾਂ ਤੋਂ ਬਾਅਦ ਤੈਨੂੰ ਛੱਡ ਕੇ ਮੇਰੇ ਕੋਲ ਆਜਾਵੇਗਾ।

(12) ਹਜ਼ਰਤ ਹਸੀਨ (ਰਜ਼ੀ.) ਬਿਨ ਮੋਹਸਿਨ ਦੀ ਭੂਆ ਨੇ ਫ਼ਰਮਾਇਆਕਿ ਤੇਰਾ ਪਤੀ ਤੇਰੀ ਜੰਨਤ ਜਾਂ ਦੋਜ਼ਖ਼ ਹੈ। (ਨਿਸਾਈ)
ਹਜ਼ਰਤ ਆਇਸ਼ਾ (ਰਜ਼ੀ.) ਨੇ ਪੁੱਛਿਆ ਕਿ ਔਰਤ 'ਤੇ ਸਭ ਤੋਂ ਵੱਡਾ ਹੱਕ ਕਿਸ ਦਾ ਹੈ? ਫ਼ਰਮਾਇਆ, ਪਤੀ ਦਾ। ਫਿਰ ਪੁੱਛਿਆ, ਮਰਦ 'ਤੇ ਸਭ ਤੋਂ ਵੱਡਾ ਹੱਕ ਕਿਸਦਾ ਹੈ ? ਫ਼ਰਮਾਇਆ ਆਪਣੀ ਮਾਂ ਦਾ।
ਜਿਹੜੀ ਔਰਤ ਆਪਣੇ ਪਤੀ ਨਾਲ ਮੁਹੱਬਤ ਕਰਦੀ ਹੈ ਉਹ ਜੰਨਤ ਵਿਚ ਦਾਖ਼ਲ ਹੋਵੇਗੀ।

(13) ਪਤੀ ਦੇ ਨਰਾਜ਼ ਹੋਣ ਨਾਲ ਜਿਹੜੀ ਔਰਤ ਪਤੀ ਨੂੰ ਕਹਿੰਦੀ ਹੈ ਕਿ ਮੈਂ ਉਸ ਵੇਲੇ ਤੱਕ ਨਹੀਂ ਸੌਂਵਾਂਗੀ ਜਦੋਂ ਤੱਕ ਤੁਸੀਂ ਰਾਜ਼ੀ ਨਹੀਂ ਹੋਵੋਗੇ। ਮੇਰਾ ਹੱਥ ਤੁਹਾਡੇ ਹੱਥ ਵਿਚ ਹੈ ਤਾਂ ਅਜਿਹੀ ਔਰਤ ਜੰਨਤ ਵਿਚ ਦਾਖ਼ਲ ਹੋਵੇਗੀ।

(14) ਜਿਹੜਾ ਪਤੀ ਆਪਣੀ ਪਤਨੀ ਦੀ ਤਕਲੀਫ਼ ਤੇ ਸਬਰ-ਸੰਤੋਖ ਕਰਦਾ ਹੈ ਉਹ ਜੰਨਤ ਵਿਚ ਦਾਖ਼ਲ ਹੋਵੇਗਾ।

(15) ਜਿਹੜੀ ਪਤਨੀ ਆਪਣੇ ਪਤੀ ਦੀ ਆਗਿਆ ਨਾਲ ਪੁੰਨ-ਦਾਨ ਕਰਦੀ ਹੈ ਤਾਂ ਉਸ ਨੂੰ ਪੁੰਨ-ਦਾਨ ਕਰਨ ਦਾ ਬਦਲਾ ਮਿਲਦਾ ਹੈ। ਪਤੀ ਨੂੰ ਕਮਾ ਕੇ ਲਿਆਉਣ ਦਾ ਸਵਾਬ ਮਿਲਦਾ ਹੈ ਅਤੇ ਸੇਵਕਾ ਨੂੰ ਚੁੱਕ ਕੇ

ਦੇਣ ਦਾ ਬਦਲਾ ਮਿਲਦਾ ਹੈ। ਤਿੰਨਾਂ ਦੇ ਹਿੱਸੇ ਵਿਚ ਸਵਾਬ ਦੀ ਕਮੀ ਨਹੀਂ ਆਉਂਦੀ।

(16) ਦੋ ਤਰ੍ਹਾਂ ਦੇ ਲੋਕਾਂ ਦੀ ਨਮਾਜ਼ ਉਹਨਾਂ ਦੇ ਸਿਰਾਂ ਤੋਂ ਉਪਰ ਨਹੀਂ ਜਾਂਦੀ ਭਾਵ ਰੱਬ ਦੀ ਦਰਗਾਹ ਤੱਕ ਨਹੀਂ ਪਹੁੰਚਦੀ। ਜਿਹੜਾ ਗ਼ੁਲਾਮ ਆਪਣੇ ਮਾਲਕ ਕੋਲੋਂ ਭੱਜ ਗਿਆ ਹੋਵੇ। ਜਦੋਂ ਤੱਕ ਵਾਪਸ ਪਰਤ ਨਾ ਆਵੇ। ਦੂਜੇ ਉਹ ਔਰਤ ਜਿਹੜੀ ਆਪਣੇ ਪਤੀ ਦੀ ਨਾਫ਼ਰਮਾਨੀ ਕਰੇ। ਜਦੋਂ ਤੱਕ ਆਗਿਆਕਾਰ ਨਾ ਬਣ ਜਾਵੇ। (ਤਿਬਰਾਨੀ)

(17) ਪਤੀ ਦੀ ਇੱਜ਼ਤ-ਆਬਰੂ ਬਹੁਤ ਹੱਦ ਤੱਕ ਔਰਤ ਦੀ ਮੁੱਠੀ ਵਿਚ ਹੁੰਦੀ ਹੈ। ਪਤਨੀ ਲਈ ਜ਼ਰੂਰੀ ਹੈ ਕਿ ਉਹ ਮਰਦ ਦੀ ਇੱਜ਼ਤ ਦੀ ਹਿਫ਼ਾਜ਼ਤ ਕਰੇ। ਆਪਣਾ ਦਿਲ ਪਤੀ ਦੀ ਮੁਹੱਬਤ ਨਾਲ ਭਰ ਲਏ। ਇਸਲਾਮ ਵਿਚ ਸੋਗ ਲਈ ਤਿੰਨ ਦਿਨ ਦੀ ਇਜਾਜ਼ਤ ਹੈ ਪਰੰਤੂ ਪਤੀ ਦੇ ਇੰਤਕਾਲ ਉਪਰੰਤ ਔਰਤ ਚਾਰ ਮਹੀਨੇ ਦਸ ਦਿਨ ਤੱਕ ਸੋਗ ਕਰੇ। (ਮੁਸਲਿਮ)

## ਇਸਲਾਮੀ ਕਾਨੂੰਮ ਅਨੁਸਾਰ ਮਰਦ ਦੇ ਅਖ਼ਤਿਆਰ

ਇਸਲਾਮੀ ਕਾਨੂੰਨ ਅਨੁਸਾਰ ਮਰਦ ਲਈ ਕੁੱਝ ਵਿਸ਼ੇਸ਼ ਅਧਿਕਾਰ ਦਿੱਤੇ ਗਏ ਹਨ। ਇਸ ਦੇ ਬਾਵਜੂਦ ਔਰਤ ਲਈ ਮਹਿਰ (ਨਿਕਾਹ ਵੇਲੇ ਪਤੀ ਵਲੋਂ ਦਿੱਤਾ ਜਾਣ ਵਾਲਾ ਤੋਹਫ਼ਾ) ਰੋਜ਼ੀ-ਰੋਟੀ, ਖ਼ਬਰ-ਸਾਰ ਅਤੇ ਨਿਗਰਾਨੀ ਦੀ ਜ਼ਿੰਮੇਦਾਰੀ ਮਰਦ 'ਤੇ ਲਗਾਈ ਗਈ ਹੈ। ਮਰਦ ਲਈ ਕੁਝ ਵਿਸ਼ੇਸ਼ ਰਿਆਇਤਾਂ ਘਰੇਲੂ ਜ਼ਿੰਦਗੀ ਦੇ ਤਾਣੇ-ਬਾਣੇ ਨੂੰ ਸਹੀ ਰੱਖਣਾ, ਘਰੇਲੂ ਜੀਵਨ ਵਿਚ ਚੰਗੇ ਵਿਵਹਾਰ, ਸੁਚੱਜੇ ਸਮਾਜ ਦੀ ਉਸਾਰੀ ਅਤੇ ਆਪਣੇ ਆਪ ਨੂੰ ਕਿਸੇ ਪ੍ਰਕਾਰ ਦੇ ਨੁਕਸਾਨ ਤੋਂ ਬਚਾਉਣ ਲਈ ਵੀ ਸੁਚੇਤ ਕੀਤਾ ਗਿਆ ਹੈ।

ਜੇਕਰ ਔਰਤ ਆਪਣੇ ਪਤੀ ਦੀ ਆਗਿਆਕਾਰੀ ਜਾਂਉਸ ਦੇ ਹੱਕਾਂ ਦੀ ਅਦਾਇਗੀ ਨਾ ਕਰੇ ਤਾਂ ਅਜਿਹੀ ਹਾਲਤ ਵਿਚ ਮਰਦ ਲਈ ਜ਼ਰੂਰੀ ਹੈ ਕਿ ਉਸ ਨੂੰ ਨਸੀਹਤ ਕਰੇ। ਜੇਕਰ ਨਾ ਮੰਨੇ ਤਾਂ ਅਖ਼ਤਿਆਰ ਹੈ ਕਿ ਜ਼ਰੂਰਤ ਅਨੁਸਾਰ ਉਸ ਦੇ ਬਰਤਾਵੇ ਵਿਚ ਉਸ ਨਾਲ ਸਖ਼ਤੀ ਕਰੇ। ਜੇਕਰ ਨਾ ਮੰਨੇ ਤਾਂ ਉਸ ਦਾ ਬਿਸਤਰਾ ਵੱਖਰਾ ਕਰ ਦੇਵੇ। (ਚੇਤੇ ਰਹੇ ਕਿ ਇਸ ਤੋਂ ਅਲੈਹਿਦਗੀ ਚਾਰ ਮਹੀਨਿਆਂ ਤੋਂ ਜ਼ਿਆਦਾ ਨਾ ਹੋਵੇ।) ਜੇਕਰ ਅਜਿਹਾ ਕਰਨ ਨਾਲ ਵੀ ਮਸਲਾ ਹੱਲ ਨਾ ਹੋਵੇ ਤਾਂ ਉਸ ਨੂੰ ਹਲਕਾ ਮਾਰਿਆ ਜਾਵੇ। ਹਜ਼ਰਤ ਮੁਹੰਮਦ (ਸ.) ਨੇ ਮਾਰਨ ਦਾ ਦਾਇਰਾ

ਇਹ ਤੈਅ ਕੀਤਾ ਗਿਆ ਹੈ ਕਿ ਸਖ਼ਤ ਸੱਟ ਨਾ ਹੋਵੇ।ਇੱਥੋਂ ਤੱਕ ਕਿ ਉਹ ਆਗਿਆਕਾਰ ਬਣ ਜਾਵੇ।

ਹਜ਼ਰਤ ਸੁਫ਼ਿਆਨ ਸੌਰੀ (ਰਜ਼ੀ.) ਦਾ ਕਥਨ ਹੈ ਕਿ ਜੇਕਰ ਔਰਤ ਨਸੀਹਤ ਸਵੀਕਾਰ ਨਾ ਕਰੇ ਤਾਂ ਉਸ ਨੂੰ ਬੰਨ੍ਹ ਕੇ ਘਰ ਵਿਚ ਰੱਖਿਆ ਜਾਵੇ। ਪਰ ਇਹ ਗੱਲ ਚੇਤੇ ਰਹੇ ਕਿ ਇਸਲਾਮੀ ਕਾਨੂੰਨ ਨੇ ਜਿਹੜਾ ਮਰਦ ਵਲੋਂ ਔਰਤਾਂ ਨੂੰ ਨਸੀਹਤ ਕਰਨ , ਔਰਤ ਨੂੰ ਆਪਣੇ ਬਿਸਤਰ ਤੋਂ ਵੱਖਰਾ ਕਰਨ, ਆਗਿਆਕਾਰੀ ਨਾ ਕਰਨ 'ਤੇ ਮਾਰਨ ਦਾ ਅਖ਼ਤਿਆਰ ਦਿੱਤਾ ਗਿਆ, ਉਸ ਦੇ ਨਾਲੋ-ਨਾਲ ਆਪ ਦਾ ਇਹ ਵੀ ਫ਼ਰਮਾਨ ਚੇਤੇ ਰਹੇ ਕਿ ਸਜ਼ਾ ਉਸ ਅਵੱਗਿਆ 'ਤੇ ਦਿੱਤੀ ਜਾ ਸਕਦੀ ਹੈ ਜੋ ਮਰਦ ਦੇ ਜਾਇਜ਼ ਹੱਕਾਂ ਦੇ ਸਬੰਧ 'ਚ ਹੋਵੇ। ਇਹ ਨਹੀਂ ਕਿ ਹਰੇਕ ਝੂਠੇ-ਗ਼ਲਤ ਕੰਮਾਂ ਦੀ ਆਗਿਆਕਾਰੀ ਕੀਤੀ ਜਾਵੇ।

ਪਤੀ ਆਪਣੀ ਪਤਨੀ ਤੋਂ ਅਜਿਹੀ ਕਠੋਰ ਸੇਵਾ ਨਹੀਂ ਲੈ ਸਕਦਾ ਜਿਸ ਨਾਲ ਉਸ ਦੀ ਸਿਹਤ 'ਤੇ ਮਾੜਾ ਪ੍ਰਭਾਵ ਪੈਂਦਾ ਹੋਵੇ ਜਾਂ ਪੈਣ ਦਾ ਡਰ ਹੋਵੇ।ਪਤੀ ਲਈ ਚਾਹੀਦਾ ਹੈ ਕਿ ਆਪਣੀ ਪਤਨੀ ਨੂੰਖ਼ੂਬਸੂਰਤ ਅਤੇ ਤੰਦਰੁਸਤ ਰੱਖਣ ਦੀ ਕੋਸ਼ਿਸ਼ ਕਰੇ।ਅਜਿਹਾ ਕੰਮ ਜਾਂ ਰੁਝੇਵਾਂ ਜੋ ਔਰਤ ਦੀ ਸਿਹਤ ਲਈ ਹਾਨੀਕਾਰਕ ਸਿੱਧ ਹੁੰਦਾ ਹੋਵੇ, ਸੰਕੋਚ ਕਰੇ।

ਪਤੀ ਲਈ ਅਖ਼ਤਿਆਰ ਹੈ ਕਿ ਪਤਨੀ ਨੂੰ ਅਜਿਹੇ ਕੰਮਾਂ ਤੋਂ ਰੋਕੇ ਜੋ ਰੋਜ਼ੀ-ਰੋਟੀ ਕਮਾਉਣ ਲਈ ਅਪਨਾਏ ਜਾਂਦੇ ਹਨ।ਇਹ ਜ਼ਿੰਮੇਦਾਰੀ ਮਰਦ ਦੀ ਹੈ ਕਿ ਉਹ ਕਮਾਵੇ ਅਤੇ ਪਤਨੀ ਅਤੇ ਬਾਲ-ਬੱਚਿਆਂ ਨੂੰ ਖੁਆਏ।ਜੇਕਰ ਪਤਨੀ ਸ਼ਵਾਬ ਦੀ ਨੀਯਤ ਨਾਲ ਕੋਈ ਜਾਇਜ਼ ਧੰਦਾ ਅਪਨਾਉਂਦੀ ਹੈ ਤਾਂ ਮਰਦ ਉਸ ਨੂੰ ਰੋਕਣ ਦਾ ਅਧਿਕਾਰ ਰਖਦਾ ਹੈ।ਮਰਦ ਉਸ ਦੇ ਸਾਰੇ ਖ਼ਰਚਿਆਂ ਦਾ ਜ਼ਿੰਮੇਦਾਰ ਹੈ।ਜੇਕਰ ਮਰਦ ਇਸ (ਸਥਿਤੀ) ਪੋਜ਼ੀਸ਼ਨ ਵਿਚ ਨਹੀਂ ਹੈ ਤਾਂ ਔਰਤ ਨੂੰ ਜ਼ਿੰਦਗੀ ਦੇ ਨਿਰਵਾਹ ਲਈ ਆਗਿਆ ਦੇ ਸਕਦਾ ਹੈ।(ਅਲ ਬਹਿਰੁਰ ਰਾਇਕ ਜਿਲਦ ਚੌਥੀ ਪੰਨਾ ਨੰ. 196)

ਮਰਦਾਂ ਨੂੰ ਇਸ ਗੱਲ ਦਾ ਵਿਸ਼ੇਸ਼ ਅਧਿਕਾਰ ਦਿੱਤਾ ਗਿਆ ਹੈ ਕਿ ਆਪਣੀਆਂ ਪਤਨੀਆਂ ਨੂੰ ਬਾਹਰ ਜਾਣ ਤੋਂ ਰੋਕ ਸਕਦੇ ਹਨ।

## ਇਸਲਾਮੀ ਕਾਨੂੰਨ ਅਨੁਸਾਰ ਔਰਤਾਂ ਦੇ ਹੱਕ

ਇਸਲਾਮ ਤੋਂ ਪਹਿਲਾਂਔਰਤ ਦੇ ਹੱਕ ਖ਼ਤਮ ਕੀਤੇ ਜਾ ਰਹੇ ਸਨ। ਅਜੋਕੇ ਸਮੇਂ 'ਚ ਇਸ ਬਾਰੇ ਸੋਚਣਾ ਕਠਿਨ ਜਾਪਦਾ ਹੈ। ਪਤੀ ਦੀ ਵਿਰਾਸਤ ਵਿਚ ਉਸਨੂੰ ਸਿਵਾਏ ਨਾ-ਉਮੀਦੀ ਦੇ ਕੁੱਝ ਵੀ ਹਾਸਿਲ ਨਹੀਂ ਹੁੰਦਾ ਸੀ। ਰੋਜ਼ੇ ਦੀ ਹਾਲਤ ਵਿਚ

ਉਸ ਦੀ ਜ਼ਿੰਦਗੀ ਗ਼ੁਲਾਮਾਂ ਤੋਂ ਘੱਟ ਨਹੀਂ ਸੀ। ਹੱਦ ਤਾਂ ਇਹ ਸੀ ਕਿ ਸ਼ਰਾਬ ਦੀ ਤਲਬ ਅਤੇ ਜੂਏ ਦੇ ਦਾਓ 'ਤੇ ਔਰਤਾਂ ਦੀ ਇੱਜ਼ਤ ਨਾਲ ਖੇਡਿਆ ਜਾਂਦਾ ਸੀ। ਬਾਪ ਦੇ ਮਰਨ ਤੋਂ ਬਾਅਦ ਪੁੱਤਰ ਸੁਤੇਲੀ ਮਾਂ ਨੂੰ ਆਪਣੀ ਜਾਗੀਰ ਸਮਝ ਕੇ ਪਤਨੀ ਬਣਾ ਲੈਂਦਾ ਸੀ।

ਇਸਲਾਮ ਨੇ ਇਸ ਜ਼ੁਲਮ ਨੂੰ ਖ਼ਤਮ ਕੀਤਾ ਅਤੇ ਔਰਤ ਨੂੰ ਉਹ ਹੱਕ ਪ੍ਰਦਾਨ ਕੀਤੇ ਜੋ ਅੱਜ ਵੀ ਕਿਸੇ ਦੂਸਰੇ ਧਰਮ ਵਿਚ ਉਸਨੂੰ ਨਸੀਬ ਨਹੀਂ ਹਨ।

ਹਜ਼ਰਤ ਮੁਹੰਮਦ (ਸ.) ਨੂੰ ਔਰਤ ਦੇ ਹੱਕਾਂ ਦਾ ਏਨਾ ਖ਼ਿਆਲ ਸੀ ਕਿ ਆਪ ਨੇ ਇਕ ਬਾਰੀ ਖ਼ੁਤਬੇ ਵਿਚ ਇਰਸ਼ਾਦ ਫ਼ਰਮਾਇਆ :

''ਔਰਤ ਦੇ ਬਾਰੇ ਵਿਚ ਅੱਲਾਹ ਤੋਂ ਡਰੋ ਕਿਉਂਕਿ ਤੁਸੀਂ ਉਹਨਾਂ ਨੂੰ ਰੱਬ ਦੀ ਅਮਾਨਤ ਸਮਝ ਕੇ ਆਪਣੇ ਨਿਕਾਹ ਵਿਚ ਲਿਆ ਹੈ।'' (ਮੁਸਲਿਮ)

ਹਜ਼ਰਤ ਮੁਹੰਮਦ ਸਾਹਿਬ ਨੇ ਔਰਤਾਂ ਦੇ ਸਬੰਧ 'ਚ ਬੇ-ਸ਼ੁਮਾਰ ਹੁਕਮ ਫ਼ਰਮਾਏ ਹਨ ਜਿਹਨਾਂ ਵਿਚੋਂ ਕੁੱਝ ਇਸ ਤਰ੍ਹਾਂ ਹਨ :

(1) ਤੁਹਾਡੇ ਵਿਚੋਂ ਸਭ ਤੋਂ ਚੰਗੇ ਆਦਮੀ ਉਹ ਹਨ ਜੋ ਆਪਣੀਆਂ ਪਤਨੀਆਂ ਦੇ ਹੱਕ ਵਿਚ ਵਧੀਆ ਹਨ। (ਤਿਰਮਜ਼ੀ)

(2) ਮੈਂ ਤੁਹਾਨੂੰ ਦੋ ਕਮਜ਼ੋਰਾਂ ਭਾਵ ਅਨਾਥ (ਯਤੀਮ) ਅਤੇ ਪਤਨੀ ਦੇ ਹੱਕਾਂ ਬਾਰੇ ਸੁਚੇਤ ਕਰਦਾ ਹਾਂ। (ਨਿਸਾਈ)

(3) ਮੋਮਿਨ (ਪਤੀ) ਨੂੰ ਮੋਮਿਨਾ (ਪਤਨੀ) ਦੇ ਨਾਲ ਈਰਖ਼ਾ ਨਹੀਂ ਰੱਖਣੀ ਚਾਹੀਦੀ ਕਿਉਂਕਿ ਜੇਕਰ ਉਸਦੀ ਇਕ ਆਦਤ ਪਤੀ ਨੂੰ ਨਾ-ਪਸੰਦ ਹੈ ਤਾਂ ਦੂਸਰੀ ਪਸੰਦ ਵੀ ਹੋਵੇਗੀ।

(4) ਆਪ ਵੀ ਖਾਓ ਅਤੇ ਉਸ ਨੂੰ ਵੀ ਖੁਆਓ, ਆਪ ਵੀ ਪਹਿਨੋ ਉਸ ਨੂੰ ਵੀ ਚੰਗਾ ਲਿਬਾਸ ਪਹਿਨਾਓ, ਉਸਦੇ ਚਹਿਰੇ ਤੇ ਨਾ ਮਾਰੋ, ਨਾ ਉਸਨੂੰ ਸੀਮਤਹੱਦਾਂ ਤੋਂ ਵਧ ਕੇ ਉਸ ਨਾਲੋਂ ਵੱਖਰੇ ਹੋ ਜਾਵੋ। (ਅਬੂ-ਦਾਊਦ)

(5) ਮੁਕੰਮਲ ਈਮਾਨ ਵਾਲੇ ਉਹ ਲੋਕ ਹਨ ਜਿਹਨਾਂ ਦੀ ਬੋਲ-ਬਾਣੀ ਚੰਗੀ ਹੈ। ਹਕੀਕਤ 'ਚ ਚੰਗੇ ਅਖ਼ਲਾਕ ਵਾਲੇ ਉਹ ਲੋਕ ਹਨ ਜਿਹਨਾਂ ਦੇ ਸਬੰਧ ਆਪਣੀਆਂ ਪਤਨੀਆਂ ਨਾਲ ਚੰਗੇ ਹਨ।(ਤਿਰਮਜ਼ੀ)

(6) ਔਰਤ ਪਸਲੀ ਤੋਂ ਪੈਦਾ ਹੋਈ ਹੈ ਜੇਕਰ ਸਿੱਧੀ ਕਰੋਗੇ ਤਾਂ ਟੁੱਟ ਜਾਵੇਗੀ ਇਸ ਲਈ ਮੁਹੱਬਤ ਅਤੇ ਚੰਗੇ ਸਲੂਕ ਨਾਲ ਜ਼ਿੰਦਗੀ ਗੁਜ਼ਾਰੋ। (ਇਬਨ-ਏ-ਹਬਾਨ)

(7) ਮੈਂ ਤੁਹਾਨੂੰ ਔਰਤਾਂ ਦੇ ਹੱਕ ਵਿਚ ਵਸੀਅਤ ਕਰਦਾ ਹਾਂ ਕਿ ਔਰਤਾਂ ਦੇ ਨਾਲ ਭਲਾਈ ਦਾ ਸਲੂਕ ਕਰਨਾ, ਇਹੋ ਤੁਹਾਡੇ ਲਈ ਚੰਗਾ ਹੈ। ਤੁਹਾਨੂੰ ਸਿਰਫ਼ ਇੱਕੋ ਅਧਿਕਾਰ ਦਿੱਤਾ ਗਿਆ ਹੈ ਜੇਕਰ ਔਰਤਾਂ ਕੋਈ ਪਾਪ ਜਾਂ ਬੁਰਾ ਕੰਮ ਕਰ ਬੈਠਣ ਤਾਂ ਤੁਸੀਂ ਉਹਨਾਂ ਨੂੰ ਬਿਸਤਰੇ ਤੋਂ ਵੱਖਰੇ ਕਰ ਸਕਦੇ ਹੋ। ਹਲਕੀ-ਫੁਲਕੀ ਕੁੱਟ-ਮਾਰ ਵੀ ਕਰ ਸਕਦੇ ਹੋ। ਜੇਕਰ ਉਹ ਤੁਹਾਡੀਆਂ ਆਗਿਆਕਾਰ ਬਣ ਜਾਣ ਤਾਂ ਫ਼ਿਰ ਉਹਨਾਂ ਨੂੰ ਕੋਈ ਵੀ ਤਕਲੀਫ਼ ਨਾ ਦੇਵੋ। ਤੁਹਾਡਾ ਉਹਨਾਂ 'ਤੇ ਹੱਕ ਹੈ ਅਤੇ ਉਹਨਾਂ ਦਾ ਤੁਹਾਡੇ 'ਤੇ ਹੱਕ ਹੈ।ਤੁਹਾਡਾ ਹੱਕ ਇਹ ਹੈ ਕਿ ਤੁਹਾਡੇ ਬਿਸਤਰੇ 'ਤੇ ਕਿਸੇ ਹੋਰ ਨੂੰ ਨਾ ਆਉਣ ਦੇਣ। ਉਹਨਾਂ ਦਾ ਹੱਕ ਇਹ ਹੈ ਕਿ ਉਹਨਾਂ ਨੂੰ ਵਧੀਆ ਰੋਜ਼ੀ-ਰੋਟੀ ਅਤੇ ਕੱਪੜਾ ਪਹਿਨਾਓ। (ਤਿਰਮਜ਼ੀ)

(8) ਘਰ ਦੇ ਸਾਰੇ ਖ਼ਰਚਿਆਂ ਦਾ ਬੋਝ ਮਰਦ ਦੇ ਜ਼ਿੰਮੇ ਹੈ।ਇਸ ਲਈ ਪਤਨੀ ਨੂੰ ਹੱਕ ਹਾਸਿਲ ਹੈ ਕਿ ਉਹ ਪਤੀ ਦੇ ਮਾਲ ਨੂੰ ਜਾਇਜ਼ ਖ਼ਰਚਿਆਂ ਲਈ ਇਸਤੇਮਾਲ ਕਰੇ। ਜੇਕਰ ਪਤੀ ਤੰਗੀ ਦੇਵੇ ਤਾਂ ਜ਼ਰੂਰਤ ਅਨੁਸਾਰ ਉਸ ਦੇ ਮਾਲ 'ਚੋਂ ਕੁੱਝ ਮਾਲ ਲੈ ਲਵੇ। ਜੇਕਰ ਉਹ (ਪਤੀ) ਖ਼ਰਚਿਆਂ ਦੇ ਸਾਰੇ ਦਰਵਾਜ਼ੇ ਬੰਦ ਕਰ ਦੇਵੇ ਤਾਂ ਅਦਾਲਤ 'ਚ ਆਪਣੀ ਰੋਜ਼ੀ-ਰੋਟੀ ਦੇ ਮੁਤਾਲਬੇ ਲਈ ਇਨਸਾਫ਼ਦੀ ਮੰਗ ਕਰੇ। ਜੇਕਰ ਪਤੀ ਖ਼ਰਚਿਆਂ ਦੀ ਅਦਾਇਗੀ ਤੋਂ ਇਨਕਾਰ ਕਰ ਦੇਵੇ ਤਾਂ ਪਤਨੀ ਨੂੰ ਅਧਿਕਾਰ ਹੈ ਕਿ ਉਹ ਤਲਾਕ (ਵੱਖਰੇ ਰਹਿਣ ਲਈ) ਅਦਾਲਤ 'ਚ ਜਾਵੇ। ਤਲਾਕ ਹੋਣ ਦੀ ਹਾਲਤ 'ਚ ਪਤੀ ਨੂੰ ਪਤਨੀ ਦਾ ਮਹਿਰ ਅਦਾ ਕਰਨਾ ਹੋਵੇਗਾ। ਜੇਕਰ ਪਤਨੀ ਮੁਆਫ਼ ਕਰ ਦੇਵੇ ਤਾਂ ਵੱਖਰੀ ਗੱਲ ਹੈ।

## ਇਸਲਾਮੀ ਕਾਨੂੰਨ ਅਨੁਸਾਰ ਔਰਤ ਦੇ ਅਖ਼ਤਿਆਰ

ਇਸਲਾਮੀ ਕਾਨੂੰਨ ਅਨੁਸਾਰ ਹਨਫ਼ੀਆ ਦੇ ਨਜ਼ਦੀਕ ਕੁੱਝ ਅਜਿਹੀਆਂ ਪ੍ਰਸਥਿਤੀਆਂ ਹਨ ਜਿਹਨਾਂ 'ਚ ਔਰਤ ਨੂੰ ਮਰਦ ਤੋਂ ਆਗਿਆ ਲੈਣ ਦੀ ਜ਼ਰੂਰਤ ਨਹੀਂ ਜਿਵੇਂ

(1) ਉਹ ਅਹਿਜੇ ਮਕਾਨ ਵਿਚ ਰਹਿ ਰਹੀ ਹੋਵੇ ਕਿ ਉਸ ਦੇ ਡਿਗ ਜਾਣ ਦਾ ਡਰ ਹੋਵੇ।

(2) ਜੇਕਰ ਉਸ ਨੂੰ ਕਿਸੇ ਮਸਲੇ ਦੀ ਜ਼ਰੂਰਤ ਪੈ ਜਾਵੇ ਅਤੇ ਪਤੀ ਨੂੰ ਇਸ ਸਬੰਧੀ ਜਾਣਕਾਰੀ ਨਾ ਹੋਵੇ ਤਾਂ ਕਿਸੇ ਇਲਮੀ ਮਜਲਿਸ ਵਿਚ (ਸ਼ਰ੍ਹਾ ਅਨੁਸਾਰ) ਜਾ ਸਕਦੀ ਹੈ।

(3) ਮਾਤਾ-ਪਿਤਾ ਦੀ ਖ਼ਬਰਗੀਰੀ, ਉਹਨਾਂ ਦੇ ਦੁੱਖ-ਸੁੱਖ ਅਤੇ ਬਿਮਾਰੀ ਦੀ ਹਾਲਤ ਉਹਨਾਂ ਦਾ ਹਾਲ-ਚਾਲ ਪੁੱਛਣ ਅਤੇ ਮਹਿਰਮ ਰਿਸ਼ਤੇਦਾਰਾਂ ਨੂੰ ਮਿਲਣ ਲਈ ਪਤੀ ਤੋਂ ਆਗਿਆ ਲੈਣ ਦੀ ਲੋੜ ਨਹੀਂ।

ਇਹਨਾਂ ਉਪਰੋਕਤ ਗੱਲਾਂ ਤੋਂ ਇਲਾਵਾ ਕਿਸੇ ਹੋਰ ਗੱਲ ਸਬੰਧੀ ਘਰੋਂ ਬਾਹਰ ਨਿਕਲਣਾ ਮੁਨਾਸਿਬ ਨਹੀਂ।(ਫ਼ਤਾਬਾ ਕਾਜ਼ੀ ਖ਼ਾਨ, ਜਿਲਦ ਪਹਿਲੀ ਪੰਨਾ 443)

## ਮੰਗਣਾ (ਸਗਾਈ)

ਇਸਲਾਮੀ ਕਾਨੂੰਨ ਅਨੁਸਾਰ ਇਹ ਵਧੇਰੇ ਚੰਗੀ ਗੱਲ ਹੈ ਕਿ ਜਦੋਂ ਕਿਸੇ ਦਾ ਮੰਗਣਾ ਹੋ ਰਿਹਾ ਹੋਵੇ ਤਾਂ ਆਉਣ ਵਾਲੀ ਪਤਨੀ ਨੂੰ ਪਹਿਲਾਂ ਵੇਖ ਲਿਆ ਜਾਵੇ। ਹਜ਼ਰਤ ਮੁਹੰਮਦ ਸਾਹਿਬ ਫ਼ਰਮਾਉਂਦੇ ਹਨ ਕਿ ਚਾਰ ਖ਼ੂਬੀਆਂ ਵਿੱਚੋਂ ਕਿਸੇ ਨਾ ਕਿਸੇ ਖ਼ੂਬੀ ਦੇ ਆਧਾਰ 'ਤੇਮਰਦ ਨੂੰ ਔਰਤ ਨਾਲ ਨਿਕਾਹ ਕਰ ਲੈਣਾ ਚਾਹੀਦਾ ਹੈ ਜਿਵੇਂ ਹੁਸਨ/ ਖ਼ੂਬਸੂਰਤੀ, ਮਾਲ-ਦੌਲਤ, ਖ਼ਾਨਦਾਨੀ ਇੱਜ਼ਤ-ਆਬਰੂ, ਦੀਨ 'ਚ ਪਰਪੱਕਤਾ ਅਤੇ ਚੰਗਾ ਵਿਵਹਾਰ।

(1) ਆਪ ਨੇ ਫ਼ਰਮਾਇਆ ਕਿ ਤੁਸੀਂ ਦੀਨਦਾਰ ਔਰਤ ਨਾਲ ਸ਼ਾਦੀ ਕਰੋ ਤਾਂ ਜੋ ਤੁਸੀਂ ਭਲਾਈ ਤੋਂ ਵਾਂਝੇ ਨਾ ਰਹਿ ਜਾਵੋ।

(2) ਸਾਰੀ ਦੁਨੀਆ ਮਾਲ-ਦੌਲਤ ਨਾਲ ਸਜੀ ਹੋਈ ਹੈ ਜਿਸ ਦੀ ਲੱਜ਼ਤ ਬਹੁਤ ਛੇਤੀ ਖ਼ਤਮ ਹੋਣ ਵਾਲੀ ਹੈ।ਦੁਨੀਆ ਦੀ ਸਭ ਤੋਂ ਵਧੀਆ ਦੌਲਤ ਨੇਕ ਅਤੇ ਰੱਬ ਤੋਂ ਡਰਨ ਵਾਲੀ ਪਤਨੀ ਹੈ।

(3) ਜਦੋਂ ਕਿਸੇ ਔਰਤ ਨਾਲ ਮੰਗਣੀ ਹੋ ਜਾਵੇ।ਉਸ ਨੂੰ ਵੇਖਣਾ ਮਰਦ ਲਈ ਚੰਗੀ ਗੱਲ ਹੈ।ਜਿਸ ਤੋਂ ਸਿਰਫ਼ ਨਿਕਾਹ ਦੀ ਰਜ਼ਾਮੰਦੀ ਅਤੇ ਦੋਵੇਂ ਪਾਸਿਆਂ ਦੀ ਰਜ਼ਾਮੰਦੀ ਮਕਸੂਦ ਹੋਵੇ।

(4) ਜਦੋਂ ਕਿਸੇ ਨਾਲ ਮੰਗਣੀ ਹੋ ਜਾਵੇ ਤਾਂ ਮਰਦ ਔਰਤ ਨੂੰ ਵੇਖ ਸਕਦਾ ਹੈ।ਇਸ ਨਾਲ ਵਿਆਹ ਦੀ ਰਗ਼ਬਤ ਅਤੇ ਇੱਛਾ ਮਕਸੂਦ ਹੋਵੇ।ਹਜ਼ਰਤ ਮੁਗ਼ੀਰ੍ਹਾ ਬਿਨ ਸ਼ੋਅਬਾ (ਰਜ਼ੀ.) ਬਿਆਨ ਕਰਦੇ ਹਨ ਕਿ ਉਹਨਾਂ ਨੇ ਇਕ ਔਰਤ ਨਾਲ ਮੰਗਣੀ ਕੀਤੀ ਤਾਂ ਹਜ਼ਰਤ ਮੁਹੰਮਦ (ਸ.) ਨੇ ਫ਼ਰਮਾਇਆ, ਉਸ ਨੂੰ ਵੇਖ ਲਓ ਇਹ ਤੁਹਾਡੇ ਦੋਵਾਂ ਦੇ ਦਰਮਿਆਨ ਪਿਆਰ-ਮੁਹੱਬਤ ਅਤੇ ਮੇਲ-ਮਿਲਾਪ ਵਧਣ ਦਾ ਕਾਰਨ ਬਣੇਗਾ। (ਤਿਰਮਜ਼ੀ)

## ਮੰਗਣੇ ਦੀਆਂ ਰਸਮਾਂ

ਮੰਗਣੇ ਸਬੰਧੀ ਜਿਹੜੀਆਂ ਅਜਕੱਲ ਫ਼ਜ਼ੂਲ ਰਸਮਾਂਅਦਾ ਕਰਨ ਦਾ ਰਿਵਾਜ ਪੈ ਗਿਆ ਹੈ ਇਸਲਾਮ ਵਿਚ ਇਹਨਾਂ ਰਸਮਾਂ ਦਾ ਕੋਈ ਸਥਾਨ ਨਹੀਂ ਜਿਵੇਂ ਮਿਠਾਈਆਂ ਦੇ ਡੱਬੇ, ਫ਼ਲਾਂ ਦੀ ਟੋਕਰੀ, ਕੱਪੜਿਆਂ ਦਾ ਅਦਾਨ ਪ੍ਰਦਾਨ, ਗਹਿਣਿਆਂ ਦਾ ਲੈਣ ਦੇਣ, ਪੈਸਿਆਂ ਰੂਪੀ ਸ਼ਗਨਾਂਦਾ ਅਦਾ ਕਰਨਾ ਆਦਿ। ਇਹ ਸਭ ਕੁੱਝਫ਼ਜ਼ੂਲ ਖ਼ਰਚਿਆਂ ਵਿਚ ਸ਼ਾਮਿਲ ਹੈ। ਸੋ ਇਸ ਲਈ ਆਪਣੇ ਜੀਵਨ ਨੂੰ ਪ੍ਰੇਸ਼ਾਨੀਆਂ ਤੋਂ ਬਚਣ ਲਈ ਅਜਿਹੀਆਂ ਰਸਮਾਂ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ।

## ਸ਼ਾਦੀ/ਵਿਆਹ

ਹਜ਼ਰਤ ਜਾਬਿਰ (ਰਜੀ.) ਨੇ ਆਪਣੀ ਜਵਾਨੀ 'ਚ ਇਕ ਵਿਧਵਾ ਨਾਲ ਸ਼ਾਦੀ ਕੀਤੀ ਤਾਂ ਹਜ਼ਰਤ ਮੁਹੰਮਦ (ਸ.) ਨੇ ਉਹਨਾਂ ਤੋਂ ਪੁੱਛਿਆ, ਤੁਸੀਂ ਕਿਸੇ ਜਵਾਨ ਲੜਕੀ ਨਾਲ ਸ਼ਾਦੀ ਕਿਉਂ ਨਹੀਂ ਕੀਤੀ।ਤੁਸੀਂ ਉਸ ਨਾਲ ਖੇਡਦੇ, ਉਹ ਤੁਹਾਡੇ ਨਾਲ ਖੇਡਦੀ, ਤੁਸੀਂ ਉਸ ਨਾਲ ਹਾਸਾ-ਮਜ਼ਾਕ ਕਰਦੇ, ਉਹ ਤੁਹਾਡੇ ਨਾਲ ਹਾਸਾ-ਮਜ਼ਾਕ ਕਰਦੀ।(ਬੁਖ਼ਾਰੀ)

ਮੈਂ ਰੱਬ ਦੀ ਸਹੁੰ ਖਾਂਦਾ ਹਾਂ ਕਿ ਤੁਹਾਡੇ ਵਿਚ ਸਭ ਤੋਂ ਜ਼ਿਆਦਾ ਰੱਬ ਤੋਂ ਡਰਨ ਵਾਲਾ ਅਤੇ ਪ੍ਰਹੇਜ਼ਗਾਰ ਹਾਂ।ਪਰੰਤੂ ਮੈਂ (ਨਫ਼ਲੀ) ਰੋਜ਼ੇ ਰੱਖਦਾ ਹਾਂ ਛੱਡ ਵੀ ਦਿੰਦਾ ਹਾਂ। (ਰਾਤ) ਨੂੰ ਨਮਾਜ਼ ਵੀ ਪੜ੍ਹਦਾ ਹਾਂ ਅਤੇ ਸੌਂ ਵੀ ਜਾਂਦਾ ਹਾਂ। ਔਰਤਾਂ ਨਾਲ ਸ਼ਾਦੀ ਵੀ ਕਰਦਾ ਹਾਂ। (ਇਹੋ ਮੇਰਾ ਤਰੀਕਾ ਹੈ) ਬਸ ਜਿਹੜਾ ਬੰਦਾ ਮੇਰੇ ਤਰੀਕੇ ਨੂੰ ਛੱਡ ਦੇਵੇ, ਉਹ ਮੇਰੇ ਵਿੱਚੋਂ ਨਹੀਂ। (ਬੁਖ਼ਾਰੀ)

ਹਜ਼ਰਤ ਮੁਹੰਮਦ (ਸ.) ਨੇ ਵਿਆਹ ਨਾ ਕਰਵਾਉਣ ਅਤੇ ਦੁਨੀਆ ਤੋਂ ਕਿਨਾਰਾ ਕਰ ਲੈਣ ਨੂੰ ਮਨ੍ਹਾਂ ਫ਼ਰਮਾਇਆ ਹੈ। (ਨਿਸਾਈ)

ਹਜ਼ਰਤ ਅਨਸ (ਰਜੀ.) ਫ਼ਰਮਾਉਂਦੇ ਹਨ ਕਿ ਹਜ਼ਰਤ ਮੁਹੰਮਦ (ਸ.) ਸਾਨੂੰ ਸ਼ਾਦੀ ਕਰਨ ਦਾ ਹੁਕਮ ਦਿੰਦੇ ਸਨ ਅਤੇ ਸ਼ਾਦੀ ਨਾ ਕਰਨ ਤੋਂ ਮਨ੍ਹਾਂ ਫ਼ਰਮਾਉਂਦੇ ਸਨ। (ਸੁਨਣ ਦਾਰਮੀ)

## ਸ਼ਾਦੀ/ਵਿਆਹ ਦੇ ਸਿਲਸਿਲੇ 'ਚ ਰਾਏ ਲੈਣਾ

ਸ਼ਾਦੀ-ਵਿਆਹ ਦੇ ਸਿਲਸਿਲੇ ਵਿਚ ਮੁੰਡੇ ਕੁੜੀ ਦੇ ਐਬ-ਹੁਨਰ, ਚੰਗਿਆਈ ਬੁਰਾਈ ਸਬੰਧੀ ਸਹੀ ਜਾਣਕਾਰੀ ਪ੍ਰਾਪਤ ਕਰਨਾ, ਲੋਕਾਂ ਤੋਂ ਇਸ ਬਾਰੇ ਮਸ਼ਵਰਾ ਲੈਣਾ, ਜਿਸ ਤੋਂ ਮਸ਼ਵਰਾ ਲਿਆ ਜਾਵੇ ਉਹ ਸਹੀ ਮਸ਼ਵਰਾ ਦੇਵੇ ਕਿਉਂਕਿ ਹਦੀਸ ਸ਼ਰੀਫ਼ ਤੋਂ ਸਿੱਧ ਹੁੰਦਾ ਹੈ ਕਿ ਜਿਸ ਨਾਲ ਮਸ਼ਵਰਾ ਕੀਤਾ ਜਾਂਦਾ ਹੈ ਉਹ ਅਮਾਨਤਦਾਰ ਹੁੰਦਾ ਹੈ।

## ਸ਼ਾਦੀ ਸਬੰਧੀ ਪੈਗ਼ਾਮ 'ਤੇ ਪੈਗ਼ਾਮ ਭੇਜਣਾ

ਜੇਕਰ ਕਿਸੇ ਮੁਸਲਮਾਨ ਮਰਦ ਨੇ ਕਿਸੇ ਮੁਸਲਮਾਨ ਔਰਤ ਨਾਲ ਸ਼ਾਦੀ ਸਬੰਧੀ ਕੋਈ ਗੱਲਬਾਤ ਸ਼ੁਰੂ ਕਰ ਰੱਖੀ ਹੋਵੇ।ਕਿਸੇ ਹੋਰ ਮੁਸਲਮਾਨ ਨੂੰ ਉਸ ਥਾਂ ਸ਼ਾਦੀ ਸਬੰਧੀ ਕੋਈ ਪੈਗ਼ਾਮ ਉਸ ਵੇਲੇ ਤੱਕ ਨਹੀਂ ਭੇਜਣਾ ਚਾਹੀਦਾ। ਜਦੋਂ ਤੱਕ ਉਸ ਦੀ ਗੱਲਬਾਤ ਖ਼ਤਮ ਨਾ ਹੋ ਗਈ ਹੋਵੇ।ਆਪ ਦਾ ਫ਼ਰਮਾਨ ਹੈ ਕਿ ਕੋਈ ਮਰਦ ਆਪਣੇ ਭਾਈ ਦੇ ਪੈਗ਼ਾਮ 'ਤੇ ਉਸ ਵੇਲੇ ਤੱਕ ਕੋਈ ਹੋਰ ਪੈਗ਼ਾਮ ਨਾ ਭੇਜੇ। ਜਦੋਂ ਤੱਕ ਨਿਕਾਹ ਕਰ ਲੈਣ ਜਾਂ ਨਾ ਕਰ ਲੈਣ ਬਾਬਤ ਕੋਈ ਤੈਅ ਨਾ ਹੋ ਜਾਵੇ।

## ਨਿਕਾਹ ਦਾ ਐਲਾਨ ਕਰਨਾ

ਮੰਗਣੀ ਪੱਕੀ ਹੋਣ ਉਪਰੰਤ ਚਾਹੀਦਾ ਹੈ ਕਿ ਨਿਕਾਹ ਲਈ ਦਿਨ, ਮਿਤੀ, ਸਮਾਂ ਅਤੇ ਸਥਾਨ ਦਾ ਐਲਾਨ ਕਰ ਦਿੱਤਾ ਜਾਵੇ। ਨਿਕਾਹ ਦੇ ਲਈ ਦਫ਼ (ਡਫ਼ਲੀ) ਅਤੇ ਨਗਾਰਾ ਵਜਾ ਕੇ ਜਾਂ ਰਾਤ ਦੇ ਸਮੇਂ ਐਲਾਨ ਕਰਨ ਦੇ ਮੰਤਵ ਨਾਲ ਜ਼ਿਆਦਾ ਰੌਸ਼ਨੀ ਕਰਨਾ ਵਧੀਆ ਗੱਲ ਹੈ।ਆਪ (ਸ.) ਦਾ ਫ਼ਰਮਾਨ ਹੈ ਕਿ ਨਿਕਾਹ ਦਾ ਐਲਾਨ ਕਰਿਆ ਕਰੋ ਅਤੇ ਇਸ ਲਈ ਸਭ ਤੋਂ ਵਧੀਆ ਥਾਂ ਮਸਜਿਦ ਹੈ। (ਤਿਰਮਜ਼ੀ)

## ਨਿਕਾਹ ਲਈ ਸਭ ਤੋਂ ਵਧੀਆ ਕੰਮ

(1) ਚੰਗੀ ਗੱਲ ਇਹ ਹੈ ਕਿ ਨਿਕਾਹ ਜੁਮੇਂ ਵਾਲੇ ਦਿਨ ਹੋਵੇ।

(2) ਔਰਤ ਨਿਕਾਹ ਵਿਚ ਆਪ ਸ਼ਰੀਕ ਨਾ ਹੋਵੇ ਬਲਕਿ ਉਸ ਦਾ ਵਲੀ (ਬਾਪ, ਭਰਾ ਆਦਿ) ਹੋਵੇ ਜਿਹੜਾ ਨੇਕੋਕਾਰ ਅਤੇ ਨੇੜਲਾ ਰਿਸ਼ਤੇਦਾਰ। ਗਵਾਹ ਵੀ ਨੇਕ ਅਤੇ ਭਰੋਸੇਯੋਗ ਹੋਵੇ।

(3) ਔਰਤ ਅਜਿਹੇ ਆਦਮੀ ਨੂੰ ਪਸੰਦ ਕਰੇ ਜਿਹੜਾ ਦੀਨਦਾਰ ਅਤੇ ਦੀਨ 'ਤੇ ਕਾਇਮ ਰਹਿਣ ਵਾਲਾ ਹੋਵੇ। ਪਾਪੀ ਅਤੇ ਬੇ-ਦੀਨ ਨਾਲ ਸ਼ਾਦੀ ਨਾ ਕਰੇ।

(4) ਚੰਗੀ ਬੋਲਵਾਣੀ, ਚੰਗੇ ਸੁਭਾਅ ਵਾਲੇ ਅਤੇ ਸਹੂਲਤ ਦੇਣ ਵਾਲੇ ਆਦਮੀ ਦੀ ਚੋਣ ਕਰੇ।

(5) ਅਜਿਹਾ ਮਾਲਦਾਰ ਜਿਹੜਾ ਕੰਜੂਸ ਅਤੇ ਲਾਲਚੀ ਹੋਵੇ। ਅਜਿਹਾ ਆਦਮੀ ਜਿਹੜਾ ਨਿਤਾ ਪ੍ਰਤੀ ਗੁਜ਼ਾਰਾ ਚਲਾ ਸਕੇ, ਅਜਿਹੇ ਆਦਮੀ ਨਾਲ ਨਿਕਾਹ ਨਾ ਕਰੇ।

## ਨਿਕਾਹ ਸਬੰਧੀ ਨਾ-ਪਸੰਦ ਗੱਲਾਂ

ਵਧੀਆ ਗੱਲ ਹੈ ਕਿ ਨਿਕਾਹ ਮਸਜਿਦ ਵਿਚ ਕਰਵਾਇਆ ਜਾਵੇ। ਜੇਕਰ ਨਾ ਹੋ ਸਕੇ ਤਾਂ ਲੜਕੇ ਜਾਂ ਲੜਕੀ ਦੇ ਘਰ 'ਚ ਵੀ ਨਿਕਾਹ ਹੋ ਸਕਦਾ ਹੈ। ਨਿਕਾਹ ਵੇਲੇ ਲੜਕੀ ਦੇ ਘਰ ਬਰਾਤ ਲੈ ਜਾਣ ਦੀ ਰਸਮ, ਸਿਹਰਾ ਅਤੇ ਜੋੜੇ ਦੀ ਰਸਮ, ਮਰਦ ਨੂੰ ਅੰਗੂਠੀ ਪਹਿਨਾਉਣ ਦੀ ਰਸਮ, ਵਾਜਾ ਬਜਾਉਣ ਅਤੇ ਮੂਵੀ ਬਣਾਉਣ ਦੀ ਰਸਮ ਆਦਿ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਕਿਉਂ ਕਿ ਇਹ ਸਾਰੀਆਂ ਰਸਮਾਂ ਮਨੁੱਖ ਨੂੰ ਤਬਾਹੀ ਦੇ ਰਸਤੇ ਵੱਲ ਲੈ ਜਾਣ ਵਾਲੀਆਂ ਹਨ। ਸ਼ਾਦੀ ਜਿੰਨੀ ਸਾਦਾ ਹੋਵੇਗੀ, ਜ਼ਿੰਦਗੀ ਵਿਚ ਅਮਨ ਸ਼ਾਂਤੀ ਰਹਿਣ ਦੀ ਉਮੀਦ ਹੈ।

## ਨਿਕਾਹ ਲਈ ਬੁਲਾਵਾ ਭੇਜਣਾ

ਇਸਲਾਮ ਵਿਚ ਨਿਕਾਹ ਦੇ ਸਮੇਂ ਆਪਣੇ ਅਜ਼ੀਜ਼ਾਂ, ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਬੁਲਾਉਣਾ ਜ਼ਰੂਰੀ ਨਹੀਂ ਹੈ ਪਰੰਤੂ ਇਸ ਨੂੰ ਆਪ (ਸ.) ਨੇ ਪਸੰਦ ਫ਼ਰਮਾਇਆ ਹੈ। ਹਜ਼ਰਤ ਮੁਹੰਮਦ (ਸ.) ਨੇ ਹਜ਼ਰਤ ਫ਼ਾਤਿਮਾ (ਰਜ਼ੀ.) ਦੇ ਨਿਕਾਹ ਸਮੇਂ ਹਜ਼ਰਤ ਅਨਸ (ਰਜ਼ੀ.) ਨੂੰ ਫ਼ਰਮਾਇਆ ਸੀ ਕਿ ਜਾਓ, ਅਬੂ ਬਕਰ (ਰਜ਼ੀ.) ਉਮਰ (ਰਜ਼ੀ;)ਉਸਮਾਨ (ਰਜ਼ੀ.) ਜ਼ੁਬੈਰ (ਰਜ਼ੀ.) ਅਤੇ ਅਨਸਾਰ (ਸਹਾਇਤਾ ਕਰਨ ਵਾਲੇ ਭਾਵ ਮਦੀਨਾ ਵਾਲਿਆਂ) ਕੁੱਝ ਬੰਦਿਆਂ ਨੂੰ ਬੁਲਾ ਲੈ ਆਓ।

ਆਪ ਨੇ ਉਹਨਾਂ ਦੇ ਸਾਹਮਣੇ ਹਜ਼ਰਤ ਫ਼ਾਤਿਮਾ (ਰਜ਼ੀ.) ਦਾ ਹਜ਼ਰਤ ਅਲੀ (ਰਜ਼ੀ.) ਦੇ ਨਾਲ ਨਿਕਾਹ ਪੜ੍ਹਾਇਆ। ਜਿਹੜੇ ਸਾਡੇ ਅਤੇ ਸਮੁੱਚੀ ਮਨੁੱਖਤਾ ਲਈ ਇਕ ਨਮੂਨਾ ਹੈ। ਇਸ ਵਿਚ ਨਾ ਬੁਲਾਉਣ ਵਾਲੇ ਲਈ ਕੁੱਝ ਕਰਨਾ ਪੈਂਦਾ ਹੈ ਅਤੇ ਨਾ ਹੀ ਆਉਣ ਵਾਲੇ ਲਈ ਕੋਈ ਜ਼ਹਿਮਤ ਝੱਲਣੀ ਪੈਂਦੀ ਹੈ। ਸਿੱਟਾ ਇਹੋ ਨਿਕਲਦਾ ਹੈ ਕਿ ਜੇਕਰ ਆਪ (ਸ.) ਦੇ ਵਧੀਆ ਤਰੀਕੇ ਨੂੰ ਛੱਡ ਕੇ ਕੋਈ ਹੋਰ ਤਰੀਕਾ ਅਖ਼ਤਿਆਰ ਕੀਤਾ ਜਾਵੇਗਾ ਤਾਂ ਆਦਮੀ ਪ੍ਰੇਸ਼ਾਨੀ ਦੀ ਦਲਦਲ ਵਿਚ ਫਸ ਜਾਵੇਗਾ। ਆਪ ਦੇ ਤਰੀਕੇ ਤੋਂ ਮੂੰਹ ਮੋੜਨਾ ਸਰਾਸਰ ਬੇ-ਇਨਸਾਫ਼ੀ ਅਤੇ ਪਾਪ ਹੈ।

## ਵਲੀ

ਉਹ ਆਦਮੀ ਜਿਸ ਨੂੰ ਲੜਕੇ ਅਤੇ ਲੜਕੀ ਦੇ ਨਿਕਾਹ ਕਰਨ ਦਾ ਅਖ਼ਤਿਆਰ ਹੋਵੇ ਉਸ ਨੂੰ ਵਲੀ ਕਿਹਾ ਜਾਂਦਾ ਹੈ। ਵਲੀ ਅਰਬੀ ਦਾ ਸ਼ਬਦ ਹੈ ਜਿਸ ਦੇ ਅਰਥ ਪੱਕੇ ਦੋਸਤ ਦੇ ਵੀ ਲਏ ਜਾਂਦੇ ਹਨ। ਵਲੀ ਲੜਕੇ ਜਾਂ ਲੜਕੀ ਦਾ ਬਾਪ ਜੇਕਰ ਬਾਪ ਨਾ ਹੋਵੇ ਤਾਂ ਦਾਦਾ, ਪੜਦਾਦਾ ਜੇਕਰ ਇਹ ਵੀ ਨਾ ਹੋਣ ਤਾਂ ਲੜਕੇ ਦਾ ਹਕੀਕੀ ਭਰਾ ਜੇਕਰ ਇਹ ਨਾ ਹੋਵੇ ਤਾਂ ਸਕੇਲਾ ਭਰਾ ਜੋ ਇਸ ਦੇ ਬਾਪ ਦਾ ਹੀ ਲੜਕਾ ਹੋਵੇ ਜਾਂ ਭਤੀਜਾ ਜਾਂ ਭਤੀਜੇ ਦਾ ਲੜਕਾ ਭਤੀਜੇ ਦਾ ਪੋਤਾ ਜੇਕਰ ਇਹ ਵੀ ਨਾ ਹੋਣ ਤਾਂ ਸਕਾ ਚਾਚਾ ਜਾਂ ਸਕੇਲਾ ਜਾਂ ਸਕੇ ਚਾਚੇ ਦਾ ਪੁੱਤਰ ਜਾਂ ਉਸਦਾ ਪੋਤਾ ਜਾਂ ਸਕੇਲਾ ਚਾਚੇ ਦਾ ਪੁੱਤਰ, ਪੋਤਾ ਅਤੇ ਪੜਪੋਤਾ ਆਦਿ ਜੇਕਰ ਇਹਨਾਂ ਵਿਚੋਂ ਕੋਈ ਵੀ ਨਾ ਹੋਵੇ ਤਾਂ ਬਾਪ ਦਾ ਸਕੇਲਾ ਚਾਚਾ ਜਾਂ ਉਹਨਾਂ ਦੇ ਲੜਕੇ ਜਾਂ ਉਹਨਾਂ ਦੇ ਨਜ਼ਦੀਕੀ ਜਿਹੜੇ ਤਰਤੀਬ ਅਨੁਸਾਰ ਹੋਣ। ਜੇਕਰ ਉਪਰੋਕਤ ਲੋਕਾਂ ਵਿਚੋਂ ਕੋਈ ਵੀ ਨਾ ਹੋਵੇ ਤਾਂ ਫ਼ਿਰ ਪਹਿਲਾਂ ਮਾਂ, ਮਾਂ ਦੀ ਗ਼ੈਰ ਮੌਜੂਦਗੀ ਵਿਚ ਦਾਦੀ ਫਿਰ ਨਾਨੀ ਫਿਰ ਨਾਨਾ ਫਿਰ ਸਕੀ ਭੈਣ ਫਿਰ ਸਕੇਲੀ ਭੈਣ ਫਿਰ ਸਕੇਲਾ ਭਾਈ ਭੈਣ ਫਿਰ ਭੂਆ ਫਿਰ ਮਾਮਾ ਫਿਰ ਮਾਸੀ ਅਤੇ ਇਸ ਪਿੱਛੋਂ ਭੂਆ ਦਾ ਪੁੱਤਰ ਮਾਮੇ ਦਾ ਪੁੱਤਰ ਮਾਸੀ ਦਾ ਪੁੱਤਰ ਆਦਿ।

## ਲੜਕੀ ਤੋਂ ਵਲੀ ਰਾਹੀਂ ਇਜਾਜ਼ਤ ਲੈਣ ਦਾ ਤਰੀਕਾ

ਨਿਕਾਹ ਵੇਲੇ ਬਾਲਗ਼ ਲੜਕੀ ਤੋਂ ਇਜਾਜ਼ਤ ਲੈਣ ਦਾ ਇਹ ਤਰੀਕਾ ਹੈ ਕਿ ਵਲੀ ਦੋ ਗਵਾਹਾਂ ਦੇ ਸਾਹਮਣੇ ਲੜਕੀ ਤੋਂ ਇਹਨਾਂ ਸ਼ਬਦਾਂ 'ਚ ਆਗਿਆ ਲਏ।

"ਮੈਂ ਤੁਹਾਡਾ ਨਿਕਾਹ ਫ਼ਲਾਣੇ ਪੁੱਤਰ ਫ਼ਲਾਂ ਨਾਲ ਏਨਾ ਮਹਿਰ (ਨਿਕਾਹ ਸਮੇਂ ਲੜਕੀ ਨੂੰ ਦਿੱਤਾ ਜਾਣ ਵਾਲਾ ਨਗਦ ਜਾਂ ਉਧਾਰ ਤੋਹਫ਼ਾ) ਦੇ ਬਦਲੇ ਨਿਕਾਹ

ਪੜ੍ਹਾਉਣਾ ਚਾਹੁੰਦਾ ਹਾਂ, ਕੀ ਤੁਸੀਂ ਇਸ ਦੀ ਆਗਿਆ ਦਿੰਦੀ ਹੋ? ਜਾਂ ਤੁਸੀਂ ਇਜਾਜ਼ਤ ਦਿੱਤੀ ? ਜੇਕਰ ਲੜਕੇ ਬਾਰੇ ਪਹਿਲਾਂ ਕੁਝ ਨਹੀਂ ਦੱਸਿਆ ਤਾਂ ਇਸ ਸਮੇਂ ਆਗਿਆ ਲੈਂਦੇ ਵੇਲੇ ਦੱਸਣਾ ਜ਼ਰੂਰੀ ਹੈ। ਤਾਂ ਜੋ ਉਹ ਚੰਗੀ ਤਰ੍ਹਾਂ ਸਮਝ ਲਏ ਕਿ ਕੌਣ ਅਤੇ ਕਿਸ ਤਰ੍ਹਾਂ ਦਾ ਆਦਮੀ ਹੈ।

ਵਲੀ ਵਲੋਂ ਇਜਾਜ਼ਤ ਲੈਂਦੇ ਸਮੇਂ ਕੁਆਰੀ ਲੜਕੀ ਦਾ ਚੁੱਪ ਹੋ ਜਾਣਾ,ਹੰਝੂ ਕੇਰਣਾ ਜਾਂ ਹੂੰ ਕਰ ਦੇਣਾ ਉਸ ਦੀ ਇਜਾਜ਼ਤ ਸਮਝੀ ਜਾਵੇਗੀ ਪਰੰਤੂ ਜੇਕਰ ਉਹ ਲੜਕੀ ਕੁਆਰੀ ਨਹੀਂ ਤਲਾਕ ਸ਼ੁਦਾ ਜਾਂ ਵਿਧਵਾ ਹੈ ਤਾਂ ਉਸ ਤੋਂ ਸਪਸ਼ਟ ਤੌਰ 'ਤੇ 'ਮੈਨੂੰ ਮੰਜ਼ੂਰ ਹੈ ਜਾਂ ਮੈਂ ਆਗਿਆ ਦਿੰਦੀ ਹਾਂ', ਅਖਵਾਉਣਾ ਜ਼ਰੂਰੀ ਹੈ।

ਨਾਬਾਲਿਗ ਤੋਂ ਆਗਿਆ ਲੈਣ ਦੀ ਜ਼ਰੂਰਤ ਨਹੀਂ। ਵਲੀ ਆਪਣੀ ਮਰਜ਼ੀ ਨਾਲ ਨਿਕਾਹ ਕਰ ਸਕਦਾ ਹੈ।

## ਵਲੀ ਰਾਹੀਂ ਲੜਕੀ ਤੋਂ ਇਜਾਜ਼ਤ ਲੈਣ ਦਾ ਤਰੀਕਾ

ਲੜਕੀ ਦਾ ਵਲੀ ਜੇਕਰ ਕਿਸੇ ਹੋਰ ਨੂੰ ਵਲੀ ਬਣਾ ਦੇਵੇ ਕਿ ਤੁਸੀਂ ਆਗਿਆ ਲੈ ਕੇ ਲੜਕੀ ਦਾ ਨਿਕਾਹ ਪੜ੍ਹਾ ਦੇਵੋ ਤਾਂ ਇਸ ਸੂਰਤ ਵਿਚ ਵੀ ਵਲੀ ਨੂੰ ਦੋ ਗਵਾਹਾਂ ਦੇ ਸਾਹਮਣੇ ਉਪਰੋਕਤ ਸ਼ਬਦਾਂ 'ਚ ਲੜਕੀ ਤੋਂ ਆਗਿਆ ਲੈਣੀ ਪਏਗੀ।ਇਹ ਗੱਲ ਧਿਆਨਯੋਗ ਹੈ ਕਿ ਬਾਲਿਗ ਲੜਕੀ ਤੋਂ ਸਪਸ਼ਟ ਤੌਰ 'ਤੇ ਇਜਾਜ਼ਤ ਲੈਣੀ ਪਏਗੀ। ਉਸ ਦਾ ਖ਼ਾਮੋਸ਼ ਰਹਿਣਾ ਅਤੇ ਰੋ ਪੈਣਾ ਕਾਫ਼ੀ ਨਹੀਂ ਹੋਵੇਗਾ।

ਵਲੀ ਜਾਂ ਵਲੀ ਦੇ ਨਾਲੋ-ਨਾਲ ਦ ਗਵਾਹਾਂ ਨੂੰ ਇਹ ਉਪਰੋਕਤ ਸ਼ਬਦ ਸੁਣ ਲੈਣੇ ਚਾਹੀਦੇ ਹਨ।

## ਨਿਕਾਹ ਕਬੂਲ ਕਰਵਾਉਣ ਦਾ ਤਰੀਕਾ

ਜਿਵੇਂ ਦੋ ਗਵਾਹਾਂ ਦੇਂ ਸਾਹਮਣੇ ਇਜਾਜ਼ਤ ਲਈ ਜਾਂਦੀ ਹੈ ਇਸੇ ਤਰ੍ਹਾਂ ਦੋ ਗਵਾਹਾਂ ਦੀ ਮੌਜੂਦਗੀ ਵਿਚ 'ਈਜਾਬ ਕਬੂਲ' (ਨਿਕਾਹ ਦੀ ਮੰਜ਼ੂਰੀ) ਵੀ ਹੋਣੀ ਚਾਹੀਦੀ ਹੈ।ਕਬੂਲ ਕਰਵਾਉਣ ਦਾ ਤਰੀਕਾ ਇਸ ਤਰ੍ਹਾਂ ਹੈ: ਲੜਕੀ ਜਾਂ ਲੜਕੇ ਨੂੰ ਕਿਹਾ ਜਾਵੇ ਕਿ ਫ਼ਲਾਣਾ ਪੁੱਤਰ ਫ਼ਲਾਣਾ ਜਾਂ ਫ਼ਲਾਣੀ ਪੁੱਤਰੀ ਫ਼ਲਾਣੇ ਦਾ ਨਿਕਾਹ ਏਨੇ ਮਹਿਰ ਵਿਚ ਤੁਹਾਡੇ ਨਾਲ ਕਰ ਰਿਹਾ ਹਾਂ, ਤੁਸੀ ਇਸ ਨੂੰ ਕਬੂਲ ਕੀਤਾ?

ਹੁਣ ਜਵਾਬ ਵਿਚ ਕਬੂਲੀਅਤ ਦਾ ਇਜ਼ਹਾਰ ਹੋਣਾ ਚਾਹੀਦਾ ਹੈ।ਤਿੰਨ ਬਾਰੀ ਕਬੂਲ ਕਰਵਾਉਣਾ ਜ਼ਰੂਰੀ ਨਹੀਂ।ਇਕ ਬਾਰੀ ਕਾਫ਼ੀ ਹੈ।ਮਹਿਰ ਦਾ ਜ਼ਿਕਰ ਕਰਦਿਆਂ ਤੁਰੰਤ ਅਦਾ ਕਰਨ ਵਾਲਾ ਜਾਂ ਬਾਅਦ ਵਿਚ ਅਦਾ ਕਰਨ ਵਾਲਾ ਅਤੇ

ਸਿੱਕੇ ਦਾ ਨਾ ਭਾਵ ਏਨੇ ਰੁਪਏ, ਏਨੇ ਡਾਲਰ ਜਾਂ ਏਨੇ ਰਿਆਲ ਜਾਂ ਏਨਾ ਸੋਨਾ ਜਾਂ ਏਨੀ ਚਾਂਦੀ ਜਾਂ ਏਨੀ ਜ਼ਮੀਨ ਜਾਂ ਅਨਾਜ ਦਾ ਸਪੱਸ਼ਟ ਤੌਰ ਤੇ ਜ਼ਿਕਰ ਕਰਨਾ ਜ਼ਰੂਰੀ ਹੈ।

## ਨਿਕਾਹ

ਨਿਕਾਹ ਮਾਲਿਕ ਦੀਆਂ ਹੋਰ ਨਿਅਮਤਾਂ ਵਾਂਗ ਬਹੁਤ ਵੱਡੀ ਨਿਅਮਤ ਹੈ ਜਿਸ ਵਿਚ ਦੁਨੀਆ ਆਖ਼ਿਰਤ ਦੇ ਬਹੁਤ ਸਾਰੇ ਲਾਭ ਛੁਪੇ ਹੋਏ ਹਨ। ਜਿਸ ਨੂੰ ਮਨੁੱਖੀ ਜ਼ਰੂਰਤ ਦਾ ਦਰਜਾ ਹਾਸਲ ਹੈ। ਜਿਸ ਨਾਲ ਛੋਟੇ-ਵੱਡੇ ਪਾਪਾਂ ਤੋਂ ਛੁਟਕਾਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਨੀਯਤ ਦੇ ਖ਼ਰਾਬ ਹੋਣ ਅਤੇ ਦਿਲ ਦੇ ਡੋਲਣ ਤੋਂ ਵੀ ਬਚਿਆ ਜਾ ਸਕਦਾ ਹੈ। ਸਭ ਤੋਂ ਵੱਡਾ ਫ਼ਾਇਦਾ ਇਹ ਹੈ ਕਿ ਨਿਕਾਹ ਜ਼ਹਿਨੀ ਸੁੱਖ ਸ਼ਾਂਤੀ ਦਾ ਕਾਰਨ ਹੈ। ਪਤੀ-ਪਤਨੀ ਦਾ ਆਪਸ 'ਚ ਪਿਆਰ-ਮੁਹੱਬਤ ਨਾਲ ਬੈਠਣਾ, ਹਾਸਾ-ਮਜ਼ਾਕ ਕਰਨਾ ਅਤੇ ਗੱਲਾਂ-ਬਾਤਾਂ ਕਰਨੀਆਂ ਵੀ ਨਫ਼ਲੀ ਇਬਾਦਤ ਤੋਂ ਘੱਟ ਨਹੀਂ ਹਨ।

## ਨਿਕਾਹ ਦੇ ਅਰਥ

ਨਿਕਾਹ ਦੇ ਅਰਥ ਆਪਸ 'ਚ ਮਿਲਣ ਦੇ ਹਨ। ਨਿਕਾਹ ਇਕ ਅਜਿਹਾ ਮਾਮਲਾ ਹੈ ਜਿਸ ਦੇ ਰਾਹੀਂ ਇਕ ਮਰਦ ਅਤੇ ਔਰਤ ਦੇ ਦਰਮਿਆਨ ਆਪਸੀ ਸਬੰਧ ਅਤੇ ਹੱਕ ਮੁਕੱਰਰ ਕੀਤੇ ਜਾਂਦੇ ਹਨ। ਮਾਤਾ ਪਿਤਾ ਅਤੇ ਰਿਸ਼ਤੇਦਾਰਾਂ ਦੇ ਨਾਲ ਵਧੀਆ ਸਲੂਕ, ਆਪਸੀ ਮਿਲਵਰਤਣ, ਉਹਨਾਂ ਵਿਚਕਾਰ ਹੱਦਾਂ, ਮੁਹੱਬਤ, ਮਿਹਰਬਾਨੀ, ਹਮਦਰਦੀ, ਰਹਿਮਦਿਲੀ ਅਤੇ ਹੱਕਾਂ ਦੀ ਅਦਾਇਗੀ ਦੀ ਸ਼ੁਰੂਆਤ ਹੁੰਦੀ ਹੈ। ਇਨਸਾਨ ਇਹਨਾਂ ਮਨੁੱਖੀ ਸਬੰਧਾਂ ਦੇ ਕਾਇਮ ਹੋ ਜਾਣ ਨਾਲ ਬੇਸ਼ਰਮੀ, ਬੇਹਯਾਈ ਤੋਂ ਬਚਦਾ ਹੈ ਅਤੇ ਜ਼ੁਲਮ ਜ਼ਿਆਦਤੀ ਕਰਨ ਤੋਂ ਸੰਕੋਚ ਕਰਦਾ ਹੈ। ਇਸਲਾਮੀ ਸ਼ਰੀਅਤ ਨੇ ਇਹਨਾਂ ਹੱਕਾਂ ਨੂੰ ਅਦਾ ਕਰਨ 'ਤੇ ਜੋ ਸਵਾਬ (ਬਦਲਾ) ਦੱਸਿਆ ਹੈ ਉਸ ਦਾ ਹੱਕਦਾਰ ਬਣਦਾ ਹੈ। ਨਿਕਾਹ ਮਰਦ ਔਰਤ ਵਿਚਕਾਰ ਇਕ ਅਜਿਹਾ ਪਾਕ ਰਿਸ਼ਤਾ ਹੈ ਜਿਸ ਵਿਚ ਇਕ ਵਿਸ਼ੇਸ਼ ਵਿਅਕਤੀ ਤੋਂ ਬਗ਼ੈਰ ਕਿਸੇ ਹੋਰ ਦੀ ਸਾਂਝੀਵਾਲਤਾ ਇਸਲਾਮ ਨੇ ਉੱਕਾ ਹੀ ਪਸੰਦ ਨਹੀਂ ਫ਼ਰਮਾਈ। ਅਜ਼ਾਦ ਔਰਤ ਦਾ ਕੋਈ ਮਾਲਕ ਨਹੀਂ ਹੁੰਦਾ। ਨਿਕਾਹ ਦਾ ਮੰਤਵ ਮਰਦ ਔਰਤ ਦਰਮਿਆਨ ਇਕ ਪਾਕ ਰਿਸ਼ਤਾ ਨਿਯੁਕਤ ਕਰਕੇ ਇਕ ਚੰਗੇ ਸਮਾਜ ਦੀ ਉਸਾਰੀ ਕਰਨਾ ਹੈ। ਇਸਲਾਮ ਅਨੁਸਾਰ ਉਹੀ ਔਰਤ ਜਿਸ ਨਾਲ ਉਸ ਦਾ ਨਿਕਾਹ ਕੀਤਾ ਗਿਆ ਹੈ, ਉਸ ਲਈ ਜਾਇਜ਼ ਹੈ। ਔਰਤ ਨੂੰ ਉਸੇ ਵਿਅਕਤੀ ਨਾਲ ਗੁਜ਼ਾਰਾ ਕਰਨ

ਲਈ ਹਿਦਾਇਤ ਕੀਤੀ ਗਈ ਹੈ। ਇਸਲਾਮ ਨੇ ਇਸ ਮਰਦ ਔਰਤ ਦੇ ਪਾਕ ਰਿਸ਼ਤੇ ਨੂੰ ਸਦਾ ਲਈ ਕਾਇਮ ਰੱਖਣ ਲਈ ਮਰਦ ਲਈ ਹੁਕਮ ਦਿੱਤਾ ਗਿਆ ਹੈ ਕਿ ਉਹ ਔਰਤ ਦੇ ਹੱਕਾਂ ਅਤੇ ਜ਼ਰੂਰਤਾਂ ਦਾ ਧਿਆਨ ਰੱਖੇ।

### ਨਿਕਾਹ ਦੀਆਂ ਸ਼ਰਈ ਹੱਦਾਂ

ਇਸਲਾਮ ਦੁਆਰਾ ਨਿਕਾਹ ਸਬੰਧੀ ਹੱਦਬੰਦੀ ਕਾਇਮ ਕੀਤੀ ਗਈ ਹੈ ਜੋ ਇਸ ਪ੍ਰਕਾਰ ਹੈ:-

(1) ਵਾਜਿਬ
(2) ਸੁੰਨਤ
(3) ਮੁਸਤਹਬ
(4) ਮਕਰੂਹ
(5) ਹਰਾਮ

ਸਾਰੇ ਆਲਿਮ ਇਸ ਗੱਲ 'ਤੇ ਸਹਿਮਤ ਹਨ ਕਿ ਜਿਸ ਵਿਅਕਤੀ ਨੂੰ ਇਸ ਗੱਲ ਦਾ ਡਰ ਹੋਵੇ ਕਿ ਜੇਕਰ ਉਸ ਨੇ ਸ਼ਾਦੀ ਨਾ ਕਰਵਾਈ ਤਾਂ ਉਹ ਕਿਸੇ ਪਾਪ ਵਿਚ ਮੁਬਤਲਾ ਹੋ ਜਾਵੇਗਾ। ਅਜਿਹੀ ਸਥਿਤੀ ਵਿਚ ਨਿਕਾਹ ਕਰਵਾਉਣਾ ਵਾਜਿਬ ਹੈ। ਸ਼ਰਤ ਇਹ ਹੈ ਕਿ ਉਹ ਮਹਿਰ ਅਦਾ ਕਰਨ ਅਤੇ ਪਾਕ-ਸਾਫ਼ ਰੋਜ਼ੀ ਖੁਆਉਣ ਦੀ ਤਾਕਤ ਰੱਖਦਾ ਹੋਵੇ। ਜੇਕਰ ਅਜਿਹਾ ਨਹੀਂ ਕਰ ਸਕਦਾ ਤਾਂ ਨਿਕਾਹ ਨਾ ਕਰਵਾਵੇ।

ਜੇਕਰ ਕੋਈ ਔਰਤ ਕਿਸੇ ਬਦਕਾਰ ਆਦਮੀ ਤੋਂ ਆਪਣੀ ਇੱਜ਼ਤ ਬਚਾਉਣ ਤੋਂ ਡਰਦੀ ਹੋਵੇ ਕਿ ਬਗ਼ੈਰ ਸ਼ਾਦੀ ਤੋਂ ਇਸ ਪਾਪ ਤੋਂ ਨਹੀਂ ਬਚ ਸਕਦੀ ਤਾਂ ਅਜਿਹੀ ਹਾਲਤ ਵਿਚ ਉਸ ਲਈ ਕਿਸੇ ਵਿਅਕਤੀ ਨਾਲ ਨਿਕਾਹ ਕਰ ਲੈਣਾ ਵਾਜਿਬ ਹੈ।

ਨਿਕਾਹ ਉਸ ਵਿਅਕਤੀ ਦੇ ਲਈ ਨਹੀਂ ਹੈ ਜੋ ਨਿਕਾਹ ਦੀ ਇੱਛਾ ਨਾ ਰੱਖਦਾ ਹੋ ਜਿਵੇਂ ਵੱਡੀ ਉਮਰ ਜਾਂ ਉਹ ਜੋ ਮਰਦਾਨਾ ਤਾਕਤ ਨਾ ਰੱਖਦਾ ਹੋਵੇ। ਨਿਕਾਹ ਪਤਨੀ ਦੇ ਅਖ਼ਲਾਕ (ਬੋਲਬਾਣੀ) 'ਤੇ ਬੁਰਾ ਅਸਰ ਨਾ ਪਾਉਂਦਾ ਹੋਵੇ। ਉਸ ਦੀ ਇੱਜ਼ਤ-ਆਬਰੂ ਦੀ ਹਿਫ਼ਾਜ਼ਤ ਕਰਨ ਵਾਲਾ ਹੋਵੇ। ਪਰੰਤੂ ਅਜਿਹਾ ਨਿਕਾਹ ਜੋ ਲੜਾਈ ਝਗੜੇ ਦਾ ਕਾਰਨ ਬਣਦਾ ਹੋਵੇ ਅਤੇ ਅਜਿਹੇ ਵਿਅਕਤੀ ਨਾਲ ਜੋ ਵੱਡੀ ਉਮਰ ਵਾਲਾ ਅਤੇ ਮਰਦਾਨਾ ਤਾਕਤ ਰੱਖਣ ਵਾਲਾ ਨਾ ਹੋਵੇ ਤਾਂ ਅਜਿਹੇ ਆਦਮੀ ਨਾਲ ਨਿਕਾਹ ਕਰਨਾ ਹਰਾਮ ਹੈ।

## ਨਿਕਾਹ ਦੀ ਅਹਿਮੀਅਤ

ਨਿਕਾਹ ਜ਼ਿੰਦਗੀ ਦਾ ਇਕ ਅਜਿਹਾ ਟਰਨਿੰਗ ਪੁਆਇੰਟ ਹੈ ਜਿਸ ਪਿੱਛੋਂ ਜ਼ਿੰਦਗੀ 'ਚ ਬਦਲਾਅ ਆਉਣ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ। ਇਹ ਇਕ ਅਜਿਹੀ ਦਾਸਤਾਨ ਹੈ ਜਿਸ ਤੋਂ ਬਗੈਰ ਆਦਮ ਦੀ ਔਲਾਦ 'ਚ ਸਰੀਰਕ ਅਤੇ ਆਤਮਕ ਸ਼ਾਂਤੀ ਦਾ ਆਉਣਾ ਸੰਭਵ ਨਹੀਂ।ਰੱਬ ਨੇ ਵੀ ਆਪਣੀ ਮਖ਼ਲੂਕ ਲਈ ਕੁਰਆਨ ਮਜੀਦ ਦੀ ਸੂਰਤ ਅਲ-ਬਕਰਹ ਵਿਚ ਨਿਕਾਹ ਸਬੰਧੀ ਇਸ ਤਰ੍ਹਾਂ ਜ਼ਿਕਰ ਫ਼ਰਮਾਇਆ ਹੈ ਕਿ ਇਹ ਉਸ ਦੀਆਂ ਨਿਸ਼ਾਨੀਆਂ ਵਿੱਚੋਂ ਹੈ ਕਿ ਉਸ ਨੇ ਤੁਹਾਡੇ ਵਿੱਚੋਂ ਹੀ ਔਰਤਾਂ ਨੂੰ ਪੈਦਾ ਫ਼ਰਮਾਇਆ। ਇਸੇ ਸੂਰਤ ਵਿਚ ਅੱਲਾਹ ਫ਼ਰਮਾਉਂਦੇ ਹਨ ਤੁਹਾਡੀਆਂ ਪਤਨੀਆਂ ਤੁਹਾਡੇ ਲਈ ਪੌਸ਼ਾਕ ਹਨ ਅਤੇ ਤੁਸੀਂ ਉਹਨਾਂ ਲਈ। ਇਸ ਆਇਤ ਵਿਚ ਪੌਸ਼ਾਕ ਦੇ ਕਈ ਅਰਥਲਏ ਗਏ ਹਨ ਜਿਵੇਂ:-

1. ਜਿਵੇਂ ਸਰੀਰ ਦਾ ਪੌਸ਼ਾਕ ਤੋਂ ਬਿਨਾਂ ਗੁਜ਼ਾਰਾ ਨਹੀਂ ਇਸੇ ਤਰ੍ਹਾਂ ਮੀਆਂ ਬੀਵੀ ਦਾ ਵੀ ਇਕ ਦੂਜੇ ਬਗ਼ੈਰ ਗੁਜ਼ਾਰਾ ਨਹੀਂ।
2. ਜਿਸ ਤਰ੍ਹਾਂ ਪੌਸ਼ਾਕ ਸਰੀਰ ਦੀ ਸਖ਼ਤੀ ਤੋਂ ਰੋਕਦੀ ਹੈ ਇਸੇ ਤਰ੍ਹਾਂ ਪਤੀ-ਪਤਨੀ ਪ੍ਰੇਸ਼ਾਨੀਆਂ ਦੇ ਮੁਕਾਬਲੇ 'ਚ ਇਕ ਦੂਸਰੇ ਲਈ ਢਾਲ ਹਨ।
3. ਜਿਵੇਂ ਸਰੀਰ ਅਤੇ ਪੌਸ਼ਾਕ ਦਾ ਬਹੁਤ ਗੂੜ੍ਹਾ ਸਬੰਧ ਹੈ ਇਸੇ ਤਰ੍ਹਾਂ ਪਤੀ-ਪਤਨੀ ਦਾ ਵੀ ਕਰੀਬੀ ਰਿਸ਼ਤਾ ਹੈ।
4. ਪੌਸ਼ਾਕ ਇੱਜ਼ਤ-ਆਬਰੂ ਦੀ ਮੁਹਾਫ਼ਿਜ਼ ਹੈ। ਨੰਗੇਪਣ ਅਤੇ ਬੇ-ਸ਼ਰਮੀ ਤੋਂ ਬਚਾਉਂਦੀ ਹੈ। ਇਸੇ ਤਰ੍ਹਾਂ ਮੀਆਂ-ਬੀਵੀ ਵੀ ਇਕ ਦੂਸਰੇ ਦੀ ਇੱਜ਼ਤਦੇ ਮੁਹਾਫ਼ਿਜ਼ ਹਨ।ਇਹ ਵੀ ਇਕ ਦੂਸਰੇ ਨੂੰ ਨੰਗੇਪਣ ਅਤੇ ਬੇ-ਸ਼ਰਮੀ ਤੋਂ ਬਚਾਉਂਦੇ ਹਨ। ਲੋਕਾਂ ਦੀਆਂ ਨਿਗਾਹਾਂ 'ਚ ਜ਼ਲੀਲ ਨਹੀਂ ਹੋਣ ਦਿੰਦੇ।
5. ਸਾਫ਼-ਸੁਥਰੀ ਅਤੇ ਸੋਹਣੀ-ਸੁਨੱਖੀ ਪੌਸ਼ਾਕ ਨਾਲ ਇਨਸਾਨ ਰਾਹਤ ਮਹਿਸੂਸ ਕਰਦਾ ਹੈ ਇਸੇ ਤਰ੍ਹਾਂ ਨੇਕ ਅਤੇ ਤਹਿਜ਼ੀਬ ਯਾਫ਼ਤਾ ਮੀਆਂ-ਬੀਵੀ ਨੂੰ ਇਕ ਦੂਜੇ ਤੋਂ ਸੁੱਖ-ਸ਼ਾਂਤੀ ਮਿਲਦੀ ਹੈ।

   ਸੂਰਤ ਅਲ-ਰੂਮ ਵਿਚ ਅੱਲਾਹ ਦਾ ਫ਼ਰਮਾਨ ਹੈ ਕਿ ਅੱਲਾਹ ਨੇ ਤੁਹਾਡੀਆਂ ਪਤਨੀਆਂ ਨੂੰ ਇਸ ਲਈ ਪੈਦਾ ਫ਼ਰਮਾਇਆ ਹੈ ਕਿ ਇਕ ਦੂਜੇ ਨਾਲ ਸੁੱਖ ਸ਼ਾਂਤੀ ਹਾਸਿਲ ਕਰੋ।ਇਸੇ ਤਰ੍ਹਾਂ ਨੇਕ ਅਤੇ

ਤਹਿਜ਼ੀਬ ਯਾਫ਼ਤਾ ਮੀਆਂ-ਬੀਵੀ ਨੂੰ ਇਕ ਦੂਜੇ ਨਾਲ ਖ਼ੁਸ਼ੀ ਅਤੇ ਸ਼ਾਂਤੀ ਮਿਲਦੀ ਹੈ।

6. ਮੀਆਂ-ਬੀਵੀ ਨੂੰ ਚਾਹੀਦਾ ਹੈ ਕਿ ਇੱਕ ਦੂਜੇ ਨਾਲ ਮੁਹੱਬਤ ਅਤੇ ਜਾਨ ਕੁਰਬਾਨ ਕਰਨ ਦੇ ਜਜ਼ਬੇ ਨਾਲ ਜ਼ਿੰਦਗੀ ਬਤੀਤ ਕਰਨ। ਅਚਾਨਕ ਇਕ ਦੂਜੇ ਤੋਂ ਭੜਕ ਕੇ ਆਪਣੇ ਆਪਸੀ ਸਬੰਧ ਖ਼ਰਾਬ ਨਾ ਕਰਨ। ਅੱਲਾਹ ਦਾ ਫ਼ਰਮਾਨ ਹੈ ਕਿ ਔਰਤਾਂ ਦੇ ਨਾਲ ਚੰਗਾ ਸਲੂਕ ਕਰੋ। ਜੇਕਰ ਤੁਸੀਂ ਉਹਨਾਂ ਨੂੰ ਪਸੰਦ ਨਹੀਂ ਕੀਤਾ ਤਾਂ ਹੋ ਸਕਦਾ ਹੈ ਕਿ ਤੁਸੀਂ ਕਿਸੇ ਚੀਜ਼ ਨੂੰ ਨਾ-ਪਸੰਦ ਕਰੋ ਅਤੇ ਰੱਬ ਨੇ ਉਸ ਵਿਚ ਬਹੁਤ ਸਾਰੀ ਖ਼ੈਰ ਅਤੇ ਭਲਾਈ ਰਖੀ ਹੋਵੇ।

**ਨਿਕਾਹ ਦੀ ਅਹਿਮੀਅਤ ਸਬੰਧੀ ਆਪ (ਸ.) ਦਾ ਫ਼ਰਮਾਨ**

1. ਦੋ ਮੁਹੱਬਤ ਕਰਨ ਵਾਲਿਆਂ ਦੇ ਲਈ ਨਿਕਾਹ ਤੋਂ ਵਧੀਆ ਕੋਈ ਹੋਰ ਚੀਜ਼ ਨਹੀਂ ਵੇਖੀ ਗਈ। (ਇਬਨ-ਏ-ਮਾਜਾ)
2. ਨੌਜਵਾਨੋ! ਤੁਹਾਡੇ ਵਿਚੋਂ ਜਿਹੜਾ ਨਿਕਾਹ ਦੀ ਤਾਕਤਰਖਦਾ ਹੋਵੇ,ਉਸ ਲਈ ਨਿਕਾਹ ਲਰ ਲੈਣਾ ਜ਼ਰੂਰੀ ਹੈ ਕਿਉਂਕਿ ਨਿਕਾਹ ਅੱਖ ਨੂੰ ਨੀਵਾਂ (ਭਾਬ ਬੁਰੀ ਨਜ਼ਰ ਤੋਂ ਬਚਣ) ਅਤੇ ਸ਼ਰਮਗਾਹ ਨੂੰ ਬੁਰੇ ਕੰਮਾਂ ਤੋਂ ਬਚਾਉਣ ਵਾਲਾ ਹੈ। ਪਰੰਤੂ ਜਿਹੜਾ ਇਸ ਦੀ ਤਾਕਤ ਨਾ ਰਖਦਾ ਹੋਵੇ ਉਸ ਨੂੰ ਰੋਜ਼ੇ ਰਖਣੇ ਚਾਹੀਦੇ ਹਨ। ਕਿਉਂਕਿ ਰੋਜ਼ੇ ਉਸ ਦੇ ਪਾਪਾਂ ਤੋਂ ਬਚਣ ਲਈ ਢਾਲ ਵਾਂਗ ਹਨ। (ਬੁਖ਼ਾਰੀ)
   ਤੁਹਾਡੇ ਵਿਚੋਂ ਜਿਹੜਾ ਨਿਕਾਹ ਦੀ ਤਾਕਤ ਰਖਦਾ ਹੋਵੇ ਅਤੇ ਨਿਕਾਹ ਨਾ ਕਰਵਾਏ ਉਹ ਸਾਡੇ ਵਿਚੋਂ ਨਹੀਂ। (ਸੁਣਨ ਦਾਰਮੀ)
3. ਨਿਕਾਹ ਮੇਰਾ ਤਰੀਕਾ ਹੈ ਜਿਸ ਨੇ ਮੇਰੇ ਤਰੀਕੇ 'ਤੇ ਅਮਲ ਨਹੀਂ ਕੀਤਾ ਉਸ ਦਾ ਮੇਰੇ ਨਾਲ ਕੋਈ ਸਬੰਧ ਨਹੀਂ।
   (ਇਬਨ-ਏ-ਮਾਜਾ)
4. ਨਿਕਾਹ ਨਾ ਕਰਵਾਉਣਾ ਇਸਲਾਮ ਵਿਚ ਨਹੀਂ।
   (ਮੁਸਨਦ ਅਹਿਮਦ)
5. ਚਾਰ ਚੀਜ਼ਾਂ ਸਾਰੇ ਨਬੀਆਂ ਦੇ ਤਰੀਕੇ ਵਿਚ ਸ਼ਾਮਿਲ ਰਹੀਆਂ ਹਨ ਨਿਕਾਹ, ਮਿਸਵਾਕ (ਦਾਤਣ) ਕਰਨਾ, ਸ਼ਰਮ (ਹਯਾ) ਅਤੇ ਖ਼ੁਸ਼ਬੂ ਦਾ ਇਸਤੇਮਾਲ। (ਤਿਰਮਜ਼ੀ)

6. ਜਦੋਂ ਬੰਦੇ ਨੇ ਨਿਕਾਹ ਕਰ ਲਿਆ ਤਾਂ ਉਸ ਦਾ ਅੱਧਾ ਈਮਾਨ ਮੁਕੰਮਲ ਹੋ ਗਿਆ।ਬਾਕੀ ਅੱਧੇ ਨੂੰ ਬਚਾਉਣ ਦੇ ਲਈ ਰੱਬ ਤੋਂ ਡਰਦਾ ਰਹੇ।(ਬੇਹਕੀ)

## ਨਿਕਾਹ ਦਾ ਰਿਸ਼ਤਾ

ਦੁਨੀਆ ਦਾ ਮੁੱਢ ਅਤੇ ਖ਼ਾਨਦਾਨਾਂ ਦਾ ਵਜੂਦ ਅਤੇ ਇਹਨਾਂ ਨੂੰ ਵਧਾਉਣਾ ਸਾਰਾ ਨਿਕਾਹ 'ਤੇ ਨਿਰਭਰ ਕਰਦਾ ਹੈ।ਨਿਕਾਹ ਨਾਲ ਹੀ ਰਿਸ਼ਤੇਦਾਰੀਆਂ ਵਜੂਦ ਵਿਚ ਆਉਂਦੀਆਂ ਹਨ।ਫਿਰ ਪਰਿਵਾਰ ਬਣਦਾ ਚਲਿਆ ਜਾਂਦਾ ਹੈ।ਨਿਕਾਹ ਨਾਲ ਹੀ ਰਿਸ਼ਤਿਆਂ ਵਿਚ ਮਜ਼ਬੂਤੀ ਆਉਂਦੀ ਹੈ ਕਿ ਨਿਕਾਹ ਇਕ ਬਾਰੀ ਕਾਇਮ ਹੋਣ ਨਾਲ ਕਿਸੇ ਵੀ ਸੂਰਤ ਵਿਚ ਟੁੱਟਦਾ ਨਹੀਂ।ਇਸਲਾਮ ਧਰਮ ਨੇ ਅਜਿਹੇ ਰਿਸ਼ਤੇ ਨੂੰ ਏਨੀ ਮਹੱਤਤਾ ਦਿੱਤੀ ਹੈ। ਇਸ ਨੂੰ ਸਹੀ ਤੌਰ 'ਤੇ ਕਾਇਮ ਰੱਖਣ ਅਤੇ ਇਸ ਦੀਆਂ ਜ਼ਿੰਮੇਦਾਰੀਆਂ ਨਿਭਾਉਣ ਨੂੰ ਨਫ਼ਲੀ ਇਬਾਦਤਾਂ ਨਾਲੋਂ ਵੀ ਵੱਧ ਦਰਜਾ ਦਿੱਤਾ ਗਿਆ ਹੈ।ਇਸੇ ਰਿਸ਼ਤੇ ਦੀ ਬਿਨਾਂ 'ਤੇ ਕੋਈ ਮਰਦ ਕਿਸੇ ਦਾ ਬਾਪ ਅਤੇ ਕਿਸੇ ਦਾ ਪੁੱਤਰ ਬਣਦਾ ਹੈ।ਕਿਸੇ ਦਾ ਦਾਦਾ ਅਤੇ ਪੋਤਾ ਬਣਦਾ ਹੈ।ਕਿਸੇ ਦਾ ਮਾਮਾ, ਕਿਸੇ ਭਾਈ ਅਤੇ ਕਿਸੇ ਦਾ ਭਣੋਈਆ ਬਣਨ ਦੀ ਉਪਾਧੀ ਪ੍ਰਾਪਤ ਕਰਦਾ ਹੈ।ਇਸੇ ਰਿਸ਼ਤੇ ਦੇ ਰਾਹੀਂ ਇਕ ਔਰਤਕਿਸੇ ਦੀ ਮਾਂ, ਕਿਸੇ ਦੀ ਨਾਨੀ, ਕਿਸੇ ਦੀ ਦਾਦੀ, ਕਿਸੇ ਦੀ ਭੂਆ, ਕਿਸੇ ਦੀ ਚਾਚੀ ਅਤੇ ਕਿਸੇ ਦੀ ਮਾਸੀ ਬਣਦੀ ਹੈ।ਇਹੋ ਉਹ ਰਿਸ਼ਤਾ ਹੈ ਜਿਸ ਨਾਲਕਿਸੇ ਨੂੰ ਬੇਟੀ ਅਤੇ ਭੈਣ ਦਾ ਦਰਜਾ ਪ੍ਰਾਪਤ ਹੁੰਦਾ ਹੈ।ਇਹ ਸਾਰੇ ਰਿਸ਼ਤੇ ਇਸ ਨਿਕਾਹ ਦੇ ਪਾਕ ਸਬੰਧ ਨਾਲ ਮਿਲਦੇ ਚਲੇ ਜਾਂਦੇ ਹਨ।ਇਕ ਅਨਜਾਣ ਜਾਣਕਾਰ ਅਤੇ ਇਕ ਬੇਗਾਨਾ ਆਪਣਾ ਬਣ ਜਾਂਦਾ ਹੈ।ਆਦਮੀ ਬਜ਼ੁਰਗਾਂ ਦਾ ਅਦਬ, ਛੋਟਿਆਂ ਨਾਲ ਨਰਮੀ, ਹਮਦਰਦੀ, ਸ਼ਰਮ-ਹਯਾ ਅਤੇ ਮੁਹੱਬਤ ਮਿਹਰਬਾਨੀ ਕਰਨਾ ਸਿੱਖਦਾ ਹੈ।ਇਸੇ ਪਾਕ ਰਿਸ਼ਤੇ ਨਾਲ ਖ਼ਾਨਦਾਨੀ ਨਿਜ਼ਾਮ ਵਜੂਦ ਵਿਚ ਆਉਂਦਾ ਹੈ।ਜੇਕਰ ਇਸ ਰਿਸ਼ਤੇ ਦੀ ਪਾਕੀਜ਼ਗੀ ਨੂੰ ਦੂਰ ਕਰ ਦਿੱਤਾ ਜਾਵੇ ਤਾਂ ਸਮਾਜ ਵਿਚ ਹਮਦਰਦੀ, ਦੂਜਿਆਂ ਲਈ ਮਰ ਮਿਟਣ ਦਾ ਜਜ਼ਬਾ, ਮੁਹੱਬਤ ਮਿਹਰਬਾਨੀ, ਨੇਕ ਚਾਲ-ਚਲਣੀ ਵਜੂਦ ਵਿਚ ਨਹੀਂ ਆਵੇਗੀ।ਇਸ ਦੀ ਥਾਂ ਜ਼ੁਲਮ, ਜ਼ਿਆਦਤੀ, ਬੇਰਾਹਰਵੀ, ਬੇਵਫ਼ਾਈ, ਬੇਭਰੋਸਗੀ, ਬੇਸ਼ਰਮੀ ਅਤੇ ਬੇਹਯਾਈ ਵਰਗੀਆ ਚੀਜ਼ਾਂ ਸਾਹਮਣੇ ਆਉਣਗੀਆਂ।ਸਭ ਦੇ ਪਾਲਣਹਾਰ ਨੇ ਕੁਰਆਨ ਮਜੀਦ ਵਿਚ ਇਸ ਨਿਕਾਹ ਦੇ ਰਿਸ਼ਤੇ ਕਾਇਮ ਅਤੇ ਹੋਰ ਮਜ਼ਬੂਤ ਕਰਨ ਲਈ ਹਦਾਇਤ ਕਰਦਿਆਂ ਇਰਸ਼ਾਦ ਫ਼ਰਮਾਇਆ ਹੈ :

ਲੋਕੋ!ਆਪਣੇ ਰਬ ਤੋਂ ਡਰੋ, ਜਿਸ ਨੇ ਤਹਾਨੂੰ ਇਕ ਜ਼ਾਤ ਤੋਂ ਪੈਦਾ ਫ਼ਰਮਾਇਆ ਹੈ ਅਤੇ ਉਸੇ ਜਿਨਸ ਵਿਚੋਂ ਜੋੜਾ ਪੈਦਾ ਕੀਤਾ ਅਤੇ ਇਹਨਾਂ ਦੋਵਾ ਤੋਂ ਬਹੁਤ ਸਾਰੇ ਮਰਦ ਅਤੇ ਔਰਤਾਂ ਨੂੰ ਫੈਲਾਇਆ। ਉਸ ਅੱਲਾਹ ਤੋਂ ਡਰੋ!ਜਿਸ ਦਾ ਵਾਸਤਾ ਦੇ ਕੇ ਤੁਸੀਂ ਇਕ ਦੂਸਰੇ ਤੋਂ ਆਪਣਾ ਹੱਕ ਮੰਗਦੇ ਹੋ। ਰਿਸ਼ਤਿਆਂ ਦੇ ਹੱਕਾਂਦਾ ਖ਼ਾਸ ਲਿਹਾਜ਼ ਰੱਖੋ। ਬੇਸ਼ੱਕ ਅੱਲਾਹ ਤੁਹਾਡਾ ਹਾਲ ਵੇਖਦਾ ਅਤੇ ਉਸ 'ਤੇ ਨਜ਼ਰ ਰੱਖਦਾ ਹੈ। (ਸੂਰਤ ਅਲ-ਨਿਸਾ-1)

ਹਜ਼ਰਤ ਮੁਹੰਮਦ (ਸ.) ਵੀ ਆਪਣੀ ਗਲੱਬਾਤ ਦੌਰਾਨ ਨਿਕਾਹ ਦੇ ਸਬੰਧ 'ਚ ਫ਼ਰਮਾਇਆ ਕਰਦੇ ਸਨ ਕਿ ਨਿਕਾਹ ਤੋਂ ਦੋਵੇਂ ਧਿਰਾਂ ਨੂੰ ਆਪਣੇ ਹੱਕਾਂ ਦੀ ਜ਼ਿੰਮੇਦਾਰੀ ਪੂਰੀ ਪੂਰੀ ਨਿਭਾਉਣੀ ਚਾਹੀਦੀ ਹੈ। ਇਹ ਗੱਲ ਆਪਣੇ ਜ਼ਹਿਨ ਵਿਚ ਬਿਠਾ ਲੈਣ ਕਿ ਉਹ ਸਬੰਧਾਂ ਨੂੰ ਨਿਭਾਉਣ, ਰਿਸ਼ਤਿਆਂ ਨੂੰ ਜੋੜਨ ਅਤੇ ਆਪਸੀ ਸਬੰਧਾਂ ਨੂੰ ਤੋੜਨ ਤੋਂ ਪਰਹੇਜ਼ ਕਰਨ ਲਈ ਵਚਨਬੱਧ ਰਹਿਣ।

## ਨਿਕਾਹ ਦਾ ਮਹੱਤਵ

ਨਿਕਾਹ ਦੇ ਪਾਕ ਰਿਸ਼ਤੇ ਨਾਲ ਸਦਾਚਾਰ, ਪਾਕ-ਦਾਮਨੀ, ਆਪਣੇ ਆਰ-ਪਰਿਵਾਰ ਦੀਆਂ ਜ਼ਰੂਰਤਾਂ ਦੇ ਨਿਭਾਉਣ ਦੀ ਜ਼ਿੰਮੇਦਾਰੀ ਦਾ ਅਹਿਸਾਸ ਪੈਦਾ ਹੁੰਦਾ ਹੈ। ਨਿਕਾਹ ਦੀ ਨੀਂਹ ਪਰਹੇਜ਼ਗਾਰੀ ਅਤੇ ਰੱਬ ਦਾ ਡਰ ਹੈ। ਨਿਕਾਹ ਤੋਂ ਬੰਦਾ ਇਕ ਸੀਮਤ ਹੱਦਾਂ ਵਿਚ ਬੰਨ੍ਹਿਆ ਜਾਂਦਾ ਹੈ। ਬੰਦਿਆਂ ਦੇ ਹੱਕਾਂ ਦੀ ਪਾਸਦਾਰੀ ਦਾ ਅਹਿਸਾਸ ਵੀ ਜਾਗਦਾ ਹੈ। ਜਿਸ ਨਾਲ ਇਕ ਪਾਕੀਜ਼ਾ ਮਾਹੌਲ ਦੀ ਸਥਾਪਨਾ ਹੁੰਦੀ ਹੈ। ਨਿਕਾਹ ਨਾਲ ਬੰਦਾ ਆਪਣੇ ਆਪ ਨੂੰ ਪਾਪਾਂ ਅਤੇ ਸਮਾਜ ਨੂੰ ਮੈਲਾ ਕਰਨ ਤੋਂ ਬਚਾਉਂਦਾ ਹੈ। ਬਦ-ਨਜ਼ਰੀ, ਬਦ-ਕਿਰਦਾਰੀ ਅਤੇ ਬਦ-ਫ਼ਿਅਲੀ ਤੋਂ ਬਚਾਓ ਨਿਕਾਹ ਦੇ ਪਵਿੱਤਰ ਰਿਸ਼ਤੇ ਨਾਲ ਹੀ ਹੋ ਸਕਦਾ ਹੈ। ਨਿਕਾਹ ਨਾਲ ਨਿਗਾਹਾਂ ਨੀਵੀਆਂ ਅਤੇ ਸ਼ਰਮਗਾਹਾਂ ਮਹਿਫ਼ੂਜ਼ ਰਹਿਣਗੀਆਂ। ਨਿਕਾਹ ਸਿਰਫ਼ ਜਿਨਸੀ ਇੱਛਾਵਾਂ ਦੀ ਪੂਰਤੀ ਹੀ ਨਹੀਂ ਹੈ ਬਲਕਿ ਇਸ ਨਾਲ ਮੁਹੱਬਤ, ਹਮਦਰਦੀ, ਦੂਜਿਆਂ ਲਈ ਮਰ ਮਿਟਣ ਦਾ ਜਜ਼ਬਾ ਵੀ ਪੈਦਾ ਹੁੰਦਾ ਹੈ। ਕੁਰਆਨ ਸ਼ਰੀਫ਼ ਵਿਚ ਫ਼ਰਮਾਨ ਹੈ :

"ਉਸ ਦੀਆਂ ਨਿਸ਼ਾਨੀਆ ਵਿਚੋਂ ਇਕ ਨਿਸ਼ਾਨੀ ਇਹ ਹੈ ਕਿ ਉਸ ਨੇ ਤੁਹਾਡੀ ਜਿਨਸ ਵਿਚੋਂ ਜੋੜੇ ਪੈਦਾ ਕੀਤੇ ਤਾਂ ਜੋ ਤੁਸੀਂ ਇਸ ਨਾਲ ਸਕੂਨਪ੍ਰਾਪਤ ਕਰੋਅਤੇ ਇਸ ਤੁਹਾਡੇ ਵਿਚਕਾਰ ਮੁਹੱਬਤ ਪੈਦਾ ਕਰ ਦਿੱਤੀ।" (ਸੂਰਤ ਅਲ-ਰੂਮ-21)

ਨਿਕਾਹ ਸਿਰਫ਼ ਜਿਨਸੀ ਇੱਛਾਵਾਂ ਦਾ ਨਾਂ ਨਹੀਂ ਬਲਕਿ ਇਸ ਨਾਲ ਰੱਬ ਦੀਆਂ ਕਾਇਮ ਕੀਤੀਆਂ ਹੱਦਾਂ ਨੂੰ ਕਾਇਮ ਕਰਨਾ ਹੈ। ਜਿੱਥੇ ਰੱਬ ਨੇ ਨਿਕਾਹ ਲਈ ਹੁਕਮ ਫ਼ਰਮਾਇਆ ਹੈ ਉੱਥੇ ਇਹ ਵੀ ਤਾਕੀਦ ਫ਼ਰਮਾਈ ਹੈ :

"ਦੋਵੇਂ ਰੱਬ ਦੀਆਂ ਕਾਇਮ ਕੀਤੀਆਂ ਹੱਦਾਂ ਨੂੰ ਕਾਇਮ ਰੱਖਣ।"

(ਸੂਰਤ ਅਲ-ਬਕਰਹ 23)

ਇੱਕ ਥਾਂ ਹੋਰ ਇਰਸ਼ਾਦ ਹੈ :-

"ਜਿਹੜੇ ਲੋਕ ਅੱਲਾਹ ਦੀਆਂ ਕਾਇਮ ਕੀਤੀਆਂ ਹੱਦਾਂ ਨੂੰ ਤੋੜਦੇ ਹਨ ਉਹ ਜ਼ਾਲਿਮ ਹਨ।" (ਸੂਰਤ ਅਲ-ਬਕਰਹ 229)

ਮੁਸਲਮਾਨਾਂ ਲਈ ਰੱਬ ਦਾ ਇਨਕਾਰ ਕਰਨ ਵਾਲਿਆਂ ਦੇ ਨਾਲ ਨਿਕਾਹ ਜਾਇਜ਼ ਨਹੀਂ ਕਿਉਂਕਿ ਉਹਨਾਂ ਤੋਂ ਰੱਬ ਦੀਆਂ ਹੱਦਾਂ ਕਾਇਮ ਰੱਖਣ ਦੀ ਉਮੀਦ ਘੱਟ ਹੀ ਕੀਤੀ ਜਾ ਸਕਦੀ ਹੈ। ਇਸੇ ਤਰ੍ਹਾਂ ਰੱਬ ਨਾਲ ਸਾਂਝੀਵਾਲ ਬਣਾਉਣ ਵਾਲਿਆਂ ਲਈ ਵੀ ਇਹੋ ਹੁਕਮ ਹੈ ਕਿ ਭਾਵੇਂ ਉਹ ਲੋਕ ਜ਼ਾਹਿਰੀ ਤੁਹਾਨੂੰ ਭਲੇਮਾਣਸ ਲੱਗਣ। ਆਪ ਦਾ ਫ਼ਰਮਾਨ ਹੈ :-

"ਉਹ ਲੋਕ ਤੁਹਾਨੂੰ ਨਰਕ ਵਲ ਬੁਲਾਉਂਦੇ ਹਨ ਅਤੇ ਰੱਬ ਆਪਣੇ ਹੁਕਮਾਂ ਰਾਹੀਂ ਜੰਨਤ ਅਤੇ ਮੁਆਫ਼ੀ ਵੱਲ ਪ੍ਰੇਰਦਾ ਹੈ।" (ਸੂਰਤ ਅਲ-ਬਕਰਹ 221)

## ਨਿਕਾਹ ਦੇ ਜ਼ਰੂਰੀ ਹਿੱਸੇ

(1) ਈਜਾਬ

(2) ਕਬੂਲ

ਇਹਨਾਂ ਦੋਵੇਂ ਹਿੱਸਿਆਂ ਤੋਂ ਬਗ਼ੈਰ ਨਿਕਾਹ ਮੁਕੰਮਲ ਨਹੀਂ ਹੋ ਸਕਦਾ ਭਾਵ ਜੇਕਰ ਕਿਸੇ ਬਾਲਿਗ਼ ਮਰਦ ਔਰਤ ਜਾਂ ਉਸ ਦੇ ਵਲੀ (ਜ਼ਿੰਮੇਦਾਰ ਆਦਮੀ) ਨੇ ਬਾਲਿਗ਼ ਮਰਦ ਜਾਂ ਕਿਸੇ ਬਾਲਿਗ਼ ਔਰਤ ਨਾਲ ਦੋ ਗਵਾਹਾਂ ਦੇ ਸਾਹਮਣੇ ਸਿੱਧੇ ਤੌਰ ਤੇ ਜਾਂ ਵਕੀਲ ਰਾਹੀਂ ਇਹ ਕਹਿ ਦਿੱਤਾ :-

" ਮੈਂ ਤੁਹਾਡੇ ਨਾਲ ਨਿਕਾਹ ਕਰਦਾ ਹਾਂ ਅਤੇ ਦੂਸਰੇ ਨੇ ਇਸ ਨੂੰ ਕਬੂਲ ਮੰਜ਼ੂਰ ਕਰ ਲਿਆ ਤਾਂ ਸਮਝੋ ਕਿ ਦੋਵਾਂ ਵਿਚਕਾਰ ਰਿਸ਼ਤਾ ਕਾਇਮ ਹੋ ਗਿਆ"।

## ਗਵਾਹਾਂ ਦੀ ਮੌਜੂਦਗੀ

ਨਿਕਾਹ ਦਾ ਰਿਸ਼ਤਾ ਕਾਇਮ ਕਰਨ ਦੇ ਲਈ ਦੋ ਸਮਝਦਾਰ ਮਰਦ ਗਵਾਹਾਂ ਦੀ ਮੌਜੂਦਗੀ ਬਹੁਤ ਜ਼ਰੂਰੀ ਹੈ। ਇਕ ਮਰਦ ਦੀ ਗਵਾਹੀ ਦਰੁਸਤ ਨਹੀਂ ਮੰਨੀ ਜਾਵੇਗੀ। ਹਾਂ, ਨਿਕਾਹ ਦੇ ਸਮੇਂ ਇਕ ਮਰਦ ਅਤੇ ਦੋ ਔਰਤਾਂ ਮੌਜੂਦ ਹੋਣ

ਅਤੇ ਉਹ ਆਪਣੇ ਕੰਨਾਂ ਨਾਲ ਨਿਕਾਹ ਦੇ ਅਲਫ਼ਾਜ਼ ਸੁਣ ਲੈਣ ਤਾਂ ਨਿਕਾਹ ਦਰੁਸਤ ਮੰਨਿਆ ਜਾਵੇਗਾ।

ਜੇਕਰ ਕੋਈ ਮਰਦ ਇਕਾਂਤ ਵਿਚ ਕਹੇ ਕਿ ਮੈਂ ਆਪਣੀ ਬੇਟੀ ਤੁਹਾਡੇ ਨਿਕਾਹ ਵਿਚ ਦੇ ਦਿੱਤੀ ਅਤੇ ਦੂਸਰਾ ਆਦਮੀ ਸੁਣ ਕੇ ਹਾਂ ਵੀ ਕਰ ਦੇਵੇ ਤਾਂ ਇਹ ਨਿਕਾਹ ਦਰੁਸਤ ਨਹੀਂ ਹੋਵੇਗਾ।ਗਵਾਹ ਲਈ ਹੇਠ ਲਿਖੀਆਂ ਨਿਰਧਾਰਤ ਸ਼ਰਤਾਂ ਦਾ ਹੋਣਾ ਜ਼ਰੂਰੀ ਹੈ:-

(1) ਅਕਲਮੰਦ ਹੋਣਾ
(2) ਬਾਲਿਗ ਹੋਣਾ
(3) ਅਜ਼ਾਦ ਹੋਣਾ
(4) ਮੁਸਲਮਾਨ ਹੋਣਾ
(5) ਔਰਤਾਂ ਦੀ ਗੱਲਾਂ ਨੂੰ ਸੁਣਨ ਅਤੇ ਸਮਝਣ ਦੇ ਯੋਗ ਹੋਣਾ

## ਜਿਹਨਾਂ ਔਰਤਾਂ ਨਾਲ ਨਿਕਾਹ ਨਹੀਂ ਹੋ ਸਕਦਾ

ਮਾਂ, ਮਾਂ ਦੀਆਂ ਮਾਵਾਂ, ਬਾਪ ਦੀਆਂ ਮਾਵਾਂ, ਇਹਨਾਂ ਦੀਆਂ ਬੇਟੀਆਂ, ਦੋਹਤੀਆਂ, ਪੋਤੀਆਂ, ਮਾਂ-ਬਾਪ ਦੀਆਂ ਭੈਣਾਂ, ਭੈਣਾਂ ਦੀਆਂ ਬੇਟੀਆਂ, ਭਾਣਜੇ ਦੀਆਂ ਬੇਟੀਆਂ, ਭਾਈਆਂ ਦੀਆਂ ਬੇਟੀਆਂ, ਭੂਆ, ਮਾਸੀਆਂ ਭਾਵੇਂ ਸਕੇਲੀਆਂ ਜਾਂ ਸਕੀਆਂ ਪਰੰਤੂ ਭੂਆ ਅਤੇ ਮਾਸੀ ਦੀਆਂ ਬੇਟੀਆਂ ਹਰਾਮ ਨਹੀਂ ਹਨ।

## ਇੱਕੋ ਸਮੇਂ ਕਿੰਨੀਆਂ ਔਰਤਾਂ ਨਾਲ ਨਿਕਾਹ ਜਾਇਜ਼ ਹੈ

ਇਸਲਾਮ ਨੇ ਕੁਝ ਸ਼ਰਤਾਂ ਦੇ ਤਹਿਤ ਇੱਕੋ ਸਮੇਂ ਇਕ ਤੋਂ ਜ਼ਿਆਦਾ ਪਤਨੀਆਂ ਰੱਖਣ ਦੀ ਇਜਾਜ਼ਤ ਦਿੱਤੀ ਹੈ ਜਿਸ ਦੀ ਹੱਦ ਚਾਰ ਤੱਕ ਹੈ।ਲੇਕਿਨ ਇਸ ਦੇ ਨਾਲੋ ਨਾਲ ਇਹ ਵੀ ਹੁਕਮ ਫ਼ਰਮਾਇਆ ਹੈ :-

"ਜੇਕਰ ਤੁਹਾਨੂੰ ਇਹ ਡਰ ਹੋਵੇ ਕਿ ਇਹਨਾਂ ਸਾਰੀਆਂ ਨਾਲ ਇੱਕੋ ਜਿਹਾ ਸਲੂਕ ਨਹੀਂ ਕਰ ਸਕੋਗੇ ਤਾਂ ਫਿਰ ਇੱਕੋ ਹੀ ਪਤਨੀ ਰੱਖਣਾ।"

## ਗਰਭਪਤੀ ਅਤੇ ਵਿਧਵਾ ਨਾਲ ਨਿਕਾਹ ਕਰਨਾ

ਇਸਲਾਮ ਔਰਤਾਂ ਨੂੰ ਨਿਕਾਹ ਦੇ ਪਾਕ ਰਿਸ਼ਤੇ ਵਿਚ ਬੰਨ੍ਹਣ ਨੂੰ ਪਸੰਦ ਕਰਦਾ ਹੈ ਕਿਉਂਕਿ ਇਸ ਨਾਲ ਉਹਨਾਂ ਦੀ ਇੱਜ਼ਤ ਮਹਿਫ਼ੂਜ਼ ਰਹਿੰਦੀ ਹੈ।ਹਜ਼ਰਤ ਮੁਹੰਮਦ (ਸ.) ਦੇ ਦੌਰ ਵਿਚ ਕੋਈ ਔਰਤ ਜੇਕਰ ਵਿਧਵਾ ਹੋ ਜਾਂਦੀ ਹੈ ਤਾਂ ਉਸ ਨੂੰ

ਇਕੱਲੇ ਨਾ ਰਹਿਣ ਦਿੰਦੇ। ਇੱਦਤ ਪੂਰੀ ਹੋਣ ਤੋਂ ਬਾਅਦ ਉਸ ਦਾ ਨਿਕਾਹ ਕਿਸੇ ਹੋਰ ਨਾਲ ਕਰ ਦਿੰਦੇ।

## ਸ਼ਾਦੀ-ਸ਼ੁਦਾ ਮਰਦ ਔਰਤ ਲਈ ਜ਼ਿਨ੍ਹਾ (ਜ਼ਨਾ) ਦੀ ਸਜ਼ਾ

ਹਜ਼ਰਤ ਇਮਾਮ ਅਹਿਮਦ ਦਾਊਦ ਜ਼ਾਹਿਰੀ ਅਤੇ ਇਸਹਾਕ ਬਿਨ ਰਾਹਵੀਯਾ ਅਨੁਸਾਰ: "ਸੌ ਕੋੜੇ ਮਾਰਨਾ ਅਤੇ ਉਸ ਪਿੱਛੋਂ ਸੰਗਸਾਰ ਕਰਨਾ ਹੈ।" ਬਾਕੀ ਸਾਰੇ ਧਾਰਮਿਕ ਵਿਦਵਾਨ ਇਸ ਗੱਲ 'ਤੇ ਮੁਤਫ਼ਿਕ ਹਨ ਕਿ:

"ਇਹਨਾਂ ਦੀ ਸਜ਼ਾ ਸਿਰਫ਼ ਸੰਗਸਾਰ ਕਰਨਾ ਹੈ ਰਹਿਮ ਅਤੇ ਸਜ਼ਾ ਨੂੰ ਜਮ੍ਹਾਂ ਨਹੀਂ ਕੀਤਾ ਜਾਵੇਗਾ।"

## ਗੈਰ-ਸ਼ਾਦੀ ਸ਼ੁਦਾ ਦੀ ਸਜ਼ਾ

ਹਜ਼ਰਤ ਇਮਾਮ ਸ਼ਾਫ਼ਈ (ਰ.) ਇਮਾਮ ਅਹਿਮਦ (ਰ.) ਇਸਹਾਕ ਦਾਊਦ 'ਜ਼ਾਹਿਰੀ (ਰ.) ਸੁਫ਼ਿਆਨ ਸੌਰੀ (ਰ.) ਇਬਨੇ ਅਬੀ ਲੈਲਾ (ਰ.) ਅਤੇ ਹਸਨ ਬਿਨ ਸਾਲਿਹੇ ਦੇ ਨਜ਼ਦੀਕ:

"ਮਰਦ ਔਰਤ ਦੇ ਲਈ ਸੌ ਕੋੜੇ ਅਤੇ ਇਕ ਸਾਲ ਦਾ ਦੇਸ਼ ਨਿਕਾਲਾ"

ਹਜ਼ਰਤ ਇਮਾਮ ਮਾਲਿਕ (ਰ.) ਅਤੇ ਇਮਾਮ ਔਜ਼ਾਈ (ਰ.) ਦੇ ਨਜ਼ਦੀਕ:

" ਮਰਦ ਦੇ ਲਈ ਸੌ ਕੋੜੇ ਅਤੇ ਇਕ ਸਾਲ ਲਈ ਦੇਸ਼ ਨਿਕਾਲਾ ਅਤੇ ਔਰਤ ਦੇ ਲਈ ਸਿਰਫ਼ ਸੌ ਕੋੜੇ।"

ਦੇਸ਼ ਨਿਕਾਲੇ ਤੋਂ (ਭਾਵ ਇਹਨਾਂ ਸਭਨਾਂ ਦੇ ਨਜ਼ਦੀਕ ਇਹ ਹੈ ਕਿ ਮੁਜਰਿਮ ਨੂੰ ਉਸਦੀ ਬਸਤੀ 'ਚੋਂ ਕੱਢ ਕੇ ਘੱਟ ਤੋਂ ਘੱਟ ਇੰਨੇਫ਼ਾਸਲੇ ਤੇ ਭੇਜ ਦਿੱਤਾ ਜਾਵੇ ਜਿਸ ਅਨੁਸਾਰ ਨਮਾਜ਼ ਕਸਰ (ਸਵਾ 77 ਕਿਲੋ ਮੀਟਰ ਦਾ ਫ਼ਾਸਲਾ)ਹੋਵੇ। ਪਰੰਤੂ ਜ਼ੈਦ ਬਿਨ ਅਲੀ (ਰਜ਼ੀ.) ਅਤੇ ਹਜ਼ਰਤ ਇਮਾਮ ਜਾਅਫ਼ਰ ਸਾਦਿਕ (ਰ.) ਦੇ ਨਜ਼ਦੀਕ ਕੈਦ ਕਰ ਦੇਣ ਨਾਲ ਵੀ ਦੇਸ਼ ਨਿਕਾਲੇ ਦਾ ਮੰਤਵ ਪੂਰਾ ਹੋ ਜਾਂਦਾ ਹੈ।

ਹਜ਼ਰਤ ਇਮਾਮ ਅਬੂ ਹਨੀਫ਼ਾ (ਰ.) ਅਤੇ ਉਹਨਾਂ ਦੇ ਸ਼ਾਗਿਰਦ ਹਜ਼ਰਤ ਇਮਾਮ ਅਬੂ ਯੂਸੁਫ਼ (ਰ.) ਇਮਾਮ ਜ਼ੁਕਰ (ਰ.) ਅਤੇ ਇਮਾਮ ਮੁਹੰਮਦ (ਰ.) ਕਹਿੰਦੇ ਹਨ:

"ਜ਼ਿਨ੍ਹਾ ਦੀ ਹਦ ਇਸ ਸੂਰਤ ਵਿਚ ਮਰਦ ਔਰਤ ਦੋਵਾਂ ਦੇ ਲਈ ਸੌ ਕੋੜੇ ਹਨ। ਇਸ ਤੋਂ ਬਾਅਦ ਕਿਸੇ ਹੋਰ ਸਜ਼ਾ ਜਿਵੇਂ ਕੈਦ ਜਾਂ ਦੇਸ਼ ਨਿਕਾਲਾ ਦੀ ਸਜ਼ਾ ਨਹੀਂ ਦਿੱਤੀ ਜਾ ਸਕਦੀ। ਕਾਜ਼ੀ ਜੇਕਰ ਇਹ ਵੇਖੇ ਕਿ ਮੁਜਰਿਮ ਬਦ ਚਲਨ ਹੈ ਜਾਂ

ਮੁਜਰਿਮ ਅਤੇ ਮੁਜਰਿਮ ਦੇ ਸਬੰਧ ਬਹੁਤ ਗਹਿਰੇ ਹਨ ਤਾਂ ਲੋੜ ਅਨੁਸਾਰ ਉਹ ਉਹਨਾਂ ਨੂੰ ਸ਼ਹਿਰੋਂ ਬਾਹਰ ਵੀ ਕੱਢ ਸਕਦਾ ਹੈ ਅਤੇ ਕੈਦ ਵੀ ਕਰ ਸਕਦਾ ਹੈ।"

ਹੱਦ ਅਤੇ ਸਜ਼ਾ ਵਿਚ ਫ਼ਰਕ ਇਹ ਹੈ ਕਿ ਇਕ ਮੁਕੱਰਰ ਸਜ਼ਾ ਹੈ ਜੋ ਜੁਰਮ ਦੇ ਸਬੂਤ ਦੀਆਂ ਸ਼ਰਤਾਂ ਪੂਰੀਆਂ ਹੋਣ ਤੋਂ ਬਾਅਦ ਲਾਜ਼ਮੀ ਦਿੱਤੀ ਜਾਵੇਗੀ ਅਤੇ ਸਜ਼ਾ ਉਸ ਨੂੰ ਕਹਿੰਦੇ ਹਨ ਜੋ ਕਾਨੂੰਨ ਦੇ ਲਿਹਾਜ਼ ਨਾਲ ਮਿਕਦਾਰ, ਹਾਲਤ ਅਨੁਸਾਰ ਮੁਕੱਰਰ ਨਾ ਕੀਤੀ ਗਈ ਹੋਵੇ ਬਲਕਿ ਜਿਸ ਵਿਚ ਅਦਾਲਤ ਹਾਲਾਤ ਦੇ ਲਿਹਾਜ਼ ਨਾਲ ਕਮੀ ਬੇਸ਼ੀ ਕਰ ਸਕਦੀ ਹੈ।

## ਨਿਕਾਹ ਸਬੰਧੀ ਪਸੰਦੀਦਾ ਕੰਮ

ਅਖ਼ਲਾਕ ਅਤੇ ਈਮਾਨਦਾਰੀ ਦਾ ਤਕਾਜ਼ਾ ਇਹ ਹੈ ਕਿ ਸ਼ਾਦੀ ਦੇ ਮੌਕੇ ਫ਼ਜ਼ੂਲ ਖ਼ਰਚਿਆਂ ਤੋਂ ਬਚਿਆ ਜਾਵੇ ਕਿਉਂਕਿ ਹੈਸੀਅਤ ਤੋਂ ਵਧ ਕੇ ਜਿਹੜਾ ਕੰਮ ਵੀ ਕੀਤਾ ਜਾਵੇਗਾ ਉਹ ਪ੍ਰੇਸ਼ਾਨੀ ਅਤੇ ਬੋਝ ਵਿਚ ਇਜ਼ਾਫ਼ੇ ਦਾ ਕਾਰਨ ਬਣੇਗਾ।ਨਿਕਾਹ ਦੀਆਂ ਬਰਕਤਾਂ ਤੋਂ ਦੂਰ ਰਹਿਣ ਦਾ ਕਾਰਨ ਬਣੇਗਾ।ਖ਼ੁਸ਼ੀ, ਰਾਹਤ ਅਤੇ ਮੁਸੱਰਤ ਦੀ ਬਜਾਏ ਰੰਜ ਅਤੇ ਗ਼ਮ ਵਧੇਗਾ।ਆਪ ਦਾ ਫ਼ਰਮਾਨ ਹੈ :

ਸਭ ਤੋਂ ਜ਼ਿਆਦਾ ਮੁਬਾਰਕ ਨਿਕਾਹ ਉਹ ਹੈ ਜਿਹੜਾ ਸਾਦਾ ਹੋਵੇ।ਸਭ ਤੋਂ ਜ਼ਿਆਦਾ ਬਰਕਤ ਵਾਲਾ ਨਿਕਾਹ ਉਸ ਨੂੰ ਮੰਨਿਆ ਜਾਂਦਾ ਹੈ ਜਿਹੜਾ ਮੁਸ਼ੱਕਤ ਦੀ ਬਜਾਏ ਅਸਾਨ ਹੋਵੇ ਭਾਵ ਹਲਕਾ-ਫੁਲਕਾ ਹੋਵੇ।(ਬਿਹਕੀ)

ਅੱਜ ਕੱਲ ਸਾਡੇ ਸਮਾਜ ਵਿਚ ਨਿਕਾਹ ਦੇ ਸਮੇਂ ਬਹੁਤ ਸਾਰੇ ਧਨ ਨੂੰ ਬੇਕਾਰ ਰਸਮਾਂ ਰਿਵਾਜਾਂ 'ਚ ਲਾਉਣਾ ਆਪਣੀ ਸ਼ਾਨ ਸਮਝਿਆ ਜਾਣ ਲੱਗਿਆ ਹੈ।ਗ਼ਰੀਬ ਮਾਤਾ ਪਿਤਾ ਵੀ ਫੋਕੀ ਸ਼ੋਹਰਤ ਲਈ ਆਪਣੇ ਬੱਚਿਆਂ ਦੀ ਸ਼ਾਦੀ ਦੇ ਮੌਕੇ ਕਰਜ਼ਾ ਲੈਣ ਤੋਂ ਸੰਕੋਚ ਨਹੀਂ ਕਰਦੇ।ਝੂਠੀ ਠਾਠ-ਬਾਠ ਲਈ ਲੋਕਾਂ ਦੇ ਅੱਗੇ ਹੱਥ ਫੈਲਾਉਂਦੇ ਹਨ।ਵਿਖਾਵੇ ਲਈ ਬਰੀ ਅਤੇ ਦਹੇਜ ਦੇ ਨਾਂ 'ਤੇ ਜ਼ਮੀਨ ਜਾਇਦਾਦ ਨੂੰ ਗਿਰਵੀ ਰੱਖਣ 'ਤੇ ਵੀ ਗੁਰੇਜ਼ ਨਹੀਂ ਕੀਤਾ ਜਾਂਦਾ।ਕਿੰਨੀਆਂ ਜ਼ਮੀਨ ਜਾਇਦਾਦਾਂ ਇਸ ਝੂਠੀ ਸ਼ੋਹਰਤ ਲਈ ਭੇਂਟ ਚੜ੍ਹ ਜਾਂਦੀਆਂ ਹਨ!ਬਹੁਤ ਧੂਮ-ਧਾਮ ਨਾਲ ਦਾਅਵਤਾਂ ਕੀਤੀਆਂ ਜਾਂਦੀਆ ਹਨ।ਮੂਵੀਆਂ, ਫ਼ਿਲਮਾਂ ਬਨਾਉਣ 'ਚ ਖ਼ੂਨ ਪਸੀਨੇ ਦੀ ਕਮਾਈ ਪਾਣੀ ਵਾਂਗ ਬਹਾਈ ਜਾਂਦੀ ਹੈ।ਕਿੰਨੇ ਲੋਕ ਕਰਜ਼ ਦਾ ਬੋਝ ਨਾ ਸਹਾਰਦਿਆਂ ਖ਼ੁਦਕੁਸ਼ੀਆਂ ਕਰ ਲੈਂਦੇ ਹਨ।ਇਸ ਲਈ ਜੇਕਰ ਅਸੀਂ ਆਪਣੇ ਬੱਚਿਆਂ ਲਈ ਚਾਨਣ ਮੁਨਾਰਾ ਬਨਣਾ ਚਾਹੁੰਦੇ ਹਾਂ ਤਾਂ ਸ਼ਾਦੀ ਸਾਦੇ ਢੰਗ ਅਨੁਸਾਰਕਰਨੀ ਚਾਹੀਦੀ ਹੈ।

## ਮਹਿਰ (ਸ਼ਾਦੀ ਦੇ ਮੌਕੇ ਦੂਲਹੇ ਵੱਲੋਂ ਦਿੱਤਾ ਜਾਣ ਵਾਲਾ ਤੋਹਫ਼ਾ)

ਮਹਿਰ ਨਿਕਾਹ ਦੀ ਲਾਜ਼ਮੀ ਸ਼ਰਤ ਹੈ।ਮਹਿਰ ਲਈ ਸ਼ਬਦ ਸਦਾਕ ਆਇਆ ਹੈ ਜਿਸ ਦੇ ਅਰਥ ਮਹਿਰ ਦੇ ਹਨ।ਸਦਾਕ ਇਸ ਲਈ ਕਹਿੰਦੇ ਹਨ ਕਿ 'ਇਹ ਪਤੀ ਅਤੇ ਪਤਨੀ ਦੇ ਸਬੰਧਾਂ ਦੀ ਦਰੁਸਤੀ, ਸੱਚਾਈ ਅਤੇ ਦੋਸਤੀ ਦੀ ਨਿਸ਼ਾਨੀ ਹੈ।'

## ਮਹਿਰ ਦੀ ਪਰਿਭਾਸ਼ਾ

ਮਹਿਰ ਦੇ ਸ਼ਾਬਦਿਕ ਅਰਥ ਉਹ ਮਾਲ ਦੌਲਤ ਜਿਹੜੀ ਨਿਕਾਹ ਦੇ ਸਮੇਂ ਔਰਤ ਤੋਂ ਲਾਭ-ਪ੍ਰਾਪਤ ਕਰਨ ਦੀ ਗ਼ਰਜ਼ ਲਈ ਦਿੱਤੀ ਜਾਂਦੀ ਹੈ।ਇਹ ਮਾਲ ਨਿਕਾਹ ਵੇਲੇ ਔਰਤ ਨੂੰ ਅਦਾ ਕਰ ਦਿੱਤਾ ਜਾਂਦਾ ਹੈ ਜਾਂ ਅਦਾ ਕਰਨ ਦਾ ਵਾਅਦਾ ਕੀਤਾ ਜਾਂਦਾ ਹੈ।ਇਸ ਦੀਆਂ ਦੋ ਕਿਸਮਾਂ ਹਨ ਮੁਅੱਜਿਲ ਅਤੇ ਗ਼ੈਰ ਮੁਅੱਜਿਲ।

## ਮਹਿਰ ਕਿੰਨਾ ਹੋਵੇ?

ਮਹਿਰ ਆਪਣੀ ਹੈਸੀਅਤ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ।ਪਤੀ ਜਿੰਨਾ ਅਸਾਨੀ ਨਾਲ ਅਦਾ ਕਰ ਸਕੇ ਓਨਾ ਹੀ ਮੁਕੱਰਰ ਕਰਨਾ ਚਾਹੀਦਾ ਹੈ।ਆਮ ਤੌਰ 'ਤੇ ਆਪਣੀ ਵਾਹ ਵਾਹ ਕਰਵਾਉਣ ਲਈ ਜਾਂ ਪਤੀ ਤਲਾਕ ਨਾ ਦੇ ਸਕੇ ਇਸ ਲਈ ਜ਼ਿਆਦਾ ਮਹਿਰ ਮੁਕੱਰਰ ਕੀਤਾ ਜਾਂਦਾ ਹੈ।

ਸ਼ਰ੍ਹਾ ਅਤੇ ਅਕਲ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦੀ।ਜੇਕਰ ਮੀਆਂ ਬੀਵੀ ਵਿਚਕਾਰ ਕੋਈ ਅਜਿਹੀ ਨਾਚਾਕੀ ਹੋ ਜਾਂਦੀ ਹੈ ਜਿਸ ਕਰਕੇ ਦੋਵਾਂ ਦਾ ਇਕੱਠੇ ਰਹਿਣਾ ਮੁਸ਼ਕਿਲ ਹੈ ਪਰ ਮਹਿਰ ਕਰਕੇ ਵੱਖਰੇ ਨਹੀਂ ਰਹਿ ਸਕਦੇ।ਇਸ ਲਈ ਇਸਲਾਮ ਨੇ ਜ਼ਿਆਦਾ ਮਹਿਰ ਨਿਯੁਕਤ ਕਰਨਾ ਮਨ੍ਹਾ ਫ਼ਰਮਾਇਆ ਹੈ।ਆਪ ਦਾ ਫ਼ਰਮਾਨ ਹੈ :-

'ਜ਼ਿਆਦਾ ਬਰਕਤ ਵਾਲਾ ਨਿਕਾਹ ਉਹ ਹੈ ਜਿਸ ਵਿਚ ਘੱਟ ਤੋਂ ਘੱਟ ਤਕਲੀਫ਼ ਅਤੇ ਪ੍ਰੇਸ਼ਾਨੀ ਹੋਵੇ।'

## ਸ਼ਾਦੀ ਦੀ ਪਹਿਲੀ ਰਾਤ

ਨਿਕਾਹ ਤੋਂ ਬਾਅਦ ਔਰਤਾਂ ਦਾ ਦੁਲਹਨ ਨੂੰ ਦੂਲਹੇ ਦੇ ਕਮਰੇ ਤੱਕ ਲੈ ਜਾਣ ਲਈ ਜਿਹੜੀਆਂ ਰਸਮਾਂ ਅਦਾ ਕੀਤੀਆ ਜਾਂਦੀਆ ਹਨ, ਉਹ ਠੀਕ ਨਹੀਂ।ਔਰਤਾਂ ਦਾ ਦੁਲਹਨ ਨੂੰ ਮਰਦ ਦੇ ਕਮਰੇ ਤੱਕ ਛੱਡ ਕੇ ਆਉਣਾ ਠੀਕ

ਹੈ। ਸ਼ਰ੍ਹਾ ਅਨੁਸਾਰ ਪਤੀ ਸਭ ਤੋਂ ਪਹਿਲਾਂ ਪਤਨੀ ਦੇ ਮੱਥੇ ਦੇ ਵਾਲਾਂ ਨੂੰ ਫੜ ਕੇ ਇਹ ਦੁਆ ਕਰੇ:-

'ਐ ਅੱਲਾਹ! ਜੋ ਤੁਸੀਂ ਇਸ ਦੀ ਫ਼ਿਤਰਤ ਵਿਚ ਭਲਾਈ ਰਖੀ ਹੈ, ਮੈਂ ਉਸ ਨੂੰ ਚਾਹੁੰਦਾ ਹਾਂ। ਇਸ ਦੀ ਸ਼ਰਾਰਤ ਜਿਹੜੀ ਇਸ ਦੀ ਫ਼ਿਤਰਤ ਵਿਚ ਸ਼ਾਮਿਲ ਹੈ, ਉਸ ਤੋਂ ਪਨਾਹ ਮੰਗਦਾ ਹਾਂ।'

ਜਦੋਂ ਪਤਨੀ ਨੂੰ ਮਿਲੇ ਤਾਂ ਇਹ ਦੁਆ ਕਰੇ:-

'ਐ ਅੱਲਾਹ! ਸਾਨੂੰ ਸ਼ੈਤਾਨ ਤੋਂ ਪਨਾਹ ਵਿਚ ਰਖਣਾ ਅਤੇ ਜਿਹੜੀ ਔਲਾਦ ਹੋਵੇ ਉਸ ਨੂੰ ਵੀ ਉਸ ਤੋਂ ਬਚਾਈਂ ਰਖਣਾ।'

ਇਹਨਾਂ ਦੁਆਵਾਂ ਰਾਹੀਂ ਇਹੋ ਚਾਹਿਆ ਗਿਆ ਹੈ ਕਿ ਇਨਸਾਨ ਆਪਣੀਆਂ ਹੱਦਾਂ ਤੋਂ ਅੱਗੇ ਨਾ ਟੱਪੇ। ਹੱਦਾਂ ਟੱਪਣ ਨਾਲ ਮਨੁੱਖ ਦਾ ਮਿਆਰ ਹੇਠਾਂ ਡਿਗ ਜਾਵੇਗਾ। ਇਨਸਾਨ ਅਤੇ ਹੈਵਾਨ ਵਿਚ ਕੋਈ ਅੰਤਰ ਨਹੀਂ ਰਹੇਗਾ। ਇਨਸਾਨ ਅਤੇ ਡੰਗਰ ਪਸ਼ੂਆਂ ਲਈ ਸ਼ਾਂਤੀ ਦੀਆਂ ਰਾਹਾਂ ਵੱਖਰੀਆਂ-ਵੱਖਰੀਆਂ ਹੁੰਦੀਆਂ ਹਨ। ਚੰਗਾ ਇਨਸਾਨ ਇਸ ਸ਼ਰਮ-ਹਯਾ ਦੀਆਂ ਹੱਦਾਂ ਟੱਪਣ ਨੂੰ ਪਸੰਦ ਨਹੀਂ ਕਰੇਗਾ। ਆਪ ਦਾ ਫ਼ਰਮਾਨ ਹੈ :

'ਜਦੋਂ ਮਰਦ ਅਤੇ ਔਰਤ ਮਿਲਣ ਤਾਂ ਇਹਨਾਂ ਨੂੰ ਚਾਹੀਦਾ ਹੈ ਕਿ ਸਾਰੇ ਕੱਪੜੇ ਨਾ ਉਤਾਰਨ ਕਿਉਂਕਿ ਇਸ ਤਰ੍ਹਾਂ ਕਰਨਾ ਡੰਗਰ ਪਸ਼ੂਆਂ ਦਾ ਕੰਮ ਹੈ।'

(ਇਬਨ-ਏ-ਮਾਜਾ)

ਅਬੂ-ਅਲ-ਲੈਸ ਆਪਣੀ ਕਿਤਾਬ ਬੋਸਤਾਂ ਵਿਚ ਲਿਖਦੇ ਹਨ ਕਿ ਨੰਗੇ ਹੋ ਕੇ ਮਿਲਣ ਨਾਲ ਔਲਾਦ ਬੇ-ਹਯਾ (ਬੇ-ਸ਼ਰਮ) ਪੈਦਾ ਹੁੰਦੀ ਹੈ। ਅੱਗੇ ਲਿਖਦੇ ਹਨ ਕਿ ਮਿਲਦੇ ਸਮੇਂ ਗੱਲਾਂ ਕਰਨ ਨਾਲ ਗੂੰਗੀ ਔਲਾਦ ਪੈਦਾ ਹੁੰਦੀ ਹੈ। ਗੁਪਤ ਅੰਗਾਂ ਵੱਲ ਵੇਖਣ ਨਾਲ ਅੰਨ੍ਹੀ ਔਲਾਦ ਪੈਦਾ ਹੁੰਦੀ ਹੈ।

## ਵਲੀਮਾ ਜਾਂ ਦਾਅਵਤ-ਏ-ਵਲੀਮਾ

ਜਿਹੜਾ ਖਾਣਾ ਸ਼ਾਦੀ ਦੀ ਖ਼ੁਸ਼ੀ ਵਿਚ ਕੀਤਾ ਜਾਵੇ ਉਸ ਨੂੰ ਵਲੀਮਾ ਕਹਿੰਦੇ ਹਨ ਜਾਂ ਜਿਹੜਾ ਖਾਣਾ ਮਰਦ ਦੀ ਤਰਫ਼ੋਂ ਨਿਕਾਹ ਤੋਂ ਬਾਅਦ ਹੈਸੀਅਤ ਅਨੁਸਾਰ ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ ਅਤੇ ਬੇ-ਸਹਾਰਾ ਨੂੰ ਲੋਕਾਂ ਨੂੰ ਖੁਆਇਆ ਜਾਂਦਾ ਹੈ। ਆਪ (ਸ.) ਦਾ ਫ਼ਰਮਾਨ ਹੈ :-

'ਵਲੀਮਾ ਕਰੋ ਭਾਵੇਂ ਇੱਕ ਬਕਰੀ ਜ਼ਿਬਾਹ ਕਰੋ।'

ਜੇਕਰ ਹਿੰਮਤ ਨਾ ਹੋਵੇ ਤਾਂ ਆਪਣੀ ਪਹੁੰਚ ਅਨੁਸਾਰ ਜੋ ਕਰ ਸਕੇ ਕਾਫ਼ੀ ਹੈ। ਹਜ਼ਰਤ ਅਨਸ (ਰਜ਼ੀ.) ਤੋਂ ਰਿਵਾਇਤ ਹੈ ਕਿ ਹਜ਼ੂਰ (ਸ.) ਨੇ ਮੋਮਿਨਾਂ ਦੀ ਮਾਂ

ਹਜ਼ਰਤ ਸਫ਼ੀਆ (ਰਜ਼ੀ.) ਦੇ ਨਿਕਾਹ ਤੋਂ ਬਾਅਦ ਜੋ ਵਲੀਮਾ ਦੀ ਦਾਅਵਤ ਕੀਤੀ ਸੀ, ਉਸ ਵਿਚ ਨਾ ਰੋਟੀ ਸੀ ਅਤੇ ਨਾ ਗੋਸ਼ਤ ਬਲਕਿ ਚਮੜੇ ਦੇ ਦਸਤਰਖ਼ਾਰ (ਖਾਣੇ ਵੇਲੇ ਹੇਠਾਂ ਵਿਛਾਇਆ ਜਾਣ ਵਾਲਾ ਕਪੜਾ) ਵਿਛਾਉਣ ਲਈ ਹੁਕਮ ਫ਼ਰਮਾਇਆ ਜਿਸ 'ਤੇ ਖਜੂਰਾਂ, ਪਨੀਰ ਅਤੇ ਮਸਕਾ ਰਖ ਦਿੱਤਾ ਸੀ। ਜਿਸ ਨੂੰ ਲੋਕਾਂ ਨੇ ਖਾਧਾ। (ਬੁਖ਼ਾਰੀ ਸ਼ਰੀਫ਼)

ਲੜਕੀ ਵਾਲਿਆਂ ਦੀ ਤਰਫ਼ੋਂ ਕਿਸੇ ਪ੍ਰਕਾਰ ਖਾਣੇ ਦਾ ਇੰਤਜ਼ਾਮ ਕਰਨਾ ਆਪ (ਸ.) ਦੇ ਤਰੀਕੇ ਦੇ ਖ਼ਿਲਾਫ਼ ਹੈ। ਇਹ ਗੱਲ ਧਿਆਨ ਯੋਗ ਹੈ ਕਿ ਲੜਕੇ ਵਾਲਿਆਂ ਦੀ ਤਰਫ਼ੋਂ ਜੋ ਖਾਣੇ ਦਾ ਪ੍ਰਬੰਧ ਕੀਤਾ ਜਾਂਦਾ ਹੈ ਉਸ ਦੇ ਬਦਲੇ ਵੀ ਕਿਸੇ ਪ੍ਰਕਾਰ ਦਾ ਸ਼ਗਨ ਜਾਂ ਕੋਈ ਹੋਰ ਬਦਲਾ ਲੈਣਾ ਸ਼ਰੀਅਤ ਪੱਖੋਂ ਠੀਕ ਨਹੀਂ।

## ਵਲੀਮੇ ਦਾ ਸਮਾਂ

ਆਪ (ਸ.) ਦਾ ਇਰਸ਼ਾਦ ਹੈ "ਵਲੀਮਾ ਪਹਿਲੇ ਦਿਨ ਖੁਆਇਆ ਹੱਕ ਨੂੰ ਅਦਾ ਕਰਨਾ ਹੈ। ਦੂਸਰੇ ਦਿਨ ਨੇਕੀ ਹੈ। ਤੀਸਰੇ ਦਿਨ ਵਿਖਾਵਾ ਅਤੇ ਨੁਮਾਇਸ਼ ਹੈ। (ਅਬੂ ਦਾਊਦ, ਇਬਨ-ਏ-ਮਾਜਾ)

ਖਾਣੇ ਦੇ ਸਮੇਂ ਵੀਡੀਓ ਬਨਾਉਣ, ਆਰਕੈਸਟਰਾ ਲਗਾਉਣਾ, ਗਾਣਾ ਵਜਾਉਣਾ, ਲੜਕੀਆਂ ਦਾ ਡਿਸਕੋ ਡਾਂਸ ਕਰਵਾਉਣ ਦਾ ਇੰਤਜ਼ਾਮ ਕਰਨਾ ਪੈਸੇ ਦੀ ਬਰਬਾਦੀ ਤੋਂ ਸਿਵਾ ਹੋਰ ਕੁੱਝ ਨਹੀਂ।

ਸ਼ਾਦੀ ਤੋਂ ਬਾਅਦ ਪਤਨੀ ਲਈ ਪਤੀ ਵਲੋਂ ਖਾਣਾ, ਲਿਬਾਸ ਅਤੇ ਮਕਾਨ ਦਾ ਪ੍ਰਬੰਧ ਕਰਨਾ ਲਾਜ਼ਮੀ ਹੈ। ਇਹ ਗੱਲਾਂ ਪਤੀ ਦੀ ਆਰਥਿਕ ਹਾਲਤ ਨੂੰ ਮੁੱਖ ਰਖਦਿਆਂ ਤੈਅ ਕੀਤੀਆ ਜਾਣਗੀਆਂ। ਜੇਕਰ ਪਤੀ ਅਮੀਰ ਹੈ ਤਾਂ ਖਾਣ-ਪੀਣ ਦੀਆ ਚੀਜ਼ਾਂ (ਆਟਾ, ਦਾਲ ਸਬਜ਼ੀ,ਪਾਣੀ, ਬਾਲਣ) ਲਿਬਾਸ (ਗਰਮੀ ਸਰਦੀ ਦੇ ਕੱਪੜੇ, ਰਹਿਣ ਲਈ ਮਕਾਨ ਆਦਿ ਅਮੀਰਾਂ ਵਾਂਗ ਹੋਵੇਗਾ। ਗ਼ਰੀਬ ਹੋਣ ਦੀ ਹਾਲਤ ਵਿਚ ਗ਼ਰੀਬਾਂ ਵਾਂਗ ਹੋਵੇਗਾ।

## ਰਹਿਣ ਲਈ ਮਕਾਨ

ਖਾਣ-ਪੀਣ ਦੀਆਂ ਚੀਜ਼ਾਂ ਤੋਂ ਬਾਅਦ ਪਤੀ ਦੇ ਲਈ ਉਸ ਦੇ ਰਹਿਣ ਲਈ ਮਕਾਨ ਦਾ ਇੰਤਜ਼ਾਮ ਕਰਨ ਦੀ ਜ਼ਿੰਮੇਦਾਰੀ ਹੈ। ਕੁਰਆਨ ਸ਼ਰੀਫ਼ ਵਿਚ ਫ਼ਰਮਾਨ ਹੈ

'ਇਹਨਾਂ ਨੂੰ ਆਪਣੀ ਹੈਸੀਅਤ ਅਨੁਸਾਰ ਉਥੇ ਹੀ ਠਹਿਰਾਓ ਜਿੱਥੇ ਤੁਸੀਂ ਰਹਿੰਦੇ ਹੋ।'

ਹਜ਼ੂਰ (ਸ.) ਨੇ ਮਸਜਿਦ ਨਬਵੀ ਤਾਮੀਰ ਕਰਨ ਤੋਂ ਬਾਅਦ ਸਭ ਤੋਂ ਪਹਿਲਾ ਕੰਮ ਆਪਣੀਆਂ ਪਤਨੀਆਂ ਲਈ ਮਕਾਨ ਤਾਮੀਰ ਕਰਨ ਦਾ ਹੁਕਮ ਫ਼ਰਮਾਇਆ ਸੀ।

ਉਸ ਘਰ ਵਿਚ ਹੇਠ ਲਿਖੀਆਂ ਗੱਲਾਂ ਦਾ ਧਿਆਨ ਰਖਣਾ ਬਹੁਤ ਜ਼ਰੂਰੀ ਹੈ

ਪਤੀ ਦੇ ਘਰ ਵਿਚ ਪਰਿਵਾਰਕ ਮੈਂਬਰਾਂ ਦੇ ਨਾਲ ਰਲ ਮਿਲ ਕੇ ਰਹਿਣਾ ਬਹੁਤ ਚੰਗੀ ਗੱਲ ਹੈ।ਪਰੰਤੂ ਘਹ ਦਾ ਇਕ ਵਿਸ਼ੇਸ਼ ਹਿੱਸਾ ਹੋਣਾ ਚਾਹੀਦਾ ਹੈ ਜਿਸ ਵਿਚ ਪਤੀ ਪਤਨੀ ਬਗ਼ੈਰ ਝਿਜਕ ਰਹਿ ਸਕਣ।ਜਿੱਥੇ ਪਤਨੀ ਆਪਣੀਆਂ ਚੀਜ਼ਾਂ ਹਿਫ਼ਾਜ਼ਤ ਨਾਲ ਰਖ ਸਕੇ।

ਜੇਕਰ ਪਤਨੀ ਇਕ ਅਜਿਹੇ ਮਕਾਨ ਦਾ ਮੁਤਾਲਬਾ ਕਰਦੀ ਹੈ ਅਤੇ ਪਤੀ ਇਸ ਦੀ ਸਮਰਥਾ ਰਖਦਾ ਹੈ ਤਾਂ ਅਜਿਹਾ ਘਰ ਬਣਾ ਦੇਣਾ ਚਾਹੀਦਾ ਹੈ ਜਿਸ ਵਿਚ ਉਸ ਦੀ ਜ਼ਰੂਰਤ ਦੀਆਂ ਚੀਜ਼ਾ ਜਿਵੇਂ ਕਿਚਨ, ਬਾਥਰੂਮ, ਲੈਟਰੀਨ ਆਦਿ ਦੀਆਂ ਸਹੂਲਤਾਂ ਹੋਣ।ਜੇਕਰ ਹੈਸੀਅਤ ਨਹੀਂ ਤਾਂ ਜਿਸ ਤਰ੍ਹਾਂ ਦਾ ਘਰ ਹੈ ਉਸ ਵਿਚ ਹੀ ਗੁਜ਼ਾਰਾ ਕਰੇ।

ਸ਼ਾਦੀ ਤੋਂ ਬਾਅਦ ਜਿਵੇਂ ਔਰਤ ਲਈ ਅਜਿਹਾ ਮਕਾਨ ਮੰਗਣ ਦਾ ਹੱਕ ਹੈ ਜਿੱਥੇ ਪਤੀ ਦੇ ਰਿਸ਼ਤੇਦਾਰ ਆਦਿ ਨਾ ਆਉਣ।ਇਸੇ ਤਰ੍ਹਾਂ ਪਤੀ ਨੂੰ ਵੀ ਹੱਕ ਹਾਸਲ ਹੈ ਕਿ ਜਿਸ ਮਕਾਨ ਵਿਚ ਉਹ ਰਹਿ ਰਹੇ ਹਨ ਉੱਥੇ ਪਤਨੀ ਦੇ ਮਾਂ ਬਾਪ ਭੈਣ ਭਰਾ ਜਾਂ ਕੋਈ ਹੋਰ ਰਿਸ਼ਤੇਦਾਰ ਸਦਾ ਲਈ ਰਹਿਣ ਨਾ ਲੱਗੇ।

ਪਤੀ ਆਪਣੀ ਪਤਨੀ ਲਈ ਜ਼ਰੂਰਤ ਦੀਆ ਸਾਰੀਆਂ ਚੀਜ਼ਾਂ ਪੂਰੀਆਂ ਕਰਨ ਦੇ ਨਾਲ-ਨਾਲ ਉਸ ਨਾਲ ਵਧੀਆ ਸਲੂਕ ਵੀ ਕਰੇ।ਮੀਆਂ ਬੀਵੀ ਦਾ ਰਿਸ਼ਤਾ ਕੋਈ ਪਾਰਟ ਟਾਈਮ ਜਾਂ ਕਾਰੋਬਾਰੀ ਨਹੀਂ ਹੁੰਦਾ ਬਲਕਿ ਇਹ ਜਿਸਮ ਜਾਨ ਦਾ ਰਿਸ਼ਤਾ ਹੁੰਦਾ ਹੈ।ਦੁਨੀਆਂ ਵਿਚ ਰਹਿੰਦਿਆਂ ਆਖ਼ਰੀ ਸਾਹ ਤੱਕ ਚੱਲਣ ਵਾਲਾ ਰਿਸ਼ਤਾ ਹੁੰਦਾ ਹੈ।ਆਪਸੀ ਪਿਆਰ ਮੁਹੱਬਤ ਅਤੇ ਵਧੀਆ ਸਲੂਕ ਇਸ ਰਿਸ਼ਤੇ ਨੂੰ ਹੋਰ ਮਜ਼ਬੂਤ ਕਰੇਗਾ।ਨਾਜ਼ੁਕ ਹਾਲਤ ’ਚ ਗ਼ੁੱਸੇ ’ਤੇ ਕੰਟਰੋਲ ਕਰਨਾ, ਨਰਮੀ ਅਖ਼ਤਿਆਰ ਕਰਨਾ, ਮਿੱਠਾ ਬੋਲਣਾ, ਛੋਟੀਆਂ ਛੋਟੀਆਂ ਗੱਲਾਂ ’ਤੇ ਨਾ ਝਗੜਨਾ, ਜ਼ਿਆਦਾ ਨਾ ਝਿੜਕਣਾ, ਪਤਨੀ ਤੋਂ ਸੇਵਾ ਲੈਣ ਲਈ ਉਸ ਦੇ ਸੁਭਾਅ ਨੂੰ ਵੇਖਣਾ, ਰੱਬ ਤੋਂ ਡਰਦਿਆਂ ਉਸ ਦੇ ਹੱਕਾਂ ਨੂੰ ਅਦਾ ਕਰਨ ਨਾਲ ਘਰ ਦਾ ਮਾਹੌਲ ਸਵਰਗ ਬਣ ਜਾਂਦਾ ਹੈ।

ਆਪ (ਸ.) ਦਾ ਫ਼ਰਮਾਨ ਹੈ :-

'ਤੁਹਾਡੇ ਵਿੱਚੋਂ ਚੰਗਾ ਉਹ ਹੈ ਜਿਹੜਾ ਆਪਣੇ ਆਰ-ਪਰਿਵਾਰ ਨਾਲ ਚੰਗਾ ਹੋਵੇ।ਮੈਂ ਆਪਣੇ ਆਰ-ਪਰਿਵਾਰ ਨਾਲ ਤੁਹਾਡੇ ਵਿੱਚੋਂ ਸਭ ਤੋਂ ਚੰਗਾਂ ਹਾਂ'।

ਦੂਸਰੀ ਥਾਂ ਆਪ (ਸ.) ਦਾ ਫ਼ਰਮਾਨ ਹੈ :-

'ਤੁਹਾਡੇ ਵਿੱਚੋਂ ਸਭ ਤੋਂ ਵਧੀਆ ਉਹ ਲੋਕ ਹਨ ਜਿਹੜੇ ਆਪਣੀਆਂ ਪਤਨੀਆਂ ਦੇ ਨਾਲ ਚੰਗੇ ਹੋਣ।'

## ਔਰਤ ਦੇ ਹੱਕ

ਔਰਤ ਦਾ ਮਰਦ 'ਤੇ ਇਹ ਵੀ ਹੱਕ ਹੈ ਕਿ ਉਹ ਇਨਸਾਫ਼ ਨਾਲ ਉਸ ਦੇ ਹੱਕਾਂ ਦੀ ਅਦਾਇਗੀ ਕਰਦਾ ਰਹੇ। ਉਸ ਨੂੰ ਦੁੱਖ ਤਕਲੀਫ਼ ਨਾ ਦੇਵੇ, ਸਖ਼ਤੀ ਨਾਲ ਗੱਲਬਾਤ ਨਾ ਕਰੇ। ਬਦ-ਕਲਾਮੀ ਨਾ ਕਰੇ, ਤਾਹਨੇ ਮਿਹਨੇ ਨਾ ਦੇਵੇ, ਦਿਲ ਨਾ ਤੋੜੇ, ਉਸਦੇ ਮਾਂ-ਬਾਪ, ਰਿਸ਼ਤੇਦਾਰਾਂ ਨੂੰ ਮਿਲਣ ਤੇ ਪਾਬੰਦੀ ਨਾ ਲਾਏ, ਉਸ ਦੀਆਂ ਨਿਤਾ-ਪ੍ਰਤੀ ਜ਼ਰੂਰਤਾਂ ਦੇ ਨਾਲ ਨਾਲ ਜਾਇਜ਼ ਦਿਲੀ ਇੱਛਾਵਾਂ ਨੂੰ ਵੀ ਪੂਰਾ ਕਰਨ ਦਾ ਖ਼ਿਆਲ ਰੱਖੇ। ਜ਼ੁਲਮ ਜ਼ਿਆਦਤੀ ਨਾ ਕਰੇ।ਆਪ (ਸ.) ਨੇ ਆਪਣੀਆਂ ਹੋਰ ਪਤਨੀਆਂ ਨਾਲ ਕਿਸੇ ਇੱਕ ਪਤਨੀ ਦੇ ਮੁਕਾਬਲੇ ਕਿਸੇ ਨੂੰ ਘੱਟ ਅਤੇ ਵੱਧ ਦਾ ਅਹਿਸਾਸ ਨਹੀਂ ਹੋਣ ਦਿੱਤਾ। ਆਪ ਹਰੇਕ ਪਤਨੀ ਦੀ ਦਿਲਜੋਈ ਫ਼ਰਮਾਉਂਦੇ। ਸਭ ਨਾਲ ਇੱਕੋ ਜਿਹਾ ਸਲੂਕ ਕਰਦੇ।ਆਪ ਦਾ ਜੋ ਘਰੇਲੂ ਜੀਵਨ ਸਬੰਧੀ ਤਰੀਕਾ ਉਹ ਇਕ ਜ਼ਿੰਦਾ ਮਿਸਾਲ ਹੈ।ਆਪ ਦੇ ਅਦਲ (ਇਨਸਾਫ਼) ਦਾ ਇਹ ਨਮੂਨਾ ਹੋਰ ਕਿਧਰੇ ਨਜ਼ਰੀਂ ਨਹੀਂ ਆਉਂਦਾ।ਅਜੋਕੇ ਦੌਰ ਵਿਚ ਜਿਹੜੀਆਂ ਸ਼ੌਕੀਆ ਸ਼ਾਦੀਆ ਕਰਵਾਈਆਂ ਜਾਂਦੀਆਂ ਹਨ ਉਸ ਵਿਚ ਰੰਗ-ਰੂਪ ਅਤੇ ਮਾਲ-ਦੌਲਤ ਵਾਲੀ ਨੂੰ ਤਰਜੀਹ ਦਿੱਤੀ ਜਾਂਦੀ ਹੈ ਜੋ ਇਨਸਾਫ਼ਦੇ ਸਰਾਸਰ ਖ਼ਿਲਾਫ਼ ਹੈ।ਕੁਰਆਨ ਮਜੀਦ 'ਚ ਫ਼ਰਮਾਨ ਹੈ ਕਿ 'ਤੁਸੀਂ ਆਪਣੀ ਬੇਹੱਦ ਇੱਛਾ ਦੇ ਬਾਵਜੂਦ ਪਤਨੀਆਂ ਦੇ ਵਿਚਕਾਰ ਅਦਲ-ਇਨਸਾਫ਼ ਨਾਲ ਰਹਿਣ 'ਤੇ ਕੁਦਰਤ ਨਹੀਂ ਰਖ ਸਕੋਗੇ।ਇਸ ਲਈ ਅਜਿਹਾ ਨਾ ਕਰਨਾ ਕਿ ਇਕ ਪਾਸੇ ਹੀ ਉਲਰ ਜਾਵੋ।ਦੂਜੀ ਨੂੰ ਵਿੱਚ ਵਿਚਾਲੇ ਲਟਕਾ ਕੇ ਛੱਡ ਦੇਵੋ।(ਕਿ ਉਹ ਨਾ ਵਿਆਹੀ ਰਹੇ ਅਤੇ ਨਾ ਬਿਨ ਵਿਆਹੀ)

ਕਿਉਂਕਿ ਕੁਰਆਨ ਸ਼ਰੀਫ਼ ਵਿੱਚ ਰੱਬ ਦਾ ਫ਼ਰਮਾਨ ਹੈ:-

"ਉਹਨਾਂ ਨੂੰ ਸਿਰਫ਼ ਤਕਲੀਫ਼ ਦੇਣ ਦੇ ਲਈ ਰੋਕੀਂ ਨਾ ਰੱਖੋ ਜਿਹੜਾ ਅਜਿਹਾ ਕਰੇਗਾ ਉਹ ਆਪਣੇ 'ਤੇ ਜ਼ੁਲਮ ਕਮਾਏਗਾ।"

(ਸੂਰਤ ਅਲ-ਬਕਰਹ ਨੰ 231)

ਹਜ਼ਰਤ ਉਮਰ (ਰਜੀ.) ਨੇ ਆਪਣੇ ਰਾਜ-ਕਾਲ ਦੌਰਾਨ ਇਕ ਹੁਕਮਫ਼ਰਮਾਇਆ ਸੀ ਜੋ ਇਸ ਪ੍ਰਕਾਰ ਸੀ "ਕੋਈ ਵੀ ਆਦਮੀ ਚਾਰ ਮਹੀਨਿਆਂ ਤੋਂ ਜਿਆਦਾ ਆਪਣੀ ਪਤਨੀ ਤੋਂ ਅਲੱਗ ਨਾ ਰਹੇ।"

## ਤਲਾਕ

ਤਲਾਕ ਦੇ ਸ਼ਾਬਦਿਕ ਅਰਥ ਬੰਦਿਸ਼ ਨੂੰ ਖੋਲ੍ਹ ਦੇਣ ਦੇ ਹਨ। ਚਾਹੇ ਇਹ ਬੰਨ੍ਹ ਨਜ਼ਰੀਂ ਆਵੇ ਜਾਂ ਨਾ ਆਵੇ।ਤਲਾਕ ਦਾ ਸ਼ਬਦ ਅਰਬ ਵਿਚ ਇਸਲਾਮ ਆਉਣ ਤੋਂ ਪਹਿਲਾਂ ਵੀ ਪਤੀ-ਪਤਨੀ ਦੇ ਵੱਖ ਹੋਣ ਵਜੋਂ ਇਸਤੇਮਾਲ ਕੀਤਾ ਜਾਂਦਾ ਸੀ।ਇਸ ਸ਼ਬਦ ਤੋਂ ਭਾਵ ਮਰਦ ਔਰਤ ਵਿਚਕਾਰ ਬੰਨ੍ਹੀ ਗੰਢ ਨੂੰ ਖੋਲ੍ਹ ਦੇਣਾ ਹੈ।ਹੁਣ ਇਹ ਔਰਤ ਪਹਿਲੇ ਪਤੀ ਲਈ ਤਿੰਨ ਤਲਾਕਾਂ ਤੋਂ ਬਾਅਦ ਹਰਾਮ ਹੋ ਗਈ।

ਤਲਾਕ ਦੀ ਨੌਬਤ ਉਸ ਸੂਰਤ ਵਿਚ ਆਉਂਦੀ ਹੈ ਜਦੋਂ ਮੀਆਂ-ਬੀਵੀ ਵਿਚਕਾਰ ਤੈਅ ਹੋਏ ਫ਼ਰਜ਼ਾਂ 'ਚ ਕੋਤਾਹੀ ਵਰਤੀ ਜਾਂਦੀ ਹੋਵੇ, ਦੋਵੇਂ ਇਕ ਦੂਜੇ ਦੇ ਹੱਕ ਅਦਾ ਕਰਨੋਂ ਗੁਰੇਜ਼ ਕਰਨ ਲੱਗ ਜਾਣ ਜਾਂ ਕਿਸੇ ਪਾਸੇ ਕੋਈ ਅਖ਼ਲਾਕੀ ਬੁਰਾਈ ਨਜ਼ਰ ਆਉਣ ਲੱਗ ਜਾਵੇ, ਦੋਵੇਂ ਪਾਸਿਉਂ ਪਿਆਰ ਮੁੱਹਬਤ ਦੀ ਥਾਂ ਆਪਸੀ ਨਫ਼ਰਤ ਫੈਲ ਜਾਵੇ ਤਾਂ ਇਸ ਸੂਰਤ ਵਿਚ ਇਸਲਾਮ ਨੇ ਕਾਨੂੰਨ ਦੇ ਦਾਇਰੇ ਵਿਚ ਜ਼ਿੰਦਗੀ ਗੁਜ਼ਾਰਨ ਦਾ ਦਰਸ ਦਿੱਤਾ ਹੈ।ਜੇਕਰ ਮਰਦ ਔਰਤ ਇਸ ਜ਼ਿੰਮੇਦਾਰੀ ਤੋਂ ਵੱਖ ਹੋਣਾ ਚਾਹੁੰਦੇ ਹਨ ਤਾਂਵੱਖ ਹੋ ਕੇ ਜੀਵਨ ਬਤੀਤ ਕਰ ਸਕਦੇ ਹਨ ਪਰੰਤੂ ਅਜਿਹਾ ਕਦਮ ਚੁੱਕਣ ਤੋਂ ਪਹਿਲਾਂ ਕਈ ਵਾਰੀ ਸੋਚ ਵਿਚਾਰ ਕਰ ਲੈਣਾ ਜ਼ਰੂਰੀ ਹੈ।ਕੁਅਰਨ ਮਜੀਦ ਵਿਚ ਫ਼ਰਮਾਨ ਹੈ

" ਸੰਭਵ ਹੈ ਕਿ ਤੁਹਾਨੂੰ ਕੋਈ ਗੱਲ ਬੁਰੀ ਲਗਦੀ ਹੋਵੇ ਅਤੇ ਅੱਲਾਹ ਨੇ ਉਸ ਵਿਚ ਬਹੁਤ ਸਾਰੀਆਂ ਭਲਾਈਆਂ ਛੁਪਾ ਰਖੀਆਂ ਹੋਣ।"

(ਸੂਰਤ ਅਨ-ਨਿਸਾ ਨੰ 19)

ਹਜ਼ਰਤ ਮੁਹੰਦ (ਸ.) ਦਾ ਇਰਸ਼ਾਦ ਹੈ ਕਿ "ਹਲਾਲ ਚੀਜ਼ਾਂ ਵਿਚੋਂ ਸਭ ਤੋਂ ਜ਼ਿਆਦਾ ਨਾ-ਪਸੰਦ ਗੱਲ ਅੱਲਾਹ ਦੇ ਨਜ਼ਦੀਕ ਤਲਾਕ ਹੈ।"

## ਇੱਦਤ

ਇੱਦਤ ਦਾ ਸ਼ਬਦ ਸ਼ਬਦਕੋਸ਼ ਅਨੁਸਾਰ ਅਦਦ ਤੋਂ ਬਣਿਆ ਹੈ। ਅਦਦ ਦੇ ਅਰਥ ਗਿਨਣ ਦੇ ਲਏ ਜਾਂਦੇ ਹਨ।ਜਿਸ ਦਾ ਮਤਲਬ ਔਰਤ ਦੀ ਮਾਹਵਾਰੀ ਤੋਂ ਪਾਕ ਹੋਣ ਤੱਕ ਲਿਆ ਜਾਂਦਾ ਹੈ।ਇੱਦਤ ਉਹ ਮੁਕੱਰਰ ਸਮਾਂ ਹੈ ਜੋ ਨਿਕਾਹ ਤੋਂ

ਹਮ-ਬਿਸਤਰੀ (ਸੰਭੋਗ) ਦੇ ਆਸਾਰ ਖ਼ਤਮ ਹੋ ਜਾਣ ਦੇ ਲਈ ਰਖੀ ਗਈ ਹੈ। ਇਸ ਦੀ ਮੁੱਦਤ ਤਿੰਨ ਮਾਹਵਾਰੀਆਂ ਦਾ ਆਉਣਾ, ਘੱਟ ਉਮਰ ਵਾਲੀਆਂ ਲੜਕੀਆਂ ਲਈ ਤਿੰਨ ਮਹੀਨੇ ਅਤੇ ਗਰਭ ਵਾਲੀਆਂ ਜ਼ਨਾਨੀਆਂ ਲਈ ਜਦੋਂ ਤੱਕ ਬੱਚਾ ਪੈਦਾ ਨਾ ਹੋ ਜਾਵੇ, ਹੈ। ਜੇਕਰ ਗ਼ੈਰ ਗਰਭ ਵਾਲੀ ਜ਼ਨਾਨੀ ਦਾ ਪਤੀ ਮਰ ਜਾਵੇ ਤਾਂ ਉਸ ਦਾ ਸਮਾਂ ਚਾਰ ਮਹੀਨਾ ਦਸ ਦਿਨ ਹਨ। ਜਿਸ ਦਾ ਪਤੀ ਮਰ ਜਾਵੇ ਉਹ ਬਾਲਿਗ ਹੋਵੇ ਉਸ ਜ਼ਨਾਨੀ ਲਈ ਇਸ ਦੌਰਾਨ ਖ਼ੁਸ਼ਬੂ ਲਾਉਣਾ, ਖ਼ਾਸ ਰੇਸ਼ਮੀ ਅਤੇ ਰੰਗੇ ਹੋਏ ਕੱਪੜੇ, ਫੁੱਲ ਅਤੇ ਜ਼ੇਬਰ ਪਹਿਨਣਾ, ਪਾਨ ਖਾ ਕੇ ਮੂੰਹ ਲਾਲ ਕਰਨਾ, ਮੱਸੀ ਮਲਣਾ, ਸਿਰ ਵਿਚ ਖ਼ੁਸ਼ਬੂਦਾਰ ਤੇਲ ਲਾਉਣਾ, ਜ਼ਰੂਰਤ ਤੋਂ ਵੱਧ ਕੰਘੀ ਕਰਨਾ, ਮਹਿੰਦੀ ਲਾਉਣਾ ਦਰੁਸਤ ਨਹੀਂ।

## ਮਾਂ ਦਾ ਬੱਚੇ ਨੂੰ ਦੁੱਧ ਪਿਲਾਉਣਾ

ਬੱਚੇ ਦੀ ਪੈਦਾਇਸ਼ ਤੋਂ ਬਾਅਦ ਮਾਂ ਦਾ ਬੱਚੇ ਨੂੰ ਦੁੱਧ ਪਿਲਾਉਣਾ ਜ਼ਰੂਰੀ ਹੈ। ਜੇਕਰ ਬਾਪ ਮਾਲਦਾਰ ਹੈ ਕਿਸੇ ਹੋਰ ਤੋਂ ਦੁੱਧ ਪਿਲਾਉਣ ਵਾਲੀ ਦਾ ਇੰਤਜ਼ਾਮ ਵੀ ਕਰ ਸਕਦਾ ਹੈ। ਇਸ ਸੂਰਤ ਵਿਚ ਮਾਂ ਦਾ ਬੱਚੇ ਨੂੰ ਦੁੱਧ ਨਾ ਪਿਲਾਉਣਾ ਕੋਈ ਪਾਪ ਨਹੀਂ ਹੈ।

ਦੁੱਧ ਪਿਲਾਉਣ ਦੀ ਵੱਧ ਤੋਂ ਵੱਧ ਮੁੱਦਤ ਦੋ ਸਾਲ ਹੈ। ਇਸ ਲਈ ਦੋ ਸਾਲ ਤੋਂ ਵੱਧ ਦੁੱਧ ਪਿਲਾਉਣਾ ਜਾਇਜ਼ ਨਹੀਂ। ਔਰਤ ਦਾ ਆਪਣੇ ਪਤੀ ਦੀ ਆਗਿਆ ਤੋਂ ਬਗ਼ੈਰ ਕਿਸੇ ਹੋਰ ਬੱਚੇ ਨੂੰ ਦੁੱਧ ਪਿਲਾਉਣਾ ਦਰੁਸਤ ਨਹੀਂ ਪਰੰਤੂ ਜੇਕਰ ਬੱਚਾ ਭੁੱਖ ਕਾਰਨ ਤੜਪ ਰਿਹਾ ਹੋਵੇ, ਦੁੱਧ ਨਾ ਮਿਲਣ ਕਰਕੇ ਉਸ ਦੀ ਜਾਨ ਨੂੰ ਖ਼ਤਰਾ ਹੋਵੇ ਤਾਂ ਅਜਿਹੀ ਸੂਰਤ ਵਿਚ ਬਗ਼ੈਰ ਇਜਾਜ਼ਤ ਤੋਂ ਵੀ ਔਰਤ ਦੁੱਧ ਪਿਲਾ ਸਕਦੀ ਹੈ। ਜਿਸ ਬੱਚੇ ਨੇ ਜਿਸ ਔਰਤ ਦਾ ਦੁੱਧ ਪੀਤਾ ਹੋਵੇਉਸ ਦੇ ਬੱਚੇ ਦੁੱਧ ਸ਼ਰੀਕ ਭੈਣ-ਭਾਈ ਬਣ ਜਾਣਗੇ।

ਜੇਕਰ ਰੱਬ ਨਾ ਕਰੇ ਮੀਆਂ ਬੀਵੀ ਵਿਚ ਨਚਾਕੀ ਹੋ ਜਾਵੇ ਅਤੇ ਆਪਸ ਵਿਚ ਵੱਖਰੇ ਹੋ ਜਾਣ ਤਾਂ ਬੱਚੇ ਦੀ ਸਾਂਭ ਸੰਭਾਲ ਦਾ ਕੰਮ ਮਾਂ ਦੇ ਜ਼ਿੰਮੇ ਹੋਵੇਗਾ। ਪਰੰਤੂ ਜੇਕਰ ਮਾਂ ਨਾ ਚਾਹਵੇ ਤਾਂ ਇਸ ਦੀ ਜ਼ਿੰਮੇਦਾਰੀ ਬਾਪ 'ਤੇ ਹੋਵੇਗੀ। ਬੱਚੇ ਦੀ ਸਾਂਭ ਸੰਭਾਲ ਕਰਨ ਵਾਲੀ ਔਰਤ ਬੱਚੇ ਦੀ ਮਾਂ ਹੋਵੇ ਜਾਂ ਕੋਈ ਹੋਰ ਔਰਤ, ਬੱਚੇ ਦੇ ਬਾਪ ਤੋਂ ਇਸ ਦਾ ਬਣਦਾ ਖ਼ਰਚਾ ਲੈ ਸਕਦੀ ਹੈ।

## ਔਲਾਦ ਦੇ ਹੱਕ

ਰੱਬ ਨੇ ਮਾਂ-ਬਾਪ ਦੇ ਦਿਲ ਵਿਚ ਔਲਾਦ ਦੀ ਮੁਹੱਬਤ ਨਿਵੇਕਲੇ ਢੰਗ ਨਾਲ ਪੈਦਾ ਫ਼ਰਮਾਈ ਹੈ ਕਿ ਕਈ ਵਾਰੀ ਇਨਸਾਨ ਮਜਬੂਰ ਹੋ ਕੇ ਇਨਸਾਫ਼ ਦਾ ਦਾਮਨ ਛੱਡ ਦਿੰਦਾ ਹੈ।ਕੁਰਆਨ ਮਜੀਦ ਵਿਚ ਫ਼ਰਮਾਨ ਹੈ :

"ਤੁਹਾਡੇ ਮਾਲ ਅਤੇ ਤੁਹਾਡੀ ਔਲਾਦ ਇਕ ਅਜ਼ਮਾਇਸ਼ ਹਨ।"

ਇਸਲਾਮ ਨੇ ਆਪਣੀ ਔਲਾਦ ਪ੍ਰਤੀ ਦਰਮਿਆਨਾ ਸਲੂਕ ਕਰਨ ਦਾ ਪੈਗ਼ਾਮ ਦਿੱਤਾ ਹੈ।ਰਬ ਦਾ ਫ਼ਰਮਾਨ ਹੈ ਕਿ "ਨਾ ਹੀ ਤੁਸੀਂ ਉਹਨਾਂ ਦੇ ਬਣ ਕੇ ਰਹਿ ਜਾਓ ਅਤੇ ਨਾ ਉਹਨਾਂ ਲਈ ਅਰਾਮ (ਸੁੱਖ ਸ਼ਾਂਤੀ) ਤਰੱਕੀ ਦੇ ਸਮਾਨ ਪੈਦਾ ਕਰਨ ਦੇ ਲਈ ਹਰੇਕ ਜਾਇਜ਼ ਅਤੇ ਨਾ-ਜਾਇਜ਼ ਰਸਤਾ ਅਖ਼ਤਿਆਰ ਕਰ ਲਓ।" ਔਲਾਦ ਨੂੰ ਗ਼ਰੀਬੀ ਦੇ ਡਰੋਂ ਮਾਰਨਾ ਕਤਲ ਕਰਨ ਤੋਂ ਘੱਟ ਨਹੀਂ।ਰੱਬ ਦਾ ਫ਼ਰਮਾਨ ਹੈ ਕਿ "ਤੁਹਾਨੂੰ ਅਤੇ ਉਹਨਾਂ ਨੂੰ ਰਿਜ਼ਕ ਦੇਣ ਵਾਲਾ ਅੱਲਾਹ ਹੈ ਅਤੇ ਗ਼ਰੀਬੀ ਦੇ ਡਰੋਂ ਉਹਨਾਂ ਦੀਆਂ ਜਾਨਾਂ ਨਾ ਲਓ।" (ਸੂਰਤ ਅਲ-ਇਨਆਮ)

ਇਸਲਾਮ ਨੇ ਔਰਤ ਨੂੰ ਜ਼ਿਲਤ ਅਤੇ ਡੂੰਘਾਈ ਤੋਂ ਕੱਢ ਕੇ ਇੱਜ਼ਤ ਦੀਆਂ ਚੋਟੀਆਂ ਤੱਕ ਪਹੁੰਚਾਇਆ ਹੈ।ਲੜਕੀ ਨੂੰ ਲੜਕੇ ਨਾਲੋਂ ਕਮਜ਼ੋਰ ਸਮਝਦਿਆਂ ਇਸ ਵੱਲ ਵਿਸ਼ੇਸ਼ ਤੌਰ 'ਤੇ ਧਿਆਨ ਦੇਣ ਦੀ ਤਾਕੀਦ ਫ਼ਰਮਾਈ ਗਈ ਹੈ।ਹਜ਼ੂਰ (ਸ.) ਦਾ ਫ਼ਰਮਾਨ ਹੈ ਕਿ ਜਿਹੜਾ ਆਦਮੀ ਦੋ ਲੜਕੀਆਂ ਪਾਲ ਲਏ ਅਤੇ (ਜਦੋਂ) ਜਵਾਨ ਹੋ ਜਾਣ ਤਾਂ ਹਜ਼ੂਰ ਨੇ ਦੋ ਉਂਗਲੀਆਂ ਚੁੱਕ ਕੇ ਫ਼ਰਮਾਇਆ ਕਿ ਮੇਰਾ ਅਤੇ ਉਸ ਦਾ ਸਾਥ ਇਸ ਤਰ੍ਹਾਂ ਹੋਵੇਗਾ।(ਤਿਰਮਜ਼ੀ) ਅਤੇ ਫ਼ਰਮਾਨ ਹੈ ਕਿ "ਜਿਸ ਦੇ ਦੋ ਜਾਂ ਤਿੰਨ ਬੇਟੀਆਂ ਜਾਂ ਭੈਣਾਂ ਹੋਣ ਉਹ ਉਹਨਾਂ ਦੇ ਨਾਲ ਚੰਗਾ ਸਲੂਕ ਰਖੇ ਤਾਂ ਉਹ ਜੰਨਤ ਵਿਚ ਦਾਖ਼ਲ ਹੋਵੇਗਾ।" (ਤਿਰਮਜ਼ੀ)

ਆਪ (ਸ.) ਨੂੰ ਔਲਾਦ ਨਾਲ ਅਥਾਹ ਮੁਹੱਬਤ ਸੀ। ਜਦੋਂ ਆਪ ਦੀ ਬੇਟੀਫ਼ਾਤਿਮਾ ਆਉਂਦੀ ਤਾਂ ਪਿਆਰ ਮੁਹੱਬਤ ਕਰਕੇ ਆਪ ਖੜ੍ਹੇ ਹੋ ਜਾਂਦੇ ਅਤੇ ਆਪਣੀ ਥਾਂ 'ਤੇ ਉਸ ਨੂੰ ਬਿਠਾਉਂਦੇ।

## ਔਲਾਦ ਦੀ ਤਾਲੀਮ-ਤਰਬੀਅਤ

ਇਸਲਾਮ ਨੇ ਔਲਾਦ ਦੀ ਤਾਲੀਮ-ਤਰਬੀਅਤ ਦੇ ਲਈ ਵਿਸ਼ੇਸ਼ ਧਿਆਨ ਦੇਣ ਲਈ ਪ੍ਰੇਰਿਆ ਹੈ।ਮਾਂ ਬਾਪ ਔਲਾਦ ਨੂੰ ਇਸ ਤੋਂ ਵਧੀਆਂ ਕੋਈ ਹੋਰ ਤੋਹਫ਼ਾ ਨਹੀਂ ਦੇ ਸਕਦੇ ਕਿ ਉਹ ਉਹਨਾਂ ਦੀ ਚੰਗੀ ਤਰਬੀਅਤ ਕਰ ਦੇਣ। 'ਕੋਈ ਬਾਪ ਆਪਣੇ ਬੱਚੇ ਨੂੰ ਅਦਬ ਆਦਾਬ ਤੋਂ ਵਧੀਆ ਤੋਹਫ਼ਾ ਨਹੀਂ ਦੇ ਸਕਦਾ।'

(ਤਿਰਮਜ਼ੀ)

ਹਜ਼ੂਰ ਨੇ ਆਪਣੀ ਔਲਾਦ ਦੀ ਇਸ ਢੰਗ ਅਨੁਸਾਰ ਤਰਬੀਅਤ ਫ਼ਰਮਾਈ ਸੀ ਇਸ ਤੋਂ ਵਧੀਆਂ ਕੋਈ ਨਜ਼ੀਰ ਨਹੀਂ ਮਿਲਦੀ। ਹਜ਼ਰਤ ਆਇਸ਼ਾ (ਰਜ਼ੀ.) ਹਜ਼ਰਤ ਫ਼ਾਤਿਮਾ (ਰਜ਼ੀ.) ਸਬੰਧੀ ਫ਼ਰਮਾਉਂਦੀਆਂ ਹਨ ਕਿ "ਹਜ਼ਰਤ ਫ਼ਾਤਿਮਾ ਸਾਰੀਆਂ ਔਰਤਾਂ 'ਚੋਂ ਅਕਲਮੰਦ ਹਨ।" ਆਪ ਦਾ ਫ਼ਰਮਾਨ ਹੈ ਕਿ ਕਲਾਮ ਵਿਚ ਨਿਪੁੰਨਤਾ, ਗੱਲਬਾਤ ਅਤੇ ਸੁਭਾਅ ਵਿਚ ਨਰਮੀ, ਨਿਰੋਲ ਰੱਬ ਦੀ ਰਜ਼ਾ, ਚੰਗੀ ਬੋਲਬਾਣੀ ਅਤੇ ਵੱਕਾਰ ਤੋਂ ਵਧ ਕੇ ਕੋਈ ਹੋਰ ਹਜ਼ੂਰ ਵਰਗਾ ਨਹੀਂ ਸੀ।" (ਤਿਰਮਜ਼ੀ)

ਮਾਂ-ਬਾਪ ਲਈ ਜ਼ਰੂਰੀ ਹੈ ਕਿ ਔਲਾਦ ਵਿਚਕਾਰ ਇਨਸਾਫ਼ ਰੱਖਣ। ਲੜਕੇ ਲੜਕੀ, ਛੋਟੇ ਵੱਡੇ ਨੂੰ ਕੋਈ ਤਰਜੀਹ ਨਹੀਂ। ਯੂਰਪ ਦੇ ਜਿਨ੍ਹਾਂ ਮੁਲਕਾਂ ਵਿਚ ਨਵਾਬੀ ਦੌਰ ਹੈ ਹੁਣ ਵੀ ਵੱਡੇ ਬੇਟੇ ਨੂੰ ਜਾਇਦਾਦ 'ਚੋਂ ਜ਼ਿਆਦਾ ਹਿੱਸਾ ਮਿਲਦਾ ਹੈ।

ਮਾਂ-ਬਾਪ ਨੂੰ ਚਾਹੀਦਾ ਹੈ ਕਿ ਬਚਪਨ ਦੌਰਾਨ ਬੱਚਿਆਂ ਨੂੰ ਚੰਗੀਆਂ ਆਦਤਾਂ ਸਿਖਾਉਣ, ਚੰਗੀ ਸਾਂਭ ਸੰਭਾਲ ਕਰਨ ਕਿਉਂਕਿ ਜਿਹੜੀਆਂ ਆਦਤਾਂ ਬਚਪਨ ਵਿਚ ਪੈ ਜਾਂਦੀਆਂ ਹਨ ਸਾਰੀ ਉਮਰ ਉਹੀ ਰਹਿੰਦੀਆਂ ਹਨ। ਬੱਚਿਆਂ ਨੂੰ ਕਿਸੇ ਚੀਜ਼ ਤੋਂ ਡਰਾਇਆ ਨਾ ਜਾਵੇ। ਸਾਫ਼ ਸੁਥਰਾ ਰਖਿਆ ਜਾਵੇ। ਹੈਸੀਅਤ ਅਨੁਸਾਰ ਸਾਫ਼ ਕੱਪੜੇ ਪਹਿਨਾਏ ਜਾਣ। ਬੱਚਿਆਂ ਦੇ ਹੱਥੋਂ ਪੁੰਨ-ਦਾਨ, ਖ਼ੈਰ-ਖ਼ੈਰਾਤ ਕਰਵਾਈ ਜਾਵੇ। ਇਹਨਾਂ ਦੀ ਹਰੇਕ ਜ਼ਿੱਦ ਪੂਰੀ ਨਾ ਕੀਤੀ ਜਾਵੇ। ਇਹਨਾਂ ਨੂੰ ਬੁਰੀ ਬੈਠਕ ਅਤੇ ਬੁਰੇ ਲੋਕਾਂ ਤੋਂ ਬਚਾਇਆ ਜਾਵੇ। ਝੂਠ ਬੋਲਣ, ਨਿੰਦਿਆ ਕਰਨ, ਧੋਖਾ ਦੇਣ ਤੋਂ ਰੋਕਿਆ ਜਾਵੇ। ਸੱਚੀਆਂ ਪੱਕੀਆਂ ਕਹਾਣੀਆਂ ਸੁਣਾਈਆਂ ਜਾਣ। ਛੇਤੀ ਸੌਣ ਅਤੇ ਜਲਦੀ ਜਾਗਣ ਦੀ ਆਦਤ ਪਾਈ ਜਾਵੇ। ਚੰਗੀ ਖੇਡ ਦੇ ਫ਼ਾਇਦੇ ਦੱਸੇ ਜਾਣ। ਚੰਗਾ ਹੁਨਰ ਸਿਖਾਇਆ ਜਾਵੇ। ਇਹੋ ਬੱਚੇ ਆਉਣ ਵਾਲਾ ਭਵਿੱਖ ਹਨ। ਜੇਕਰ ਇਹ ਬਣ ਗਏ ਤਾਂ ਭਵਿੱਖ ਵੀ ਸੁਨਹਿਰਾ ਬਣ ਜਾਵੇਗਾ।

## ਮਾਂ-ਬਾਪ ਦੇ ਹੱਕ

ਔਲਾਦ 'ਤੇ ਮਾਂ-ਬਾਪ ਵਲੋਂ ਇੰਨੇ ਅਹਿਸਾਨ ਕੀਤੇ ਹੁੰਦੇ ਹਨ ਜੇਕਰ ਔਲਾਦ ਸਾਰੀ ਉਮਰ ਉਹਨਾਂ ਅਹਿਸਾਨਾਂ ਦਾ ਬਦਲਾ ਚੁਕਾਵੇ ਤਾਂ ਵੀ ਪੂਰੇ ਨਹੀਂ ਹੋ ਸਕਦੇ। ਮਾਂ ਬਾਪ ਔਲਾਦ ਦੇ ਬਚਪਨ ਦੇ ਦਿਨਾਂ 'ਚ ਦੁੱਖ ਦਰਦ ਨੂੰ ਬਰਦਾਸ਼ਤ ਕਰਦੇ ਹਨ। ਔਲਾਦ ਦੀ ਲੰਬੀ ਉਮਰ ਲਈ ਦੁਆਵਾਂ ਕਰਦੇ ਹਨ। ਜਦੋਂ ਮਾਂ ਬਾਪ ਖ਼ੁਦ ਬੁਢਾਪੇ 'ਚ ਚਲੇ ਜਾਂਦੇ ਹਨ ਤਾਂ ਨੇਕ ਔਲਾਦ ਉਹਨਾਂ ਦੀ ਸੇਵਾ ਕਰਨਾ ਫ਼ਖ਼ਰ ਸਮਝਦੀ ਹੈ। ਕਈ ਨਾਫ਼ਰਮਾਨ ਅਜਿਹੀ ਹਾਲਤ ਵਿਚ

ਮਾਂ ਬਾਪ ਨੂੰ ਬੋਝ ਸਮਝਦੇ ਹਨ।ਮਾਂ-ਬਾਪ ਦੀ ਅਹਿਮੀਅਤ ਦਰਸਾਉਂਦਿਆਂ ਆਪ (ਸ.) ਦਾ ਫ਼ਰਮਾਨ ਹੈ ਕਿ 'ਮਾਂ-ਬਾਪ ਦਾ ਹੱਕ ਪੂਰੀ ਉਮਰ ਅਦਾ ਨਹੀਂ ਕੀਤਾ ਸਕਦਾ। ਹਾਂ, ਅਜਿਹੀ ਸੂਰਤ ਵਿਚ ਜੇਕਰ ਮਾਂ ਬਾਪ ਕਿਸੇ ਦੇ ਗ਼ੁਲਾਮ ਹੋਣ ਤਾਂ ਉਹਨਾਂ ਨੂੰ ਖ਼ਰੀਦ ਕੇ ਅਜ਼ਾਦ ਕਰਵਾ ਦੇਵੇ।'

ਮਾਂ-ਬਾਪ ਦੀ ਨਿਸ਼ਕਾਮ ਸੇਵਾ, ਬੱਚਿਆਂ ਨਾਲ ਅਥਾਹ ਪਿਆਰ-ਮੁਹੱਬਤ, ਬੱਚੇ ਦੀ ਹਰੇਕ ਪ੍ਰੇਸ਼ਾਨੀ ਨੂੰ ਆਪਣੀ ਪ੍ਰੇਸ਼ਾਨੀ ਸਮਝਣਾ, ਆਪ ਭੁੱਖੇ ਰਹਿ ਕੇ ਬੱਚਿਆਂ ਨੂੰ ਖੁਆਉਣਾ, ਆਪਗਿੱਲੀ ਥਾਂ ਸੌਂ ਕੇ ਬੱਚੇ ਨੂੰ ਸੁੱਕੀ ਥਾਂ ਸੁਲਾਉਣਾ, ਆਖ਼ਰੀ ਸਾਹ ਤੱਕ ਬੱਚਿਆਂ ਦੀ ਤਰਬੀਅਤ ਅਤੇ ਤਰੱਕੀ ਲਈ ਕਾਮਨਾ ਕਰਦੇ ਰਹਿਣਾ, ਔਲਾਦ ਦੀ ਖ਼ੁਸ਼ੀ ਨੂੰ ਆਪਣੀ ਖ਼ੁਸ਼ੀ ਸਮਝਣਾ ਚੰਗੇ ਮਾਂ ਬਾਪ ਦੀ ਨਿਸ਼ਾਨੀ ਹੈ।ਆਪ (ਸ.) ਦਾ ਫ਼ਰਮਾਨ ਹੈ ਕਿ ਮਾਂ-ਬਾਪ ਦੇ ਕਦਮਾਂ ਹੇਠਾਂ ਜੰਨਤ ਹੈ। ਮਾਂ ਬਾਪ ਦੀ ਰਜ਼ਾ ਰੱਬ ਦੀ ਰਜ਼ਾ ਹੈ।ਮਾਂ ਦੀ ਦੁਆ ਔਲਾਦ ਲਈ ਇਸ ਤਰ੍ਹਾਂ ਹੈ ਜਿਵੇਂ ਖੇਤੀ ਲਈ ਪਾਣੀ।ਕੁਰਆਨ ਮਜੀਦ ਵਿਚ ਫ਼ਰਮਾਨ ਹੈ ਕਿ ਤੁਸੀਂ ਆਪਣੇ ਮਾਂ ਬਾਪ ਨੂੰ ਉਫ਼ ਦਾ ਸ਼ਬਦ ਵੀ ਨਾ ਕਹੋ।ਹਜ਼ਰਤ ਮੁਹੰਮਦ (ਸ.) ਕੋਲ ਇਕ ਸਹਾਬੀ ਆਏ ਅਤੇ ਅਰਜ਼ ਕੀਤੀ ਕਿ ਮੇਰੀ ਭਲਾਈ ਦਾ ਸਭ ਤੋਂ ਜ਼ਿਆਦਾ ਹੱਕਦਾਰ ਕੌਣ ਹੈ?

ਆਪ ਨੇ ਫ਼ਰਮਾਇਆ, ਤੁਹਾਡੀ ਮਾਂ।

ਸਵਾਲੀ ਨੇ ਪੁੱਛਿਆ, ਫਿਰ?

ਆਪ ਨੇ ਫ਼ਰਮਾਇਆ, ਤੁਹਾਡੀ ਮਾਂ।

ਉਸ ਨੇ ਪੁੱਛਿਆ, ਉਸ ਤੋਂ ਬਾਅਦ?

ਆਪ ਨੇ ਫ਼ਰਮਾਇਆ, ਤੁਹਾਡੀ ਮਾਂ।

ਉਸ ਨੇ ਫਿਰ ਪੁੱਛਿਆ, ਉਸ ਤੋਂ ਬਾਅਦ?

ਆਪ ਨੇ ਫ਼ਰਮਾਇਆ, ਤੁਹਾਡਾ ਬਾਪ ਅਤੇ ਉਸ ਦੇ ਪਿੱਛੋਂ ਦਰਜੇ ਦੇ ਲਿਹਾਜ਼ ਨਾਲ ਤੁਹਾਡੇ ਰਿਸ਼ਤੇਦਾਰ। (ਤਿਰਮਜ਼ੀ)

ਇੱਕ ਆਦਮੀ ਨੇ ਆਪ (ਸ.) ਤੋਂ ਪੁੱਛਿਆ, ਮਾਂ-ਬਾਪ ਦਾ ਹੱਕ ਔਲਾਦ 'ਤੇ ਕੀ ਹੈ? ਫ਼ਰਮਾਇਆ, ਉਹ ਦੋਵੇਂ ਤੁਹਾਡੇ ਲਈ ਜੰਨਤ ਅਤੇ ਦੋਜ਼ਖ਼ ਹਨ।

(ਇਬਨ-ਏ-ਮਾਜਾ)

ਆਪ ਦਾ ਫ਼ਰਮਾਨ ਹੈ ਕਿ ਸਭ ਤੋਂ ਵਧੀਆ ਨੇਕੀ ਇਹ ਹੈ ਕਿ ਮਾਂ-ਬਾਪ ਦੇ ਮਿਲਣ ਜੁਲਣ ਵਾਲਿਆਂ ਨਾਲ ਵਧੀਆ ਸਲੂਕ ਕੀਤਾ ਜਾਵੇ।

(ਰਿਆਜ਼ੁਸ ਸਾਲਿਹੀਨ)

ਆਪ (ਸ.) ਦਾ ਇਹ ਵੀ ਫ਼ਰਮਾਨ ਹੈ ਕਿ ਬਿਨਾਂ ਸ਼ੱਕ ਤਿੰਨ ਦੁਆਵਾਂ ਕਬੂਲ ਹੁੰਦੀਆਂ ਹਨ, ਮਜ਼ਲੂਮ ਦੀ ਦੁਆ, ਮੁਸਾਫ਼ਿਰ ਦੀ ਦੁਆ ਅਤੇ ਮਾਂ-ਬਾਪ ਦੀ ਦੁਆ। (ਤਿਰਮਜ਼ੀ)

## ਘਰੇਲੂ ਝਗੜੇ ਅਤੇ ਉਹਨਾਂ ਦਾ ਹੱਲ

ਇਕ ਪੁਰਾਣੀ ਕਹਾਵਤ ਹੈ ਕਿ 'ਲੜਕੀ ਦਾ ਅਸਲ ਘਰ ਸਹੁਰਿਆਂ ਦਾ ਘਰ ਹੁੰਦਾ ਹੈ'।ਪਰ ਸਮਾਂ ਬੀਤਦਿਆਂ ਅਸੀਂ ਆਪਣੀ ਕਲ ਅਨੁਸਾਰ ਇਸ ਨੂੰ ਗ਼ਲਤ ਸਮਝ ਲਿਆ ਹੈ।ਔਰਤਾਂ ਕਹਿੰਦੀਆਂ ਹਨ ਕਿ ਜਦੋਂ ਮੈਂ ਬਹੂ ਸੀ ਉਸ ਵੇਲੇ ਮੈਨੂੰ ਸੱਸ ਨਹੀਂ ਮਿਲੀ। ਹੁਣ ਮੈਂ ਸੱਸ ਬਣੀ ਹਾਂ ਇਸ ਵੇਲੇ ਮੈਨੂੰ ਚੰਗੀ ਬਹੂ ਨਹੀਂ ਮਿਲੀ।

ਕੁੜੀ ਜਦੋਂ ਵਿਆਹ ਕੇ ਸਹੁਰੇ ਘਰ ਆਉਂਦੀ ਹੈ ਤਾਂ ਕੁੱਝ ਦਿਨ ਤਾਂ ਉਸ ਦੀ ਬਹੁਤ ਕਦਰ ਅਤੇ ਆਓ-ਭਗਤ ਹੁੰਦੀ ਹੈ।ਸਾਰੇ ਇਸ ਨੂੰ ਵੇਖ ਵੇਖ ਖ਼ੁਸ਼ ਹੁੰਦੇ ਹਨ ਪਰ ਕੁਝ ਦਿਨਾਂ ਤੋਂ ਬਾਅਦ ਉਸ ਦੀ ਅਹਿਮੀਅਤ ਘੱਟ ਹੋਣੀ ਸ਼ੁਰੂ ਹੋ ਜਾਂਦੀ ਹੈ।ਸ਼ਾਇਦ ਸਹੁਰੇ ਪਰਿਵਾਰ ਨੂੰ ਇਹ ਵਹਿਮ ਹੋ ਜਾਂਦਾ ਹੈ ਕਿ ਜੇਕਰ ਇਸੇਤਰ੍ਹਾਂ ਬਹੂ ਦੀ ਆਓ-ਭਗਤ ਹੁੰਦੀ ਰਹੀ ਤਾਂ ਇਹ ਸਾਡੇ ਸਿਰ ਚੜ੍ਹ ਜਾਵੇਗੀ ਅਤੇ ਸਾਡੀ ਅਹਿਮੀਅਤ ਘੱਟ ਜਾਵੇਗੀ।ਨੁਕਤਾ ਚੀਨੀਆਂ, ਕਮੀਆਂ ਤਲਾਸ਼ ਕਰਨੀਆਂ ਸ਼ੁਰੂ ਹੋ ਜਾਂਦੀਆਂ ਹਨ।ਦਹੇਜ ਦੇ ਸਮਾਨ ਨੂੰ ਘਟੀਆ ਨਜ਼ਰ ਨਾਲ ਵੇਖਣਾ ਅਤੇ ਨੁਕਸ ਕੱਢਣੇ ਸ਼ੁਰੂ ਹੋ ਜਾਂਦੇ ਹਨ।ਤੰਗ ਆ ਕੇ ਬਹੂ ਸਹੁਰਿਆਂ ਦੇ ਸਾਹਮਣੇ ਬੋਲਣ ਲੱਗ ਜਾਂਦੀ ਹੈ।ਪਤੀ ਨੂੰ ਲੜਾਈ ਵੇਲੇ ਢਾਲ ਅਤੇ ਫ਼ਰੀਕ ਵਜੋਂ ਇਸਤੇਮਾਲ ਕਰਦੀ ਹੈ।ਪਤੀ ਆਰ ਪਰਿਵਾਰ ਲਈ ਰੋਜ਼ੀ ਰੋਟੀ ਕਮਾ ਕੇ ਲਿਆਣ ਕਰਕੇ ਆਪਣੀ ਹੋਂਦ ਦਾ ਇਜ਼ਹਾਰ ਕਰਨ ਲੱਗ ਜਾਂਦਾ ਹੈ।ਕੁੱਝ ਹੀ ਦਿਨਾਂ ਵਿਚ ਇਹ ਲੜਾਈ-ਝਗੜਾ ਇਕ ਸੰਗੀਨ ਰੂਪ ਧਾਰ ਲੈਂਦਾ ਹੈ।

ਸਹੁਰੇ ਪਰਿਵਾਰ ਨੂੰ ਚਾਹੀਦਾ ਹੈ ਕਿ ਉਹ ਬਹੂ ਨੂੰ ਆਪਣੀ ਮਰਜ਼ੀ ਨਾਲ ਲੈ ਕੇ ਆਏ ਹਨ।ਬਹੂ ਜ਼ਬਰਦਮਤੀ ਨਹੀਂ ਆਈ ਹੈ।ਆਪਣੇ ਬੇਟੇ ਦੀ ਜੀਵਨ ਸਾਥਣ ਸਮਝ ਕੇ ਚੋਣ ਕਰ ਕੇ ਲੈ ਆਏ ਹਨ।ਸਹੁਰੇ ਪਰਿਵਾਰ ਨੂੰ

ਇਹ ਵੀ ਚਾਹੀਦਾ ਹੈ ਕਿ ਆਪਣੇ ਪੁੱਤਰ ਅਤੇ ਬੇਟੇ ਦੀ ਖ਼ੁਸ਼ੀ ਨੂੰ ਮੁੱਖ ਰਖਿਆ ਜਾਵੇ। ਆਪਸ ਵਿਚ ਪਿਆਰ ਮੁਹੱਬਤ ਬਣਾਈ ਰਖਿਆ ਜਾਵੇ।

ਬਹੂ ਨੂੰ ਚਾਹੀਦਾ ਹੈ ਸਹੁਰੇ ਘਰ ਨੂੰ ਆਪਣਾ ਘਰ ਸਮਝੇ, ਹਲਕੀ ਹਲਕੀ ਗੱਲ ਤੇ ਵਿਗਾੜ ਨਾ ਪਾਇਆ ਜਾਵੇ। ਹਰੇਕ ਗੱਲ ਮਾਪਿਆਂ ਤੱਕ ਨਾ ਪਹੁੰਚਾਈ ਜਾਵੇ। ਜੇਕਰ ਇਹ ਜ਼ਿੰਦਗੀ ਦੀ ਤਾਣੀ ਇਕ ਵਾਰੀ ਉਲਝ ਗਈ ਤਾਂ ਸੁਲਝਾਉਣੀ ਮੁਸ਼ਲਿਕ ਹੋ ਜਾਵੇਗੀ। ਛੋਟੀਆਂ-ਛੋਟੀਆਂ ਗੱਲਾਂ ਨੂੰ ਮੁਆਫ਼ ਕਰ ਦੇਣ ਨਾਲ ਘਰ ਸਵਰਗ ਬਣ ਸਕਦਾ ਹੈ।

ਮਾਂ-ਬਾਪ ਨੂੰ ਇਸ ਗੱਲ ਦਾ ਸ਼ਿਕਵਾ ਰਹਿੰਦਾ ਹੈ ਸਾਡਾ ਬੇਟਾ ਜਿਹੜਾ ਪਹਿਲਾਂ ਸਾਡੇ ਕੋਲ ਜ਼ਿਆਦਾ ਰਹਿੰਦਾ ਅਤੇ ਸਾਡੀ ਸੇਵਾ ਕਰਦਾ ਸੀ ਹੁਣ ਸਾਡੇ ਵਲ ਮੂੰਹ ਨਹੀਂ ਕਰਦਾ। ਇਸ ਮਸਲੇ ਵਿਚ ਜ਼ਿਆਦਾ ਪ੍ਰੇਸ਼ਾਨ ਹੋਣ ਦੀ ਜ਼ਰੂਰਤ ਨਹੀਂ। ਇਸ ਪ੍ਰੇਸ਼ਾਨੀ ਨੂੰ ਦਿਲੋਂ ਕੱਢ ਦੇਣਾ ਸਮਝਦਾਰੀ ਹੈ। ਨਹੀਂ ਤਾਂ ਇਹ ਸੋਚ ਇਕ ਦਿਨ ਭਿਆਨਕ ਫ਼ਸਾਦ ਦਾ ਕਾਰਨ ਬਣ ਸਕਦੀ ਹੈ। ਅਕਸਰ ਮਾਂ ਬਾਪ ਲੜਕੀ ਤੇ ਇਹ ਇਲਜ਼ਾਮ ਲਾਉਣ ਲੱਗ ਜਾਂਦੇ ਹਨ ਕਿ ਲੜਕੀ ਨੇ ਸਾਡੇ ਘਰ ਆ ਕੇ ਸਾਡੇ ਨਾਲੋਂ ਲੜਕੇ ਦਾ ਮੋਹ ਖ਼ਤਮ ਕਰ ਦਿੱਤਾ ਹੈ। ਲੜਕੇ ਲਈ ਚਾਹੀਦਾ ਹੈ ਕਿ ਮਾਂ-ਬਾਪ ਦੇ ਹੱਕਾਂ ਦੀ ਵੀ ਪਾਲਣਾ ਕਰਦਾ ਰਹੇ।

ਬਹੂ ਨੂੰ ਚਾਹੀਦਾ ਹੈ ਕਿ ਸਹੁਰੇ ਪਰਿਵਾਰ ਦੀਆਂ ਚੀਜ਼ਾਂ ਬਗ਼ੈਰ ਪੁੱਛੇ ਮਾਪਿਆਂ ਦੇ ਘਰ ਨਾ ਲੈ ਕੇ ਜਾਵੇ। ਆਪਣੇ ਸਹੁਰੇ ਪਰਿਵਾਰ ਦੀਆਂ ਗੱਲਾਂ ਆਪਣੇ ਪਤੀ ਦੇ ਕੰਨ ਵਿਚ ਨਾ ਪਰੋਵੇ। ਬਹੂ ਨੂੰ ਸਬਰ ਸੰਤੋਖ ਤੋਂ ਕੰਮ ਲੈਣਾ ਚਾਹੀਦਾ ਹੈ। ਸਹੁਰਾ ਪਰਿਵਾਰ ਵੀ ਆਪਣੇ ਬੇਟੇ ਨੂੰ ਬਹੂ ਜਾਂ ਆਪਣੇ ਸਹੁਰੇ ਪਰਿਵਾਰ ਅੱਗੇ ਬੋਲਣ ਦੀ ਕੋਸ਼ਿਸ਼ ਨਾ ਕਰੇ। ਬਹੂ ਆਪਣੇ ਮਾਂ-ਬਾਪ ਦੇ ਖ਼ਿਲਾਫ਼ ਕੋਈ ਗੱਲ ਬਰਦਾਸ਼ਤ ਨਹੀਂ ਕਰੇਗੀ। ਅਜਿਹੀਆਂ ਗੱਲਾਂ ਅਪਨਾਉਣ ਨਾਲ ਘਰ ਨੂੰ ਤਬਾਹੀ ਅਤੇ ਬਰਬਾਦੀ ਤੋਂ ਬਚਾਇਆ ਜਾ ਸਕਦਾ ਹੈ। ਆਪ (ਸ.) ਦਾ ਫ਼ਰਮਾਨ ਹੈ ਕਿ 'ਜਿਹੜਾ ਬੰਦਾ ਕਿਸੇ ਔਰਤ ਦੇ ਸਬੰਧ ਉਸ ਦੇ ਪਤੀ ਨਾਲ ਖ਼ਰਾਬ ਕਰਨ ਦਾ ਯਤਨ ਕਰੇਗਾ ਉਹ ਸਾਡੇ ਵਿਚੋਂ ਨਹੀਂ।'

ਔਲਾਦ ਦੇ ਸਬੰਧ ਵਿਚ ਰੱਬ ਦਾ ਫ਼ਰਮਾਨ ਹੈ "ਤੁਹਾਡੇ ਰੱਬ ਨੇ ਫ਼ੈਸਲਾ ਕੀਤਾ ਹੈ ਕਿ ਅੱਲਾਹ ਤੋਂ ਬਗ਼ੈਰ ਕਿਸੇ ਦੀ ਇਬਾਦਤ ਨਾ ਕਰੋ, ਮਾਂ ਬਾਪ ਨਾਲ ਭਲਾਈ ਦਾ ਮਾਮਲਾ ਕਰੋ। ਜੇਕਰ ਉਹਨਾਂ ਵਿੱਚੋਂ ਇਕ ਜਾਂ ਦੋਵੇਂ

ਬੁੱਢੇ ਹੋ ਜਾਣ ਤਾਂ ਉਹਨਾ ਨੂ ਉਫ਼ (ਉਏ) ਵੀ ਨਾ ਕਹੋ।ਉਹਨਾਂ ਨੂੰ ਨਾ ਝਿੜਕੋ।ਉਹਨਾਂ ਨਾਲ ਚੰਗੀ ਗੱਲਬਾਤ ਕਰੋ।ਆਪਣੇ ਨਿਮਰਤਾ ਦੇ ਬਾਜ਼ੂ ਉਹਨਾਂ ਦੇ ਰਹਿਮ ਲਈ ਝੁਕਾ ਦੇਵੋ ਅਤੇ ਰੱਬ ਅੱਗੇ ਦੁਆ ਕਰੋ ਕਿ ਐ ਅੱਲਾਹ! ਇਹਨਾਂ ਤੇ ਰਹਿਮ ਫ਼ਰਮਾ ਜਿਵੇਂ ਇਹਨਾਂ ਨੇ ਸਾਨੂੰ ਬਚਪਨ ਵਿਚ ਪਾਲਿਆ ਹੈ''। (ਸੂਰਤ ਬਨੀ ਇਸਰਾਈਲ)

ਦਰਅਸਲ ਸਭ ਤੋਂ ਵੱਡੀ ਅਖ਼ਤਿਆਰਾਂ ਦੀ ਲੜਾਈ ਹੈ।ਸੱਸ ਦੀ ਦਿਲੀ ਇੱਛਾ ਹੁੰਦੀ ਹੈ ਘਰ ਵਿਚ ਮੇਰੀ ਚੌਧਰ ਚੱਲਦੀ ਰਹੇ।ਮੇਰੇ ਸਾਹਮਣੇ ਬਹੂ ਕੁਝ ਨਾ ਬੋਲੇ।ਮੇਰੀ ਅਹਿਮੀਅਤ ਅਤੇ ਮੇਰੀ ਹੋਂਦ ਨੂੰ ਮੰਨਿਆ ਜਾਵੇ।ਸਾਰੇ ਅਖ਼ਤਿਆਰਾਤ ਆਪਣੇ ਹੱਥ ਵਿਚ ਲੈਣ ਕਰਕੇ ਫ਼ਸਾਦ ਸ਼ੁਰੂ ਹੋ ਜਾਂਦਾ ਹੈ।ਇਸ ਲੜਾਈ ਝਗੜੇ ਤੋਂ ਬਚਾਅ ਆਪਸੀ ਮਿਲਵਰਤਣ ਦਾ ਹੋਣਾ ਬਹੁਤ ਜ਼ਰੂਰੀ ਹੈ।ਹਰੇਕ ਕੰਮ ਵਿਚ ਬਹੂ ਦੇ ਮਸ਼ਵਰੇ ਨੂੰ ਸ਼ਾਮਿਲ ਕਰ ਲਿਆ ਜਾਵੇ।ਬਹੂ 'ਤੇ ਭਰੋਸਾ ਰਖਿਆ ਜਾਵੇ, ਉਸ ਨਾਲ ਹਮਦਰਦੀ ਅਤੇ ਨਰਮੀ ਕਰੇ। ਇਸ ਤਰ੍ਹਾਂ ਦੋਵੇਂ ਫ਼ਰੀਕ ਸੁੱਖ ਚੈਨ ਦੀ ਜ਼ਿੰਦਗੀ ਬਤੀਤ ਕਰਨਗੇ।ਰੱਬ ਦਾ ਫ਼ਰਮਾਨ ਹੈ "ਉਹ ਲੋਕ ਜਿਹੜੇ ਮੁਸਲਮਾਨ ਮਰਦ ਅਤੇ ਮੁਸਲਮਾਨ ਔਰਤਾਂ ਨੂੰ ਬੇ-ਕਸੂਰ ਤਕਲੀਫ਼ ਪਹੁੰਚਾਉਂਦੇ ਹਨ ਤਾਂ ਉਹਨਾਂ ਨੇ ਸਪੱਸ਼ਟ ਗੁਨਾਹ ਅਤੇ ਇਲਜ਼ਾਮ ਦਾ ਬੋਝ ਚੁੱਕਿਆ ਹੈ।"

ਬਹੂ ਲਈ ਜ਼ਰੂਰੀ ਹੈ ਕਿ ਸੱਸ, ਨਨਾਣਾਂ ਅਤੇ ਭਰਜਾਈਆਂ ਨਾਲ ਘੁਲ ਮਿਲ ਕੇ ਰਹੇ।ਬਗ਼ੈਰ ਕਿਸੇ ਕਾਰਨ ਸ਼ੰਕਾ ਨਹੀਂ ਕਰਨਾ ਚਾਹੀਦਾ ਕਿ ਨੰਣਦਾਂ ਅਤੇ ਭਰਜਾਈਆਂ ਮੇਰੀਆਂ ਚੁਗ਼ਲੀਆਂ ਕਰਦੀਆਂ ਹਨ।ਜੇਕਰ ਸਹੇਲੀਆਂ ਵਾਂਗ ਰਹਿਣਗੀਆਂ ਤਾਂ ਸਾਰੀਆਂ ਨੂੰ ਦਿਲੀ ਸਕੂਨ ਮਿਲੇਗਾ।ਦਿਉਰਾਂ ਨੂੰ ਚਾਹੀਦਾ ਹੈ ਕਿ ਬਗ਼ੈਰ ਇਜਾਜ਼ਤ ਔਰਤਾਂ ਦੇ ਕਮਰਿਆਂ ਵਿਚ ਨਾ ਜਾਣ। ਇਸਲਾਮ ਨੇ ਇਸ ਨੂੰ ਸਖ਼ਤੀ ਨਾਲ ਮਨ੍ਹਾਂ ਫ਼ਰਮਾਇਆ ਹੈ।ਹਜ਼ਰਤ ਉਕਬਾ ਬਿਨ ਆਮਿਰ ਰਵਾਇਤ ਕਰਦੇ ਹਨ ਹਜ਼ੂਰ (ਸ.) ਨੇ ਇਰਸ਼ਾਦ ਫ਼ਰਮਾਇਆ,"ਖ਼ਬਰਦਾਰ! ਤੁਸੀਂ ਇਕਾਂਤ ਵਿਚ ਔਰਤਾਂ ਕੋਲ ਨਾ ਜਾਵੋ।"

ਜਦੋਂ ਕਿਸੇ ਘਰ ਜਾਵੋ ਤਾਂ ਘਰ ਦੇ ਬਿਲਕੁਲ ਸਾਹਮਣੇ ਖੜ੍ਹੇ ਨਾ ਹੋਵੇ।ਘਰ ਦੇ ਸੱਜੇ-ਖੱਬੇ ਖੜ੍ਹੇ ਹੋ ਕੇ ਪਹਿਲਾਂ ਇਜਾਜ਼ਤ ਲਵੋ। ਜੇਕਰ ਘਰ ਵਾਲਾ ਅੰਦਰ ਆਉਣ ਦੀ ਇਜਾਜ਼ਤ ਦਿੰਦਾ ਹੈ ਤਾਂ ਚਲੇ ਜਾਵੋ ਨਹੀਂ ਤਾਂ ਵਾਪਸ ਪਰਤ ਜਾਵੋ।ਆਪਣੇ ਘਰ ਜਾਣ ਵੇਲੇ ਵੀ ਖੰਘ ਕੇ ਜਾਂ ਦਰਵਾਜ਼ਾ ਖੜਕਾ ਕੇ ਦਾਖ਼ਲ ਹੋਵੇ,

ਪਤਾ ਨਹੀਂ ਔਰਤਾਂ ਕਿਸ ਹਾਲ ਵਿਚ ਹੋਣ। ਇਕ ਆਦਮੀ ਨੇ ਹਜ਼ੂਰ (ਸ.) ਤੋਂ ਪੁੱਛਿਆ, ਕੀ ਮੈਂ ਆਪਣੀ ਮਾਂ ਦੇ ਘਰ ਵੀ ਇਜਾਜ਼ਤ ਲੈ ਕੇ ਦਾਖ਼ਲ ਹੋਵਾਂ? ਜਦੋਂ ਕਿ ਉਹਨਾਂ ਦੀ ਸੇਵਾ ਕਰਨ ਵਾਲਾ ਹੋਰ ਕੋਈ ਨਹੀਂ। ਮੈਂ ਹਰੇਕ ਵਾਰੀ ਉਹਨਾਂ ਤੋਂ ਇਜਾਜ਼ਤ ਲਵਾਂ? ਆਪ ਨੇ ਫ਼ਰਮਾਇਆ ਕਿ, "ਕੀ ਤੂੰ ਇਹ ਪਸੰਦ ਕਰਦਾ ਹੈ ਕਿ ਤੂੰ ਆਪਣੀ ਮਾਂ ਨੂੰ ਨੰਗਾ ਵੇਖੇਂ"। (ਇਬਨ-ਏ-ਜਰੀਰ)

ਘਰ ਵਿਚ ਦਾਖ਼ਲ ਹੋ ਕੇ ਸਲਾਮ ਕੀਤਾ ਜਾਵੇ। ਇਕ ਵਾਰੀ ਹਜ਼ਰਤ ਕੁਲਾਹ ਬਿਨ ਹੰਬਲ ਹਜ਼ੂਰ (ਸ.) ਕੋਲ ਗਏ ਅਤੇ ਸਲਾਮ ਕੀਤੇ ਬ਼ਗੈਰ ਐਵੇਂ ਹੀ ਜਾ ਕੇ ਬੈਠ ਗਏ। ਆਪ ਨੇ ਫ਼ਰਮਾਇਆ, "ਬਾਹਰ ਜਾਓ ਅਤੇ ਸਲਾਮ ਕਹਿ ਕੇ ਅੰਦਰ ਆਓ।" ਇਜਾਜ਼ਤ ਲੈ ਕੇ ਵੀ ਜੰਮ ਕੇ ਬੈਠ ਜਾਣਾ ਮੁਨਾਸਿਬ ਨਹੀਂ। ਹੋ ਸਕਦਾ ਹੈ ਕਿ ਮਿਲਣ ਵਾਲੇ ਨੂੰ ਆਪਣਾ ਕੋਈ ਨਿੱਜੀ ਰੁਝੇਵਾਂ ਹੋਵੇ।

## ਪਤੀ ਪਤਨੀ

ਸ਼ਾਦੀ ਹੋਣ ਤੋਂ ਬਾਅਦ ਕੁੱਝ ਸਮੇਂ ਤੱਕ ਆਪਸ ਵਿਚ ਜਜ਼ਬਾਤੀ ਪਿਆਰ ਮੁਹੱਬਤ ਦਾ ਦੌਰ ਚੱਲਦਾ ਰਹਿੰਦਾ ਹੈ। ਆਪਸੀ ਕਮੀਆਂ ਬੇਸ਼ੀਆਂ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਜਾਂਦਾ ਹੈ। ਕਈ ਵਾਰੀ ਇਹੋ ਕਮਜ਼ੋਰੀ ਬਦਗੁਮਾਨੀ ਦਾ ਸਬੱਬ ਬਣ ਜਾਂਦੀ ਹੈ। ਜੇਕਰ ਪਤਨੀ ਤੋਂ ਕੋਈ ਗ਼ਲਤੀ ਹੋ ਗਈ ਅਤੇ ਪਤੀ ਨੇ ਕੁੱਝ ਕਹਿ ਦਿੱਤਾ ਤਾਂ ਪਤਨੀ ਨੂੰ ਇਹ ਨਹੀਂ ਸਮਝਣਾ ਚਾਹੀਦਾ ਕਿ ਹੁਣ ਪਤੀ ਦੇ ਦਿਲ ਵਿਚ ਮੇਰੇ ਵਾਸਤੇ ਮੁਹੱਬਤ ਨਹੀਂ ਰਹੀ। ਇਹੋ ਛੋਟੀਆਂ ਛੋਟੀਆਂ ਗੱਲਾਂ ਕਈ ਵਾਰੀ ਨਜ਼ਦਕੀਆਂ ਤੋਂ ਦੂਰੀਆਂ ਤੱਕ ਲੈ ਜਾਂਦੀਆਂ ਹਨ। ਪਤਨੀ ਦੀ ਹਰੇਕ ਫ਼ਰਮਾਇਸ਼ ਪੂਰੀ ਕਰਨਾ ਪਤੀ ਲਈ ਕਠਿਨ ਹੋ ਜਾਂਦਾ ਹੈ। ਪਤੀ ਫ਼ਰਮਾਇਸ਼ਾਂ ਪੂਰੀਆਂ ਕਰਦਾ ਮਾਲੀ ਮੁਸ਼ਕਿਲਾਂ ਵਿਚ ਘਿਰ ਜਾਂਦਾ ਹੈ। ਜਿਸ ਕਰਕੇ ਘਰ ਦਾ ਮਾਹੌਲ ਵਿਗੜ ਜਾਂਦਾ ਹੈ। ਇਸ ਲਈ ਇਕ ਦੂਜੇ ਦੇ ਜਜ਼ਬਾਤ ਦਾ ਖ਼ਿਆਲ ਰੱਖਣਾ ਵੀ ਬਹੁਤ ਜ਼ਰੂਰੀ ਹੈ। ਗ਼ਰੀਬੀ ਅਤੇ ਤੰਗੀ ਦੇ ਦਿਨਾਂ ਵਿਚ ਜ਼ਿੰਦਗੀ ਨੂੰ ਖ਼ੁਸ਼ੀ ਖ਼ੁਸ਼ੀ ਗੁਜ਼ਾਰੇ। ਪਤੀ ਨੂੰ ਚਾਹੀਦਾ ਹੈ ਹਰੇਕ ਗੱਲ ਵਿਚ ਪਤਨੀ ਦੇ ਮਸ਼ਵਰੇ ਨੂੰ ਸ਼ਾਮਿਲ ਕਰੇ। ਆਪਸੀ ਸਹਿਯੋਗ ਅਤੇ ਇਕ ਦੂਜੇ 'ਤੇ ਭਰੋਸਾ ਰੱਖਣਾ ਜ਼ਰੂਰੀ ਹੈ। ਮੀਆਂ ਬੀਵੀ ਦਾ ਆਪਸੀ ਸਲੂਕ ਬੱਚਿਆਂ 'ਤੇ ਵਧੀਆ ਪ੍ਰਭਾਵ ਛੱਡੇਗਾ। ਮਹਿਮਾਨਾਂ ਨਾਲ ਹੈਸੀਅਤ ਅਨੁਸਾਰ ਸਲੂਕ ਕੀਤਾ ਜਾਵੇ। ਇਸ ਵਿਚ ਦੋਵਾਂ ਦੀ ਇੱਜ਼ਤ ਹੈ। ਜ਼ੁਬਾਨ ਨੂੰ ਕੰਟਰੋਲ ਰਖਣਾ ਬਹੁਤ ਜ਼ਰੂਰੀ ਹੈ। ਕਿੰਨੇ ਝਗੜੇ ਜ਼ੁਬਾਨ ਦੇ ਗ਼ਲਤ ਇਸਤੇਮਾਲ ਹੋਣ ਕਰਕੇ ਪੈਦਾ ਹੋ ਜਾਂਦੇ ਹਨ। ਹਜ਼ਰਤ ਮੁਆਜ਼ (ਰਜ਼ੀ.) ਨੇ ਅਰਜ਼ ਕੀਤੀ ਕਿ ਅੱਲਾਹ ਦੇ ਰਸੂਲ (ਸ.) ਕੀ ਸਾਡੀ ਗੱਲਬਾਤ ਦਾ ਵੀ ਸਾਥੋਂ ਹਿਸਾਬ ਲਿਆ

ਜਾਵੇਗਾ। ਫ਼ਰਮਾਇਆ, "ਤੇਰੀ ਮਾਂ ਤੈਨੂੰ ਰੋਵੇ, ਲੋਕ ਅੱਗ ਵਿਚ ਚਿਹਰਿਆਂ ਦੇ ਭਾਰ ਇਸੇ ਜ਼ੁਬਾਨ ਦੀ ਬਦੌਲਤ ਜਹੰਨੁਮ ਵਿਚ ਸੁੱਟੇ ਜਾਣਗੇ।"

ਫ਼ਜ਼ੂਲ ਖ਼ਰਚੀ, ਬੇਕਾਰ ਰਸਮ ਰਿਵਾਜ, ਝੂਠੀ ਸ਼ੋਹਰਤ, ਨਾਮਵਰੀ ਤੋਂ ਜਿੰਨਾ ਹੋ ਸਕੇ ਬਚਿਆ ਜਾਵੇ। ਦੂਜਿਆਂ ਦੀ ਦੇਖਾ ਦੇਖੀ ਵਧੀਆ (ਬਰਾਂਡਡ)ਕੱਪੜਿਆਂ ਦੀ ਲਾਲਸਾ, ਜ਼ੇਵਰ ਅਤੇ ਹੋਰ ਸਮਾਨ ਨੂੰ ਪ੍ਰਾਪਤ ਕਰਨ ਦੇ ਲਈ ਆਪਸ ਵਿਚ ਈਰਖਾ ਰਖਣਾ ਸਖ਼ਤ ਬੇਵਕੂਫ਼ੀ ਹੈ।

## ਪਾਕੀ

ਪਾਕੀ ਪਾਕ ਸਾਫ਼ ਰਹਿਣ ਤੋਂ ਭਾਵ ਹੈ ਤਨ ਦੇ ਨਾਲ ਮਨ ਵੀ ਸਾਫ਼ ਰਹੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੈ। ਪਾਕੀ ਨੂੰ ਆਪ (ਸ.) ਨੇ ਅੱਧਾ ਈਮਾਨ ਫ਼ਰਮਾਇਆ ਹੈ। ਪਾਕ ਰਹਿਣਾ ਅਤੇ ਮਾਹੌਲ ਨੂੰ ਪਾਕ ਸਾਫ਼ ਰੱਖਣਾ ਬਹੁਤ ਜ਼ਰੂਰੀ ਹੈ। ਕਿਸੇ ਵੀ ਇਬਾਦਤ ਤੋਂ ਪਹਿਲਾਂ ਮਰਦ ਔਰਤ ਲਈ ਪਾਕ ਸਾਫ਼ ਹੋਣਾ ਭਾਵ ਛੋਟੀ ਵੱਡੀ ਨਪਾਕੀ ਨੂੰ ਦੂਰ ਕਰਨਾ ਲਾਜ਼ਮੀ ਹੈ। ਨਮਾਜ਼ ਆਦਿ ਪੜ੍ਹਨ ਤੋਂ ਪਹਿਲਾਂ ਵੁਜ਼ੂ (ਚਿਹਰੇ, ਹੱਥਾਂ ਨੂੰ ਕੁਹਣੀਆਂ ਸਮੇਤ, ਚੌਥੇ ਸਿਰ ਦਾ ਮਸਹ ਕਰਨਾ, ਗਿੱਟਿਆਂ ਸਮੇਤ ਪੈਰਾਂ ਦੇ ਧੋਣ ਨੂੰ) ਕਿਹਾ ਜਾਂਦਾ ਹੈ। ਜੇਕਰ ਹੇਠ ਲਿਖੀਆਂ ਗੱਲਾਂ 'ਤੇ ਕੋਈ ਇਕ ਗੱਲ ਵੀ ਵਾਪਰ ਗਈ ਤਾਂ ਵੁਜ਼ੂ ਦੁਬਾਰਾ ਕਰਨਾ ਪਵੇਗਾ। ਵੁਜ਼ੂ ਹੇਠ ਲਿਖੀਆਂ ਚੀਜ਼ਾਂ ਨਾਲ ਟੁੱਟ ਜਾਂਦਾ ਹੈ:

1) ਦੀਵਾਨਾ ਜਾਂ ਪਾਗਲ ਹੋ ਜਾਣਾ।
2) ਬੇਹੋਸ਼ ਹੋ ਜਾਣਾ।
3) ਮੂੰਹ ਭਰ ਕੇ ਉਲਟੀ ਆ ਜਾਣਾ।
4) ਸਿਜਦੇ ਵਾਲੀ ਨਮਾਜ਼ ਵਿਚ ਖਿਲਖਿਲਾ ਕੇ ਹੱਸਣਾ।
5) ਸਰੀਰ ਦੇ ਕਿਸੇ ਹਿੱਸੇ 'ਚੋਂ ਲਹੂ ਜਾਂ ਪੀਪ ਦਾ ਵਹਿ ਜਾਣਾ।
6) ਸਹਾਰਾ (ਟੇਕ) ਲਗਾ ਕੇ ਸੌਂ ਜਾਣਾ।
7) ਟੱਟੀ ਜਾਂ ਪਿਸ਼ਾਬ ਵਾਲੀ ਥਾਂ ਤੋਂ ਕਿਸੇ ਚੀਜ਼ ਦਾ ਨਿਕਲ ਜਾਣਾ।
8) ਰੀਹ (ਲੈਟਰਿਨ ਵਾਲੀ ਥਾਂ ਤੋਂ ਹਵਾ ਦਾ) ਨਿਕਲ ਜਾਣਾ

ਟੱਟੀ ਪਿਸ਼ਾਬ ਕਰਦਿਆਂ ਹੇਠ ਲਿਖੀਆਂ ਚੀਜ਼ਾਂ ਦਾ ਧਿਆਨ ਰਖਣਾ ਜ਼ਰੂਰੀ ਹੈ।

ਪਿਸ਼ਾਬ ਕਰਦਿਆਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਪਿਸ਼ਾਬ ਦਾ ਆਖ਼ਰੀ ਕਤਰਾ ਆਉਣ ਤੱਕ ਉੱਠਿਆ ਨਾ ਜਾਵੇ। ਖੜ੍ਹੇ ਹੋਏ ਪਾਣੀ 'ਚ ਟੱਟੀ ਪਿਸ਼ਾਬ ਕਰਨਾ ਮਨ੍ਹਾਂ ਹੈ। ਅਜਿਹੀ ਥਾਂ ਜਿਥੇ ਪਾਣੀ ਵਗ ਰਿਹਾ ਹੋਵੇ ਜਾਂ ਲੋਕਾਂ ਦੇ ਆਉਣ ਜਾਣ ਦੀ ਥਾਂ ਹੋਵੇ ਜਾਂ ਛਾਂ ਦਾਰ ਦਰੱਖ਼ਤ

ਹੋਵੇ ਜਾਂ ਰਸਤੇ ਦਾ ਕਿਨਾਰਾ ਹੋਵੇ, ਕਬਰਾਂ ’ਤੇ, ਕਿਬਲੇ ਵੱਲ ਮੂੰਹ ਜਾਂ ਪਿੱਠ ਕਰਕੇ ਟੱਟੀ ਪਿਸ਼ਾਬ ਕਰਨਾ ਮਨ੍ਹਾਂ ਹੈ।

ਸੰਖੇਪ ਇਹ ਕਿ ਇਸਲਾਮ ਮੁਕੰਮਲ ਜੀਵਨ ਜਾਂਚ ਹੈ ਜਿਸ ਨੇ ਦੁਨੀਆ ਦੇ ਹਰੇਕ ਮਨੁੱਖ ਲਈ ਜ਼ਿੰਦਗੀ ਦੇ ਹਰ ਗੋਸ਼ੇ ਨੂੰ ਸਪਸ਼ਟ ਤੌਰ ’ਤੇ ਦਰਸਾਇਆ ਹੈ। ਨਮਾਜ਼ ਰੋਜ਼ੇ ਆਦਿ ਦਾ ਨਾਂ ਇਸਲਾਮ ਨਹੀਂ ਬਲਕਿ ਸਮੁੱਚੀ ਜ਼ਿੰਦਗੀ ਰੱਬ ਲਈ ਸਮਰਪਿਤ ਅਤੇ ਉਸ ਦੇ ਪਿਆਰੇ ਨਬੀ ਦੇ ਤਰੀਕੇ ਅਨੁਸਾਰ ਮਰਦ ਔਰਤ ਲਈ ਜ਼ਿੰਦਗੀ ਗੁਜ਼ਾਰਨ ਦਾ ਨਾਂ ਇਸਲਾਮ ਹੈ।

## ਪ੍ਰੀਭਾਸ਼ਕ ਸ਼ਬਦਾਵਲੀ

**ਅਜ਼ਾਨ**-ਬੁਲਾਵਾ, ਨਮਾਜ਼ ਲਈ ਬੁਲਾਵਾ ਜਿਸ ਵਿਚ ਰੱਬ ਦੀ ਤਾਰੀਫ਼ ਅਤੇ ਨਬੀ ਦੀ ਪੈਗ਼ੰਬਰੀ ਦਾ ਇਜ਼ਹਾਰ ਹੁੰਦਾ ਹੈ।

**ਇੱਦਤ**-ਵਿਸ਼ੇਸ਼ ਕਾਰਨਾਂ ਕਰਕੇ ਪਤੀ ਪਤਨੀ ਦੇ ਵੱਖਰੇ ਹੋ ਜਾਣ ਤੋਂ ਬਾਅਦ ਪਤਨੀ ਤਿੰਨ ਮਹੀਨੇ ਦਸ ਦਿਨ ਘਰੋਂ ਬਾਹਰ ਨਾ ਜਾਣ ਅਤੇ ਨਾ ਕਿਸੇ ਮਰਦ ਨਾਲ ਨਿਕਾਹ ਕਰਨ ਨੂੰ ਇੱਦਤ ਆਖਿਆ ਜਾਂਦਾ ਹੈ। ਗਰਭਪਤੀ ਦੀ ਇੱਦਤ ਬੱਚਾ ਪੈਦਾ ਹੋਣ ਤੱਕ ਹੈ। ਜੇਕਰ ਪਤੀ ਸਵਰਗਵਾਸ ਹੋ ਜਾਵੇ ਤਾਂ ਇੱਦਤ ਦਾ ਸਮਾਂ ਚਾਰ ਮਹੀਨੇ ਦਸ ਦਿਨ ਹੈ।

**ਇਅਤਕਾਫ਼**-ਰੱਬ ਦੀ ਯਾਦ ਵਿਚ ਇਕਾਂਤ ਵਾਸ ਹੋ ਜਾਣਾ।

**ਸ਼ਰ੍ਹਾ ਜਾਂ ਸ਼ਰੀਅਤ**-ਇਸਲਾਮੀ ਕਾਨੂੰਨ, ਮਾਲਕ ਦੇ ਆਪਣੀ ਮਖ਼ਲੂਕ ਲਈ ਮੁਕੱਰਰ ਕੀਤੇ ਹੋਏ ਨਿਯਮ। ਜਿਸ ਵਿਚ ਲਚਕ, ਸਖ਼ਤੀ ਅਤੇ ਹੱਦਾਂ ਮੌਜੂਦ ਹਨ ਜਿਵੇਂ ਮੁਸਲਮਾਨ ਮਰਦ ਲਈ ਵੱਧ ਤੋ ਵੱਧ ਚਾਰ ਸ਼ਾਦੀਆਂ, ਤਿੰਨ ਤਲਾਕ ਅਤੇ ਵਸੀਅਤ ਵਿਚ ਇਕ ਤਿਹਾਈ ਮਾਲ ਦੀ ਹੱਦ ਮੁਕੱਰਰ ਕੀਤੀ ਗਈ ਹੈ।

**ਸ਼ਾਦੀ**-ਫ਼ਾਰਸੀ ਦਾ ਸ਼ਬਦ ਹੈ ਜਿਸ ਦੇ ਅਰਥ ਖ਼ੁਸ਼ੀ ਦੇ ਹਨ। ਮਰਦ ਔਰਤ ਦੇ ਜਿਨਸੀ ਸਬੰਧ ਕਾਇਮ ਕਰਨਾ ਹੀ ਨਹੀਂ ਬਲਕਿ ਮਰਦ ਔਰਤ ਵਿਚਕਾਰ ਪਿਆਰ ਮੁਹੱਬਤ ਅਤੇ ਰਹਿਮਤ ਦੇ ਨਾਲ ਜੀਵਨ ਭਰ ਲਈ ਇਕੱਠੇ ਰਹਿਣ ਅਤੇ ਇਕ ਨਿੱਗਰ ਪਰਿਵਾਰ ਦੀ ਤਾਮੀਰ ਕਰਨਾ ਹੈ।

**(ਸ.)**-ਸੱਲਲਾਹੁ ਅਲੈਹਿ ਵਸੱਲਮ, ਆਪ 'ਤੇ ਦਰੂਦ ਅਤੇ ਸਲਾਮ ਹੋਵੇ। ਇਹ ਹਜ਼ਰਤ ਮੁਹੰਮਦ ਲਈ ਬੋਲਿਆ ਅਤੇ ਲਿਖਿਆ ਜਾਂਦਾ ਹੈ।

**ਸਹਾਬੀ**-ਆਖ਼ਰੀ ਨਬੀ ਦੇ ਪਿਆਰੇ ਸਾਥੀ ਜਿਹਨਾਂ ਨੇ ਈਮਾਨ ਦੀ ਹਾਲਤ ਵਿਚ ਵੇਖਿਆ ਅਤੇ ਈਮਾਨ ਦੀ ਹਾਲਤ ਵਿਚ ਹੀ ਖ਼ਾਤਮਾ ਹੋਇਆ।

**ਹਦੀਸ**-ਆਪ (ਸ.) ਦੇ ਪਿਆਰੀ ਜ਼ੁਬਾਨ ਤੋਂ ਨਿਕਲੇ ਹੋਏ ਪਿਆਰੇ ਬੋਲ।

**ਹਿਜਰਤ**-ਇੱਕ ਥਾਂ ਤੋਂ ਦੂਜੀ ਥਾਂ ਸਥਾਈ ਜਾਂ ਅਸਥਾਈ ਰੂਪ ਵਿਚ ਚਲੇ ਜਾਣਾ।

**ਹੱਜ**-ਦਰਸ਼ਨ ਕਰਨਾ ਜਾਂ ਕੁੱਝ ਨਬੀਆਂ ਦੀਆਂ ਦੁਆਵਾਂ ਅਤੇ ਅਦਾਯਾਂ ਦਾ ਨਾਂ ਹੈ।

**ਹਜਰ-ਏ-ਅਸਵਦ**-ਕਾਲਾ ਪੱਥਰ ਜਿਹੜਾ ਖ਼ਾਨਾ ਕਅਬਾ ਦੇ ਇਕ ਕੋਨੇ 'ਚ ਸਥਿਤ ਹੈ।

**ਖ਼ੁਲਾਅ ਜਾਂ ਫ਼ਸਖ਼**-ਹਿੰਦੋਸਤਾਨ ਵਿਚ ਇਸਲਾਮੀ ਅਦਾਲਤ ਨਾ ਹੋਣ ਕਰਕੇ ਔਰਤਾਂ ਨੂੰ ਬਹੁਤ ਸਾਰੀਆਂ ਪ੍ਰੇਸ਼ਾਨੀਆ ਦਾ ਸਾਹਮਣਾ ਕਰਨਾ ਪੈਂਦਾ ਹੈ।ਜੇਕਰ ਮਰਦ ਸ਼ਾਦੀ ਤੋਂ ਬਾਅਦ ਆਪਣੀ ਜ਼ਿੰਮੇਦਾਰੀ ਨਾ ਨਿਭਾਏ, ਜ਼ਿਆਦਤੀ ਕਰੇ ਅਤੇ ਤਲਾਕ ਦੇਣ ਲਈ ਵੀ ਤਿਆਰ ਨਾ ਹੋਵੇ ਤਾਂ ਸ਼ਰੀਅਤ ਨੇ ਔਰਤ ਨੂੰ ਛੁਟਕਾਰਾ ਪਾਉਣ ਲਈ ਤਲਾਕ ਦੀ ਥਾਂ ਖ਼ੁਲਾਅ ਜਾਂ ਫ਼ਸਖ਼ ਦੀ ਗੁੰਜਾਇਸ਼ ਰੱਖੀ ਹੈ।ਜੇਕਰ ਖ਼ੁਲਾਅ ਲਈ ਵੀ ਪਤੀ ਰਾਜ਼ੀ ਨਾ ਹੋਵੇ ਤਾਂ ਸ਼ਰੀਅਤ ਨੇ ਇਸਲਾਮੀ ਅਦਾਲਤ ਨੂੰ ਅਖ਼ਤਿਆਰ ਦਿੱਤਾ ਹੈ ਕਿ ਮਰਦ ਨੂੰ ਤਲਾਕ ਦੇਣ ਲਈ ਮਜਬੂਰ ਕਰੇ। ਜੇਕਰ ਨਾ ਮੰਨੇ ਤਾਂ ਨਿਕਾਹ ਫ਼ਸਖ਼ ਕਰ ਦੇਵੇ।ਪਤੀ ਦੇ ਲਾਪਤਾ ਹੋਣ ਦੀ ਸੂਰਤ ਵੀ ਇਸਲਾਮੀ ਅਦਾਲਤ ਨਿਕਾਹ ਦੇ ਫ਼ਸਖ਼ ਹੋਣ ਦਾ ਫ਼ੈਸਲਾ ਦਿੰਦੀ ਹੈ।(ਇਸਲਾਮੀ ਕਾਨੂੰਨ ਪੰਨਾ 231)

**ਗਵਾਹ**-ਨਿਕਾਹ ਜਾਂ ਕਿਸੇ ਲਿਖਤ ਵੇਲੇ ਮੌਜੂਦ ਲੋਕ।

**(ਰਜ਼ੀ.)** ਰਜ਼ੀ ਅੱਲਾਹੁ ਅਨਹੁ।ਅੱਲਾਹ ਇਹਨਾਂ ਤੋਂ ਰਾਜ਼ੀ ਹੋਵੇ।ਇਹ ਸਿਰਫ਼ ਸਹਾਬੀਆਂ ਲਈ ਬੋਲਿਆ ਅਤੇ ਲਿਖਿਆ ਜਾਂਦਾ ਹੈ।

**ਵਲੀਮਾ**-ਸ਼ਾਦੀ ਉਪਰੰਤ ਹੈਸੀਅਤ ਅਨੁਸਾਰ ਦੋਸਤਾਂ ਮਿੱਤਰਾਂ, ਰਿਸ਼ਤੇਦਾਰਾਂ ਅਤੇ ਗ਼ਰੀਬਾਂ ਨੂੰ ਬ਼ਗੈਰ ਸ਼ਗਨ ਲਏ ਭੋਜਣ ਕਰਵਾਉਣਾ।

**ਵਰਾਸਤ**-ਮੁਕੱਰਰ ਕੀਤੀਆਂ ਗਈਆਂ ਹੱਦਾਂ ਦੀ ਪਾਬੰਦੀ ਕਰਨਾ ਜਿਸ ਬਾਰੇ ਰੱਬ ਦਾ ਫ਼ਰਮਾਨ ਅਤੇ ਨਬੀ ਦੇ ਤਰੀਕੇ ਨੂੰ ਮੁੱਖ ਰੱਖਣਾ ਹੈ।

**ਬੇਟੀ ਦੀ ਵਰਾਸਤ**-ਜੇਕਰ ਮ੍ਰਿਤਕ ਦੇ ਬੇਟਾ ਅਤੇ ਬੇਟੀ ਹੋਵੇ ਤਾਂ ਬੇਟੇ ਨਾਲੋਂ ਬੇਟੀ ਨੂੰ ਵਰਾਸਤ ਦਾ ਅੱਧਾ ਹਿੱਸਾ ਮਿਲੇਗਾ।ਜੇਕਰ ਪੁੱਤਰ ਨਾ ਹੋਵੇ ਅਤੇ ਇੱਕੋ ਬੇਟੀ ਹੋਵੇ ਤਾਂ ਬੇਟੀ ਨੂੰ ਕੁੱਲ ਵਰਾਸਤ ਵਿਚੋਂ ਅੱਧਾ ਹਿੱਸਾ ਮਿਲੇਗਾ।(ਇਸਲਾਮੀ ਕਾਨੂੰਨ ਪੰਨਾ 144)

**ਬਾਬ-ਉਲ-ਫ਼ਤਹਿ**-ਬਾਬ ਅਰਬੀ ਦਾ ਸ਼ਬਦ ਹੈ ਜਿਦ ਦੇ ਅਰਥ ਦਰਵਾਜ਼ੇ ਦੇ ਹਨ ਭਾਵ ਫ਼ਤਹਿ ਵਾਲਾ ਦਰਵਾਜ਼ਾ।

**ਮਹਿਰ**-ਨਿਕਾਹ ਤੋਂ ਬਾਅਦ ਮਰਦ ਵੱਲੋਂ ਔਰਤ ਨੂੰ ਨਕਦ, ਜ਼ਮੀਨ ਜਾਂ ਜ਼ੇਵਰ ਦੀ ਸੂਰਤ ਵਿਚ ਦਿੱਤਾ ਜਾਣ ਵਾਲਾ ਤੋਹਫ਼ਾ।

**ਮੁਜਾਹਿਦ**-ਜੱਦੋ ਜਹਿਦ ਕਰਨ ਵਾਲਾ, ਯਤਨ ਕਰਨ ਵਾਲਾ, ਨਿਰੋਲ ਨੀਯਤ ਨਾਲ ਧਰਮ ਲਈ ਯੁੱਧ ਕਰਨ ਵਾਲਾ।

**ਮਾਲ-ਏ-ਗ਼ਨੀਮਤ**-ਜੰਗ ਦੌਰਾਨ ਵਿਰੋਧੀ ਫ਼ੌਜ ਵੱਲੋਂ ਮਿਲਿਆ ਮਾਲ।ਲੁੱਟ ਦਾ ਮਾਲ।

**ਮੱਕੀ**-ਮੱਕੇ ਦੇ ਰਹਿਣ ਵਾਲੇ, ਮੱਕੇ ਦੌਰਾਨ ਉਤਰੀਆਂ ਆਇਤਾਂ, ਮੱਕੇ ਵਾਲੇ।

**ਮਜਲਿਸ**-ਬੈਠਕ, ਮੀਟਿੰਗ, ਕਿਸੇ ਵਿਸ਼ੇਸ਼ ਗੱਲ 'ਤੇ ਚਰਚਾ ਕਰਨਾ।

**ਮਹਿਰਮ**-ਉਹ ਵਿਅਕਤੀ ਜਿਸ ਨਾਲ ਨਿਕਾਹ ਹਰਾਮ ਹੋਵੇ, ਜਿਸ ਨਾਲ ਨਿਕਾਹ ਨਾ ਹੋ ਸਕਦਾ ਹੋਵੇ।

**ਨਿਕਾਹ**-ਸ਼ਾਬਦਿਕ ਅਰਥ ਮਿਲਣ ਅਤੇ ਮਿਲਾਪ ਦੇ ਹਨ।ਦੋਵਾਂ ਦਾ ਇਕ ਧਾਗੇ ਵਿਚ ਬੰਨ੍ਹੇ ਜਾਣ ਨੂੰ ਨਿਕਾਹ ਆਖਿਆ ਜਾਂਦਾ ਹੈ।ਔਰਤ ਦੀ ਰਜ਼ਾਮੰਦੀ ਜਾਂ ਇਜਾਜ਼ਤ ਅਤੇ ਮਰਦ ਦੇ ਕਬੂਲ ਕਰ ਲੈਣ ਦਾ ਨਾਂ ਨਿਕਾਹ ਹੈ।ਮਰਦ ਔਰਤ ਦਾ ਇਕ ਮਜ਼ਬੂਤ ਕਿਲੇ ਅੰਦਰ ਦਾਖ਼ਲ ਹੋ ਜਾਣ ਨੂੰ ਨਿਕਾਹ ਆਖਿਆ ਜਾਂਦਾ ਹੈ।

**ਤਲਾਕ**-ਮਰਦ ਔਰਤ ਦਾ ਪੱਕੇ ਤੌਰ ਤੇ ਵੱਖਰੇ ਹੋ ਜਾਣਾ, ਨਿਕਾਹ ਦੇ ਰਿਸ਼ਤੇ ਦਾ ਖ਼ਤਮ ਹੋ ਜਾਣਾ ਜਾਂ ਪਤੀ ਪਤਨੀ ਦੇ ਆਪਸੀ ਹੱਕਾਂ ਦਾ ਖ਼ਤਮ ਹੋ ਜਾਣਾ, ਛੱਡ ਦੇਣਾ, ਅਜ਼ਾਦ ਕਰ ਦੇਣਾ, ਜੁਦਾਈ ਅਖ਼ਤਿਆਰ ਕਰ ਲੈਣਾ ਜਾਂ ਊਠਨੀ ਦਾ ਪੈਰਾਂ ਨਾਲ ਬੰਨਣ ਵਾਲੀ ਰੱਸੀ ਤੋਂ ਖੁੱਲ ਜਾਣ ਨੂੰ ਆਖਿਆ ਜਾਂਦਾ ਹੈ।(ਮਿਸਵਾ-ਹੁਲ-ਲੁਗ਼ਾਤ ਪੰਨਾ 515)

**ਤਵਾਫ਼-ਏ-ਜ਼ਿਆਰਤ**-ਖ਼ਾਨਾ-ਏ-ਕਅਬਾ ਦੇ ਆਲੇ ਦੁਆਲੇ ਚੱਕਰ ਲਾਉਣਾ, ਹੱਜ ਵਾਪਸੀ ਸਮੇਂ ਤਵਾਫ਼ ਕਰਨ ਨੂੰ ਵੀ ਤਵਾਫ਼-ਏ-ਜ਼ਿਆਰਤ ਆਖਿਆ ਜਾਂਦਾ ਹੈ।

**ਤਵਾਫ਼**-ਖ਼ਾਨਾ ਕਅਬਾ ਦੇ ਸੱਤ ਚੱਕਰ ਲਾਉਣ ਨੂੰ ਤਵਾਫ਼ ਕਹਿੰਦੇ ਹਨ।

**ਦਹੇਜ** (ਜਹੇਜ਼)-ਮਾਤਾ-ਪਿਤਾ ਦੀ ਤਰਫ਼ੋਂ ਬਗ਼ੈਰ ਕਿਸੇ ਮੰਗ ਤੋਂ ਲੜਕੀ ਨੂੰ ਦਿੱਤਾ ਜਾਣ ਵਾਲਾ ਸਮਾਨ ਜੋ ਲੜਕੀ ਦੀ ਮਲਕੀਅਤ ਬਣ ਜਾਂਦਾ ਹੈ।ਇਸਲਾਮ ਨੇ ਦਹੇਜ ਦੇਣ ਦੀ ਬਜਾਏ ਵਰਾਸਤ ਲਈ ਤਾਕੀਦ ਫ਼ਰਮਾਈ ਹੈ।

**ਨਮਾਜ਼**-ਇਬਾਦਤ ਬੰਦਗੀ, ਰੱਬ ਨਾਲ ਸੰਪਰਕ ਕਰਨ ਦਾ ਸਾਧਨ, ਰੱਬ ਕੋਲੋਂ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਵਾਉਣ ਦਾ ਜ਼ਰੀਆ।

**ਜ਼ਕਾਤ**-ਨਿੱਜੀ ਮਾਲ ਵਿਚੋਂ ਸਾਲ ਬਾਅਦ ਢਾਈ ਪ੍ਰਤੀਸ਼ਤ ਹਿੱਸਾ ਗ਼ਰੀਬਾਂ, ਯਤੀਮਾਂ, ਬੇਵਸਾਂ ਅਤੇ ਜ਼ਰੂਰਤ ਮੰਦਾਂ ਵਿਚ ਵੰਡ ਦੇਣਾ।

**ਜ਼ਿਨ੍ਹਾ** (ਜਨਾ)-ਪੱਤ ਲੁੱਟਣਾ, ਜ਼ਬਰਦਸਤੀ ਕਰਨਾ, ਫ਼ੋਰਸਮੈਂਟ।

**ਵਫ਼ਾਤ**-ਅਕਾਲ ਚਲਾਣਾ ਕਰ ਜਾਣਾ, ਇਸ ਦੁਨੀਆ 'ਚੋਂ ਅਗਲੀ ਦੁਨੀਆ ਵਿਚ ਚਲੇ ਜਾਣਾ ਜਾਂ ਇਸ ਦੁਨੀਆ ਨੂੰ ਸਦਾ ਲਈ ਅਲਵਿਦਾ ਕਹਿ ਦੇਣਾ।

**ਪੌਸ਼ੀਦਾ**-ਛੁਪਿਆ ਹੋਇਆ, ਢਕਿਆ ਹੋਇਆ।

## ਪੰਜਾਬੀ ਜ਼ੁਬਾਨ ਵਿਚ ਅਨੁਵਾਦਿਤ ਛਪੀਆਂ ਕਿਤਾਬਾਂ

ਕੁਰਆਨ ਮਜੀਦ
ਤਾਲੀਮ-ਉਲ-ਇਸਲਾਮ
ਕਤਰਨਾਂ ਤੋਂ ਬਣੀ ਔਰਤ
ਮਸਨੂਨ ਦੁਆਵਾਂ
ਹਿਕਾਯਾਤ-ਏ-ਸਹਾਬਾ
ਫ਼ਜ਼ਾਇਲ-ਏ-ਨਮਾਜ਼
ਨਮਾਜ਼
ਸੂਫ਼ੀਆਨਾ ਅਦਬੀ ਰਿਵਾਇਤ
ਆਜ਼ਮੀਨ-ਏ-ਹੱਜ

## ਉਰਦੂ ਵਿਚ ਛਪੀਆਂ ਪੁਸਤਕਾਂ

ਕਦੀਮ ਸ਼ੋਅਰਾ-ਏ-ਮਾਲੇਰ ਕੋਟਲਾ
ਮੁਆਵਨ-ਏ-ਉਰਦੂ
ਆਸਾਨ ਉਰਦੂ
ਅਦਬਿਸਤਾਨ-ਏ-ਪੰਜਾਬ
ਆਜ਼ਮੀਨ-ਏ-ਹੱਜ